# ਸਿੱਖ ਧਰਮ

## ਵਿਸ਼ਵ-ਵਿਆਪੀ ਸੰਦੇਸ਼

# ਸਿੱਖ ਧਰਮ
## ਵਿਸ਼ਵ-ਵਿਆਪੀ ਸੰਦੇਸ਼

ਡਾ. ਪੂਰਨ ਸਿੰਘ (ਵੈਨਕੂਵਰ)
ਪੀਐੱਚ.ਡੀ.

ਸਿੱਖ ਹੈਰੀਟੇਜ ਐਜੂਕੇਸ਼ਨ ਐਂਡ ਕਲਚਰਲ
ਆਰਗੇਨਾਈਜ਼ੇਸ਼ਨ ਆਫ਼ ਅਮੈਰੀਕਾ

SIKH DHARAM : VISHAV-VIAAPI SANDESH

[An Introduction to the Universal Message of Sikhism]

*by*

DR. PURAN SINGH
334 EAST 48th AVE
VANCOUVER, B.C. V5W 2E3 CANADA
Ph. 604-325-3784
*E-mail :* drpsgill@gmail.com

© Author

First Edition October 2025

**Price : Rs. 300-00**

*Publishers :*

**Sikh Heritage Education and**
**Cultural Organization of America Inc.**
28290 S. Banta Rd., Tracy, CA - 95304
Email : info@sikhheritageeducation.com

*Printers :*

Printwell, 146, Industrial Focal Point, Amritsar.

## ਸਮਰਪਣ

ਪਿੰਡ ਮੰਡਿਆਣੀ, ਜ਼ਿਲ੍ਹਾ ਲੁਧਿਆਣਾ ਦੇ ਜੰਮ-ਪਲ,
ਸਰਬ-ਪੱਖੀ ਗੁਣਵੰਤੇ ਤੇ ਸਾਹਿਤ ਪ੍ਰੇਮੀ

**ਪ੍ਰੋਫ਼ੈਸਰ ਮਲਕੀਅਤ ਸਿੰਘ ਜੌਹਲ**

(15 ਅਗਸਤ, 1943 - 12 ਮਾਰਚ 2023)

ਨੂੰ

ਜਿਨ੍ਹਾਂ ਨੇ ਸਾਰੀ ਉਮਰ ਸੱਚ ਤੇ ਇਮਾਨਦਾਰੀ ਦਾ
ਪੱਲਾ ਫੜ ਕੇ ਦੁੱਖ-ਸੁੱਖ ਨੂੰ ਸਮ ਕਰ ਜਾਣਿਆ
ਅਤੇ
ਵਾਹਿਗੁਰੂ ਦੇ ਭਾਣੇ ਵਿਚ ਜੀਵਨ ਜੀਵਿਆ!

# ਤਤਕਰਾ

*ਗੁਰਪੁਰਬਾਂ ਦੀਆਂ ਤਾਰੀਖ਼ਾਂ ਬਾਰੇ* 9
*ਮਨੋਰਥ* 10
*ਪੁਸਤਕ ਬਾਰੇ* —ਗੁਰਤੇਜ ਸਿੰਘ 11
*ਦੋ ਸ਼ਬਦ* —ਡਾ. ਗੁਰਨਾਮ ਕੌਰ 13
*ਮੁਖਬੰਧ* —ਲੇਖਕ 17

- ਗੁਰੂ ਨਾਨਕ ਸਾਹਿਬ ਦਾ ਫ਼ਲਸਫ਼ਾ ਤੇ ਸਿੱਖ ਲਹਿਰ 19
- ਗੁਰੂ ਅੰਗਦ ਸਾਹਿਬ (1504-1552) 55
- ਗੁਰੂ ਅਮਰਦਾਸ ਸਾਹਿਬ (1479-1574) 61
- ਗੁਰੂ ਰਾਮਦਾਸ ਸਾਹਿਬ (1534-1581) 72
- ਗੁਰੂ ਅਰਜਨ ਸਾਹਿਬ (1563-1606) 79
- ਗੁਰੂ ਹਰਿਗੋਬਿੰਦ ਸਾਹਿਬ (1595-1644) 92
- ਗੁਰੂ ਹਰਿਰਾਇ ਸਾਹਿਬ (1630-1661) 105
- ਗੁਰੂ ਹਰਿਕ੍ਰਿਸ਼ਨ ਜੀ (1656-1664) 110
- ਗੁਰੂ ਤੇਗ਼ ਬਹਾਦਰ ਸਾਹਿਬ (1621-1675 ਈ.) 113
- ਗੁਰੂ ਗੋਬਿੰਦ ਸਿੰਘ ਜੀ (1666-1708 ਈ.) 129
- ਸਾਰੰਸ਼ 151

*ਅੰਤਿਕਾਵਾਂ :*
1. ਗੁਰੂ ਸਾਹਿਬਾਨ ਦੀਆਂ ਗੁਰਪੁਰਬ ਤਾਰੀਖ਼ਾਂ 154
2. ਸਿੱਖ ਧਰਮ ਅਤੇ ਆਦਿ ਗ੍ਰੰਥ ਬਾਰੇ ਗ਼ੈਰ-ਸਿੱਖ ਵਿਦਵਾਨਾਂ ਦੇ ਕਥਨ 156

*ਸਹਾਇਕ ਪੁਸਤਕ ਸੂਚੀ* 158

# ਗੁਰਪੁਰਬਾਂ ਦੀਆਂ ਤਾਰੀਖ਼ਾਂ ਬਾਰੇ

ਇਸ ਪ੍ਰਤੀ ਕੋਈ ਸੰਦੇਹ ਨਹੀਂ ਕਿ ਇਤਿਹਾਸਕਾਰ ਅਤੇ ਲੇਖਕ ਗੁਰ-ਇਤਿਹਾਸ ਅੰਦਰ ਗੁਰਪੁਰਬਾਂ ਦੀਆਂ ਤਾਰੀਖ਼ਾਂ ਬਾਰੇ ਇਕ ਮਤ ਨਹੀਂ ਹਨ। ਵਿਸ਼ੇਸ਼ ਕਰਕੇ ਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਦਿਹਾੜੇ, ਗੁਰੂ ਹਰਿਗੋਬਿੰਦ ਸਾਹਿਬ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਜਨਮ ਤਾਰੀਖ਼ਾਂ ਸੰਬੰਧੀ ਵਿਦਵਾਨਾਂ ਦੇ ਵੱਖ-ਵੱਖ ਵਿਚਾਰ ਹਨ। ਮੈਂ ਗੁਰਪੁਰਬਾਂ ਦੀਆਂ ਤਾਰੀਖ਼ਾਂ ਦੇ ਸੰਬੰਧ ਵਿਚ ਖੋਜੀ ਅਤੇ ਕੈਲੰਡਰ ਮਾਹਿਰ ਵਿਅਕਤੀਆਂ ਵੱਲੋਂ ਕੀਤੇ ਗਏ ਨਿਰਣਿਆਂ ਅਨੁਸਾਰ ਨਿਰਧਾਰਤ ਤਾਰੀਖ਼ਾਂ ਨੂੰ ਹੀ ਆਧਾਰ ਬਣਾਇਆ ਹੈ। ਇਹ ਵੀ ਦੱਸਣਾ ਜ਼ਰੂਰੀ ਹੈ ਕਿ ਗੁਰੂ ਕਾਲ ਅੰਦਰ ਚੰਦਰ-ਸੂਰਜੀ ਬਿਕ੍ਰਮੀ ਕੈਲੰਡਰ ਪ੍ਰਚੱਲਤ ਸੀ ਅਤੇ ਗੁਰੂ ਸਾਹਿਬਾਨ ਦੇ ਜੀਵਨ ਦੌਰਾਨ ਵਾਪਰੀਆਂ ਘਟਨਾਵਾਂ ਤੇ ਹੋਰ ਬਿਰਤਾਂਤ ਉਪਰੋਕਤ ਕੈਲੰਡਰ ਅਨੁਸਾਰ ਹਨ। ਇਸ ਉਪਰੰਤ ਨਾਨਕਸ਼ਾਹੀ (ਮੂਲ) ਕੈਲੰਡਰ ਦੀਆਂ ਤਾਰੀਖ਼ਾਂ ਵੀ ਸ਼ਾਮਲ ਕੀਤੀਆਂ ਹਨ। ਇਸ ਦੇ ਨਾਲ ਹੀ ਗੁਰਪੁਰਬਾਂ ਦੀਆਂ ਤਾਰੀਖ਼ਾਂ ਦਾ ਪੂਰਾ ਵਿਸਥਾਰ ਸਹਿਤ ਬਿਉਰਾ ਅੰਤਿਕਾ-1 ਵਿਚ ਦੇ ਦਿੱਤਾ ਹੈ, ਤਾਂ ਜੋ ਪਾਠਕ ਵਧੇਰੇ ਜਾਣਕਾਰੀ ਲੈ ਸਕਣ।

# ਮਨੋਰਥ

ਸਿੱਖ ਹੈਰੀਟੇਜ ਐਜੂਕੇਸ਼ਨ ਅਤੇ ਕਲਚਰਲ ਆਰਗੇਨਾਈਜ਼ੇਸ਼ਨ ਆਫ਼ ਅਮੈਰੀਕਾ ਦੀ ਸਥਾਪਨਾ ਦਾ ਮਨੋਰਥ ਸਿੱਖ ਇਤਿਹਾਸ ਬਾਰੇ ਜਾਣਕਾਰੀ, ਉਸ ਦਾ ਮੁਲਾਂਕਣ ਅਤੇ ਉਸ ਦੀ ਸੰਭਾਲ ਕਰਨਾ ਹੈ। ਇਸ ਤੋਂ ਇਲਾਵਾ ਵਿਸ਼ੇਸ਼ ਕਰਕੇ ਸਾਲ 1984 ਵਿਚ ਵਾਪਰੇ ਸਿੱਖ ਘੱਲੂਘਾਰੇ ਜੋ ਲੋਕਾਂ ਨੇ ਅੱਖੀਂ ਡਿੱਠੇ, ਉਸ ਦੀ ਠੀਕ ਜਾਣਕਾਰੀ ਆਉਣ ਵਾਲੀਆਂ ਨਸਲਾਂ ਨੂੰ ਉਪਲਬਧ ਹੋ ਸਕੇ।

# ਪੁਸਤਕ ਬਾਰੇ

ਇਹ ਪੁਸਤਕ ਗੁਰੂ ਸਾਹਿਬਾਨ ਦੇ ਫ਼ਲਸਫ਼ੇ ਦੀ ਕਥਾ ਨੂੰ ਬੜੇ ਸਰਲ ਅਤੇ ਸੁਘੜ ਤਰੀਕੇ ਨਾਲ ਅੱਗੇ ਤੋਰਦੀ ਹੈ। ਹਵਾਲਾ ਪੁਸਤਕਾਂ ਦੀ ਸੂਚੀ ਤੋਂ ਅਸੀਂ ਜਾਣ ਸਕਦੇ ਹਾਂ ਕਿ ਇਸ ਕਿਤਾਬ ਨੂੰ ਲਿਖਣ ਲਈ ਤਕਰੀਬਨ ਹਰ ਪ੍ਰਮਾਣਿਕ ਇਤਿਹਾਸਕ ਅਤੇ ਦਾਰਸ਼ਨਿਕ ਹਵਾਲਾ ਵਰਤਿਆ ਗਿਆ ਹੈ। ਬੇ-ਲੋੜੀ ਬਹਿਸਬਾਜ਼ੀ ਵਿਚ ਪੈ ਕੇ ਪਾਣੀ ਵਿੱਚੋਂ ਮੱਖਣ ਕੱਢਣ ਦਾ ਭਰਮ ਨਹੀਂ ਪਾਲਿਆ ਗਿਆ। ਇਸ ਲਿਖਣ ਵਿਧੀ ਕਰਕੇ, ਸਿੱਖ ਧਰਮ ਅਤੇ ਗੁਰ-ਇਤਿਹਾਸ ਦੀ ਮੁੱਢਲੀ ਪੁਖ਼ਤਾ ਜਾਣਕਾਰੀ ਹਾਸਲ ਕਰਨ ਵਾਲਿਆਂ ਲਈ, ਇਹ ਕਿਤਾਬ ਢੁੱਕਵੀਂ ਅਤੇ ਰੌਚਕ ਹੋ ਨਿਬੜਦੀ ਹੈ। ਸਮੇਂ ਦੀ ਘਾਟ ਨਾਲ ਜੂਝਦੇ ਪਰ ਜਾਣਕਾਰੀ ਹਾਸਲ ਕਰਨ ਦੇ ਚਾਹਵਾਨਾਂ ਲਈ *ਸਿੱਖ ਧਰਮ : ਵਿਸ਼ਵ-ਵਿਆਪੀ ਸੰਦੇਸ਼* ਇਕ ਉੱਤਮ ਜ਼ਰੀਆ ਹੋਣ ਦੀ ਸਲਾਹੀਅਤ ਰੱਖਦੀ ਹੈ।

ਸਿੱਖ ਧਰਮ ਅਤੇ ਗੁਰੂ ਮਨਸ਼ੇ ਨਾਲ ਸੰਬੰਧਿਤ ਕਈ ਮਸਲਿਆਂ ਪ੍ਰਤੀ ਲੇਖਕ ਨੇ ਬਹੁਤ ਨਿੱਗਰ ਪਹੁੰਚ ਅਪਣਾਈ ਹੈ। ਆਵਾਗਵਨ, ਦੇਵੀ-ਦੇਵਤਿਆਂ ਦੀ ਪੂਜਾ, ਸਤੀ ਪ੍ਰਥਾ, ਜਾਤ-ਪਾਤ, ਗੁਰੂ ਤੇਗ਼ ਬਹਾਦਰ ਜੀ ਵੱਲੋਂ ਤਪ ਕਰਨ ਦੀ ਕਲਪਿਤ ਕਹਾਣੀ ਆਦਿ ਬਾਰੇ ਸਿੱਖੀ ਦਾ ਪੱਖ ਬਹੁਤ ਖ਼ੂਬੀ ਨਾਲ ਪ੍ਰਗਟ ਕੀਤਾ ਹੈ। ਵਰਣ ਆਸ਼ਰਮ ਧਰਮ ਸਮੇਤ ਇਨ੍ਹਾਂ ਮਾਨਤਾਵਾਂ ਵਿਚ ਕਈਆਂ ਨੂੰ ਹਿੰਦੂ ਧਰਮ ਦੇ ਥੰਮ੍ਹ ਸਮਝਿਆ ਜਾਂਦਾ ਹੈ। ਵਰਣ ਆਸ਼ਰਮ ਧਰਮ, ਵਰਣ ਵਿਵਸਥਾ ਨੂੰ ਤਾਂ ਹਰੀਜਨਾਂ ਦਾ ਮਸੀਹਾ ਸਮਝਿਆ ਜਾਂਦਾ ਮੋਹਣਦਾਸ ਕਰਮਚੰਦ ਗਾਂਧੀ ਵੀ ਹਿੰਦੂ ਧਰਮ ਦਾ ਅਨਿੱਖੜ ਅੰਗ ਗਿਣਦਾ ਸੀ। ਲੇਖਕ ਦਾ ਨਿਰਣਾ ਠੀਕ ਹੈ ਕਿ ਸਿੱਖ ਧਰਮ ਵਿਵਸਥਾ ਵਿਚ ਇਨ੍ਹਾਂ ਸੰਕਲਪਾਂ ਦੀ ਕੋਈ ਥਾਂ ਨਹੀਂ।

ਸਰਦਾਰ ਕਪੂਰ ਸਿੰਘ ਜੀ ਦਾ ਨਿਸਕਰਸ਼ ਸੀ ਕਿ ਮਾਤਾ ਇੱਕੋ ਸੀ। ਉਸਦਾ ਪੇਕਿਆਂ ਦਾ ਨਾਂਅ ਜੀਤੋ ਸੀ, ਸਹੁਰਿਆਂ ਦਾ ਸੁੰਦਰੀ ਅਤੇ ਆਖ਼ਰ ਅੰਮ੍ਰਿਤ ਦੀ ਦਾਤ ਬਖ਼ਸ਼ਣ ਵਿਚ ਭਾਗੀ ਹੋਣ ਕਾਰਣ ਉਹੀ ਮਾਂ ਸਾਹਿਬ ਕੌਰ ਅਖਵਾਈ। ਇਹ ਉਨ੍ਹਾਂ ਦਾ ਅੰਮ੍ਰਿਤ ਛਕਣ ਤੋਂ ਬਾਅਦ ਦਾ ਨਾਂਅ ਸੀ। ਇਸ ਸੰਕਲਪ ਵਿਚ ਔਰਤਾਂ ਦੇ ਅੰਮ੍ਰਿਤ ਛਕਣ ਸੰਬੰਧੀ ਗੁੱਝੇ ਭੇਤ ਦਾ ਇਸ਼ਾਰਾ ਹੈ। ਜੇ ਪਹਿਲੇ ਰਹਿਤਨਾਮੇ ਇਸ ਨੂੰ ਖੋਲ੍ਹ ਕੇ ਬਿਆਨ ਨਾ ਵੀ ਕਰਦੇ ਤਾਂ ਵੀ ਇਸ ਰਹੱਸ ਨੇ ਸਿੱਖੀ ਦਾ ਅਭਿੰਨ ਅੰਗ ਬਣੇ ਰਹਿਣਾ ਸੀ। ਲੇਖਕ ਬਿਨਾਂ ਵਿਸਥਾਰ ਕੀਤੇ ਅਤੇ ਬਿਨਾਂ ਪੂਰੀ ਵਿਆਖਿਆ ਕੀਤੇ ਇਸ ਗੁੱਝੇ ਭੇਤ ਨੂੰ ਸਮਝਦਾ ਜਾਪਦਾ ਹੈ। ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ

ਸ਼ਹੀਦੀ ਦਾ ਅਸਲ ਪੱਖ ਵੀ ਬਹੁਤ ਚੰਗੀ ਤਰ੍ਹਾਂ ਦੱਸਿਆ ਗਿਆ ਹੈ। ਏਵੇਂ ਹੀ ਬੇ-ਦਾਵੇ ਅਤੇ ਦਮਦਮੀ ਬੀੜ ਬਾਰੇ ਲੇਖਕ ਦੇ ਵਿਚਾਰ ਸਿੱਖ ਆਸ਼ੇ ਅਨੁਸਾਰ ਸਾਰਥਕ ਹਨ। ਬਚਿੱਤ੍ਰ ਨਾਟਕ ਗ੍ਰੰਥ ਬਾਰੇ ਵੀ ਲੇਖਕ ਦਾ ਨਿਰਣਾ ਖਰਾ ਉਤਰਦਾ ਹੈ।

'ਜੋ ਹਮਰੀ ਬਿਧ ਹੋਤੀ' ਵਾਲੇ ਸ਼ਬਦ ਬਾਰੇ ਪੂਰਨ ਸਿੰਘ ਨੇ ਪ੍ਰਚੱਲਤ ਰਵੱਈਆ ਪ੍ਰਵਾਨ ਕਰ ਲਿਆ ਹੈ। 'ਪ੍ਰਥਾਇ ਸਾਖੀ ਸਿਧਾਂਤ' ਅਨੁਸਾਰ ਜਗਤ ਗੁਰੂ ਦਾ ਇਹ ਸ਼ਬਦ ਉਸ ਸਮੇਂ ਦੀ ਆਮ ਜਨਤਾ ਦੀ ਹਾਲਤ ਨੂੰ ਬਿਆਨ ਕਰਦਾ ਹੈ। ਸਵੈ-ਜੀਵਨੀ ਨਾਲ ਸੰਬੰਧਿਤ ਨਹੀਂ। ਗੁਰੂ ਪਦਵੀ ਧਾਰਨ ਤੋਂ ਬਾਅਦ ਉਚਾਰਿਆ ਹੋਇਆ ਹੈ। ਗੁਰੂ ਅਕਾਲ ਪੁਰਖ ਦੀ ਸ਼ਹਾਦਤ ਵਾਲੇ ਦਿਨ ਔਰੰਗਜ਼ੇਬ ਦਾ ਹਸਨ ਅਬਦਾਲ ਹੋਣਾ ਇਤਿਹਾਸਕ ਕ੍ਰਾਂਤੀ ਹੈ। ਉਸ ਦੇ ਸਮੇਂ ਦਾ ਇਤਿਹਾਸ ਔਰੰਗਜ਼ੇਬ ਨੂੰ ਪੁੱਛ ਕੇ ਲਿਖਿਆ ਜਾਂਦਾ ਸੀ। ਦਰਬਾਰੀ ਇਤਿਹਾਸਕਾਰਾਂ ਤੋਂ ਬਿਨਾਂ ਕਿਸੇ ਨੂੰ ਇਤਿਹਾਸ ਲਿਖਣ ਦੀ ਇਜਾਜ਼ਤ ਨਹੀਂ ਸੀ। ਪਾਜੀ ਔਰੰਗਜ਼ੇਬ ਵੱਲ ਇਕ ਸਿੱਖ ਵੱਲੋਂ ਕਤਲ ਦੇ ਇਰਾਦੇ ਨਾਲ ਇੱਟ ਵਗਾਹ ਕੇ ਮਾਰਨਾ ਦੱਸਦਾ ਹੈ ਕਿ ਨੌਰੰਗੇ ਬੇਈਮਾਨ ਨੇ ਇਹ ਭੁਲੇਖਾ ਇਤਿਹਾਸ ਵਿਚ ਜਾਣ-ਬੁੱਝ ਕੇ ਪਾਇਆ ਸੀ।

ਇਵੇਂ ਬੰਦਾ ਬਹਾਦਰ ਦੀਆਂ ਧਾਰਮਿਕ ਮਾਨਤਾਵਾਂ ਬਾਰੇ ਇਤਿਹਾਸ ਵਿਚ ਭੁਲੇਖੇ ਹਨ ਜਿਨ੍ਹਾਂ ਨੂੰ ਹਿੰਦੂਤਵ ਪ੍ਰਚਾਰਨ ਦੀ ਤਿੱਖੀ ਚਾਹ ਰੱਖਦਾ ਹੈ ਅਤੇ ਘਟਨਾਵਾਂ ਘੜਨ ਵੱਲ ਚੱਲ ਚੁੱਕਾ ਹੈ। ਬੰਦਾ ਬਹਾਦਰ ਨਾਲ ਰਾਬਤਾ ਕਰਨ ਅਤੇ ਅੰਮ੍ਰਿਤ ਲਈ ਤਿਆਰ ਕਰਨ ਵਾਸਤੇ ਗੁਰੂ ਨੇ ਨੱਥ ਮੱਲ ਢਾਡੀ ਨੂੰ ਤਾਇਨਾਤ ਕੀਤਾ ਸੀ। ਨੱਥ ਮੱਲ ਅਨੁਸਾਰ ਬੰਦਾ ਆਦਿ ਤੋਂ ਉਦਾਸੀ ਸਾਧੂ ਸੀ। ਇਸੇ ਲਈ ਉਸਨੇ ਦਸਵੇਂ ਰੂਪ ਵਿਚ ਨਾਨਕ ਨੂੰ ਝੱਟ ਪਛਾਣ ਲਿਆ ਸੀ ਅਤੇ ਪਹਿਲੀ ਮਿਲਣੀ ਵਿਚ 'ਬੰਦਾ' ਹੋਣ ਦਾ ਦਾਅਵਾ ਪੇਸ਼ ਕੀਤਾ ਸੀ।

ਸਿੱਖੀ ਵਿਚ ਪ੍ਰਵੇਸ਼ ਕਰਨ ਵਾਲਿਆਂ ਅਤੇ ਮੁੱਢਲੀ ਜਾਣਕਾਰੀ ਹਾਸਲ ਕਰਨ ਵਾਲਿਆਂ ਲਈ ਪੁਸਤਕ *ਸਿੱਖ ਧਰਮ : ਵਿਸ਼ਵ-ਵਿਆਪੀ ਸੰਦੇਸ਼* ਇਕ ਕੀਮਤੀ ਤੋਹਫ਼ਾ ਹੈ। ਲਿਖਤ ਵਿਚ ਰਵਾਨਗੀ ਹੈ ਅਤੇ ਪੜ੍ਹਨ ਵਾਲੇ ਦੀ ਜਗਿਆਸਾ ਬਣੀ ਰਹਿੰਦੀ ਹੈ। ਉਮੀਦ ਹੈ ਕਿ ਗੁਰ-ਇਤਿਹਾਸ ਅਤੇ ਗੁਰੂ ਦੇ ਦਰਸ਼ਨ ਦੀ ਮੁੱਢਲੀ ਡੂੰਘੀ ਜਾਣਕਾਰੀ ਹਾਸਲ ਕਰਨ ਵਾਲੇ ਇਸ ਪੁਸਤਕ ਨੂੰ ਗਹੁ ਨਾਲ ਪੜ੍ਹ ਕੇ ਲਾਭ ਪ੍ਰਾਪਤ ਕਰਨਗੇ। ਇਹੋ ਸਾਡੀ ਅਰਦਾਸ ਵੀ ਹੈ।

**ਗੁਰਤੇਜ ਸਿੰਘ**

29 ਦਸੰਬਰ, 2024 (ਆਈ.ਏ.ਐਸ. ਸਾਬਕਾ)

742, ਸੈਕਟਰ 8,
ਚੰਡੀਗੜ੍ਹ

# ਦੋ ਸ਼ਬਦ

ਮੇਰੇ ਸਾਹਮਣੇ ਡਾਕਟਰ ਪੂਰਨ ਸਿੰਘ ਦੀ ਨਵੀਂ ਪੁਸਤਕ *ਸਿੱਖ ਧਰਮ : ਵਿਸ਼ਵ-ਵਿਆਪੀ ਸੰਦੇਸ਼* ਦਾ ਖਰੜਾ ਪਿਆ ਹੈ। ਇਸ ਸੰਬੰਧੀ ਉਨ੍ਹਾਂ ਨੇ ਦੋ ਸ਼ਬਦ ਲਿਖਣ ਦਾ ਹੁਕਮ ਕੀਤਾ ਹੈ। ਡਾਕਟਰ ਪੂਰਨ ਸਿੰਘ ਨੂੰ ਮੈਂ ਸੰਨ 1984 ਤੋਂ ਜਾਣਦੀ ਹਾਂ ਜਦੋਂ ਭਾਈ ਮਨਜੀਤ ਸਿੰਘ, ਸਾਬਕਾ ਜਥੇਦਾਰ ਸ੍ਰੀ ਕੇਸਗੜ੍ਹ ਸਾਹਿਬ, ਜੋ ਉਦੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦਾ ਕਾਰਜ ਵੀ ਨਿਭਾਅ ਰਹੇ ਸਨ, ਦੀ ਸੰਗਤ ਵਿਚ ਅਮਰੀਕਾ ਅਤੇ ਕੈਨੇਡਾ ਵਿਚ ਹੋ ਰਹੀਆਂ ਕਾਨਫ਼ਰੰਸਾਂ ਵਿਚ ਸ਼ਮੂਲੀਅਤ ਕਰਨ ਆਈ ਸੀ। ਉਹ ਸਿੱਖ ਸਿਧਾਂਤਾਂ ਨਾਲ ਬਹੁਤ ਨੇੜਿਓਂ ਜੁੜੇ ਹੋਏ ਹਨ ਅਤੇ ਇਸ ਪੁਸਤਕ ਵਿਚ ਉਨ੍ਹਾਂ ਨੇ ਸਿੱਖ ਇਤਿਹਾਸ ਨਾਲ ਸੰਬੰਧਿਤ ਪੁਰਾਤਨ ਸੋਮਿਆਂ ਅਤੇ ਵਿਦਵਾਨਾਂ ਦੀਆਂ ਇਤਿਹਾਸਕ ਖੋਜਾਂ ਨੂੰ ਆਧਾਰ ਬਣਾ ਕੇ, ਗੁਰਬਾਣੀ ਦੀ ਰੋਸ਼ਨੀ ਵਿਚ ਗੁਰੂ ਸਾਹਿਬਾਨ ਦੇ ਜੀਵਨ ਅਤੇ ਸਿਧਾਂਤਾਂ ਨੂੰ ਸੌਖੀ ਬੋਲੀ ਵਿਚ ਕਲਮਬੰਦ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਹ ਬਹੁਤ ਵਧੀਆ ਉਪਰਾਲਾ ਹੈ, ਕਿਉਂਕਿ ਆਮ ਤੌਰ ’ਤੇ ਗੁਰੂ ਸਾਹਿਬਾਨ ਬਾਰੇ ਜ਼ਿਆਦਾ ਗਿਆਨ ਜਨਮ-ਸਾਖੀਆਂ ਜਾਂ ਸਾਖੀਆਂ ਤੋਂ ਹੀ ਲਿਆ ਜਾਂਦਾ ਹੈ। ਸਾਖੀਕਾਰ ਬਿਰਤਾਂਤ ਨੂੰ ਰੌਚਕ ਬਣਾਉਣ ਲਈ ਬਹੁਤੀ ਵਾਰ ਕਰਾਮਾਤੀ ਬਣਾ ਦਿੰਦੇ ਹਨ ਜਦ ਕਿ ਗੁਰੂ ਸਾਹਿਬਾਨ ਨੇ ਕਰਾਮਾਤਾਂ ਨੂੰ ਬਾਣੀ ਵਿਚ ਕਿਧਰੇ ਵੀ ਤਰਜੀਹ ਨਹੀਂ ਦਿੱਤੀ। ਇਸ ਦੇ ਨਾਲ ਹੀ ਸਾਖੀਕਾਰਾਂ ਦੀ ਆਪਣੀ ਕਲਪਨਾ ਦੇ ਨਾਲ-ਨਾਲ ਸ਼ਰਧਾ-ਭਾਵਨਾ ਵੀ ਸ਼ਾਮਲ ਹੋ ਜਾਂਦੀ ਹੈ ਜਿਸ ਨਾਲ ਬਿਰਤਾਂਤ ਕਈ ਵਾਰ ਇਤਿਹਾਸਕਤਾ ਤੋਂ ਪਾਸੇ ਚਲਾ ਜਾਂਦਾ ਹੈ।

ਸਿੱਖ ਧਰਮ ਇਕ ਨਿਵੇਕਲਾ, ਵਿਲੱਖਣ ਅਤੇ ਸੁਤੰਤਰ ਧਰਮ ਹੈ ਜੋ ਪਹਿਲਾਂ ਪ੍ਰਾਪਤ ਕਿਸੇ ਵੀ ਧਰਮ ਦੀ ਲਗਾਤਾਰਤਾ ਵਿਚ ਨਹੀਂ ਹੈ ਅਤੇ ਨਾ ਹੀ ਇਹ ਇਸਲਾਮ ਅਤੇ ਹਿੰਦੂ ਧਰਮ ਦਾ ਮਿਲਗੋਭਾ ਹੈ ਜਿਵੇਂ ਕਈ ਵਿਦਵਾਨਾਂ ਦਾ ਵਿਚਾਰ ਹੈ। ਸਿੱਖ ਧਰਮ ਇਕ ਇਲਹਾਮੀ ਧਰਮ ਹੈ। ਇਸ ਦੇ ਇਲਹਾਮ ਦੀ ਵਿਲੱਖਣਤਾ ਇਸ ਤੱਥ ਵਿਚ ਹੈ ਕਿ ਇਸ ਦਾ ਪ੍ਰਕਾਸ਼ਨ ਗੁਰੂ ਜੋਤਿ ਅਤੇ ਗੁਰੂ ਜੁਗਤਿ ਰਾਹੀਂ ਹੋਇਆ ਜੋ ਗੁਰੂ ਨਾਨਕ ਸਾਹਿਬ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਤਕ ਇਕ ਲਗਾਤਾਰ ਅਮਲ ਹੈ। ਸਾਰੇ ਗੁਰੂ ਸਾਹਿਬਾਨ ਵਿਚ ਇੱਕੋ ਰੱਬੀ ਜੋਤਿ ਪਰਵਾਨ ਕੀਤੀ ਗਈ ਹੈ, ਜਿਸ ਦਾ ਹਵਾਲਾ ਸਾਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਮਿਲ ਜਾਂਦਾ ਹੈ, “ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ”, ਇਸੇ ਲਈ ਸਾਰੇ ਗੁਰੂ ਸਾਹਿਬਾਨ ਨੇ ਆਪਣੇ ਆਪ ਨੂੰ ‘ਨਾਨਕ’ ਨਾਮ ਨਾਲ ਸੰਬੋਧਨ ਕੀਤਾ ਹੈ। ਗੁਰੂ

ਸਾਹਿਬਾਨ ਨੂੰ ਸਤਿ ਦਾ ਜੋ ਅਨੁਭਵ ਹੋਇਆ, ਉਸ ਨੂੰ ਉਨ੍ਹਾਂ ਨੇ ਆਪਣੀ ਬੋਲੀ ਵਿਚ ਪ੍ਰਗਟ ਕੀਤਾ ਅਤੇ ਇਸੇ ਲਈ ਬਾਣੀ ਨੂੰ ਧੁਰੋਂ ਆਈ ਪ੍ਰਵਾਨ ਕੀਤਾ ਗਿਆ ਹੈ, "ਧੁਰ ਕੀ ਬਾਣੀ ਆਈ॥ ਤਿਨਿ ਸਗਲੀ ਚਿੰਤ ਮਿਟਾਈ" ਅਤੇ ਗੁਰੂ ਸਾਹਿਬਾਨ ਨੇ ਜੋ ਕੁਝ ਵੀ ਕਿਹਾ, ਉਹ ਕਰਤਾ ਪੁਰਖ ਦੇ ਹੁਕਮ ਵਿਚ ਕਿਹਾ। ਜਿਵੇਂ ਪੰਜਵੇਂ ਗੁਰੂ ਨੇ ਫ਼ੁਰਮਾਇਆ ਹੈ: "ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ"। ਇਸੇ ਲਈ ਬਾਣੀ ਨੂੰ ਸ਼ਬਦ ਗੁਰੂ ਦਾ ਦਰਜਾ ਪ੍ਰਾਪਤ ਹੈ, ਜਿਵੇਂ ਡਾਕਟਰ ਪੂਰਨ ਸਿੰਘ ਨੇ ਕਿਹਾ ਹੈ ਕਿ ਗੁਰੂ ਗੋਬਿੰਦ ਸਿੰਘ ਨੇ ਆਪਣੇ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ "ਕਵਣੁ ਗੁਰੂ ਜਿਸ ਕਾ ਤੂ ਚੇਲਾ" ਤਾਂ ਗੁਰੂ ਨਾਨਕ ਸਾਹਿਬ ਦਾ ਉੱਤਰ ਹੈ, "ਸਬਦੁ ਗੁਰੂ ਸੁਰਤਿ ਧੁਨਿ ਚੇਲਾ" ਅਰਥਾਤ ਸ਼ਬਦ ਗੁਰੂ ਹੈ, ਸ਼ਬਦ ਵਿਚ ਸੁਰਤਿ ਦਾ ਲਗਾਤਾਰ ਟਿਕਣਾ ਇਹ ਚੇਲਾ ਹੈ। ਗੁਰੂ ਸਾਹਿਬਾਨ ਨੇ ਆਪਣੇ ਸਰੀਰਕ ਰੂਪ ਨੂੰ ਮਹੱਤਤਾ ਨਹੀਂ ਦਿੱਤੀ। ਸ਼ਬਦ ਨੂੰ ਮਹੱਤਤਾ ਦਿੱਤੀ ਹੈ, ਕਿਉਂਕਿ ਸਰੀਰ ਬਿਨਸਣਹਾਰ ਹੈ ਅਤੇ ਸ਼ਬਦ ਸਦੀਵੀ ਹੈ। ਗੁਰੂ ਨਾਨਕ ਸਾਹਿਬ ਨੇ 'ਸਿਧ ਗੋਸਟਿ' ਬਾਣੀ ਵਿਚ ਵਾਰ ਵਾਰ ਸ਼ਬਦ ਦੀ ਮਹੱਤਤਾ 'ਤੇ ਜ਼ੋਰ ਦਿੱਤਾ ਹੈ, ਕਿਉਂਕਿ ਸ਼ਬਦ ਹੀ ਗਿਆਨ ਦਾ ਸੋਮਾ ਹੈ: "ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ॥ ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ॥" ਗੁਰੂ ਰਾਮਦਾਸ ਨੇ ਸਪੱਸ਼ਟ ਕਰ ਦਿੱਤਾ ਸੀ: "ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਬਾਣੀ ਅੰਮ੍ਰਿਤੁ ਸਾਰੇ॥ ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ॥"

ਕਿਸੇ ਵੀ ਧਰਮ ਵਿਚ ਇਲਹਾਮ ਦੀ ਵਿਲੱਖਣਤਾ ਇਸ ਤੱਥ ਤੋਂ ਹੁੰਦੀ ਹੈ ਕਿ ਉਹ ਜਗਿਆਸੂ ਦੇ ਸਾਹਮਣੇ ਕਿਹੋ ਜਿਹਾ ਆਦਰਸ਼ ਰੱਖਦਾ ਹੈ ਅਤੇ ਉਸ ਆਦਰਸ਼ ਰਾਹੀਂ ਕਿਸ ਕਿਸਮ ਦੇ ਵਿਅਕਤੀਤਵ ਦੀ ਘਾੜਤ ਹੁੰਦੀ ਹੈ। ਗੁਰੂ ਨਾਨਕ ਨੇ ਮਨੁੱਖ ਸਾਹਮਣੇ ਆਦਰਸ਼ 'ਸਚਿਆਰ' ਹੋਣ ਦਾ ਰੱਖਿਆ: "ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥" ਜਿਸ ਨੂੰ ਗੁਰੂ ਅਮਰਦਾਸ ਪਾਤਿਸ਼ਾਹ ਨੇ ਆਪਣੇ ਸੋਮੇ ਉਸ ਕਰਤਾ ਪੁਰਖ, ਜਿਸ ਨੂੰ ਗੁਰਬਾਣੀ ਵਿਚ ੧ਓ ਕਿਹਾ ਹੈ, ਦਾ ਅਨੁਭਵ ਕਰਨਾ ਕਿਹਾ ਹੈ, "ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥" ਇਸ ਲਈ ਗੁਰਮਤਿ ਦਾ ਮੂਲ ਸਿਧਾਂਤ ਹੈ ਕਿ ਸਾਰੇ ਮਨੁੱਖ ਉਸ ਇੱਕੋ ਕਰਤਾ ਪੁਰਖ ਤੋਂ ਪੈਦਾ ਹੋਏ ਹਨ, ਸਾਰਿਆਂ ਵਿਚ ਉਸ ਇਕ ਦੀ ਹੀ ਜੋਤਿ ਵਿਆਪਕ ਹੈ: "ਸਭ ਮਹਿ ਜੋਤਿ ਜੋਤਿ ਹੈ ਸੋਇ॥ ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥" ਇਸ ਲਈ ਸਾਰੇ ਮਨੁੱਖ ਬਰਾਬਰ ਹਨ। ਸਿੱਖ ਧਰਮ ਚਿੰਤਨ ਵਿਚ ਮਨੁੱਖ ਦੀਆਂ ਦੋ ਹੀ ਕੋਟੀਆਂ ਪ੍ਰਵਾਨ ਕੀਤੀਆਂ ਹਨ— ਗੁਰਮੁਖਿ ਤੇ ਮਨਮੁਖਿ। ਵਰਣ-ਆਸ਼ਰਮ ਧਰਮ, ਜਾਤਿ-ਜਨਮ, ਧਰਮ, ਸੰਪਰਦਾ ਜਾਂ ਲਿੰਗ ਆਧਾਰਿਤ ਵੰਡ ਨੂੰ ਪਰਵਾਨ ਨਹੀਂ ਕੀਤਾ ਗਿਆ। ਇਸ ਲਈ ਅਜਿਹੀ ਵੰਡ 'ਤੇ ਆਧਾਰਿਤ ਮਨੁੱਖ ਨੂੰ ਉੱਚਾ ਜਾਂ ਨੀਵਾਂ, ਛੋਟਾ ਜਾਂ ਵੱਡਾ ਕਹਿਣਾ ਬਿਲਕੁਲ ਨਿਰਮੂਲ ਹੈ। ਗੁਰਮਤਿ ਅਨੁਸਾਰ ਮਨੁੱਖ ਜਿਸ ਕਿਸਮ ਦੇ ਇਸ਼ਟ ਦੀ ਅਰਾਧਨਾ ਕਰਦਾ ਹੈ, ਉਹੋ ਜਿਹਾ ਹੀ ਉਸ ਦਾ ਵਿਅਕਤੀਤਵ ਘੜਿਆ ਜਾਂਦਾ ਹੈ, "ਜੈਸਾ ਸੇਵੈ ਤੈਸੋ ਹੋਇ॥" ਸਿੱਖ ਧਰਮ ਗੁਰੂ ਨਾਨਕ ਤੋਂ ਗੁਰੂ ਗੋਬਿੰਦ ਸਿੰਘ ਤਕ, ਸੰਗਤਿ ਤੋਂ ਖ਼ਾਲਸਾ

ਤਕ ਦਾ ਇਕ ਲਗਾਤਾਰ ਅਮਲ ਹੈ ਜੋ ਆਪਣੇ ਆਪ ਵਿਚ ਇਕ ਵਿਲੱਖਣ ਵਰਤਾਰਾ ਹੈ।

ਇਥੇ ਮੈਂ ਭਾਈ ਗੁਰਦਾਸ ਦੇ ਹਵਾਲੇ ਨਾਲ ਦੱਸਣਾ ਚਾਹਾਂਗੀ ਕਿ ਕਿਸ ਤਰ੍ਹਾਂ ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ਨ ਵੇਲੇ ਹਿੰਦੂ ਧਰਮ ਅਤੇ ਇਸਲਾਮ ਧਰਮ ਦੋਵਾਂ ਦੇ ਪੈਰੋਕਾਰਾਂ ਵੱਲੋਂ ਧਰਮ ਦੇ ਨਾਂ 'ਤੇ ਮਨੁੱਖ ਨੂੰ ਵੰਡਿਆ ਹੋਇਆ ਸੀ ਅਤੇ ਮਨੁੱਖ ਨਾਲ ਮਨੁੱਖ ਨੂੰ ਲੜਾਇਆ ਜਾ ਰਿਹਾ ਸੀ। ਵਰਣ-ਆਸ਼ਰਮ ਦੇ ਸਿਧਾਂਤ 'ਤੇ ਵੰਡੇ ਹਿੰਦੂ ਧਰਮ ਬਾਰੇ ਕਿਹਾ ਹੈ :

**ਭਈ ਗਿਲਾਨਿ ਜਗਤ੍ਰਿ ਵਿਚਿ ਚਾਰਿ ਵਰਨਿ ਆਸ੍ਰਮ ਉਪਾਏ।**
**ਦਸਿ ਨਾਮਿ ਸੰਨਿਆਸੀਆ ਜੋਗੀ ਬਾਰਹ ਪੰਥਿ ਚਲਾਏ।**
**ਜੰਗਮ ਅਤੇ ਸਰੇਵੜੇ ਦਗੇ ਦਿਗੰਬਰਿ ਵਾਦਿ ਕਰਾਏ।**
**ਬ੍ਰਹਮਣਿ ਬਹੁ ਪਰਕਾਰਿ ਕਰਿ ਸਾਸਤ੍ਰਿ ਵੇਦ ਪੁਰਾਣਿ ਲੜਾਏ।**
**ਖਟੁ ਦਰਸਨ ਬਹੁ ਵੈਰਿ ਕਰਿ ਨਾਲਿ ਛਤੀਸਿ ਪਖੰਡ ਰਲਾਏ।...**

*(ਵਾਰ ਪਹਿਲੀ, ਪਉੜੀ 19)*

ਇਕ ਪਾਸੇ ਹਿੰਦੂ ਧਰਮ ਨੂੰ ਮੰਨਣ ਵਾਲੇ ਆਪਸ ਵਿਚ ਵੈਰ ਅਤੇ ਈਰਖਾ ਨਾਲ ਲਬਰੇਜ਼ ਆਪਸ ਵਿਚ ਲੜ ਰਹੇ ਸੀ ਅਤੇ ਆਪਸੀ ਵਿਵਾਦ ਵਿਚ ਉਲਝੇ ਹੋਏ ਸੀ; ਦੂਸਰੇ ਪਾਸੇ ਦੋਵਾਂ ਧਰਮਾਂ ਦੇ ਆਗੂ ਦੋਵਾਂ ਧਰਮਾਂ ਨੂੰ ਮੰਨਣ ਵਾਲਿਆਂ ਨੂੰ ਲੜਾ ਰਹੇ ਸੀ, ਜਿਸ ਨੂੰ ਸੰਖੇਪ ਵਿਚ ਭਾਈ ਗੁਰਦਾਸ ਦੇ ਸ਼ਬਦਾਂ ਵਿਚ ਕਹਿਣਾ ਹੋਵੇ :

**ਬੇਦ ਕਤੇਬ ਭੁਲਾਇ ਕੈ ਮੋਹੇ ਲਾਲਚ ਦੁਨੀ ਸੈਤਾਣੇ।**
**ਸਚੁ ਕਿਨਾਰੇ ਰਹਿ ਗਿਆ ਖਹਿ ਮਰਦੇ ਬਾਮ੍ਹਣਿ ਮਉਲਾਣੇ।**

*(ਵਾਰ ਪਹਿਲੀ, ਪਉੜੀ 21)*

ਅਜਿਹੇ ਸਮੇਂ ਵਿਚ ਗੁਰੂ ਨਾਨਕ ਨੇ ਜਿਸ ਧਰਮ ਦੀ ਨੀਂਹ ਰੱਖੀ, ਉਸ ਨੂੰ ਭਾਈ ਗੁਰਦਾਸ ਨੇ

**ਚਾਰੇ ਪੈਰ ਧਰਮ ਦੇ ਚਾਰਿ ਵਰਨਿ ਇਕੁ ਵਰਨੁ ਕਰਾਇਆ।**
**ਰਾਣਾ ਰੰਕੁ ਬਰਾਬਰੀ ਪੈਰੀ ਪਵਣਾ ਜਗਿ ਵਰਤਾਇਆ।**

*(ਵਾਰ ਪਹਿਲੀ, ਪਉੜੀ 23)*

ਕਿਹਾ ਹੈ। ਗੁਰੂ ਸਾਹਿਬਾਨ ਨੇ ਬਾਣੀ ਨੂੰ ਅਮਲ ਵਿਚ ਉਤਾਰਿਆ ਅਤੇ ਸਿੱਖ ਨੂੰ ਸਿਖਾਇਆ ਕਿ ਬਾਣੀ ਨੂੰ ਅਮਲ ਵਿਚ ਕਿਵੇਂ ਲਿਆਉਣਾ ਹੈ ? ਗੁਰੂ ਨਾਨਕ ਨੇ ਧਰਮ ਨੂੰ ਇਕਾਂਤ, ਤਪ-ਸਾਧਨਾ, ਜੋਗ, ਵਿਹਲੇ ਬੈਠ ਕੇ ਮੰਗ ਕੇ ਖਾਣ ਨਾਲੋਂ ਤੋੜ ਕੇ ਗ੍ਰਿਹਸਤ ਨਾਲ ਜੋੜਿਆ; ਕਿਰਤ ਕਰਨ, ਵੰਡ ਕੇ ਛਕਣ, ਨਾਮ ਜਪਣ, ਸੇਵਾ, ਪਰਉਪਕਾਰ, ਮਨੁੱਖੀ ਬਰਾਬਰੀ, ਸਾਂਝੀਵਾਲਤਾ ਅਤੇ ਸਰਬੱਤ ਦਾ ਭਲਾ ਆਦਿ ਕੀਮਤੀ ਸਿਧਾਂਤ ਦਿੱਤਾ। ਇਸ ਨੂੰ ਅਮਲ ਵਿਚ ਉਤਾਰਨ ਲਈ ਸੰਸਥਾਵਾਂ ਕਾਇਮ ਕੀਤੀਆਂ ਗਈਆਂ ਅਤੇ ਦਸ ਗੁਰੂ ਸਾਹਿਬਾਨ ਦੇ ਰੂਪ ਵਿਚ ਤਕਰੀਬਨ ਢਾਈ ਸੌ

ਸਾਲ ਦਾ ਸਮਾਂ ਲੱਗਿਆ। ਇਸੇ ਯਾਤਰਾ ਦੇ ਇਤਿਹਾਸ ਦਾ ਜ਼ਿਕਰ ਪੁਸਤਕ ਰੂਪ ਵਿਚ ਡਾਕਟਰ ਪੂਰਨ ਸਿੰਘ ਨੇ ਸਾਡੇ ਸਾਹਮਣੇ ਰੱਖਿਆ ਹੈ। ਇਸ ਤਰ੍ਹਾਂ ਸਿੱਖ ਧਰਮ ਨੇ ਇਤਿਹਾਸ ਸਿਰਜਿਆ ਹੈ। ਇਸ ਨੂੰ ਭਾਈ ਗੁਰਦਾਸ ਨੇ "ਮਾਰਿਆ ਸਿਕਾ ਜਗਤਿ ਵਿਚਿ ਨਾਨਕ ਨਿਰਮਲ ਪੰਥੁ ਚਲਾਇਆ" ਕਿਹਾ ਹੈ। ਇਹ ਤਾਂ ਗੁਰੂਆਂ ਦਾ ਦਿੱਤਾ ਮਾਰਗ ਹੈ, ਪੰਥ ਹੈ, ਜੀਵਨ ਦਰਸ਼ਨ ਹੈ ਜਿਸ ਦਾ ਸ਼ੁਮਾਰ ਅੱਜ ਦੁਨੀਆਂ ਦੇ ਵੱਡੇ ਧਰਮਾਂ ਵਿਚ ਹੁੰਦਾ ਹੈ। ਮੇਰੀ ਅਰਦਾਸ ਹੈ ਕਿ ਵਾਹਿਗੁਰੂ ਡਾਕਟਰ ਪੂਰਨ ਸਿੰਘ ਦੀ ਕਲਮ ਨੂੰ ਇਸੇ ਤਰ੍ਹਾਂ ਚੜ੍ਹਦੀ ਕਲਾ ਵਿਚ ਵਗਦੀ ਰੱਖਣ।

**ਗੁਰਨਾਮ ਕੌਰ (ਡਾ.)**
*ਪ੍ਰੋਫ਼ੈਸਰ (ਸੇਵਾ-ਮੁਕਤ)*

# ਮੁਖਬੰਧ

ਸਿੱਖ ਗੁਰੂਆਂ ਦੇ ਜੀਵਨ ਬਿਰਤਾਂਤ ਅਤੇ ਉਨ੍ਹਾਂ ਵੱਲੋਂ ਦਿੱਤੇ ਗੁਰਮਤਿ ਸੰਦੇਸ਼ ਬਾਰੇ ਪੁਸਤਕ ਰਚਨਾ ਲਈ ਪ੍ਰੇਰਣਾ ਡਾਕਟਰ ਗੁਰਿੰਦਰ ਸਿੰਘ ਗਰੇਵਾਲ (ਟਰੇਸੀ, ਕੈਲੇਫ਼ੋਰਨੀਆ) ਵੱਲੋਂ ਹੋਈ। ਇਸ ਪੁਸਤਕ ਨੂੰ ਰਚਣ ਦਾ ਕਾਰਜ ਸੌਖਾ ਨਹੀਂ ਸੀ, ਪਰ ਗੁਰੂ ਦੀ ਮਿਹਰ ਸਦਕਾ ਕਾਰਜ ਸਫਲ ਹੋਇਆ ਹੈ। ਇਸ ਪੁਸਤਕ ਨੂੰ ਲਿਖਣ ਲਈ ਕੁਝ ਵਿਦਵਾਨਾਂ ਦੀਆਂ ਪੁਸਤਕਾਂ ਬਤੌਰ ਸਹਾਇਕ ਸਮੱਗਰੀ ਲੋੜੀਂਦੀਆਂ ਸਨ ਅਤੇ ਇਨ੍ਹਾਂ ਪੁਸਤਕਾਂ ਨੂੰ ਪੰਜਾਬ ਤੋਂ ਮੰਗਾਇਆ ਗਿਆ। ਇਨ੍ਹਾਂ ਪੁਸਤਕਾਂ ਦੀ ਚੋਣ ਕਰਨ ਅਥਵਾ ਉਨ੍ਹਾਂ ਪੁਸਤਕਾਂ ਨੂੰ ਖ਼ਰੀਦ ਕੇ ਭੇਜਣ ਦਾ ਕੰਮ ਪ੍ਰੋਫ਼ੈਸਰ ਬਲਵਿੰਦਰ ਪਾਲ ਸਿੰਘ (ਜਲੰਧਰ) ਜੀ ਨੇ ਕੀਤਾ। ਕੁਝ ਪੁਸਤਕਾਂ ਸਰੀ, ਬੀ.ਸੀ. ਦੀ ਖ਼ਾਲਸਾ ਲਾਇਬ੍ਰੇਰੀ ਵਿੱਚੋਂ ਉਪਲਬਧ ਹੋਈਆਂ ਅਤੇ ਕੁਝ ਪੁਸਤਕਾਂ ਮੇਰੀ ਨਿੱਜੀ ਲਾਇਬ੍ਰੇਰੀ ਵਿਚ ਸਨ, ਜਿਨ੍ਹਾਂ ਨੂੰ ਬਤੌਰ ਸਹਾਇਕ ਸਮੱਗਰੀ ਪ੍ਰਯੋਗ ਕੀਤਾ।

ਇਸ ਪੁਸਤਕ ਵਿਚ ਗੁਰੂ ਸਾਹਿਬਾਨ ਦੀਆਂ ਜੀਵਨੀਆਂ, ਇਤਿਹਾਸਕ ਬਿਰਤਾਂਤ ਤੋਂ ਇਲਾਵਾ ਉਨ੍ਹਾਂ ਵੱਲੋਂ ਗੁਰਬਾਣੀ ਰਾਹੀਂ ਦਿੱਤੇ ਉਪਦੇਸ਼ਾਂ ਦਾ ਉਲੇਖ ਕਰਨ ਦਾ ਜਤਨ ਕੀਤਾ ਹੈ। ਕਈ ਬੇਲੋੜੀਆਂ ਸਾਖੀਆਂ ਜੋ ਗੁਰਮਤਿ ਸਿਧਾਂਤਾਂ ਦੇ ਵਿਪਰੀਤ ਹਨ, ਨੂੰ ਸ਼ਾਮਲ ਨਹੀਂ ਕੀਤਾ। ਦੂਸਰਾ, ਇਹ ਜਤਨ ਕੀਤਾ ਹੈ ਕਿ ਸਪੱਸ਼ਟਤਾ ਦ੍ਰਿੜ੍ਹ ਕਰਾਈ ਜਾਵੇ ਕਿ ਸਭ ਗੁਰੂ ਸਾਹਿਬਾਨ ਨੇ ਗੁਰੂ ਨਾਨਕ ਸਾਹਿਬ ਵੱਲੋਂ ਨਿਰਧਾਰਤ ਸਿਧਾਂਤਾਂ 'ਤੇ ਹੀ ਪਹਿਰਾ ਦਿੱਤਾ ਅਤੇ ਕੋਈ ਵੱਖਰਾ ਮਾਰਗ ਸਥਾਪਤ ਨਹੀਂ ਕੀਤਾ। ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਨਾਨਕ ਸਾਹਿਬ ਵੱਲੋਂ ਸਥਾਪਤ 'ਸ਼ਬਦ-ਗੁਰੂ' ਸਿਧਾਂਤ 'ਤੇ ਹੀ ਮੋਹਰ ਲਗਾਈ ਅਤੇ ਗੁਰਬਾਣੀ ਨੂੰ ਗੁਰੂ ਦਾ ਦਰਜਾ ਦ੍ਰਿੜ੍ਹ ਕਰਾਇਆ। ਸ਼ਖ਼ਸੀ ਗੁਰੂ (ਸਰੀਰਕ ਜਾਮਾ) ਪ੍ਰਣਾਲੀ ਸਮਾਪਤ ਕਰ ਕੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਪਦ ਦਾ ਦਰਜਾ ਦੇ ਦਿੱਤਾ ਅਤੇ ਇਸ ਪਰੰਪਰਾ ਨੂੰ ਸਿੱਖ ਜਗਤ ਅੰਦਰ ਵਿਸ਼ੇਸ਼ ਬੋਲਾਂ ਦੁਆਰਾ ਹਰ ਰੋਜ਼ ਯਾਦ ਕੀਤਾ ਜਾਂਦਾ ਹੈ:

**ਆਗਯਾ ਭਈ ਅਕਾਲ ਕੀ, ਤਬੈ ਚਲਾਯੋ ਪੰਥ।**
**ਸਭ ਸਿਖਨ ਕੋ ਹੁਕਮ ਹੈ, ਗੁਰੂ ਮਾਨਿਓ ਗ੍ਰੰਥ।**

ਇਸ ਪੁਸਤਕ ਦੀ ਸੰਪੂਰਨਤਾ ਲਈ, ਜਿਨ੍ਹਾਂ ਵਿਅਕਤੀਆਂ ਨੇ ਸਹਿਯੋਗ ਦਿੱਤਾ, ਉਨ੍ਹਾਂ ਬਾਰੇ ਦੱਸਣਾ ਜ਼ਰੂਰੀ ਹੈ। ਜਿਵੇਂ ਮੈਂ ਪਹਿਲਾਂ ਹੀ ਉਲੇਖ ਕਰ ਦਿੱਤਾ ਹੈ ਕਿ ਮੈਨੂੰ ਡਾਕਟਰ ਗੁਰਿੰਦਰ ਸਿੰਘ ਗਰੇਵਾਲ ਜੀ ਨੇ ਪੁਸਤਕ ਲਿਖਣ ਲਈ ਪ੍ਰੇਰਣਾ ਦਿੱਤੀ ਅਤੇ ਸਿੱਖ ਹੈਰੀਟੇਜ ਐਜੂਕੇਸ਼ਨ ਐਂਡ ਕਲਚਰਲ ਆਰਗੇਨਾਈਜ਼ੇਸ਼ਨ ਆਫ਼

ਅਮੈਰੀਕਾ ਦੀ ਸੰਸਥਾ ਦਾ, ਜਿਸ ਨੇ ਪੁਸਤਕ ਦੀ ਛਪਾਈ ਲਈ ਮਾਇਕ ਸਹਾਇਤਾ ਦੀ ਜ਼ੁੰਮੇਵਾਰੀ ਆਪਣੇ ਸਿਰ ਲਈ। ਪ੍ਰੋਫ਼ੈਸਰ ਬਲਵਿੰਦਰ ਪਾਲ ਸਿੰਘ ਜੀ ਨੇ ਪੰਜਾਬ ਤੋਂ ਪੁਸਤਕਾਂ ਖ਼ਰੀਦ ਕੇ ਭੇਜੀਆਂ, ਪੁਸਤਕ ਦੀ ਪੂਰੀ ਸੁਧਾਈ ਅਤੇ ਮੇਰੀ ਲਿਖੀ ਵਾਰਤਕ ਅਤੇ ਸ਼ਬਦ-ਜੋੜਾਂ ਨੂੰ ਠੀਕ ਕਰਨ ਲਈ ਡਾਕਟਰ ਕਮਲਜੀਤ ਕੌਰ ਜੀ ਨੇ ਆਪਣਾ ਕੀਮਤੀ ਸਮਾਂ ਲਗਾਇਆ। ਪੁਸਤਕ ਦੀਆਂ ਕੁੱਝ ਸੋਧਾਂ ਤੇ ਵਾਰਤਕ ਨੂੰ ਭਾਈ ਜਸਬੀਰ ਸਿੰਘ ਜੀ (ਅਕਾਲੀ ਸਿੰਘ) ਨੇ ਠੀਕ ਕਰਨ ਲਈ ਵਡਮੁੱਲੇ ਸੁਝਾਅ ਦਿੱਤੇ। ਗੁਰੂ ਸਾਹਿਬਾਨ ਜੀ ਦੇ ਪ੍ਰਕਾਸ਼ ਅਤੇ ਜੋਤੀ ਜੋਤਿ ਸਮਾਉਣ ਦੀਆਂ ਤਾਰੀਖ਼ਾਂ ਨੂੰ ਨਿਰਧਾਰਤ ਕਰਨ ਲਈ ਸਰਦਾਰ ਸਰਵਜੀਤ ਸਿੰਘ ਸੈਕਰਾਮੈਂਟੋ ਨੇ ਪੂਰਾ ਸਹਿਯੋਗ ਦਿੱਤਾ। ਡਾਕਟਰ ਗੁਰਨਾਮ ਕੌਰ, ਸਾਬਕਾ ਪ੍ਰੋਫ਼ੈਸਰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਜੀ ਅਤੇ ਸਿਰਦਾਰ ਗੁਰਤੇਜ ਸਿੰਘ (ਆਈ.ਏ.ਐਸ. ਸਾਬਕਾ) ਵਿਦਵਾਨ ਲੇਖਕ ਨੇ ਪੁਸਤਕ ਬਾਰੇ ਕੁਝ ਸ਼ਬਦ ਲਿਖੇ। ਇਨ੍ਹਾਂ ਸਮੂਹ ਗੁਣੀ ਜਨਾਂ ਅਤੇ ਸਿੱਖ ਹੈਰੀਟੇਜ ਐਜੂਕੇਸ਼ਨ ਸੰਸਥਾ ਦਾ ਬਹੁਤ ਬਹੁਤ ਧੰਨਵਾਦ! ਅੰਤ ਵਿਚ ਮੇਰੀ ਜੀਵਨ ਸਾਥਣ ਬੀਬੀ ਹਰਜੀਤ ਕੌਰ ਨੇ ਲਿਖਣ-ਪੜ੍ਹਨ ਲਈ ਢੁੱਕਵੇਂ ਵਾਤਾਵਰਣ ਨੂੰ ਸੁਖਾਵਾਂ ਬਣਾਈ ਰੱਖਣ ਲਈ ਜਤਨ ਕੀਤਾ, ਦਾ ਵਿਸ਼ੇਸ਼ ਧੰਨਵਾਦ।

**ਪੂਰਨ ਸਿੰਘ (ਡਾ.)**
ਵੈਨਕੂਵਰ

# ਗੁਰੂ ਨਾਨਕ ਸਾਹਿਬ ਦਾ ਫ਼ਲਸਫ਼ਾ ਤੇ ਸਿੱਖ ਲਹਿਰ

ਗੁਰੂ ਨਾਨਕ ਸਾਹਿਬ ਜੀ ਦੇ ਆਗਮਨ ਤੋਂ ਪਹਿਲਾਂ ਵੱਖ-ਵੱਖ ਸੱਭਿਆਚਾਰਾਂ ਅੰਦਰ ਬਹੁ-ਭਾਂਤੀ ਪਰੰਪਰਾਵਾਂ ਤੇ ਵਿਸ਼ਵਾਸ ਹਾਵੀ ਸਨ, ਜਿਸ ਕਾਰਨ ਭਾਰਤੀ ਸਮਾਜ ਅੰਦਰ ਆਪਸੀ ਮੱਤ-ਭੇਦ ਹਫ਼ੜਾ ਦਫ਼ੜੀ ਪੈਦਾ ਹੋ ਚੁੱਕੀ ਸੀ। ਅਗਿਆਨਤਾ, ਵਹਿਮ-ਭਰਮ, ਪਖੰਡ, ਬੁੱਤ ਪੂਜਾ ਅਤੇ ਊਚ-ਨੀਚ ਜਾਂ ਜਾਤ-ਪਾਤ ਦਾ ਬੋਲਬਾਲਾ ਸੀ। ਅਨੇਕਾਂ ਫ਼ਿਰਕਿਆਂ ਵਲੋਂ ਰੱਬ ਦੀ ਪੂਜਾ ਕਰਨ ਲਈ ਅਨੇਕਾਂ ਵਿਧੀਆਂ ਜਾਂ ਢੰਗ ਅਪਨਾਏ ਹੋਏ ਸਨ। ਧਰਮ ਅਤੇ ਭੇਖ ਦੁਆਰਾ ਲੋਕਾਂ ਨੂੰ ਗੁੰਮਰਾਹ ਕੀਤਾ ਜਾਂਦਾ ਸੀ ਅਤੇ ਉਨ੍ਹਾਂ ਅੰਦਰ ਨਿਰਾਸ਼ਤਾ ਅਤੇ ਉਪਰਾਮਤਾ ਹੋਣੀ ਸੁਭਾਵਕ ਸੀ।[1]

ਕੁਝ ਭਗਤਾਂ ਅਤੇ ਗੁਣੀ ਜਨਾਂ ਨੇ ਸਮਾਜ ਅੰਦਰ ਅਗਿਆਨਤਾ ਅਤੇ ਵਹਿਮ-ਭਰਮਾਂ ਵਿਰੁੱਧ ਆਪਣੀਆਂ ਦੈਵੀ ਰਚਨਾਵਾਂ ਦੁਆਰਾ ਪ੍ਰਚਾਰ ਕੀਤਾ ਅਤੇ ਨਿਰਗੁਣ ਵਿਚਾਰਧਾਰਾ ਦਾ ਉਪਦੇਸ਼ ਦਿੱਤਾ। ਇਕ ਈਸ਼ਵਰ ਦੀ ਉਪਾਸ਼ਨਾ ਨੂੰ ਅਹਿਮੀਅਤ ਦਿੱਤੀ ਅਤੇ ਬਹੁ-ਦੇਵਵਾਦ ਅਤੇ ਸਰਗੁਣ ਵਿਚਾਰਧਾਰਾ ਨੂੰ ਲਾਂਭੇ ਕਰਨ ਦਾ ਜਤਨ ਕੀਤਾ। ਜਿਥੇ ਇਨ੍ਹਾਂ ਭਗਤਾਂ ਨੇ ਅਧਿਆਤਮਕਤਾ ਦੇ ਖੇਤਰ ਵਿਚ ਨਿਰੰਕਾਰ ਦੀ ਭਗਤੀ ਕਰਨ ਲਈ ਪ੍ਰਚਾਰ ਕੀਤਾ, ਉਥੇ ਕੁਝ ਭਗਤਾਂ ਨੇ ਨਿਰਭੈ ਹੋ ਕੇ ਭਾਰਤੀ ਸਮਾਜ ਦੀ ਵਿਵਸਥਾ ਦੀ ਚੀਰ-ਫਾੜ ਵੀ ਕੀਤੀ ਅਤੇ ਜਾਤ-ਪਾਤ ਪ੍ਰਣਾਲੀ ਦਾ ਖੰਡਨ ਕੀਤਾ। ਇਹ ਭਾਰਤ ਦੇਸ਼ ਦੇ ਵੱਖ-ਵੱਖ ਇਲਾਕਿਆਂ ਉਪਰੰਤ ਵੱਖ-ਵੱਖ ਸਮਿਆਂ ਅੰਦਰ ਪੈਦਾ ਹੋਏ ਅਤੇ ਆਪਣੀਆਂ ਭਾਵਨਾਵਾਂ ਨੂੰ ਆਪਣੀਆਂ ਲਿਖਤਾਂ ਦੁਆਰਾ ਪ੍ਰਗਟ ਕੀਤਾ।[2]

ਇਤਿਹਾਸ ਅੰਦਰ ਮੰਨਿਆ ਜਾਂਦਾ ਹੈ ਕਿ ਇਨ੍ਹਾਂ ਭਗਤਾਂ ਵੱਲੋਂ ਆਜ਼ਾਦ ਸੋਚ ਅਧੀਨ ਰਚਨਾਵਾਂ ਰਚਨਾ ਅਤੇ ਇਨਕਲਾਬੀ ਵਿਚਾਰਧਾਰਾ ਨੂੰ ਭਗਤੀ ਲਹਿਰ ਦਾ ਨਾਮ ਦਿੱਤਾ ਗਿਆ।

ਕੁਝ ਭਗਤਾਂ ਨੇ ਆਪਣੀਆਂ ਰਚਨਾਵਾਂ ਅੰਦਰ ਤਿੱਖੀ ਸੁਰ ਰੱਖੀ ਅਤੇ ਜਾਤ-ਪਾਤ ਦੀ ਪ੍ਰਥਾ ਚਲਾਉਣ ਵਾਲੇ ਬ੍ਰਾਹਮਣ ਨੂੰ ਪੁੱਛਣ ਦੀ ਜੁਰਅਤ ਕੀਤੀ ਕਿ ਉਹ ਆਪਣੇ ਆਪ ਨੂੰ ਸਾਰਿਆਂ ਨਾਲੋਂ ਕਿਵੇਂ ਉੱਚਾ ਸਮਝਦਾ ਹੈ ਅਤੇ ਦੂਸਰਿਆਂ ਨੂੰ ਸ਼ੂਦਰ ਅਤੇ ਨੀਵਾਂ ਆਖਣ ਦਾ ਅਧਿਕਾਰ ਉਸ ਨੇ ਕਿਥੋਂ ਲਿਆ ? ਉਸ ਨੂੰ ਇਹ ਵੀ ਦੱਸਿਆ ਕਿ ਉਹ ਵੀ ਸਾਡੇ ਵਾਂਗੂੰ ਜੰਮਿਆ ਭਾਵ ਉਸ ਦਾ ਜਨਮ ਵੀ ਆਮ ਪ੍ਰਕਿਰਿਆ

---

1. Sher Singh, *Philosophy of Sikhism*, p. 81, 104.
2. ਪਿਆਰਾ ਸਿੰਘ ਪਦਮ, *ਸੰਖੇਪ ਸਿੱਖ ਇਤਿਹਾਸ*, ਪੰਨਾ 10.

ਦੁਆਰਾ ਹੋਇਆ, ਫਿਰ ਵੀ ਉਹ ਸਮਾਜ ਅੰਦਰ ਦੂਜੇ ਵਰਗਾਂ ਨਾਲੋਂ ਕਿਵੇਂ ਉੱਚਾ ਅਤੇ ਸ੍ਰੇਸ਼ਟ ਪ੍ਰਾਣੀ ਬਣ ਗਿਆ ਹੈ ?

**ਕਹੁ ਰੇ ਪੰਡਿਤ ਬਾਮਨ ਕਬ ਕੇ ਹੋਏ ॥**
**ਬਾਮਨ ਕਹਿ ਕਹਿ ਜਨਮੁ ਮਤ ਖੋਏ ॥**
**ਜੌ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ ॥**
**ਤਉ ਆਨ ਬਾਟ ਕਾਹੇ ਨਹੀ ਆਇਆ ॥** *(ਗਉੜੀ ਕਬੀਰ ਜੀ, ਪੰਨਾ 324)*

ਕਈਆਂ ਵੱਲੋਂ ਪ੍ਰਸ਼ਨ ਉਠਾਇਆ ਜਾਂਦਾ ਹੈ ਕਿ ਅਨੇਕਾਂ ਭਗਤਾਂ ਨੇ ਸਮਾਜ ਅੰਦਰ ਜਨਮ ਲਿਆ, ਉਨ੍ਹਾਂ ਵੱਲੋਂ ਸਮਾਜਿਕ ਕੁਰੀਤੀਆਂ ਵਿਰੁੱਧ ਰਚਨਾਵਾਂ ਲਿਖੀਆਂ ਗਈਆਂ, ਪਰ ਫਿਰ ਵੀ ਸਮਾਜ ਅੰਦਰ ਕੋਈ ਠੋਸ ਪਰਿਵਰਤਨ ਨਹੀਂ ਹੋ ਸਕਿਆ। ਇਸ ਦੇ ਕਈ ਕਾਰਨ ਹੋ ਸਕਦੇ ਹਨ। ਪਹਿਲਾ, ਇਹ ਭਗਤ ਭਾਰਤ ਦੇ ਵੱਖ-ਵੱਖ ਇਲਾਕਿਆਂ ਨਾਲ ਸੰਬੰਧ ਰੱਖਦੇ ਸਨ। ਦੂਸਰਾ, ਇਹ ਭਗਤ ਇੱਕੋ ਸਮੇਂ ਨਹੀਂ ਹੋਏ ਅਤੇ ਉਨ੍ਹਾਂ ਦਾ ਆਪਸੀ ਤਾਲ-ਮੇਲ ਸੰਭਵ ਨਹੀਂ ਸੀ। ਤੀਸਰਾ, ਭਗਤੀ ਲਹਿਰ ਦੇ ਭਗਤਾਂ ਵੱਲੋਂ ਜਥੇਬੰਦਕ ਹੋ ਕੇ ਸਮਾਜ ਸੁਧਾਰ ਲਈ ਜਤਨ ਨਹੀਂ ਹੋਇਆ। ਪਰ ਇਸ ਗੱਲ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਇਨ੍ਹਾਂ ਭਗਤਾਂ ਅਤੇ ਭਗਤੀ ਲਹਿਰ ਨੇ ਅਵੱਸ਼ ਹੀ ਲੋਕਾਈ ਨੂੰ ਜਾਗਰੂਕ ਕੀਤਾ।

ਇਸ ਪ੍ਰਤੀ ਕੋਈ ਦੋ ਰਾਵਾਂ ਨਹੀਂ ਕਿ ਗੁਰੂ ਨਾਨਕ ਸਾਹਿਬ ਜੀ ਦੇ ਜਨਮ ਸਮੇਂ ਭਾਰਤੀ ਸਮਾਜ ਦੀ ਸਥਿਤੀ ਬਹੁਤ ਹੀ ਤਰਸਯੋਗ ਹਾਲਤ ਵਿਚ ਸੀ। ਭਾਰਤ ਰਾਜਨੀਤਕ ਤੌਰ 'ਤੇ ਗ਼ੁਲਾਮ ਹੋ ਚੁੱਕਾ ਸੀ। ਦਸਵੀਂ ਸਦੀ ਦੇ ਸੰਸਕ੍ਰਿਤ ਗ੍ਰੰਥ 'ਰਾਜ ਤ੍ਰੰਗਣੀ' ਜੋ ਕੱਲ੍ਹਣ ਵੱਲੋਂ ਲਿਖਿਆ ਹੋਇਆ ਹੈ, ਲੇਖਕ ਲਿਖਦਾ ਹੈ ਕਿ ਰਾਜ ਕਰਮਚਾਰੀ ਭ੍ਰਿਸ਼ਟੇ ਹੋਏ ਹਨ ਅਤੇ ਇਹ ਪਰਜਾ ਦਾ ਵਿਨਾਸ਼ ਕਰ ਰਹੇ ਹਨ, ਭਾਵ ਇਹ ਕਰਮਚਾਰੀ ਪਰਜਾ ਦਾ ਲਹੂ ਪੀਣੇ, ਨੀਚ ਕਰਮ ਕਰਨ ਵਾਲੇ ਤੇ ਵੱਢੀ-ਖ਼ੋਰ ਹਨ। ਇਕ ਹੋਰ ਕਵੀ 'ਕਸ਼ੇਮੇਂਦ੍ਰ' ਵੱਲੋਂ ਲਿਖਿਆ ਕਲਾ ਵਿਕਾਸ, ਇਸ ਸਮੇਂ ਦੀ ਹੀ ਰਚਨਾ ਹੈ, ਉਸ ਅਨੁਸਾਰ ਲੋਕਾਈ ਨੂੰ ਕਾਲ ਨਹੀਂ ਖਾ ਰਿਹਾ, ਸਗੋਂ ਰਾਜ ਕਰਮਚਾਰੀ ਖਾ ਰਹੇ ਹਨ।[3] ਗੁਰੂ ਨਾਨਕ ਸਾਹਿਬ ਉਪਰੋਕਤ ਵਿਚਾਰਾਂ ਦੀ ਪੁਸ਼ਟੀ ਪੰਦਰ੍ਹਵੀਂ ਸਦੀ ਵਿਚ ਕਰ ਰਹੇ ਹਨ :

**ਰਾਜੇ ਸੀਹ ਮੁਕਦਮ ਕੁਤੇ ॥**
**ਜਾਇ ਜਗਾਇਨਿ੍ ਬੈਠੇ ਸੁਤੇ ॥** *(ਵਾਰ ਮਲਾਰ, ਮ: ੧, ਪੰਨਾ 1288)*

ਜਿਵੇਂ ਪਹਿਲਾਂ ਉਲੇਖ ਹੋ ਚੁੱਕਾ ਹੈ ਕਿ ਭਾਰਤ ਪੂਰੀ ਤਰ੍ਹਾਂ ਗ਼ੁਲਾਮ ਹੋ ਚੁੱਕਾ ਸੀ, ਦੂਜੇ ਪਾਸੇ ਭਾਰਤ ਦੀ ਪੁਜਾਰੀ ਸ਼੍ਰੇਣੀ (ਬਿਪਰ) ਦੀ ਵਿਚਾਰਧਾਰਾ ਲੋਕਾਂ 'ਤੇ ਹਾਵੀ ਸੀ। ਪੁਜਾਰੀ ਸ਼੍ਰੇਣੀ ਨੇ ਲੋਕਾਈ ਨੂੰ ਵਰਣ-ਵੰਡ ਦੇ ਆਧਾਰ 'ਤੇ ਚਾਰ ਜਾਤਾਂ ਵਿਚ ਵੰਡ ਦਿੱਤਾ ਸੀ ਅਤੇ ਇਸ ਵਰਨ-ਵੰਡ ਨੂੰ ਦੈਵੀ ਹੁਕਮ ਦੱਸ ਕੇ ਲੁੱਟ-ਖਸੁੱਟ ਕਰਨ

3. ਕਪੂਰ ਸਿੰਘ, *ਨਾਨਕ ਪ੍ਰਕਾਸ਼ ਪੱਤ੍ਰਿਕਾ*, ਦਸੰਬਰ 2012, ਪੰਨੇ 20-21.

ਵਿਚ ਰੱਤੀ ਤਰਸ ਨਾ ਕੀਤਾ, ਸਗੋਂ ਵੱਧ ਤੋਂ ਵੱਧ ਕਰਮ-ਕਾਂਡ ਅਤੇ ਪਖੰਡ ਸ਼ੁਰੂ ਕਰ ਕੇ ਆਰਥਿਕ ਲੁੱਟ-ਖਸੁੱਟ ਵੀ ਕੀਤੀ।

ਦੂਜੇ ਪਾਸੇ ਇਹੀ ਪੁਜਾਰੀ ਮੁਗ਼ਲ ਸਰਕਾਰ ਦੇ ਹੱਥ ਠੋਕੇ ਵੀ ਬਣ ਜਾਂਦੇ ਸਨ, ਇਸ ਦੀ ਗਵਾਹੀ ਗੁਰੂ ਨਾਨਕ ਸਾਹਿਬ ਨੇ ਆਪਣੀ ਬਾਣੀ ਰਾਹੀਂ ਦਿੱਤੀ ਹੈ:

**ਗਊ ਬਿਰਾਹਮਣ ਕਉ ਕਰੁ ਲਾਵਹੁ ਗੋਬਰਿ ਤਰਣੁ ਨ ਜਾਈ॥**
**ਧੋਤੀ ਟਿਕਾ ਤੈ ਜਪਮਾਲੀ ਧਾਨੁ ਮਲੇਛਾਂ ਖਾਈ॥**
**ਅੰਤਰਿ ਪੂਜਾ ਪੜਹਿ ਕਤੇਬਾ ਸੰਜਮੁ ਤੁਰਕਾ ਭਾਈ॥**
**ਛੋਡੀਲੇ ਪਾਖੰਡਾ॥ ਨਾਮਿ ਲਇਐ ਜਾਹਿ ਤਰੰਦਾ॥**

*(ਵਾਰ ਆਸਾ, ਮ: ੧, ਪੰਨਾ 471)*

**ਮਥੈ ਟਿਕਾ ਤੇੜਿ ਧੋਤੀ ਕਖਾਈ॥**
**ਹਥਿ ਛੁਰੀ ਜਗਤ ਕਾਸਾਈ॥**
**ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ॥**
**ਮਲੇਛ ਧਾਨੁ ਲੇ ਪੂਜਹਿ ਪੁਰਾਣੁ॥**
**ਅਭਾਖਿਆ ਕਾ ਕੁਠਾ ਬਕਰਾ ਖਾਣਾ॥**
**ਚਉਕੇ ਉਪਰਿ ਕਿਸੈ ਨ ਜਾਣਾ॥**
**ਦੇ ਕੈ ਚਉਕਾ ਕਢੀ ਕਾਰ॥**
**ਉਪਰਿ ਆਇ ਬੈਠੇ ਕੂੜਿਆਰ॥** *(ਵਾਰ ਆਸਾ, ਮ: ੧, ਪੰਨੇ 471-72)*

ਗੁਰੂ ਨਾਨਕ ਸਾਹਿਬ ਨੇ ਪੁਜਾਰੀ ਸ਼੍ਰੇਣੀ ਦੀ ਕਾਰਗੁਜ਼ਾਰੀ ’ਤੇ ਪ੍ਰਸ਼ਨ ਉਠਾਏ ਹਨ ਕਿ ਮੁਗ਼ਲ ਸਰਕਾਰ ਵਲੋਂ ਗਊ ਤੇ ਬ੍ਰਾਹਮਣ ਨੂੰ ਟੈਕਸ ਲੱਗਾ ਹੋਇਆ ਹੈ, ਜੋ ਉਸ ਨੂੰ ਦੇਣਾ ਪੈਂਦਾ ਹੈ, ਪਰ ਦੂਜੇ ਪਾਸੇ ਇਹ ਨਹੀਂ ਸੋਚਦਾ ਕਿ ਗਊ ਦੇ ਗੋਬਰ (ਗੋਹਾ) ਨਾਲ ਪੋਚਾ ਫੇਰਨ ਨਾਲ ਮੁਕਤੀ ਨਹੀਂ ਮਿਲ ਸਕਦੀ? ਉਹ ਧੋਤੀ ਪਹਿਨ ਕੇ ਮੱਥੇ ’ਤੇ ਟਿੱਕਾ ਲਗਾਉਂਦਾ ਹੈ, ਮਾਲਾ ਫੇਰਦਾ ਹੈ, ਪਰ ਜਿਨ੍ਹਾਂ ਨੂੰ (ਮੁਸਲਮਾਨਾਂ ਨੂੰ) ਮਲੇਛ ਆਖਦਾ ਹੈ, ਉਨ੍ਹਾਂ ਪਾਸੋਂ ਪਦਾਰਥ ਲੈ ਕੇ ਛੱਕ ਲੈਂਦਾ ਹੈ। ਹਾਕਮਾਂ ਤੋਂ ਡਰਦਾ, ਚੋਰੀ ਚੋਰੀ ਪੂਜਾ ਕਰਦਾ ਹੈ, ਬਾਹਰੀ ਤੌਰ ’ਤੇ ਮੁਸਲਮਾਨਾਂ ਨੂੰ ਖ਼ੁਸ਼ ਰੱਖਣ ਲਈ, ਉਨ੍ਹਾਂ ਵਾਂਗੂੰ ਰਹਿਤ ਰੱਖਦਾ ਹੈ ਤੇ ਕੁਰਾਨ ਵੀ ਪੜ੍ਹ ਲੈਂਦਾ ਹੈ। ਗੁਰੂ ਸਾਹਿਬ ਉਸ ਨੂੰ ਆਖ ਰਹੇ ਹਨ, ਪਖੰਡ ਕਰਨੇ ਛੱਡ ਦੇ ਅਤੇ ਪ੍ਰਭੂ-ਭਗਤੀ ਨੂੰ ਸੱਚੇ ਮਨ ਨਾਲ ਕਰਨ ਨਾਲ ਹੀ ਪਾਰ-ਉਤਾਰਾ ਹੋ ਸਕਦਾ ਹੈ। ਮੱਥੇ ਟਿੱਕਾ ਤੇੜ ਧੋਤੀ ਧਰਮ ਦਾ ਪਹਿਰਾਵਾ ਪਹਿਨਦਾ ਹੈ, ਪਰ ਉਹ ਜਗਤ ਦਾ ਕਸਾਈ ਬਣਿਆ ਫਿਰਦਾ ਹੈ। ਹਾਕਮਾਂ ਪਾਸ ਜਾਣ ਲਈ ਨੀਲੇ ਰੰਗ ਦੇ ਕੱਪੜੇ ਪਹਿਨਦਾ ਹੈ, ਫਿਰ ਮੁਸਲਮਾਨਾਂ ਦੁਆਰਾ ਤਿਆਰ ਕੀਤਾ ਹਲਾਲ ਮਾਸ ਵੀ ਛੱਕ ਲੈਂਦਾ ਹੈ। ਆਪਣੇ ਚੁੱਲ੍ਹੇ ਚੌਂਕੇ ਨੂੰ ਪਵਿੱਤਰ ਦੱਸ ਕੇ ਉਥੇ ਕਿਸੇ ਨੂੰ ਬੈਠਣ ਦੀ ਆਗਿਆ ਵੀ ਨਹੀਂ ਦਿੰਦਾ।

ਗੁਰੂ ਨਾਨਕ ਸਾਹਿਬ ਜੀ ਨੇ ਆਪਣੀ ਬਾਣੀ ਅੰਦਰ ਵੀ ਉਸ ਸਮੇਂ ਦੇ ਸਮਾਜ ਅੰਦਰ ਹੋ ਰਹੇ ਵਰਤਾਰੇ ਦਾ ਉਲੇਖ ਕੀਤਾ ਹੈ ਕਿ ਰਾਜੇ ਕਸਾਈ ਬਣ ਗਏ ਸਨ ਅਤੇ ਧਰਮ ਨਾਂ ਦੀ ਕੋਈ ਚੀਜ਼ ਨਹੀਂ ਸੀ, ਜਿਵੇਂ ਝੂਠ ਦੀ ਮੱਸਿਆ ਹੈ ਅਤੇ ਸੱਚ ਦੇ ਚੰਦ੍ਰਮਾ

ਦੀ ਹੋਂਦ ਹੀ ਨਹੀਂ। ਧਾਰਮਿਕ ਵਿਅਕਤੀ ਧਰਮ ਦੇ ਭੇਖ 'ਚ ਝੂਠ ਦਾ ਆਸਰਾ ਰੱਖ ਕੇ ਮੈਲ ਖਾਣ ਤੋਂ ਸੰਕੋਚ ਨਹੀਂ ਕਰਦੇ, ਇਉਂ ਸਮਝੋ ਕਿ ਬ੍ਰਾਹਮਣ ਵੀ ਜੀਵਾਂ ਦਾ ਘਾਤ ਕਰ ਰਹੇ ਹਨ, ਜੋਗੀ ਲੋਕ ਜੋਗ ਦੇ ਸਹੀ ਮਾਰਗ ਦੀ ਸਮਝ ਨਾ ਰੱਖਣ ਕਾਰਨ ਭਟਕੇ ਹੋਏ ਸਨ।

ਭਾਈ ਗੁਰਦਾਸ ਜੀ ਨੇ ਵੀ ਸਮਾਜ ਅੰਦਰ ਹੋ ਰਹੀ ਲੁੱਟ-ਖਸੁੱਟ ਨੂੰ ਆਪਣੀਆਂ ਵਾਰਾਂ ਵਿਚ ਬਹੁਤ ਵਿਸਥਾਰ ਸਹਿਤ ਲਿਖਿਆ ਹੈ :

**ਕਲਿ ਆਈ ਕੁਤੇ ਮੁਹੀ ਖਾਜੁ ਹੋਇਆ ਮੁਰਦਾਰ ਗੁਸਾਈ।**
**ਰਾਜੇ ਪਾਪੁ ਕਮਾਂਵਦੇ ਉਲਟੀ ਵਾੜ ਖੇਤ ਕਉ ਖਾਈ।**
**ਪਰਜਾ ਅੰਧੀ ਗਿਆਨ ਬਿਨੁ ਕੂੜ ਕੁਸਤੁ ਮੁਖਹੁ ਆਲਾਈ।**
**ਚੇਲੇ ਸਾਜ ਵਜਾਇਦੇ ਨਚਨਿ ਗੁਰੂ ਬਹੁਤੁ ਬਿਧਿ ਭਾਈ।**
**ਚੇਲੇ ਬੈਠਨਿ ਘਰਾਂ ਵਿਚਿ ਗੁਰਿ ਉਠਿ ਘਰੀਂ ਤਿਨਾੜੇ ਜਾਈ।**
**ਕਾਜੀ ਹੋਏ ਰਿਸਵਤੀ ਵਢੀ ਲੈ ਕੈ ਹਕੁ ਗਵਾਈ।**
**ਇਸਤ੍ਰੀ ਪੁਰਖੈ ਦਾਮਿ ਹਿਤੁ ਭਾਵੈ ਆਇ ਕਿਥਾਊਂ ਜਾਈ।**
**ਵਰਤਿਆ ਪਾਪੁ ਸਭਸਿ ਜਗਿ ਮਾਂਹੀ।** *(ਵਾਰ ਪਹਿਲੀ, ਪਉੜੀ 30)*

ਭਾਰਤੀ ਸਮਾਜ ਬਹੁਤ ਹੱਦ ਤਕ ਸਾਹਸਹੀਨ ਹੋ ਚੁੱਕਾ ਸੀ, ਕਿਉਂਕਿ ਸਭ ਵਰਗਾਂ ਦੇ ਨੇਤਾ ਲੋਕ-ਭਲਾਈ ਕਰਨ ਦੀ ਥਾਂ, ਲੋਕਾਈ ਦੀਆਂ ਮੁੱਖ ਸਮੱਸਿਆਵਾਂ ਦਾ ਕੋਈ ਹੱਲ ਕਰਨ ਪ੍ਰਤੀ ਸੋਚਦੇ ਵੀ ਨਹੀਂ ਸਨ। ਜੋਗੀ, ਸਾਧੂ ਜਾਂ ਧਰਮ ਦੇ ਖੇਤਰਾਂ ਵਿਚ ਹੱਠ ਸਾਧਨਾ ਕਰ ਕੇ ਮੁਕਤੀ ਦੀ ਭਾਲ ਕਰਨ ਵਾਲੇ ਅਨੇਕਾਂ ਮਿਲ ਜਾਂਦੇ ਸਨ ਪਰ ਜ਼ਿਆਦਾਤਰ ਲੋਕ ਧਰਮ ਦੇ ਖੇਤਰ ਵਿਚ ਪਖੰਡ ਹੀ ਰਚਾਉਂਦੇ ਨ। ਤਾਹੀਓਂ ਜਦੋਂ ਜੋਗੀਆਂ ਨੇ ਗੁਰੂ ਨਾਨਕ ਸਾਹਿਬ ਨੂੰ ਸਮਾਜ ਦੇ ਹਾਲਾਤ ਬਾਰੇ ਪੁੱਛ-ਗਿੱਛ ਕੀਤੀ ਤਾਂ ਗੁਰੂ ਜੀ ਨੇ ਉੱਤਰ ਦਿੱਤਾ ਕਿ ਉਹ ਆਪ ਸਮਾਜ ਨੂੰ ਛੱਡ ਕੇ ਜੰਗਲਾਂ ਜਾਂ ਪਹਾੜਾਂ ਵਿਚ ਛੁੱਪ ਕੇ ਧਰਮੀ ਹੋਣ ਦਾ ਭਰਮ ਪਾਲ ਰਹੇ ਹਨ ਅਤੇ ਲੋਕਾਂ ਦਾ ਭਲਾ ਕਰਨ ਦੀ ਥਾਂ ਸਮਾਜਿਕ ਜ਼ੁੰਮੇਵਾਰੀਆਂ ਤੋਂ ਖਹਿੜਾ ਛੁਡਾ ਕੇ ਲੁਕ-ਛਿਪ ਕੇ ਬੈਠ ਗਏ, ਤਾਂ ਲੋਕਾਂ ਦਾ ਭਲਾ ਕੌਣ ਕਰੂ ?

**ਸਿਧ ਛਪਿ ਬੈਠੇ ਪਰਬਤੀ ਕਉਣੁ ਜਗਤਿ ਕਉ ਪਾਰਿ ਉਤਾਰਾ।**
*(ਵਾਰ ਪਹਿਲੀ, ਪਉੜੀ 29)*

ਗੁਰੂ ਨਾਨਕ ਸਾਹਿਬ ਨੇ ਉਸ ਸਮੇਂ ਦੇ ਭਾਰਤੀ ਸਮਾਜ ਅੰਦਰ, ਜਿਥੇ ਲੋਕਾਂ ਨੂੰ ਜਾਗਰਿਤ ਕੀਤਾ, ਇਸ ਦੇ ਨਾਲ ਹੀ ਸੱਚੇ ਧਰਮ ਅਤੇ ਸੱਚੀ ਸੁੱਚੀ ਕਿਰਤ ਕਰ ਕੇ ਵੰਡ ਛਕਣ ਦੇ ਸਿਧਾਂਤ ਨੂੰ ਵੀ ਪ੍ਰਚਾਰਿਆ। ਉਹਨਾਂ ਨੇ ਬੇਝਿਜਕ ਹੋ ਕੇ ਆਖ ਦਿੱਤਾ ਕਿ ਉਸ ਸਮੇਂ ਦੇ ਧਾਰਮਿਕ ਆਗੂ ਸਮਾਜ ਦੇ ਉਜਾੜੇ ਲਈ ਜ਼ੁੰਮੇਵਾਰ ਸਨ।

**ਕਾਦੀ ਕੂੜੁ ਬੋਲਿ ਮਲੁ ਖਾਇ॥**
**ਬ੍ਰਾਹਮਣੁ ਨਾਵੈ ਜੀਆ ਘਾਇ॥**
**ਜੋਗੀ ਜੁਗਤਿ ਨ ਜਾਣੈ ਅੰਧੁ॥**
**ਤੀਨੇ ਓਜਾੜੇ ਕਾ ਬੰਧੁ॥** *(ਧਨਾਸਰੀ ਮਹਲਾ ੧, ਪੰਨਾ 662)*

## ਗੁਰੂ ਨਾਨਕ ਸਾਹਿਬ ਦਾ ਜੀਵਨ

ਗੁਰੂ ਨਾਨਕ ਸਾਹਿਬ ਜੀ ਦਾ ਜਨਮ ਵੈਸਾਖ ਸੁਦੀ 3, 1526 ਬਿਕ੍ਰਮੀ, 20 ਵੈਸਾਖ, 15 ਅਪ੍ਰੈਲ ਸੀ। 27 ਮਾਰਚ ਨੂੰ ਚੇਤ ਦੀ ਪੁੰਨਿਆ, 1 ਵੈਸਾਖ ਸੀ, ਨੂੰ ਪਿੰਡ ਤਲਵੰਡੀ, ਜ਼ਿਲ੍ਹਾ ਸ਼ੇਖ਼ੂਪੁਰਾ ਵਿਚ ਹੋਇਆ। ਗੁਰੂ ਨਾਨਕ ਸਾਹਿਬ ਜੀ ਦੀ ਜਨਮ ਮਿਤੀ ਬਾਰੇ ਕੁਝ ਵਿਦਵਾਨ ਉਪਰੋਕਤ ਮਿਤੀ ਨਾਲ ਸਹਿਮਤ ਨਹੀਂ, ਉਹ ਕੱਤਕ ਦੀ ਪੂਰਨਮਾਸ਼ੀ ਨੂੰ ਹੀ ਠੀਕ ਮੰਨਦੇ ਹਨ। ਮਹਾਨ ਖੋਜੀ ਤੇ ਇਤਿਹਾਸਕਾਰ ਪ੍ਰੋ. ਕਰਮ ਸਿੰਘ ਹਿਸਟੋਰੀਅਨ ਅਨੁਸਾਰ ਗੁਰੂ ਨਾਨਕ ਸਾਹਿਬ ਜੀ ਦਾ ਪ੍ਰਕਾਸ਼ ਵੈਸਾਖ ਸੁਦੀ 3, 1526 ਬਿਕ੍ਰਮੀ ਨੂੰ ਹੋਇਆ। ਡਾਕਟਰ ਐੱਸ.ਐੱਸ. ਪਦਮ ਨੇ ਖੋਜ ਕਰ ਕੇ ਸ਼ੀਂਹਾਂ ਉਪਲ ਦੀ ਲਿਖੀ ***ਸਾਖੀ ਮਹਲ ਪਹਿਲੇ ਕੀ*** (ਜੋ ਗੁਰੂ ਕਾਲ ਸਮੇਂ ਹੀ ਲਿਖੀ ਗਈ ਸੀ) ਅਨੁਸਾਰ ਸਪੱਸ਼ਟ ਕੀਤਾ ਕਿ "ਬਾਬਾ ਨਾਨਕ ਨੇ ਸੰਮਤ 1526, ਵੈਸਾਖ ਦਿਨ ਤੀਜਾ, ਚਾਨਣੀ ਰਾਤ ਜਨਮ ਲਿਆ।"[4]

ਗੁਰੂ ਨਾਨਕ ਸਾਹਿਬ ਜੀ ਦੇ ਪਿਤਾ ਦਾ ਨਾਮ ਬਾਬਾ ਕਲਿਆਣ ਦਾਸ (ਜਾਂ ਬਾਬਾ ਕਾਲੂ ਜੀ), ਮਾਤਾ ਦਾ ਨਾਮ ਤ੍ਰਿਪਤਾ ਸੀ। ਸਤਿਗੁਰੂ ਬਾਬਾ ਨਾਨਕ ਜੀ ਦੀ ਇਕ ਵੱਡੀ ਭੈਣ, ਬੇਬੇ ਨਾਨਕੀ ਜੀ ਸਨ। ਬਾਬਾ ਕਲਿਆਣ ਦਾਸ ਜੀ (ਕਈ ਲਿਖਾਰੀਆਂ ਨੇ ਬਾਬਾ ਕਲਿਆਣ ਰਾਇ ਜੀ ਲਿਖਿਆ ਹੈ) ਰਾਇ ਬੁਲਾਰ ਪਾਸ ਪਟਵਾਰੀ ਦੇ ਅਹੁਦੇ 'ਤੇ ਕੰਮ ਕਰਦੇ ਸਨ। ਇਹ ਅਹੁਦਾ ਬਹੁਤ ਹੀ ਮਹੱਤਵਪੂਰਨ ਅਹੁਦਾ ਮੰਨਿਆ ਜਾਂਦਾ ਸੀ। ਗੁਰੂ ਨਾਨਕ ਸਾਹਿਬ ਜੀ ਨੂੰ, ਢੁੱਕਵੀਂ ਉਮਰ ਅਨੁਸਾਰ ਪਿੰਡ ਦੇ ਬ੍ਰਾਹਮਣ ਅਧਿਆਪਕ ਪਾਸ ਪੜ੍ਹਨ ਲਈ ਭੇਜਿਆ ਅਤੇ ਦੇਵਨਾਗਰੀ ਲਿਪੀ ਅਤੇ ਸੰਸਕ੍ਰਿਤ ਪੜ੍ਹੀ, ਉਪਰੰਤ ਗਣਿਤ ਦੇ ਵਿਸ਼ੇ ਵਿਚ ਮੁਹਾਰਤ ਹਾਸਲ ਕੀਤੀ। ਫ਼ਾਰਸੀ ਤੇ ਅਰਬੀ ਦੀ ਪੜ੍ਹਾਈ ਲਈ ਮੌਲਵੀ ਪਾਸ ਜਾਣਾ ਸ਼ੁਰੂ ਕੀਤਾ। ਤੀਖਣ ਬੁੱਧੀ ਦੇ ਮਾਲਕ ਹੋਣ ਕਾਰਨ, ਉਨ੍ਹਾਂ ਨੇ ਸਰਬ-ਪੱਖੀ ਗਿਆਨ ਛੇਤੀ ਹਾਸਲ ਕਰ ਲਿਆ। ਫਿਰ ਉਨ੍ਹਾਂ ਨੇ ਭਾਰਤੀ ਸਾਹਿਤ ਅਤੇ ਧਾਰਮਿਕ ਪੁਸਤਕਾਂ ਦੇ ਗਿਆਨ ਨੂੰ ਘੋਖਿਆ ਅਤੇ ਭਗਤਾਂ ਦੀ ਬਾਣੀ ਦਾ ਅਧਿਐਨ ਕਰਨਾ ਆਰੰਭਿਆ।

ਗੁਰੂ ਨਾਨਕ ਸਾਹਿਬ ਜੀ ਰਚਿਤ ਬਾਣੀਆਂ ਅੰਦਰ ਦਿੱਤੇ ਪੁਰਾਣਕ ਹਵਾਲੇ ਅਤੇ ਟਿਪਣੀਆਂ ਇਸ ਗੱਲ ਦੀ ਗਵਾਹੀ ਦਿੰਦੀਆਂ ਹਨ ਕਿ ਆਪ ਜੀ ਨੂੰ ਉਸ ਸਮੇਂ ਦੇ ਉਪਲਬਧ ਧਾਰਮਿਕ ਫ਼ਲਸਫ਼ੇ ਤੇ ਸਾਹਿਤ ਦੀ ਪੂਰੀ ਜਾਣਕਾਰੀ ਸੀ।

ਨੌਂ ਸਾਲ ਦੀ ਉਮਰ ਵਿਚ ਪਰਿਵਾਰ ਵੱਲੋਂ ਪ੍ਰਚੱਲਤ ਪਰੰਪਰਾ ਅਨੁਸਾਰ ਜਨੇਊ

---

4. (ੳ) ਐੱਸ.ਐੱਸ. ਪਦਮ (ਸੰਪਾ.), ***ਸਾਖੀ ਮਹਲ ਪਹਿਲੇ ਕੀ***, ਲੇਖਕ ਸ਼ੀਹਾ ਉਪਲ, ਪੰਨਾ 171.
   (ਅ) ਕਰਮ ਸਿੰਘ (ਹਿਸਟੋਰੀਅਨ), ***ਕੱਤਕ ਕਿ ਵਿਸਾਖ***, ਪੰਨੇ 123-124.
   ***ਵਿਸ਼ੇਸ਼ ਨੋਟ :*** ਪ੍ਰੋਫ਼ੈਸਰ ਪਿਆਰ ਸਿੰਘ ਜੀ ਨੇ ਆਪਣੀ ਪੁਸਤਕ ***ਆਦਿ ਸਾਖੀਆਂ*** ਦੇ ਆਰੰਭ ਵਿਚ ਹੱਥ-ਲਿਖਤ ਖਰੜਿਆਂ ਵਿਚ ਵੈਸਾਖ ਸੁਦੀ ਤ੍ਰਿਤੀਯ ਜਨਮ ਤਿਥਿ ਦਿੱਤੀ ਗਈ ਹੈ। ਜਿਵੇਂ : (1) ਕੋਲਬ੍ਰੋਕ ਵਾਲੀ, (2) ਪ੍ਰੋ. ਪ੍ਰੀਤਮ ਸਿੰਘ, (3) ਹਾਫ਼ਜ਼ਾਬਾਦ ਵਾਲੀ, (4) ਖ਼ਾਲਸਾ ਕਾਲਜ ਵਾਲੀ, (5) ਸਿੱਖ ਰੈਫ਼ਰੈਂਸ ਲਾਇਬ੍ਰੇਰੀ, (6) ਸੈਂਟਰਲ ਪਬਲਿਕ ਲਾਇਬ੍ਰੇਰੀ।

ਦੀ ਰਸਮ ਲਈ ਪ੍ਰਬੰਧ ਕੀਤਾ ਗਿਆ। ਪਰਿਵਾਰ ਨਾਲ ਸੰਬੰਧਿਤ ਸਕੀਰੀਦਾਰ ਅਤੇ ਪਿੰਡ ਦੇ ਮੋਹਤਵਰ ਲੋਕਾਂ ਦੀ ਹਾਜ਼ਰੀ ਵਿਚ ਪੰਡਿਤ ਹਰਦਿਆਲ ਨੇ ਗੁਰੂ ਨਾਨਕ ਸਾਹਿਬ ਦੇ ਜਨੇਊ ਪਾਉਣ ਦੀ ਰਸਮ ਸ਼ੁਰੂ ਕੀਤੀ ਹੀ ਸੀ, ਤਦ ਗੁਰੂ ਸਾਹਿਬ ਨੇ ਜਨੇਊ ਨੂੰ ਪਹਿਨਣ ਤੋਂ ਇਨਕਾਰ ਕਰ ਦਿੱਤਾ, ਸਗੋਂ ਪੰਡਿਤ ਨੂੰ ਆਖਿਆ ਕਿ ਉਹ ਅਜਿਹਾ ਜਨੇਊ ਪਾਉਣ ਲਈ ਤਿਆਰ ਹਨ, ਜੋ ਕਦੀ ਨਾ ਟੁੱਟੇ ਅਤੇ ਨਾ ਹੀ ਉਸ ਨੂੰ ਮੈਲ ਲੱਗੇ, ਭਾਵ ਉਨ੍ਹਾਂ ਨੂੰ ਇਹੋ ਜਿਹਾ ਜਨੇਊ ਨਹੀਂ ਚਾਹੀਦਾ ਜਿਸ ਨੂੰ ਸਭ ਲੋਕ ਪਹਿਨ ਨਾ ਸਕਣ। ਗੁਰੂ ਸਾਹਿਬ ਵੱਲੋਂ ਪਰਿਵਾਰ ਵੱਲੋਂ ਕੀਤੇ ਜਾ ਰਹੇ ਜਨੇਊ ਰਸਮ ਦੌਰਾਨ, ਅਜਿਹੇ ਕਰਮ-ਕਾਂਡ ਨੂੰ ਨਾ ਮੰਨਣਾ, ਪੰਡਿਤ-ਪ੍ਰੋਹਿਤ ਦੇ ਸਵੈਮਾਣ ਨੂੰ ਸੱਟ ਮਾਰਨਾ ਸੀ।

ਗੁਰੂ ਨਾਨਕ ਸਾਹਿਬ ਜੀ ਵੱਲੋਂ ਧਾਰਮਿਕ ਪਰੰਪਰਾ ਨੂੰ ਰੱਦ ਕਰ ਦੇਣਾ, ਇਕ ਇਨਕਲਾਬੀ ਕਦਮ ਸੀ, ਜਿਸ ਤੋਂ ਬ੍ਰਾਹਮਣਵਾਦੀ ਪੁਜਾਰੀ ਸ਼੍ਰੇਣੀ ਨੂੰ, ਇਕ ਨਵਾਂ ਡਰ ਸਤਾਉਣ ਲੱਗ ਪਿਆ ਸੀ ਕਿ ਇਹ ਕਿਹੋ ਜਿਹਾ ਬੱਚਾ ਹੈ ਜਿਸ ਨੇ ਸਦੀਆਂ ਤੋਂ ਸਥਾਪਤ ਧਾਰਮਿਕ ਮਰਯਾਦਾ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ। ਆਸਾ ਕੀ ਵਾਰ ਵਿਚ ਗੁਰੂ ਨਾਨਕ ਸਾਹਿਬ ਜੀ ਵਲੋਂ ਅਸਲ ਜਨੇਊ ਦਾ ਦਾਰਸ਼ਨਿਕ ਵਿਚਾਰ ਦਿੱਤਾ ਹੋਇਆ ਹੈ :

**ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥**
**ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥**
**ਨਾ ਏਹੁ ਤੁਟੈ ਨ ਮਲੁ ਲਗੈ ਨਾ ਏਹੁ ਜਲੈ ਨ ਜਾਇ ॥**
**ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ ॥**

*(ਵਾਰ ਆਸਾ, ਮ: ੧, ਪੰਨਾ 471)*

ਹੇ ਪੰਡਤ ! ਜੇ ਤੇਰੇ ਕੋਲ ਰੱਬੀ ਸੱਚ ਵਾਲਾ ਨੈਤਿਕਤਾ ਭਰਪੂਰ ਜਨੇਊ ਹੈ ਤਾਂ ਮੇਰੇ ਗਲ ਪਾ ਦੇ। ਇਹ ਜਨੇਊ ਜਿਸ ਦੀ ਕਪਾਹ ਦਇਆ ਹੋਵੇ, ਜਿਸਦਾ ਸੂਤ ਸੰਤੋਖ ਹੋਵੇ, ਜਿਸ ਦੀਆਂ ਗੰਢਾਂ ਜਤ ਹੋਣ ਅਤੇ ਉਸ ਦਾ ਵੱਟ ਉੱਚਾ ਆਚਰਨ ਹੋਵੇ। ਹੇ ਪੰਡਤ ! ਇਹੋ ਜਿਹਾ ਜਨੇਊ ਨਾ ਟੁੱਟਦਾ ਹੈ, ਨਾ ਹੀ ਇਸ ਨੂੰ ਮੈਲ ਲੱਗਦੀ ਹੈ, ਨਾ ਇਹ ਸੜਦਾ ਹੈ ਅਤੇ ਨਾ ਹੀ ਇਹ ਗੁਆਚਦਾ ਹੈ। ਹੇ ਨਾਨਕ ! ਉਹ ਮਨੁੱਖ ਭਾਗਸ਼ਾਲੀ ਹਨ, ਜਿਨ੍ਹਾਂ ਨੇ ਇਹ ਜਨੇਊ ਆਪਣੇ ਗਲੇ ਵਿਚ ਪਾ ਲਿਆ ਹੈ।

ਇਸ ਪਿੱਛੋਂ ਗੁਰੂ ਨਾਨਕ ਸਾਹਿਬ ਜੀ ਨੂੰ ਕਿਸੇ ਕਿੱਤੇ ਜਾਂ ਕਾਰੋਬਾਰ ਵਿਚ ਸਥਾਪਤ ਕਰਨ ਲਈ ਜਤਨ ਆਰੰਭੇ ਗਏ। ਜਿਵੇਂ ਪ੍ਰਚੱਲਤ ਸਾਖੀ ਹੈ ਕਿ ਉਨ੍ਹਾਂ ਦੇ ਪਿਤਾ ਜੀ ਵੱਲੋਂ ਵਪਾਰ ਕਰਨ ਲਈ ਨਕਦ ਮਾਇਆ ਦਿੱਤੀ ਗਈ, ਤਾਂ ਜੋ ਕੁਝ ਵਸਤੂਆਂ ਖ਼ਰੀਦਣ ਤੇ ਮੁਨਾਫ਼ੇ ਲਈ ਵੇਚੀਆਂ ਜਾਣ। ਗੁਰੂ ਨਾਨਕ ਸਾਹਿਬ ਜੀ ਨੇ ਉਸ ਮਾਇਆ ਨਾਲ ਲੋੜਵੰਦਾਂ ਦੀ ਸਹਾਇਤਾ ਕਰ ਦਿੱਤੀ ਅਤੇ ਉਸ ਕਰਮ ਨੂੰ ਸੱਚਾ ਸੌਦਾ ਆਖਿਆ। ਪਰਿਵਾਰ ਨੇ ਮਹਿਸੂਸ ਕੀਤਾ ਕਿ ਗੁਰੂ ਸਾਹਿਬ ਵਪਾਰ ਵਿਚ ਸਫਲ ਨਹੀਂ ਹੋ ਸਕਣਗੇ ਅਤੇ ਉਨ੍ਹਾਂ ਨੇ ਗੁਰੂ ਜੀ ਨੂੰ, ਉਨ੍ਹਾਂ ਦੀ ਵੱਡੀ ਭੈਣ ਬੇਬੇ ਨਾਨਕੀ ਜੀ ਪਾਸ ਭੇਜਿਆ। ਬੇਬੇ ਨਾਨਕੀ ਜੀ ਦੇ ਪਤੀ ਜੈ ਰਾਮ ਜੀ ਨੇ ਗੁਰੂ ਨਾਨਕ

ਸਾਹਿਬ ਜੀ ਨੂੰ ਸੁਲਤਾਨਪੁਰ ਵਿਖੇ ਮੋਦੀਖ਼ਾਨੇ ਵਿਚ ਲਗਵਾ ਦਿੱਤਾ। ਗੁਰੂ ਜੀ ਨੇ ਲਿਖਣ-ਪੜ੍ਹਨ ਅਤੇ ਗਣਿਤ ਦੀ ਯੋਗਤਾ ਹਾਸਿਲ ਕੀਤੀ ਹੋਈ ਸੀ, ਇਸ ਲਈ ਉਹ ਮੋਦੀਖ਼ਾਨੇ ਵਿਚ ਨੌਕਰੀ ਕਰਨ ਲਈ ਯੋਗ ਸਨ। ਉਨ੍ਹਾਂ ਨੇ ਪੂਰੀ ਇਮਾਨਦਾਰੀ ਨਾਲ ਕੰਮ ਕੀਤਾ। ਜਦੋਂ ਗੁਰੂ ਨਾਨਕ ਸਾਹਿਬ ਜੀ ਜਵਾਨ ਹੋਏ ਤਾਂ ਇਨ੍ਹਾਂ ਦਾ ਵਿਆਹ ਬਟਾਲਾ ਦੇ ਇਕ ਪਰਿਵਾਰ ਭਾਈ ਮੂਲ ਚੰਦ ਦੀ ਬੇਟੀ ਬੀਬੀ ਸੁਲੱਖਣੀ ਜੀ ਨਾਲ ਭਾਦੋਂ ਸੁਦੀ 7, 1544 ਬਿਕ੍ਰਮੀ ਭਾਵ 25 ਅਗਸਤ, ਦਿਨ ਸਨਿਚਰਵਾਰ, 1487 ਨੂੰ ਹੋਇਆ।[5]

## ਸਿੱਖ ਲਹਿਰ ਦਾ ਆਰੰਭ

ਸੁਲਤਾਨਪੁਰ ਵਿਖੇ ਵੇਈਂ ਨਦੀ ਤੇ ਗੁਰੂ ਨਾਨਕ ਸਾਹਿਬ ਜੀ ਵਲੋਂ ਇਸ਼ਨਾਨ ਕਰਨ ਜਾਣਾ ਅਤੇ ਕੁਝ ਦਿਨਾਂ ਲਈ ਅਲੋਪ ਹੋ ਜਾਣ ਵਾਲੀ ਸਾਖੀ, ਅਨੇਕਾਂ ਸਾਖੀਕਾਰਾਂ ਨੇ ਆਪਣੇ-ਆਪਣੇ ਅੰਦਾਜ਼ ਵਿਚ ਦੱਸੀ ਹੈ। ਕਈ ਸਾਖੀਕਾਰਾਂ ਵੱਲੋਂ ਇਹ ਸਾਖੀ ਰੌਚਕਮਈ ਰੰਗ ਵਿਚ ਰੰਗ ਕੇ ਪ੍ਰਚਾਰੀ ਗਈ। ਇਸ ਸਾਖੀ ਦਾ ਅਸਲ ਤੱਤਸਾਰ ਇਹੀ ਹੈ ਕਿ ਉਨ੍ਹਾਂ ਨੇ ਸ਼ਰ੍ਹੇਆਮ ਐਲਾਨ ਕੀਤਾ ਕਿ "ਕੋਈ ਹਿੰਦੂ ਨਹੀਂ ਅਤੇ ਨਾ ਹੀ ਕੋਈ ਮੁਸਲਮਾਨ।" ਇਸ ਐਲਾਨ ਤੋਂ ਸਪੱਸ਼ਟ ਹੈ ਕਿ ਗੁਰੂ ਨਾਨਕ ਸਾਹਿਬ ਜੀ ਨੇ ਭਾਰਤੀ ਸਮਾਜ ਅੰਦਰ ਪ੍ਰਚੱਲਤ ਸ਼੍ਰੇਣੀ ਵੰਡ ਨੂੰ ਰੱਦ ਕਰ ਦਿੱਤਾ। ਉਨ੍ਹਾਂ ਨੇ ਨਿਰਭੈ ਹੋ ਕੇ ਸਮਾਜ ਨੂੰ ਸੁਨੇਹਾ ਦਿੱਤਾ ਕਿ ਜੇਕਰ ਸੰਸਾਰ ਦੀ ਉਤਪਤੀ ਇੱਕੋ ਰੱਬੀ ਨੂਰ ਤੋਂ ਹੋਈ ਹੈ, ਫਿਰ ਕਿਵੇਂ ਕੋਈ ਉੱਚਾ ਜਾਂ ਨੀਵਾਂ ਹੋ ਸਕਦਾ ਹੈ ? ਸੱਚੇ ਮਨੁੱਖ ਦੀ ਪਹਿਚਾਣ, ਉਸ ਦੇ ਕਰਮਾਂ ਦੁਆਰਾ ਹੀ ਕੀਤੀ ਜਾਣੀ ਚਾਹੀਦੀ ਹੈ।[6]

ਗੁਰੂ ਨਾਨਕ ਸਾਹਿਬ ਜੀ ਨੇ ਆਪਣੀ ਨੌਕਰੀ ਨੂੰ ਤਿਆਗ ਦਿੱਤਾ ਅਤੇ ਆਪਣੇ ਨੇੜਲੇ ਸਾਥੀ ਭਾਈ ਮਰਦਾਨਾ ਜੀ ਨੂੰ ਨਾਲ ਲਿਆ। ਭਾਈ ਮਰਦਾਨਾ ਜੀ ਸੰਗੀਤ ਦੇ ਖੇਤਰ ਵਿਚ ਮਾਹਿਰ ਸਨ ਅਤੇ ਤੰਤੀ ਸਾਜ਼ (ਰਬਾਬ) ਵਜਾਉਣ ਦੇ ਧਨੀ ਸਨ। ਗੁਰੂ ਨਾਨਕ ਸਾਹਿਬ ਜੀ ਨੇ ਬਾਣੀ ਉਪਦੇਸ਼ਾਂ ਨੂੰ ਸੰਗੀਤ ਵਿਚ ਪ੍ਰੋ ਕੇ ਪ੍ਰਚਾਰਨਾ ਅਰੰਭਿਆ, ਕਿਉਂਕਿ ਉਸ ਸਮੇਂ ਬਹੁ-ਗਿਣਤੀ ਦੇ ਲੋਕਾਂ ਨੂੰ ਅੱਖਰ ਗਿਆਨ ਨਾ ਹੋਣ ਕਾਰਨ, ਸੰਗੀਤ ਨੂੰ ਆਧਾਰ ਬਣਾ ਕੇ ਉਪਦੇਸ਼ਾਂ ਨੂੰ ਪ੍ਰਚਾਰਨਾ ਵੀ ਵਿਲੱਖਣ ਵਿਧੀ ਸੀ। ਗੁਰੂ ਨਾਨਕ ਸਾਹਿਬ ਜੀ ਨੇ ਪੰਜਾਬ ਅੰਦਰ ਲੋਕਾਈ ਨੂੰ ਗੁਰਮਤਿ ਉਪਦੇਸ਼ਾਂ ਦਾ ਪ੍ਰਚਾਰ ਕਰਨਾ ਅਰੰਭਿਆ। ਉਨ੍ਹਾਂ ਨੂੰ ਗੁਰਬਾਣੀ ਦੀ ਵਿਚਾਰਧਾਰਾ ਬਾਰੇ ਦੱਸਿਆ ਅਤੇ ਕਈ ਥਾਈਂ ਪ੍ਰਚਾਰ ਕੇਂਦਰ ਸਥਾਪਤ ਕਰ ਕੇ ਯੋਗ ਵਿਅਕਤੀਆਂ ਨੂੰ ਪ੍ਰਚਾਰ ਕਰਨ ਦੀ ਜ਼ੁੰਮੇਵਾਰੀ ਸੌਂਪੀ। ਸਭ ਤੋਂ ਪਹਿਲਾਂ, ਉਨ੍ਹਾਂ ਨੇ ਭਾਈ ਲਾਲੋ ਜੀ (ਜੋ ਸੈਦਪੁਰ ਦੇ ਵਾਸੀ ਸਨ) ਨਾਲ ਮਿਲਣੀ ਕੀਤੀ। ਉਹ ਕਿਰਤੀ ਸਨ ਅਤੇ ਉਨ੍ਹਾਂ ਪਾਸ ਠਹਿਰੇ।

---

5. *The Encyclopaedia of Sikhism*, Editor-in-chief, Harbans Singh, p. 167.
6. ਪ੍ਰਿੰ. ਤੇਜਾ ਸਿੰਘ ਤੇ ਗੰਡਾ ਸਿੰਘ, *ਸਿੱਖ ਇਤਿਹਾਸ (1469-1765)*, ਪੰਨਾ 5.

ਇਥੋਂ ਪਤਾ ਲੱਗਦਾ ਹੈ ਕਿ ਗੁਰੂ ਸਾਹਿਬ ਨੇ ਕਹਿਣੀ ਤੇ ਕਰਣੀ ਦੇ ਸੁਮੇਲ ਨੂੰ ਜੱਗ ਜ਼ਾਹਰ ਕੀਤਾ। ਗੁਰੂ ਸਾਹਿਬ ਨੇ, ਇਕ ਮੁਸਲਮਾਨ ਨੂੰ ਸਾਥੀ ਬਣਾਇਆ ਅਤੇ ਇਕ ਇਮਾਨਦਾਰ ਕਿਰਤੀ ਤਰਖਾਣ ਪਾਸ ਠਹਿਰੇ। ਉਸ ਸਮੇਂ ਹੀ, ਉਸ ਨਗਰ ਦੇ ਅਮੀਰ ਵਿਅਕਤੀ ਮਲਕ ਭਾਗੋ ਨੇ ਬ੍ਰਹਮ ਭੋਜ ਕੀਤਾ ਅਤੇ ਜਿਸ ਵਿਚ ਉੱਚ ਵਰਗ ਦੇ ਲੋਕਾਂ ਨੂੰ ਸੱਦਿਆ ਗਿਆ। ਗੁਰੂ ਸਾਹਿਬ ਨੂੰ ਵੀ ਸ਼ਾਮਲ ਹੋਣ ਲਈ ਬੇਨਤੀ ਕੀਤੀ ਗਈ, ਪਰ ਉਨ੍ਹਾਂ ਨੇ ਬ੍ਰਹਮ ਭੋਜ ਵਿਚ ਜਾਣ ਤੋਂ ਇਨਕਾਰ ਕਰ ਦਿੱਤਾ। ਆਖ਼ਰ ਜ਼ੋਰ ਪਾਉਣ 'ਤੇ ਗੁਰੂ ਸਾਹਿਬ ਹਾਜ਼ਰ ਹੋਏ ਅਤੇ ਮਲਕ ਭਾਗੋ ਨੂੰ ਕਿਹਾ ਕਿ ਉਸਦੀ ਮਿਹਨਤ ਦੀ ਕਮਾਈ ਨਹੀਂ। ਦੂਜੇ ਪਾਸੇ ਭਾਈ ਲਾਲੋ ਕਿਰਤੀ ਸੀ, ਉਸਦੀ ਕਮਾਈ ਦਾ ਆਧਾਰ ਇਮਾਨਦਾਰੀ ਸੀ। ਗੁਰੂ ਸਾਹਿਬ ਨੇ ਮਲਕ ਭਾਗੋ ਨੂੰ ਦੱਸਿਆ ਕਿ ਇਸ ਕਰਕੇ ਹੀ ਉਨ੍ਹਾਂ ਨੂੰ ਭਾਈ ਲਾਲੋ ਦੀ ਰੋਟੀ ਖਾਣੀ ਚੰਗੀ ਲੱਗਦੀ ਹੈ। ਮਾਲਕ ਭਾਗੋ ਉੱਪਰ ਗੁਰੂ ਸਾਹਿਬ ਜੀ ਦੇ ਉਪਦੇਸ਼ਾਂ ਦਾ ਅਸਰ ਹੋਇਆ।[7]

ਗੁਰੂ ਨਾਨਕ ਸਾਹਿਬ ਜੀ ਦਾ ਇਹ ਮਹਾਨ ਉਪਦੇਸ਼ :

**ਘਾਲਿ ਖਾਇ ਕਿਛੁ ਹਥਹੁ ਦੇਇ ॥**
**ਨਾਨਕ ਰਾਹੁ ਪਛਾਣਹਿ ਸੇਇ ॥** *(ਵਾਰ ਸਾਰੰਗ, ਮ: ੧, ਪੰਨਾ 1245)*

ਬਹੁਤ ਹੀ ਸਪੱਸ਼ਟ ਸੀ, ਜਿਸ ਨੂੰ ਅਮਲ ਵਿਚ ਲਿਆਂਦਾ ਗਿਆ ਸੀ। ਉਨ੍ਹਾਂ ਨੇ ਸਿੱਖ ਲਹਿਰ ਨੂੰ ਜਥੇਬੰਦਕ ਤੌਰ 'ਤੇ ਸਥਾਪਤ ਕਰਨ ਲਈ ਮੁੱਢ ਬੰਨ੍ਹ ਦਿੱਤਾ ਅਤੇ ਥਾਂ-ਥਾਂ ਸੰਗਤਾਂ ਸਥਾਪਤ ਕੀਤੀਆਂ, ਜਿਸ ਕਰਕੇ ਗੁਰਮਤਿ ਵਿਚਾਰਧਾਰਾ ਦਾ ਪ੍ਰਚਾਰ ਦੂਰ-ਦੂਰ ਤਕ ਫੈਲਿਆ। ਗੁਰੂ ਸਾਹਿਬ ਵੱਲੋਂ ਮੁੱਢ ਵਿਚ ਕਹੇ ਬੋਲ "ਨਾ ਕੋ ਹਿੰਦੂ, ਨਾ ਮੁਸਲਮਾਨ" ਦਾ ਭਾਵ ਇਹੀ ਸੀ ਕਿ ਉਨ੍ਹਾਂ ਨੇ ਅਮਲੀ ਤੌਰ 'ਤੇ ਜਾਤੀ ਪ੍ਰਥਾ ਨੂੰ ਰੱਦ ਕੀਤਾ ਅਤੇ ਇਸ ਸਿਧਾਂਤ ਦੀ ਪਾਲਣਾ ਕੀਤੀ ਅਤੇ ਆਪਣੇ ਨਾਲ ਸੰਗੀਤ ਵਿਚ ਮਾਹਿਰ ਸਾਥੀ ਮੁਸਲਮਾਨ ਭਾਈ ਮਰਦਾਨਾ ਨੂੰ ਰੱਖਿਆ। ਜੇਕਰ ਮੁਲਾਂਕਣ ਕਰੀਏ ਤਾਂ ਮੰਨਣਾ ਪਵੇਗਾ ਕਿ ਗੁਰੂ ਸਾਹਿਬ ਵੱਲੋਂ ਬਹੁਤ ਵੱਡਾ ਇਨਕਲਾਬੀ ਕਦਮ ਪੁੱਟਿਆ ਗਿਆ ਸੀ ਕਿ ਰੱਬੀ ਖ਼ਲਕਤ ਵਿਚ ਵੰਡੀਆਂ ਪਾਉਣੀਆਂ ਗ਼ਲਤ ਹਨ।

ਇਸ ਪਿੱਛੋਂ ਗੁਰੂ ਜੀ ਮੁਲਤਾਨ ਦੇ ਨਜ਼ਦੀਕ ਹੀ ਇਕ ਨਗਰ ਵਿਚ ਗਏ, ਜਿਸ ਦਾ ਨਾਮ ਤੁਲੰਬਾ ਸੀ। ਇਸ ਨਗਰ ਵਿਚ ਸੱਜਣ ਨਾਮ ਦਾ ਇਕ ਵਿਅਕਤੀ ਰਹਿੰਦਾ ਸੀ। ਇਸ ਨੇ ਬਾਹਰੀ ਤੌਰ 'ਤੇ ਧਰਮੀ ਲੱਗਣ ਲਈ ਆਪਣਾ ਵਿਸ਼ੇਸ਼ ਲਿਬਾਸ ਧਾਰਿਆ ਹੋਇਆ ਸੀ ਅਤੇ ਭੋਲੇ ਭਾਲੇ ਮੁਸਾਫ਼ਰਾਂ ਨੂੰ ਠੱਗਦਾ ਸੀ। ਇਸ ਨੇ ਇਸ ਥਾਂ 'ਤੇ ਹਿੰਦੂਆਂ ਤੇ ਮੁਸਲਮਾਨਾਂ ਲਈ ਵਿਸ਼ੇਸ਼ ਪੂਜਾ ਅਸਥਾਨ ਬਣਾਏ ਹੋਏ ਸਨ ਅਤੇ ਮੁਸਾਫ਼ਰ ਲੋਕ ਇਥੇ ਠਹਿਰ ਵੀ ਜਾਂਦੇ ਸਨ। ਗੁਰੂ ਨਾਨਕ ਸਾਹਿਬ ਅਤੇ ਭਾਈ ਮਰਦਾਨਾ ਇਥੇ ਪਹੁੰਚੇ ਅਤੇ ਸੱਜਣ ਇਨ੍ਹਾਂ ਨਾਲ ਵੀ ਧੋਖਾ ਕਰਨ ਲਈ ਯੋਜਨਾ ਬਣਾ ਰਿਹਾ ਸੀ। ਰਾਤ ਸਮੇਂ ਗੁਰੂ ਨਾਨਕ ਸਾਹਿਬ ਨੇ ਸ਼ਬਦ ਗਾਇਨ ਕੀਤਾ ਅਤੇ ਸ਼ਬਦ ਵਿਚ ਅਸਲੀ ਸੱਜਣ ਦੇ ਕਿਰਦਾਰ ਬਾਰੇ ਦੱਸਿਆ ਗਿਆ। ਸ਼ਬਦ ਨੇ ਸੱਜਣ ਠੱਗ

7. ਪ੍ਰੋ. ਸਾਹਿਬ ਸਿੰਘ, ***ਸ੍ਰੀ ਗੁਰੂ ਨਾਨਕ ਦੇਵ ਜੀ***, ਪੰਨੇ 50-51.

ਦੇ ਮਨ 'ਤੇ ਅਸਰ ਕੀਤਾ ਅਤੇ ਸ਼ਬਦ ਦੁਆਰਾ ਦਿੱਤੇ ਉਪਦੇਸ਼ ਕਾਰਨ, ਉਹ ਸੱਚੀਂ-ਮੁੱਚੀਂ ਸੱਜਣ (ਸਚਿਆਰ) ਬਣ ਗਿਆ। ਗੁਰੂ ਸਾਹਿਬ ਨੇ ਸਚਿਆਰ ਬਣੇ ਸੱਜਣ ਨੂੰ ਦੱਖਣੀ ਤੇ ਪੱਛਮੀ ਪੰਜਾਬ ਵਿਚ ਗੁਰਮਤਿ ਦੇ ਪ੍ਰਚਾਰ ਲਈ ਨਿਯੁਕਤ ਕੀਤਾ।[8]

## ਸਤਿਗੁਰੂ ਨਾਨਕ ਜੀ ਦੀ ਪ੍ਰਚਾਰ ਯਾਤਰਾ

ਗੁਰੂ ਸਾਹਿਬ ਵੱਲੋਂ ਵੱਖ-ਵੱਖ ਦਿਸ਼ਾਵਾਂ ਦੇ ਪ੍ਰਚਾਰਕ ਦੌਰਿਆਂ ਨੂੰ ਉਦਾਸੀਆਂ ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ। ਉਨ੍ਹਾਂ ਨੇ ਯੋਜਨਾਬਧ ਤਰੀਕੇ ਨਾਲ ਪ੍ਰਚਾਰਕ ਦੌਰੇ ਆਰੰਭੇ ਅਤੇ ਵੱਖ-ਵੱਖ ਧਰਮਾਂ ਦੇ ਕੇਂਦਰਾਂ 'ਤੇ ਜਾ ਕੇ ਧਾਰਮਿਕ ਮੁਖੀਆਂ ਨਾਲ ਗੋਸ਼ਟੀਆਂ ਕੀਤੀਆਂ। ਵਿਸ਼ੇਸ਼ ਕਰਕੇ ਉਹ ਧਾਰਮਿਕ ਅਸਥਾਨਾਂ ਉੱਤੇ ਉਨ੍ਹਾਂ ਦੇ ਤਿਉਹਾਰਾਂ ਦੌਰਾਨ ਹਾਜ਼ਰ ਹੁੰਦੇ, ਜਿਥੇ ਲੋਕਾਂ ਦਾ ਇਕੱਠ ਅਧਿਕ ਮਾਤਰਾ ਵਿਚ ਹੁੰਦਾ ਸੀ। ਗੁਰੂ ਸਾਹਿਬ ਵੱਖ-ਵੱਖ ਤਰ੍ਹਾਂ ਦੇ ਭੇਖ ਧਾਰਨ ਕਰ ਕੇ ਲੋਕਾਂ ਨੂੰ ਮਿਲਦੇ ਸਨ, ਤਾਂ ਜੋ ਉਨ੍ਹਾਂ ਦਾ ਵਿਲੱਖਣ ਪਹਿਰਾਵਾ ਵੀ ਆਮ ਲੋਕਾਈ ਲਈ ਖਿੱਚ ਦਾ ਕਾਰਨ ਬਣੇ।[9]

ਗੁਰੂ ਜੀ ਦੀ ਆਪਣੀ ਪਹਿਲੀ ਉਦਾਸੀ ਹਿੰਦੂਆਂ ਦੇ ਧਾਰਮਿਕ ਕੇਂਦਰਾਂ ਜਾਂ ਤੀਰਥਾਂ 'ਤੇ ਜਾਣਾ ਸੀ। ਉਨ੍ਹਾਂ ਵੱਲੋਂ ਇਨ੍ਹਾਂ ਅਸਥਾਨਾਂ 'ਤੇ ਜਾਣ ਦਾ ਮਨੋਰਥ ਇਹੀ ਸੀ ਕਿ ਉਹ ਵੱਧ ਤੋਂ ਵੱਧ ਲੋਕਾਂ ਨਾਲ ਮਿਲ ਕੇ, ਵਿਚਾਰ ਚਰਚਾ ਕਰ ਸਕਣ। ਇਕੇਰਾਂ ਉਹ ਸੂਰਜ ਗ੍ਰਹਿਣ ਦੇ ਸਮੇਂ ਕੁਰੂਕਸ਼ੇਤਰ ਵਿਖੇ ਪਹੁੰਚੇ, ਜਿਵੇਂ ਉਨ੍ਹਾਂ ਦੇ ਇਕ ਸ਼ਰਧਾਲੂ ਨੇ ਹਿਰਨ ਦਾ ਮਾਸ ਭੇਟ ਕੀਤਾ ਅਤੇ ਗੁਰੂ ਜੀ ਨੇ ਮਾਸ ਨੂੰ ਰਿੰਨ੍ਹਣਾ ਧਰ ਦਿੱਤਾ।[10]

ਕੁਰੂਕਸ਼ੇਤਰ ਵਿਖੇ ਗੁਰੂ ਸਾਹਿਬ ਜੀ ਨੇ ਲੋਕ ਮਨਾਂ ਵਿਚ ਪਏ ਵਹਿਮ-ਭਰਮ ਦੂਰ ਕੀਤੇ ਜਿਵੇਂ ਉਹ ਗ੍ਰਹਿਣ ਦੇ ਮੌਕੇ ਚੁੱਲ੍ਹੇ ਅੱਗ ਪਾਉਣਾ ਮਾੜਾ ਸਮਝਦੇ ਸਨ, ਦੂਸਰਾ ਮਾਸ ਪ੍ਰਤੀ ਵੀ ਉਹ ਸਪੱਸ਼ਟ ਨਹੀਂ ਸਨ। ਇਹ ਮੰਨਿਆ ਜਾਂਦਾ ਹੈ ਕਿ ਗੁਰੂ ਸਾਹਿਬ ਨੇ ਗੁਰੂ ਗ੍ਰੰਥ ਸਾਹਿਬ ਦੇ ਰਾਗ ਮਲਾਰ ਅੰਦਰ ਮਾਸ ਬਾਰੇ ਬਹੁਤ ਸੁੰਦਰ ਦਾਰਸ਼ਨਿਕ ਵਿਚਾਰ ਦਿੱਤੇ। ਉਨ੍ਹਾਂ ਨੇ ਕਿਹਾ ਕਿ ਕੋਈ ਵੀ ਵਿਅਕਤੀ ਮਾਸ ਦੀ ਵਰਤੋਂ ਤੋਂ ਬਚ ਨਹੀਂ ਸਕਦਾ :

**ਪਹਿਲਾਂ ਮਾਸਹੁ ਨਿੰਮਿਆ ਮਾਸੈ ਅੰਦਰਿ ਵਾਸੁ ॥**
**ਜੀਉ ਪਾਇ ਮਾਸੁ ਮੁਹਿ ਮਿਲਿਆ ਹਡੁ ਚੰਮੁ ਤਨੁ ਮਾਸੁ ॥**

---

8. ਪ੍ਰਿੰ. ਤੇਜਾ ਸਿੰਘ ਤੇ ਗੰਡਾ ਸਿੰਘ, *ਸਿੱਖ ਇਤਿਹਾਸ (1469-1765)*, ਪੰਨਾ 6-7 :
ਉਜਲੁ ਕੈਹਾ ਚਿਲਕਣਾ ਘੋਟਿਮ ਕਾਲੜੀ ਮਸੁ ॥ ਧੋਤਿਆ ਜੂਠਿ ਨ ਉਤਰੈ ਜੇ ਸਉ ਧੋਵਾ ਤਿਸੁ ॥
ਸਜਣ ਸੇਈ ਨਾਲਿ ਮੈ ਚਲਦਿਆ ਨਾਲਿ ਚਲੰਨਿ੍ ॥ ਜਿਥੇ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ ॥ਰਹਾਉ॥
*(ਸੂਹੀ ਮਹਲਾ ੧, ਪੰਨਾ 729)*
9. ਪ੍ਰਿੰ. ਤੇਜਾ ਸਿੰਘ ਤੇ ਗੰਡਾ ਸਿੰਘ, *ਸਿੱਖ ਇਤਿਹਾਸ (1469-1765)*, ਪੰਨੇ 7-8.
10. M.A. Macauliffe, *The Sikh Religion*, Vol. 1, pp. 47-48.

**ਮਾਸਹੁ ਬਾਹਰਿ ਕਢਿਆ ਮੰਮਾ ਮਾਸੁ ਗਿਰਾਸੁ ॥**
**ਮੁਹੁ ਮਾਸੈ ਕਾ ਜੀਭ ਮਾਸੈ ਕੀ ਮਾਸੈ ਅੰਦਰਿ ਸਾਸੁ ॥**
**ਵਡਾ ਹੋਆ ਵੀਆਹਿਆ ਘਰਿ ਲੈ ਆਇਆ ਮਾਸੁ ॥**
**ਮਾਸਹੁ ਹੀ ਮਾਸੁ ਊਪਜੈ ਮਾਸਹੁ ਸਭੋ ਸਾਕੁ ॥**
**ਸਤਿਗੁਰਿ ਮਿਲਿਐ ਹੁਕਮੁ ਬੁਝੀਐ ਤਾਂ ਕੋ ਆਵੈ ਰਾਸਿ ॥**
**ਆਪਿ ਛੁਟੇ ਨਹ ਛੁਟੀਐ ਨਾਨਕ ਬਚਨਿ ਬਿਣਾਸੁ ॥**

*(ਵਾਰ ਮਲਾਰ, ਮ: ੧, ਪੰਨਾ 1289)*

ਗੁਰੂ ਸਾਹਿਬ ਫ਼ੁਰਮਾਉਂਦੇ ਹਨ ਕਿ ਸਭ ਤੋਂ ਪਹਿਲਾਂ ਮਾਸ ਅਰਥਾਤ ਪਿਤਾ ਦੇ ਵੀਰਜ ਤੋਂ ਹੀ ਜੀਵ ਦੀ ਹਸਤੀ ਦਾ ਮੁੱਢ ਬੱਝਦਾ ਹੈ, ਫਿਰ ਮਾਸ ਅਰਥਾਤ ਮਾਂ ਦੇ ਪੇਟ ਵਿਚ ਹੀ ਇਸ ਦਾ ਵਸੇਬਾ ਹੁੰਦਾ ਹੈ। ਜਦੋਂ ਪੁਤਲੇ ਵਿਚ ਜਾਨ ਪੈਂਦੀ ਹੈ ਤਾਂ ਵੀ ਜੀਭ ਦੇ ਰੂਪ ਵਿਚ ਮਾਸ ਮੂੰਹ ਵਿਚ ਮਿਲਦਾ ਹੈ। ਇਸ ਦੇ ਸਰੀਰ ਦੀ ਸਾਰੀ ਘਾੜਤ ਹੱਡ, ਚੰਮ, ਸਰੀਰ ਸਭ ਕੁਝ ਮਾਸ ਹੀ ਬਣਦਾ ਹੈ। ਜਦੋਂ ਮਾਂ ਦੇ ਪੇਟ ਰੂਪ ਮਾਸ ਤੋਂ ਜਨਮ ਲੈਂਦਾ ਹੈ ਤਾਂ ਮੰਮਾ ਰੂਪ ਵਿਚ ਮਾਸ ਖ਼ੁਰਾਕ ਮਿਲਦੀ ਹੈ। ਬੱਚੇ ਦੀ ਜੀਭ ਵੀ ਮਾਸ ਦੀ ਹੈ, ਮਾਸ ਵਿਚ ਹੀ ਸਾਹ ਲੈਂਦਾ ਹੈ। ਜਦੋਂ ਜਵਾਨ ਹੁੰਦਾ ਹੈ ਤੇ ਵਿਆਹਿਆ ਜਾਂਦਾ ਹੈ ਤਾਂ ਵੀ ਇਸਤਰੀ ਰੂਪ ਮਾਸ ਹੀ ਘਰ ਲੈ ਆਉਂਦਾ ਹੈ। ਫਿਰ ਮਾਸ ਤੋਂ ਬੱਚਾ ਰੂਪ ਮਾਸ ਜੰਮਦਾ ਹੈ। ਸਾਰੇ ਜਗਤ ਦਾ ਸਾਕ ਸੰਬੰਧ ਮਾਸ ਤੋਂ ਹੀ ਹੈ। ਜੇ ਸਤਿਗੁਰੂ ਮਿਲ ਪਵੇ ਤੇ ਪ੍ਰਭੂ ਦੀ ਰਜ਼ਾ ਸਮਝੀਏ ਤਾਂ ਜੀਵ ਦਾ ਜਗਤ ਵਿਚ ਆਉਣਾ ਨੇਪਰੇ ਚੜ੍ਹਦਾ ਹੈ। ਨਹੀਂ ਤਾਂ ਜੀਵ ਨੂੰ ਮਾਸ ਨਾਲ ਜੰਮਣ ਤੋਂ ਲੈ ਕੇ ਮਰਨ ਤਕ ਏਨਾ ਡੂੰਘਾ ਵਾਸਤਾ ਪੈਂਦਾ ਹੈ ਕਿ ਆਪਣੇ ਜ਼ੋਰ ਨਾਲ ਇਸ ਤੋਂ ਬਚਿਆਂ ਖ਼ਲਾਸੀ ਨਹੀਂ ਹੁੰਦੀ ਤੇ ਹੇ ਨਾਨਕ! ਇਸ ਕਿਸਮ ਦੀ ਚਰਚਾ ਨਾਲ ਨਿਰੀ ਹਾਨੀ ਹੁੰਦੀ ਹੈ। ਕੁਝ ਵੀ ਪ੍ਰਾਪਤ ਨਹੀਂ ਹੁੰਦਾ।

ਇਸ ਤੋਂ ਪਿੱਛੋਂ ਗੁਰੂ ਸਾਹਿਬ ਹਿੰਦੂਆਂ ਦੇ ਪ੍ਰਸਿੱਧ ਤੀਰਥ ਅਸਥਾਨ ਹਰਿਦੁਆਰ ਪੁੱਜੇ। ਇਥੇ ਗੁਰੂ ਸਾਹਿਬ ਨੇ ਹਿੰਦੂ ਪੁਜਾਰੀਆਂ ਨਾਲ ਸੰਵਾਦ ਰਚਾਏ। ਹਰਿਦੁਆਰ, ਵਾਰਾਨਸੀ ਤੋਂ ਬਾਅਦ ਗਯਾ ਰਾਹੀਂ ਹੁੰਦੇ ਹੋਏ ਪਟਨੇ ਪਹੁੰਚੇ, ਜਿਥੇ ਚੌਧਰੀ ਸਾਲਸ ਰਾਏ ਨੇ ਗੁਰੂ ਸਾਹਿਬ ਦੇ ਵਿਚਾਰਾਂ ਤੋਂ ਪ੍ਰਭਾਵਿਤ ਹੋ ਕੇ ਸਿੱਖੀ ਧਾਰਨ ਕੀਤੀ ਅਤੇ ਉਸ ਨੂੰ ਪ੍ਰਚਾਰਕ ਨਿਯੁਕਤ ਕੀਤਾ। ਕਾਫ਼ੀ ਅਸਥਾਨਾਂ 'ਤੇ ਹਾਜ਼ਰੀ ਭਰਦੇ, ਉੜੀਸਾ ਦੇ ਪ੍ਰਸਿੱਧ ਮੰਦਰ ਪੁਰੀ ਵਿਖੇ ਜਗਨ ਨਾਥ ਮੰਦਰ ਪਹੁੰਚੇ। ਉਸ ਸਮੇਂ ਮੰਦਰ ਅੰਦਰ ਆਰਤੀ ਕੀਤੀ ਜਾ ਰਹੀ ਸੀ। ਗੁਰੂ ਜੀ ਹੋ ਰਹੀ ਆਰਤੀ ਵਿਚ ਸ਼ਾਮਲ ਨਾ ਹੋਏ ਅਤੇ ਪੁਜਾਰੀਆਂ ਨੇ ਸ਼ਾਮਲ ਨਾ ਹੋਣ ਦਾ ਕਾਰਨ ਪੁੱਛਿਆ, ਤਦ ਗੁਰੂ ਜੀ ਨੇ ਇਕ ਸ਼ਬਦ ਗਾਇਨ ਕੀਤਾ, ਜਿਸ ਅੰਦਰ ਅਕਾਲ ਪੁਰਖ ਦੀ ਅਸਲੀ ਆਰਤੀ ਬਾਰੇ ਦੱਸਿਆ ਹੋਇਆ ਹੈ ਕਿ ਨਿਰੰਕਾਰ ਅੱਗੇ ਦੀਵੇ ਜਗਾ ਕੇ ਆਰਤੀ ਕਰਨ ਦੀ ਲੋੜ ਨਹੀਂ, ਕਿਉਂਕਿ ਕੁਦਰਤ ਹੀ ਆਪ-ਮੁਹਾਰੇ ਉਸ ਨਿਰੰਕਾਰ ਦੀ ਆਰਤੀ ਕਰ ਰਹੀ ਹੈ :

**ਰਾਗੁ ਧਨਾਸਰੀ ਮਹਲਾ ੧ ॥**
**ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ ॥**
**ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ ॥**
**ਕੈਸੀ ਆਰਤੀ ਹੋਇ ॥ ਭਵ ਖੰਡਨਾ ਤੇਰੀ ਆਰਤੀ ॥**
**ਅਨਹਤਾ ਸਬਦ ਵਾਜੰਤ ਭੇਰੀ ॥ਰਹਾਉ॥** *(ਪੰਨਾ 13)*

ਜਗਨ ਨਾਥ ਪੁਰੀ ਤੋਂ ਬਾਅਦ, ਗੁਰੂ ਜੀ ਵਾਪਸ ਪੰਜਾਬ ਆਏ ਅਤੇ ਪਾਕਪਟਨ ਗਏ, ਜੋ ਕਿ ਸੂਫ਼ੀ ਫ਼ਕੀਰਾਂ ਦਾ ਕੇਂਦਰ ਸੀ। ਇਸ ਥਾਂ 'ਤੇ ਸ਼ੇਖ਼ ਇਬਰਾਹੀਮ ਨੂੰ ਮਿਲੇ। ਇਸ ਪਿੱਛੋਂ ਲਾਹੌਰ ਵਿਖੇ ਇਕ ਵਪਾਰੀ ਦੁਨੀ ਚੰਦ ਨੇ ਆਪਣੇ ਪਿਤਾ ਦੇ ਸ਼ਰਾਧ ਦੇ ਸਮਾਗਮ 'ਤੇ ਗੁਰੂ ਜੀ ਨੂੰ ਹਾਜ਼ਰੀ ਭਰਨ ਲਈ ਬੇਨਤੀ ਕੀਤੀ। ਇਸ ਸਮਾਗਮ 'ਤੇ ਗੁਰੂ ਜੀ ਨੇ ਸੰਵਾਦ ਕੀਤਾ ਅਤੇ ਦੁਨੀ ਚੰਦ ਨੂੰ ਕਿਹਾ ਕਿ ਜੇਕਰ ਉਸਦੇ ਪਿਤਾ ਦੀ ਰੂਹ ਬਘਿਆੜ ਦੇ ਸਰੀਰ ਵਿਚ ਚਲੀ ਗਈ ਹੋਵੇ ਤਾਂ ਹਲਵੇ ਪੂਰੀਆਂ ਨੂੰ ਉਹ ਕਿਵੇਂ ਪਸੰਦ ਕਰੇਗਾ ?[11]

ਅਸੀਂ ਗੁਰੂ ਸਾਹਿਬ ਵਲੋਂ ਵਿਅੰਗਮਈ ਸ਼ਬਦਾਂ ਦੇ ਪ੍ਰਯੋਗ ਤੋਂ ਇਹ ਭਾਵਨਾ ਨਹੀਂ ਲੈ ਸਕਦੇ ਕਿ ਗੁਰੂ ਸਾਹਿਬ ਆਵਾਗਵਨ ਵਿਚ ਵਿਸ਼ਵਾਸ ਰੱਖਦੇ ਸਨ। ਇਸ ਤੋਂ ਸਿੱਖਿਆ ਮਿਲਦੀ ਹੈ ਕਿ ਸ਼ਰਾਧਾਂ ਦੀ ਰੀਤ ਨੂੰ ਮੰਨਣਾ ਠੀਕ ਨਹੀਂ। ਗੁਰਬਾਣੀ ਅੰਦਰ ਗੁਰੂ ਸਾਹਿਬ ਨੇ ਸ਼ਰਾਧਾਂ ਪ੍ਰਥਾਏ ਉਪਦੇਸ਼ ਦਿੱਤੇ ਹਨ। ਗੁਰੂ ਸਾਹਿਬ ਆਖ ਰਹੇ ਹਨ ਕਿ ਜੇਕਰ ਕੋਈ ਚੋਰ ਜਾਂ ਠੱਗ ਪਰਾਏ ਘਰ ਨੂੰ ਠੱਗ ਕੇ ਆਪਣੇ ਪਿਤਰਾਂ ਦੇ ਨਮਿਤ ਸਾਮਾਨ ਭੇਜੇ ਅਤੇ ਜੇਕਰ ਉਹੀ ਵਸਤੂ ਜਿਸਦੇ ਘਰੋਂ ਚੁਰਾਈ ਹੋਵੇ ਜਾਂ ਪਿਤਰ ਪਛਾਣ ਲਵੇ ਤਾਂ ਉਹ ਵੀ ਚੋਰ ਬਣ ਜਾਂਦਾ ਹੈ। ਇਥੇ ਅਸਲ ਕਸੂਰ ਤਾਂ ਮਾਲ ਭੇਜਣ ਵਾਲੇ ਦਲਾਲ ਬ੍ਰਾਹਮਣ ਦਾ ਹੋਵੇਗਾ। ਤੱਤਸਾਰ ਇਹੀ ਹੈ ਕਿ ਜੋ ਮਨੁੱਖ ਨੇਕ ਕਮਾਈ ਕਰਦਾ ਹੈ, ਉਸ ਨੂੰ ਨੇਕੀ ਕਰਨ ਦਾ ਸਨਮਾਨ ਜ਼ਰੂਰ ਮਿਲਦਾ ਹੈ।[12]

ਸਨਾਤਨ ਧਰਮ ਅੰਦਰ ਜੋਗੀਆਂ ਦਾ ਇਕ ਵਿਸ਼ੇਸ਼ ਫ਼ਿਰਕਾ ਸੀ, ਜੋ ਆਪਣਾ ਗ੍ਰਿਹਸਤੀ ਜੀਵਨ ਤਿਆਗ ਕੇ ਜੋਗ ਧਾਰਨ ਕਰਦੇ ਅਤੇ ਤਰ੍ਹਾਂ-ਤਰ੍ਹਾਂ ਦੇ ਜੋਗ ਆਸਣ ਕਰ ਕੇ ਆਪਣੇ ਆਪ ਨੂੰ ਅਧਿਆਤਮਿਕ ਤੌਰ 'ਤੇ ਉੱਚੇ ਹੋਣ ਦਾ ਦਾਅਵਾ ਕਰਦੇ ਸਨ। ਅਜਿਹੇ ਜਤਨਾਂ ਵਿਚ ਕਈ ਤਰ੍ਹਾਂ ਦੇ ਸਰੀਰਕ ਕਸ਼ਟ ਵੀ ਸਹਾਰਦੇ। ਗੁਰੂ ਨਾਨਕ ਸਾਹਿਬ ਇਨ੍ਹਾਂ ਜੋਗੀਆਂ ਪਾਸ ਪਹੁੰਚੇ ਅਤੇ ਵਿਚਾਰ-ਚਰਚਾ ਕੀਤੀ। ਗੁਰੂ ਸਾਹਿਬ ਨੇ ਉਨ੍ਹਾਂ ਜੋਗੀਆਂ ਨੂੰ ਸਮਝਾਇਆ ਕਿ ਸਰੀਰ 'ਤੇ ਭਸਮ ਲਗਾਉਣ ਜਾਂ ਮੜ੍ਹੀਆਂ ਮਸਾਣਾਂ ਵਿਚ ਵਾਸ ਕਰ ਕੇ, ਉਪਰੰਤ ਤੀਰਥਾਂ 'ਤੇ ਇਸ਼ਨਾਨ ਕਰਨ ਨਾਲ ਜੋਗ ਨਹੀਂ ਕਮਾਇਆ ਜਾ ਸਕਦਾ। ਅਸਲ ਜੋਗ ਤਾਂ ਮਾਇਆ ਵਿਚ ਰਹਿੰਦਿਆਂ,

---

11. ਪ੍ਰਿੰ. ਤੇਜਾ ਸਿੰਘ ਤੇ ਗੰਡਾ ਸਿੰਘ, *ਸਿੱਖ ਇਤਿਹਾਸ (1469-1765)*, ਪੰਨਾ 10.
12. ਜੇ ਮੋਹਾਕਾ ਘਰੁ ਮੁਹੈ ਘਰੁ ਮੁਹਿ ਪਿਤਰੀ ਦੇਇ ॥ ਅਗੈ ਵਸਤੁ ਸਿਞਾਣੀਐ ਪਿਤਰੀ ਚੋਰ ਕਰੇਇ ॥
ਵਢੀਅਹਿ ਹਥ ਦਲਾਲ ਕੇ ਮੁਸਫੀ ਏਹ ਕਰੇਇ ॥ ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ ॥
*(ਵਾਰ ਆਸਾ, ਮ: ੧, ਪੰਨਾ 472)*

ਮਾਇਆ ਰਹਿਤ ਨਿਰੰਕਾਰ ਵਿਚ ਸਮਾਉਣ ਨਾਲ ਹੀ ਅਨੁਭਵ ਹੋ ਸਕਦਾ ਹੈ। ਦੂਸਰਾ, ਗੱਲਾਂ ਕਰਨ ਨਾਲ ਜੋਗ ਨਹੀਂ ਪਾਇਆ ਜਾ ਸਕਦਾ, ਜਿਹੜਾ ਵਿਅਕਤੀ ਇਕ ਦ੍ਰਿਸ਼ਟੀ ਨਾਲ ਸਭ ਨੂੰ ਬਰਾਬਰ ਸਮਝਦਾ ਹੈ, ਉਸ ਨੂੰ ਹੀ ਸੱਚਾ ਜੋਗੀ ਕਿਹਾ ਜਾ ਸਕਦਾ ਹੈ।[13]

ਗੁਰੂ ਸਾਹਿਬ ਜੀ ਦੀ ਮਹੱਤਵਪੂਰਨ ਉਦਾਸੀ ਜਾਂ ਚੌਥੀ ਯਾਤਰਾ ਪੱਛਮ ਵੱਲ ਸੀ। ਉਨ੍ਹਾਂ ਦੇ ਸਾਥੀ ਭਾਈ ਮਰਦਾਨਾ ਜੀ ਸਨ ਅਤੇ ਸਮੁੰਦਰ ਦੇ ਰਸਤੇ ਦੁਆਰਾ ਸਫ਼ਰ ਕਰ ਕੇ ਮੱਕੇ ਦੇ ਅਸਥਾਨ 'ਤੇ ਪਹੁੰਚੇ। ਇਥੇ ਇਕ ਗੱਲ ਦੱਸਣੀ ਜ਼ਰੂਰੀ ਹੈ ਕਿ ਮੱਕੇ ਦੇ ਅਸਥਾਨ 'ਤੇ ਗ਼ੈਰ-ਮੁਸਲਮਾਨਾਂ ਨੂੰ ਜਾਣ ਦੀ ਆਗਿਆ ਨਹੀਂ ਹੈ। ਜਾਪਦਾ ਹੈ ਕਿ ਗੁਰੂ ਜੀ ਸਮੇਤ ਮਰਦਾਨਾ ਜੀ ਆਪਣੀ ਜੁਗਤ ਦੁਆਰਾ ਮੱਕੇ ਪਹੁੰਚਣ ਵਿਚ ਸਫਲ ਹੋਏ। ਉਨ੍ਹਾਂ ਦੇ ਪਾਸ ਮੁਸੱਲਾ (ਪ੍ਰਾਰਥਨਾ ਕਰਨ ਲਈ ਵਿਸ਼ੇਸ਼ ਦਰੀ) ਅਤੇ ਦੂਜੀ ਬਗਲ ਵਿਚ ਕਿਤਾਬ ਸੀ। ਪੁਸ਼ਾਕ ਨੀਲੇ ਰੰਗ ਦੀ ਸੀ। ਬਾਬਾ ਨਾਨਕ ਜੀ ਥਕਾਵਟ ਮਹਿਸੂਸ ਕਰਦਿਆਂ, ਕਾਅਬੇ ਵੱਲ ਨੂੰ ਪੈਰ ਕਰ ਕੇ ਸੌਂ ਗਏ। ਉਥੋਂ ਦੇ ਲੋਕਾਂ ਨੂੰ ਗ਼ੁੱਸਾ ਆਉਣਾ ਸੁਭਾਵਿਕ ਸੀ ਅਤੇ ਕਿਸੇ ਇਕ ਨੇ ਲੱਤ ਮਾਰੀ ਅਤੇ ਕਿਹਾ, ਉਨ੍ਹਾਂ ਨੇ ਮੱਕੇ ਵੱਲ ਲੱਤਾਂ ਕਿਉਂ ਕੀਤੀਆਂ ? ਮੁਸਲਮ ਲੋਕ ਮੱਕੇ ਨੂੰ ਰੱਬ ਦਾ ਘਰ ਮੰਨਦੇ ਹਨ। ਗੁਰੂ ਜੀ ਨੇ ਕਿਹਾ, "ਜਿਸ ਪਾਸੇ ਰੱਬ ਨਹੀਂ, ਮੇਰੀਆਂ ਲੱਤਾਂ ਉੱਧਰ ਕਰ ਦੇਵੋ।"[14]

ਇਥੇ ਗੁਰੂ ਨਾਨਕ ਸਾਹਿਬ ਸੰਸਾਰ ਨੂੰ ਇਕ ਸੰਦੇਸ਼ ਦਿੰਦੇ ਹਨ ਕਿ ਬ੍ਰਹਮ ਸਰਬ ਥਾਈਂ ਹਾਜ਼ਰ ਹੈ, ਉਹ ਕਿਸੇ ਵਿਸ਼ੇਸ਼ ਦਿਸ਼ਾ ਵਿਚ ਨਹੀਂ ਰਹਿ ਰਿਹਾ। ਜਦੋਂ ਉਥੇ ਲੋਕਾਂ ਵੱਲੋਂ ਗੁਰੂ ਜੀ ਨੂੰ ਦੂਸਰਾ ਸਵਾਲ ਪੁੱਛਿਆ ਗਿਆ, "ਕੀ ਉਹ ਹਿੰਦੂ ਹਨ ਜਾਂ ਮੁਸਲਮਾਨ ?" ਉਨ੍ਹਾਂ ਨੇ ਉੱਤਰ ਵਿਚ ਕਿਹਾ ਕਿ ਉਹ ਨਾ ਹੀ ਮੁਸਲਮਾਨ ਹਨ ਅਤੇ ਨਾ ਹੀ ਹਿੰਦੂ, ਉਹ ਸਿਰਫ਼ ਇਨਸਾਨ ਹਨ। ਇਸ ਤੋਂ ਅਗਲਾ ਸਵਾਲ ਸੀ ਕਿ ਦੋਨਾਂ ਵਿੱਚੋਂ ਕੌਣ ਚੰਗਾ ਹੈ ? ਉਨ੍ਹਾਂ ਨੇ ਦੱਸਿਆ ਕਿ ਇਕੱਲੇ ਹਿੰਦੂ ਜਾਂ ਮੁਸਲਮਾਨ ਬਣਨ ਨਾਲ ਕੋਈ ਵਿਅਕਤੀ ਸ੍ਰੇਸ਼ਟ ਨਹੀਂ ਬਣ ਸਕਦਾ, ਚੰਗੇ ਇਨਸਾਨ ਹੋਣ ਲਈ ਸ਼ੁਭ ਕਰਮ ਕਰਨੇ ਜ਼ਰੂਰੀ ਹਨ। ਭਾਈ ਗੁਰਦਾਸ ਨੇ ਇਸ ਬਿਰਤਾਂਤ ਨੂੰ ਆਪਣੀ ਰਚਨਾ ਦੁਆਰਾ ਸਪੱਸ਼ਟ ਲਿਖਿਆ ਹੈ :

**ਪੁਛਨਿ ਗਲ ਈਮਾਨ ਦੀ ਕਾਜੀ ਮੁਲਾਂ ਇਕਠੇ ਹੋਈ।**
**ਵਡਾ ਸਾਂਗ ਵਰਤਾਇਆ ਲਖਿ ਨ ਸਕੈ ਕੁਦਰਤਿ ਕੋਈ।**
**ਪੁਛਨਿ ਫੋਲਿ ਕਿਤਾਬ ਨੋ ਹਿੰਦੂ ਵਡਾ ਕਿ ਮੁਸਲਮਾਨੋਈ ?**

---

13. ਜੋਗੁ ਨ ਖਿੰਥਾ ਜੋਗੁ ਨ ਡੰਡੈ ਜੋਗੁ ਨ ਭਸਮ ਚੜਾਈਐ॥
ਜੋਗੁ ਨ ਮੁੰਦੀ ਮੂੰਡਿ ਮੁਡਾਇਐ ਜੋਗੁ ਨ ਸਿੰਙੀ ਵਾਈਐ॥
ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ॥
ਗਲੀ ਜੋਗੁ ਨ ਹੋਈ॥ ਏਕ ਦ੍ਰਿਸਟਿ ਕਰਿ ਸਮਸਰਿ ਜਾਣੈ ਜੋਗੀ ਕਹੀਐ ਸੋਈ॥
*(ਸੂਹੀ ਮਹਲਾ ੧, ਪੰਨਾ 730)*

14. ਪ੍ਰਿੰ. ਤੇਜਾ ਸਿੰਘ ਤੇ ਗੰਡਾ ਸਿੰਘ, *ਸਿੱਖ ਇਤਿਹਾਸ (1469-1765)*, ਪੰਨਾ 13.

**ਬਾਬਾ ਆਖੇ ਹਾਜੀਆ ਸੁਭਿ ਅਮਲਾ ਬਾਝਹੁ ਦੋਨੋ ਰੋਈ।**
**ਹਿੰਦੂ ਮੁਸਲਮਾਨ ਦੁਇ ਦਰਗਹ ਅੰਦਰਿ ਲਹਨਿ ਨ ਢੋਈ।**

*(ਵਾਰ ਪਹਿਲੀ, ਪਉੜੀ 33)*

ਇਸ ਪਿੱਛੋਂ ਗੁਰੂ ਸਾਹਿਬ ਬਗ਼ਦਾਦ ਪਹੁੰਚੇ। ਗੁਰੂ ਜੀ ਦੇ ਬਗ਼ਦਾਦ ਪਹੁੰਚਣ ਬਾਰੇ ਭਾਈ ਗੁਰਦਾਸ ਦੀ ਲਿਖਤ ਅੰਦਰ ਦਰਜ ਹੈ:

**ਫਿਰਿ ਬਾਬਾ ਗਇਆ ਬਗਦਾਦਿ ਨੋ, ਬਾਹਰਿ ਜਾਇ ਕੀਆ ਅਸਥਾਨਾ।**
**ਇਕੁ ਬਾਬਾ ਅਕਾਲ ਰੂਪੁ ਦੂਜਾ ਰਬਾਬੀ ਮਰਦਾਨਾ।**

*(ਵਾਰ ਪਹਿਲੀ, ਪਉੜੀ 35)*

ਗੁਰੂ ਸਾਹਿਬ ਜੀ ਦੀ ਯਾਦ ਵਿਚ ਬਗ਼ਦਾਦ ਵਿਚ ਇਕ ਥੜ੍ਹਾ ਹੈ। ਇਹ ਮੰਨਿਆ ਜਾਂਦਾ ਹੈ ਕਿ ਉਥੋਂ ਦੇ ਫ਼ਕੀਰ ਸ਼ਾਹ ਬਹਿਲੋਲ ਨਾਲ ਗੁਰੂ ਜੀ ਨੇ ਸੰਵਾਦ ਕੀਤਾ। ਉਥੇ ਅਰਬੀ ਵਿਚ ਲਿਖਿਆ ਮਿਲਦਾ ਹੈ ਕਿ ਰੱਬੀ ਪੁਰਖ ਬਾਬਾ ਨਾਨਕ ਫ਼ਕੀਰ ਔਲੀਆ ਦੀ ਯਾਦ ਵਿਚ ਇਹ ਇਮਾਰਤ ਸੱਤ ਸੰਤਾਂ ਦੀ ਸਹਾਇਤਾ ਨਾਲ ਨਵੇਂ ਸਿਰਿਓਂ ਬਣਾਈ ਗਈ ਹੈ। ਥੜ੍ਹੇ ਉੱਪਰ ਲਿਖੀ ਮਿਤੀ ਅਨੁਸਾਰ ਗੁਰੂ ਜੀ ਨੇ 927 ਹਿਜਰੀ ਨੂੰ ਬਗ਼ਦਾਦ ਦੀ ਯਾਤਰਾ ਕੀਤੀ, ਇਸਦਾ ਭਾਵ ਕਿ 1520-21 ਈਸਵੀ ਵਿਚ ਗੁਰੂ ਜੀ ਉਥੇ ਸਨ।[15]

ਮੱਕਾ ਤੇ ਬਗ਼ਦਾਦ ਤੋਂ ਬਾਅਦ ਗੁਰੂ ਜੀ ਵਾਪਸ ਪਰਤੇ ਅਤੇ ਹਸਨ ਅਬਦਾਲ ਵਿਖੇ ਵਲੀ ਕੰਧਾਰੀ ਨੂੰ ਮਿਲੇ। ਉਸ ਸਮੇਂ ਬਾਬਰ ਨੇ ਪੰਜਾਬ ਉੱਤੇ ਤੀਜਾ ਹਮਲਾ ਕੀਤਾ ਅਤੇ ਸੈਦਪੁਰ ਦੀ ਲੁੱਟ-ਖਸੁੱਟ ਕਰਨ ਦੇ ਨਾਲ ਲੋਕਾਂ ਦਾ ਕਤਲੇਆਮ ਵੀ ਕੀਤਾ, ਜਿਸ ਨੂੰ ਉਨ੍ਹਾਂ ਨੇ ਆਪ ਅੱਖੀਂ ਤੱਕਿਆ। ਇਹ ਹਮਲਾ 1521 ਈ. ਨੂੰ ਹੋਇਆ। ਗੁਰੂ ਜੀ ਨੇ ਅੱਖੀਂ ਤੱਕੇ ਦ੍ਰਿਸ਼ ਨੂੰ ਬਾਣੀ ਅੰਦਰ ਦਰਜ ਕੀਤਾ:

**ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ॥**
**ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗ਼ਲੁ ਚੜਾਇਆ॥**
**ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ॥**

*(ਆਸਾ ਮ: ੧, ਪੰਨਾ 360)*

ਗੁਰੂ ਨਾਨਕ ਸਾਹਿਬ ਨੇ ਦੇਸ਼-ਵਿਦੇਸ਼ਾਂ ਦੇ ਪ੍ਰਚਾਰ ਦੌਰੇ ਸਮਾਪਤ ਕਰਨ ਤੋਂ ਬਾਅਦ, ਕਰਤਾਰਪੁਰ (ਹੁਣ ਪਾਕਿਸਤਾਨ ਵਿਚ ਹੈ) ਦੇ ਨਾਮ ਨਾਲ ਇਕ ਪਿੰਡ ਵਸਾਇਆ। ਇਥੇ ਆਪਣੇ ਨਿਵਾਸ ਅਸਥਾਨ ਤੋਂ ਇਲਾਵਾ, ਸਮੂਹ ਵਰਗਾਂ ਦੇ ਲੋਕਾਂ ਲਈ ਧਰਮਸ਼ਾਲਾ ਬਣਾਈ। ਇਸ ਅਸਥਾਨ 'ਤੇ ਉਨ੍ਹਾਂ ਪਾਸ ਸਭ ਧਰਮਾਂ ਦੇ ਪਿਛੋਕੜ ਵਾਲੇ ਵਿਅਕਤੀ ਹਾਜ਼ਰੀ ਭਰਦੇ ਅਤੇ ਉਨ੍ਹਾਂ ਦੇ ਸ਼ੁੱਭ ਬਚਨਾਂ ਨੂੰ ਸੁਣਦੇ। ਗੁਰੂ ਸਾਹਿਬ ਨੇ ਹੱਥੀਂ ਖੇਤੀ ਕਰਨੀ ਆਰੰਭੀ ਤਾਂ ਜੋ ਲੋਕਾਂ ਨੂੰ ਕਿਰਤ ਦੀ ਮਹੱਤਤਾ ਦਾ ਅਹਿਸਾਸ

---

15. (ੳ) ਪ੍ਰਿੰ. ਤੇਜਾ ਸਿੰਘ ਤੇ ਗੰਡਾ ਸਿੰਘ, *ਸਿੱਖ ਇਤਿਹਾਸ (1469-1765)*, ਪੰਨਾ 14.
(ਅ) M.A. Macauliffe, *The Sikh Religion*, Vol. 1, p. 179.

ਹੋਵੇ। ਭਾਈ ਗੁਰਦਾਸ ਆਪਣੀ ਰਚਨਾ ਵਿਚ ਕਰਤਾਰਪੁਰ ਵਿਖੇ ਨਿਵਾਸ ਕਰਨ ਬਾਰੇ ਲਿਖਦੇ ਹਨ :

**ਫਿਰਿ ਬਾਬਾ ਆਇਆ ਕਰਤਾਰਪੁਰਿ ਭੇਖੁ ਉਦਾਸੀ ਸਗਲ ਉਤਾਰਾ।**
**ਪਹਿਰਿ ਸੰਸਾਰੀ ਕਪੜੇ ਮੰਜੀ ਬੈਠਿ ਕੀਆ ਅਵਤਾਰਾ।**

*(ਵਾਰ ਪਹਿਲੀ, ਪਉੜੀ 38)*

ਜਦੋਂ 8 ਅੱਸੂ 71 ਨਾ: ਸ਼ਾ:, 8 ਅੱਸੂ, 1696 ਬਿਕ੍ਰਮੀ (7 ਸਤੰਬਰ 1539 ਈ. ਜੂਲੀਅਨ) ਵਿਚ ਉਨ੍ਹਾਂ ਨੇ ਸਰੀਰ ਛੱਡਿਆ, ਆਪਣੇ ਪਿੱਛੇ ਜਾਨਸ਼ੀਨ ਦੀ ਨਿਯੁਕਤੀ ਕੀਤੀ ਤਾਂ ਜੋ ਗੁਰਮਤਿ ਲਹਿਰ ਨੂੰ ਵਿਕਸਤ ਕੀਤਾ ਜਾ ਸਕੇ ਤੇ ਨਵੇਂ ਸਮਾਜ ਦੀ ਸਿਰਜਣਾ ਕੀਤੀ ਜਾ ਸਕੇ।

## ਗੁਰੂ ਨਾਨਕ ਸਾਹਿਬ ਦੀ ਸਰਬਪੱਖੀ ਵਿਚਾਰਧਾਰਾ ਦਾ ਤਤਸਾਰ

ਇਸ ਪ੍ਰਤੀ ਕੋਈ ਦੋ ਰਾਵਾਂ ਨਹੀਂ ਕਿ ਗੁਰੂ ਨਾਨਕ ਸਾਹਿਬ ਜੀ, ਪਹਿਲੇ ਮਹਾਨ ਗੁਰੂ ਸਨ ਜੋ ਸਮਾਜ ਵਿਚ ਹਰਮਨ ਪਿਆਰੇ ਅਤੇ ਸਤਿਕਾਰਤ ਹਸਤੀ ਸਨ। ਹਿੰਦੂ ਅਤੇ ਮੁਸਲਮਾਨ ਦੋਨੋਂ ਹੀ ਉਨ੍ਹਾਂ ਨੂੰ ਆਪਣਾ ਰਹਿਬਰ ਮੰਨਦੇ ਸਨ। ਇਸ ਦੀ ਗਵਾਹੀ ਇਸ ਲੋਕ ਬੋਲੀ ਅੰਦਰ ਮਿਲਦੀ ਹੈ :

*ਨਾਨਕ ਸ਼ਾਹ ਫ਼ਕੀਰ।*
*ਹਿੰਦੂ ਕਾ ਗੁਰੂ, ਮੁਸਲਿਮ ਕਾ ਪੀਰ।*

ਗੁਰੂ ਨਾਨਕ ਸਾਹਿਬ ਨੇ ਸਮਾਜ ਦੇ ਦਰਦ ਨੂੰ ਸਮਝਿਆ ਅਤੇ ਲੋਕਾਈ ਦੀ ਪੀੜਾ ਦੂਰ ਕਰਨ ਲਈ ਸਰਬ-ਪ੍ਰਵਾਨਿਤ ਅਤੇ ਵਿਲੱਖਣ ਵਿਚਾਰਧਾਰਾ ਨੂੰ ਜਨਮ ਦਿੱਤਾ। ਇਸ ਵਿਚਾਰਧਾਰਾ ਦੇ ਅਧਾਰ 'ਤੇ ਹੀ ਭਾਈ ਗੁਰਦਾਸ ਜੀ ਫ਼ੁਰਮਾਉਂਦੇ ਹਨ :

**ਬਾਬਾ ਦੇਖੈ ਧਿਆਨ ਧਰਿ ਜਲਤੀ ਸਭਿ ਪ੍ਰਿਥਵੀ ਦਿਸਿ ਆਈ।**
**ਬਾਝੁ ਗੁਰੂ ਗੁਬਾਰੁ ਹੈ ਹੈ ਹੈ ਕਰਦੀ ਸੁਣੀ ਲੁਕਾਈ।**
**ਬਾਬੇ ਭੇਖ ਬਣਾਇਆ ਉਦਾਸੀ ਕੀ ਰੀਤਿ ਚਲਾਈ।**
**ਚੜ੍ਹਿਆ ਸੋਧਣਿ ਧਰਤਿ ਲੁਕਾਈ।** *(ਵਾਰ ਪਹਿਲੀ, ਪਉੜੀ 24)*

"ਸਾਰੇ ਸੰਸਾਰ ਨੂੰ ਰੱਬੀ ਏਕਤਾ ਦਾ ਸਿਧਾਂਤ ਸਪੱਸ਼ਟ ਕਰਨ ਲਈ ਆਪ ਨੇ ੴ ਦਾ ਵਿਲੱਖਣ ਚਿੰਨ੍ਹ ਘੜਿਆ ਕਿ ਸਾਰੀ ਕਾਇਨਾਤ ਦਾ ਕਰਤਾ ਇਕ ਹੈ।"

**ਸਾਹਿਬੁ ਮੇਰਾ ਏਕੋ ਹੈ॥**
**ਏਕੋ ਹੈ ਭਾਈ ਏਕੋ ਹੈ॥** *(ਆਸਾ ਮ: ੧, ਪੰਨਾ 350)*

ਗੁਰੂ ਨਾਨਕ 'ਜਪੁ' ਬਾਣੀ ਅੰਦਰ, ਜਿਥੇ ਉਹ ਦ੍ਰਿੜ੍ਹ ਕਰਾਉਂਦੇ ਹਨ ਕਿ ਰੱਬ ਇਕ ਹੀ ਹੈ। ਉਥੇ ਨਾਲ ਹੀ ਇਹ ਵੀ ਸਪੱਸ਼ਟ ਕਰ ਦਿੱਤਾ ਕਿ ਰੱਬ ਦਾ ਕੋਈ ਸਰੂਪ ਨਹੀਂ ਅਤੇ ਨਾ ਹੀ ਉਸ ਦੀ ਕੋਈ ਕਲਪਿਤ ਮੂਰਤੀ ਜਾਂ ਬੁੱਤ ਬਣਾ ਕੇ ਸਥਾਪਤ ਕੀਤਾ ਜਾ ਸਕਦਾ ਹੈ :

**ਥਾਪਿਆ ਨ ਜਾਇ ਕੀਤਾ ਨ ਹੋਇ ॥**
**ਆਪੇ ਆਪਿ ਨਿਰੰਜਨੁ ਸੋਇ ॥** *(ਜਪੁ ਜੀ, ਪੰਨਾ 2)*

ਭਾਵੇਂ ਵੱਖ-ਵੱਖ ਸੱਭਿਆਚਾਰਾਂ ਅੰਦਰ ਰੱਬ ਦੇ ਵੱਖ-ਵੱਖ ਨਾਮ ਪ੍ਰਚੱਲਤ ਹੋ ਗਏ ਹਨ। ਗੁਰੂ ਨਾਨਕ ਸਾਹਿਬ ਜੀ ਦੀ ਰਚਨਾ 'ਜਪੁ' ਬਾਣੀ ਦੇ ਮੰਗਲ ਅੰਦਰ ਉਸ ਸਰਬ-ਸ਼ਕਤੀਮਾਨ ਦੀ ਸੰਪੂਰਨ ਵਿਆਖਿਆ ਹੈ :

**"ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥"**

ਉਹ ਸਰਬ-ਸ਼ਕਤੀਮਾਨ ਹੋਂਦ ਵਾਲਾ ਹੈ, ਉਹ ਕਰਤਾ ਪੁਰਖ ਹੈ, ਡਰ ਤੋਂ ਰਹਿਤ ਅਤੇ ਵੈਰ-ਰਹਿਤ ਹੈ, ਉਹ ਸਮੇਂ ਦੇ ਬੰਧਨ ਤੋਂ ਮੁਕਤ, ਜੂਨੀ ਤੋਂ ਰਹਿਤ ਅਤੇ ਉਸ ਨੂੰ ਕੋਈ ਬਣਾਉਣ ਵਾਲਾ ਵੀ ਨਹੀਂ ਹੈ।

ਇਥੇ ਇਕ ਗੱਲ ੴ ਚਿੰਨ੍ਹ ਬਾਰੇ ਸਪੱਸ਼ਟ ਕਰ ਦੇਵਾਂ ਕਿ ਇਸ ਚਿੰਨ੍ਹ ਦੀ ਘਾੜਤ ਗੁਰੂ ਨਾਨਕ ਸਾਹਿਬ ਜੀ ਨੇ ਕੀਤੀ ਹੈ। ਦੂਸਰਾ, ਅਜੋਕੇ ਸਮੇਂ ਇਸ ਵਿਸ਼ੇਸ਼ ਚਿੰਨ੍ਹ ਦੇ ਉਚਾਰਨ ਪ੍ਰਤੀ ਨਵੀਂ ਚਰਚਾ ਛੇੜੀ ਗਈ ਹੈ, ਭਾਵੇਂ ਦੋ ਜਾਂ ਤਿੰਨ ਵਿਅਕਤੀ (ਲੇਖਕ) ਹਨ, ਜਿਨ੍ਹਾਂ ਨੇ ਇਕ-ਓਅੰਕਾਰ (ਇਕੁ ਓਅੰਕਾਰੁ) ਦਾ ਉਚਾਰਨ ਵੱਖਰਾ ਪ੍ਰਚੱਲਤ ਕਰਨ ਲਈ ਜਤਨ ਕੀਤਾ ਹੈ। ਭਾਈ ਗੁਰਦਾਸ ਜੀ ਦੀ ਲਿਖਤ ਨੂੰ ਅਧਾਰ ਬਣਾ ਕੇ ਮੰਨਣਾ ਪਵੇਗਾ ਕਿ ਇਸ ਦਾ ਸਹੀ ਉਚਾਰਨ 'ਇਕ ਓਅੰਕਾਰ' ਹੀ ਹੋ ਸਕਦਾ ਹੈ :

**ਏਕਾ, ਏਕੰਕਾਰੁ ਲਿਖਿ ਦੇਖਾਲਿਆ।**
**ਊੜਾ ਓਅੰਕਾਰੁ ਪਾਸਿ ਬਹਾਲਿਆ।** *(ਵਾਰ 3, ਪਉੜੀ 15)*

**ਏਕੰਕਾਰੁ ਇਕਾਂਗ ਲਿਖਿ** (ਏਕਾ ਲਿਖ ਕੇ) **ਊੜਾ ਓਅੰਕਾਰੁ ਲਿਖਾਇਆ।**
*(ਵਾਰ 39, ਪਉੜੀ ਪਹਿਲੀ)*

ਏਕਾ, ਏਕੰਕਾਰ ਦਾ ਪ੍ਰਤੀਕ ਹੈ ਅਤੇ ਊੜਾ (ੳ) ਓਅੰਕਾਰੁ ਦਾ ਹੈ।

ਸ਼ਬਦ-ਗੁਰੂ ਦਾ ਸਿਧਾਂਤ ਇਕ ਵਿਲੱਖਣਤਾ ਰੱਖਦਾ ਹੈ, ਭਾਵੇਂ ਇਸ ਦੀ ਵਿਆਖਿਆ ਕਰਨ ਸਮੇਂ ਕਈ ਵਾਰ ਅਸਪੱਸ਼ਟਤਾ ਦਿਖਾਈ ਦਿੰਦੀ ਹੈ। ਜਦੋਂ ਸਿੱਧਾਂ ਨੇ ਗੁਰੂ ਨਾਨਕ ਸਾਹਿਬ ਜੀ ਨੂੰ ਪੁੱਛਿਆ ਸੀ ਕਿ ਤੁਹਾਡਾ ਗੁਰੂ ਕੌਣ ਹੈ ? ਤੁਸੀਂ ਕਿਸ ਦੇ ਚੇਲੇ ਹੋ ? ਕਿਉਂਕਿ ਉਸ ਕਾਲ ਅੰਦਰ ਇਕ ਪਰੰਪਰਾ ਸੀ ਕਿ ਧਰਮੀ ਪੁਰਖ ਲਈ ਕੋਈ ਗੁਰੂ ਧਾਰਨ ਕਰ ਕੇ, ਉਸ ਦਾ ਚੇਲਾ ਬਣਨਾ ਜ਼ਰੂਰੀ ਸੀ। ਗੁਰੂ ਸਾਹਿਬ ਜੀ ਨੇ ਸਿੱਧਾਂ ਵੱਲੋਂ ਪੁੱਛੇ ਗਏ ਪ੍ਰਸ਼ਨ ਦਾ ਉੱਤਰ ਦਿੱਤਾ :

**ਪਵਨ ਅਰੰਭੁ ਸਤਿਗੁਰ ਮਤਿ ਵੇਲਾ ॥**
**ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥** *(ਰਾਮਕਲੀ ਮ: ੧, ਸਿਧ ਗੋਸਟਿ, ਪੰਨਾ 943)*

ਸ਼ਬਦ-ਗੁਰੂ ਸਿਧਾਂਤ, ਉਹਨਾਂ ਲੋਕਾਂ ਲਈ ਇਕ ਚੁਣੌਤੀ ਸੀ ਜੋ ਕਿ ਦੇਹਧਾਰੀ ਗੁਰੂ ਪਰੰਪਰਾ ਦੇ ਵਿਪਰੀਤ ਕੋਈ ਨਵੇਂ ਸਿਧਾਂਤ ਨੂੰ ਮੰਨਣ ਲਈ ਤਿਆਰ ਨਹੀਂ ਸਨ।

ਭਾਈ ਗੁਰਦਾਸ ਜੀ ਉਪਰੋਕਤ ਸ਼ਬਦ ਗੁਰੂ ਸਿਧਾਂਤ ਦੀ ਵਿਆਖਿਆ ਆਪਣੀ ਰਚਨਾ ਵਿਚ ਕਰਦੇ ਹਨ :

**ਸਬਦੁ ਗੁਰੂ ਗੁਰੁ ਜਾਣੀਐ ਗੁਰਮੁਖਿ ਹੋਇ ਸੁਰਤਿ ਧੁਨਿ ਚੇਲਾ।**
**ਸਾਧ ਸੰਗਤਿ ਸਚਖੰਡ ਵਿਚਿ ਪ੍ਰੇਮ ਭਗਤਿ ਪਰਚੈ ਹੋਇ ਮੇਲਾ।**

*(ਵਾਰ 7, ਪਉੜੀ 20)*

ਗੁਰੂ ਦਾ ਸ਼ਬਦ, ਗੁਰੂ ਰੂਪ ਹੈ ਤੇ ਗੁਰਸਿੱਖ ਲਿਵ ਲਾ ਕੇ ਸ਼ਬਦ ਦੀ ਧੁਨੀ ਨੂੰ, ਗੁਰ-ਉਪਦੇਸ਼ ਨੂੰ, ਸੁਰਤ ਲਗਾ ਕੇ ਸੁਣਦਾ ਹੈ। ਸੰਗਤ ਵਿਚ ਬੈਠ ਕੇ ਚਿਤ ਲਾ ਕੇ, ਇਕ ਮਨ ਹੋ ਕੇ ਪ੍ਰੇਮਾ-ਭਗਤੀ ਵਿਚ ਜੁੜਨਾ ਗੁਰੂ ਦਾ ਚੇਲਾ ਬਣਨਾ ਹੈ। ਗੁਰੂ ਸਾਹਿਬ ਜੀ ਦੇ ਬਚਨ :

**ਸਬਦੁ ਗੁਰ ਪੀਰਾ ਗਹਿਰ ਗੰਭੀਰਾ ਬਿਨੁ ਸਬਦੈ ਜਗੁ ਬਉਰਾਨੰ ॥**

*(ਸੋਰਠਿ ਮ: ੧, ਪੰਨਾ 635)*

ਸ਼ਬਦ ਹੀ ਗੁਰੂ ਹੈ ਜੋ ਗਿਆਨ ਦਾ ਸਮੁੰਦਰ ਤੇ ਗਹਿਰ ਗੰਭੀਰ ਹੈ ਅਤੇ ਗਿਆਨ ਤੋਂ ਬਿਨਾਂ ਹੀ ਸੰਸਾਰ ਵਿਆਕੁਲ ਹੈ। ਆਖ਼ਰ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਿਆਈ ਦਿੱਤੀ ਅਤੇ ਸ਼ਬਦ-ਗੁਰੂ ਦੀ ਮਹਾਨਤਾ 'ਤੇ ਮੋਹਰ ਲਗਾ ਦਿੱਤੀ। ਗੁਰੂ ਨਾਨਕ ਸਾਹਿਬ ਤੋਂ ਬਾਅਦ ਗੁਰੂ ਰਾਮਦਾਸ ਜੀ ਨੇ ਸ਼ਬਦ-ਗੁਰੂ ਦੀ ਸੋਚ ਨੂੰ ਦ੍ਰਿੜ੍ਹ ਕਰਾਇਆ :

**ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥**
**ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥**

*(ਨਟ ਮ: 8, ਪੰਨਾ 982)*

ਗੁਰੂ ਨਾਨਕ ਸਾਹਿਬ ਜੀ ਨੇ ਮਨੁੱਖਤਾ ਦੀ ਸੇਵਾ ਨੂੰ ਬਹੁਤ ਮਹੱਤਤਾ ਦਿੱਤੀ ਹੈ ਅਤੇ ਲੋਕਾਈ ਨੂੰ ਸਰਬੱਤ ਦਾ ਭਲਾ ਕਰਨ ਲਈ ਪ੍ਰੇਰਿਆ ਹੈ। ਉਨ੍ਹਾਂ ਨੇ ਲੋੜਵੰਦਾਂ ਤੇ ਭੁੱਖੇ ਲੋਕਾਂ ਨੂੰ ਲੰਗਰ ਛਕਾਇਆ ਅਤੇ ਸੇਵਾ ਦੇ ਨਮੂਨੇ ਨੂੰ ਪੇਸ਼ ਕੀਤਾ। ਸੇਵਾ ਦੀ ਮਹੱਤਤਾ ਨੂੰ ਦਰਸਾਉਣ ਲਈ ਅਨੇਕਾਂ ਪ੍ਰਮਾਣ ਗੁਰਬਾਣੀ ਅੰਦਰ ਮਿਲਦੇ ਹਨ :

**ਵਿਚਿ ਦੁਨੀਆ ਸੇਵ ਕਮਾਈਐ ॥**
**ਤਾ ਦਰਗਹ ਬੈਸਣੁ ਪਾਈਐ ॥**
**ਕਹੁ ਨਾਨਕ ਬਾਹ ਲੁਡਾਈਐ ॥** *(ਸਿਰੀਰਾਗੁ ਮ: ੧, ਪੰਨਾ 26)*

ਗੁਰਮਤਿ ਨੇ ਸੇਵਾ ਤੇ ਸਿਮਰਨ ਦੇ ਸੁਮੇਲ ਨੂੰ ਪ੍ਰਵਾਨ ਕੀਤਾ ਹੈ, ਪਰ ਭੋਰਿਆਂ ਅਤੇ ਜੰਗਲਾਂ ਵਿਚ ਜਾ ਕੇ ਭਗਤੀ ਕਰਨ ਨੂੰ ਪ੍ਰਵਾਨ ਨਹੀਂ ਕੀਤਾ, ਕਿਉਂਕਿ ਕਿਰਤ ਕਰਨਾ ਮਨੁੱਖ ਨੂੰ ਜੀਵਨ ਨਿਰਬਾਹ ਲਈ ਜ਼ਰੂਰੀ ਹੈ। ਤਾਹੀਓਂ ਗੁਰੂ ਸਾਹਿਬ ਨੇ ਸੁਚੇਤ ਕੀਤਾ ਸੀ ਕਿ ਵਿਹਲੜ ਤੇ ਮੰਗ ਖਾਣੇ ਲੋਕਾਂ ਨੂੰ ਧਰਮੀ ਪੁਰਖ ਨਾ ਸਮਝਿਆ ਜਾਵੇ :

**ਗੁਰੁ ਪੀਰੁ ਸਦਾਏ ਮੰਗਣ ਜਾਇ ॥**
**ਤਾ ਕੈ ਮੂਲਿ ਨ ਲਗੀਐ ਪਾਇ ॥** *(ਵਾਰ ਸਾਰੰਗ, ਮ: ੧, ਪੰਨਾ 1245)*

ਜਿਵੇਂ ਉੱਪਰ ਉਲੇਖ ਕੀਤਾ ਹੈ ਕਿ ਜੋ ਲੋਕ ਕਿਰਤ ਨਹੀਂ ਕਰਦੇ, ਉਹ ਵਧੀਆ ਇਨਸਾਨ ਨਹੀਂ ਹੋ ਸਕਦੇ, ਪਰ ਫਿਰ ਵੀ ਭਗਤੀ ਦਾ ਢੌਂਗ ਰਚਣ ਵਾਲੇ ਉਸ ਕਾਲ ਅੰਦਰ ਧਰਮੀ ਅਖਾਉਣ ਵਾਲੇ ਬਥੇਰੇ ਵਿਹਲੜ ਲੋਕ ਸਨ। ਜਦੋਂ ਸਿੱਧਾਂ ਨੇ ਗੁਰੂ ਸਾਹਿਬ ਨੂੰ ਸਮਾਜ ਬਾਰੇ ਪੁੱਛ-ਗਿੱਛ ਕੀਤੀ ਸੀ ਤਾਂ ਗੁਰੂ ਸਾਹਿਬ ਨੇ ਉੱਤਰ ਵਿਚ ਕਿਹਾ ਸੀ :

**ਸਿਧ ਛਪਿ ਬੈਠੇ ਪਰਬਤੀ ਕਉਣੁ ਜਗਤਿ ਕਉ ਪਾਰਿ ਉਤਾਰਾ।**

*(ਵਾਰ ਪਹਿਲੀ, ਪਉੜੀ 29)*

ਜੋ ਲੋਕ ਆਪਣੇ ਆਪ ਨੂੰ ਧਰਮ ਦੇ ਖੇਤਰ ਵਿਚ ਉੱਚ ਅਵਸਥਾ ਪ੍ਰਾਪਤ ਕਰਨ 'ਤੇ 'ਸਿਧ' ਅਖਵਾ ਰਹੇ ਸਨ, ਜੇਕਰ ਉਹੀ ਲੋਕ ਸਮਾਜ ਦੀ ਸਮਾਜਿਕ ਜ਼ੁੰਮੇਵਾਰੀਆਂ ਤੋਂ ਡਰਦੇ ਜੰਗਲਾਂ ਵਿਚ ਛੁੱਪ ਜਾਣ, ਤਾਂ ਫਿਰ ਸਮਾਜ ਅੰਦਰ ਸੁਧਾਰ ਕੌਣ ਕਰੇਗਾ ? ਦੁਖਾਂਤ ਇਸ ਗੱਲ ਦਾ ਹੈ ਕਿ ਸਿੱਖ ਵਿਰੋਧੀਆਂ ਨੇ ਗੁਰੂ ਸਾਹਿਬਾਨ ਨੂੰ 20-20 ਸਾਲ ਲਈ ਬੰਦਗੀ ਕਰਨ ਲਈ ਭੋਰਿਆਂ ਵਿਚ ਸਮਾਧੀ ਲਗਾਉਣਾ ਤੇ ਹੱਠ ਕਰਨ ਵਾਲੇ ਦੱਸ ਕੇ ਗੁਰਮਤਿ ਵਿਰੋਧੀ ਗੱਲਾਂ ਕਰ ਦਿੱਤੀਆਂ।

ਗੁਰੂ ਨਾਨਕ ਸਾਹਿਬ ਜੀ ਨੇ ਵੇਈਂ ਨਦੀਂ ਤੋਂ, ਸਭ ਤੋਂ ਪਹਿਲਾ ਪੈਗ਼ਾਮ "ਨਾ ਕੋ ਹਿੰਦੂ, ਨਾ ਮੁਸਲਮਾਨ" ਦਿੱਤਾ, ਭਾਵ ਇਹ ਸੀ ਕਿ ਸਮਾਜ ਵਿਚ ਵੰਡੀਆਂ ਨਾ ਪਾਵੋ। ਉਸ ਸਮੇਂ ਭਾਰਤ ਅੰਦਰ ਦੋ ਹੀ ਮੁੱਖ ਧਰਮ ਸਨ, ਇਸਲਾਮ ਤੇ ਸਨਾਤਨ ਧਰਮ (ਹਿੰਦੂ)। ਇਨ੍ਹਾਂ ਦੀ ਆਪਸੀ ਖਿੱਚੋਤਾਣ ਬਹੁਤ ਜ਼ੋਰਾਂ 'ਤੇ ਸੀ। ਗੁਰੂ ਸਾਹਿਬ ਜੀ ਆਖਦੇ ਹਨ ਕਿ ਸਾਰੀ ਸ੍ਰਿਸ਼ਟੀ ਦੀ ਸਾਜਨਾ ਇਕ ਨਿਰੰਕਾਰ ਨੇ ਕੀਤੀ ਹੈ ਅਤੇ ਉਸ ਦੀ ਨਜ਼ਰ ਵਿਚ ਕਿਵੇਂ ਕੋਈ ਉੱਚਾ ਅਤੇ ਨੀਵਾਂ ਹੋ ਸਕਦਾ ਹੈ ?

**ਸਭੁ ਕੋ ਊਚਾ ਆਖੀਐ ਨੀਚੁ ਨ ਦੀਸੈ ਕੋਇ ॥**
**ਇਕਨੈ ਭਾਂਡੇ ਸਾਜਿਐ ਇਕੁ ਚਾਨਣੁ ਤਿਹੁ ਲੋਇ ॥**

*(ਸਿਰੀਰਾਗੁ ਮ: ੧, ਪੰਨਾ 62)*

**ਗੁਰਮੁਖਿ ਏਕ ਦ੍ਰਿਸਟਿ ਕਰਿ ਦੇਖਹੁ ਘਟਿ ਘਟਿ ਜੋਤਿ ਸਮੋਈ ਜੀਉ ॥**

*(ਸੋਰਠਿ ਮ: ੧, ਪੰਨਾ 599)*

ਜੇਕਰ ਗੁਰਮੁਖਾਂ ਵਾਲੀ ਦ੍ਰਿਸ਼ਟੀ ਬਣ ਜਾਏ, ਤਦ ਨਿਰੰਕਾਰ ਦੀ ਜੋਤਿ ਹੀ ਸਭ ਮਨੁੱਖਾਂ ਵਿਚ ਮੌਜੂਦ ਦਿਸੇਗੀ।

**ਸਭ ਮਹਿ ਜੋਤਿ ਜੋਤਿ ਹੈ ਸੋਇ ॥**
**ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ ॥** *(ਧਨਾਸਰੀ ਮ: ੧, ਪੰਨਾ 13)*

ਸਮੂਹ ਜੀਵਾਂ ਵਿਚ ਰੱਬੀ ਜੋਤਿ ਵਰਤ ਰਹੀ ਹੈ, ਉਸ ਜੋਤਿ ਦੇ ਪ੍ਰਕਾਸ਼ ਨਾਲ ਹੀ ਸੂਝ-ਬੂਝ ਹਾਸਲ ਹੁੰਦੀ ਹੈ।

ਉਸ ਸਮੇਂ ਜਾਤ-ਪਾਤ ਅਤੇ ਵਰਣ-ਵੰਡ ਸਨਾਤਨ ਧਰਮ ਦਾ ਅੰਗ ਮੰਨਿਆ ਜਾਂਦਾ ਸੀ ਅਤੇ ਸ਼ੂਦਰ (ਸਭ ਤੋਂ ਨੀਵੀਂ ਜਾਤ) ਜਾਤੀ ਨਾਲ ਪਸ਼ੂਆਂ ਵਾਂਗੂੰ ਵਿਵਹਾਰ ਕੀਤਾ ਜਾਂਦਾ ਸੀ। ਗੁਰੂ ਸਾਹਿਬਾਨ ਤੋਂ ਪਹਿਲਾਂ ਭਗਤਾਂ ਨੇ ਵੀ ਬ੍ਰਾਹਮਣ ਦੀ ਬਣਾਈ

ਜਾਤ-ਪ੍ਰਣਾਲੀ ਦਾ ਖੰਡਨ ਕੀਤਾ ਅਤੇ ਸਗੋਂ ਉਸ ਨੂੰ ਚੈਲਿੰਜ ਕੀਤਾ ਕਿ ਉਹ ਆਪ ਕਿਵੇਂ ਉੱਚਾ ਬਣ ਗਿਆ ਅਤੇ ਦੂਸਰਿਆਂ ਨੂੰ ਸ਼ੂਦਰ ਆਖ ਰਿਹਾ ਹੈ। (ਅਜੋਕੇ ਸਮੇਂ ਵੀ ਭਾਰਤੀ ਸਮਾਜ ਅੰਦਰ ਜਾਤ-ਪਾਤ ਜਾਂ ਸ਼੍ਰੇਣੀ ਵੰਡ ਦੀ ਸੋਚ ਹਾਵੀ ਹੈ) ਗੁਰੂ ਨਾਨਕ ਸਾਹਿਬ ਜੀ ਨੇ ਸਪੱਸ਼ਟ ਕਰ ਦਿੱਤਾ ਕਿ ਜਾਤ-ਪਾਤ ਜਾਂ ਊਚ-ਨੀਚ ਸਭ ਕੂੜ ਅਤੇ ਗ਼ਲਤ ਹੈ :

**ਫਕੜ ਜਾਤੀ ਫਕੜੁ ਨਾਉ ॥**
**ਸਭਨਾ ਜੀਆ ਇਕੋ ਛਾਉ ॥** *(ਸਿਰੀਰਾਗ ਕੀ ਵਾਰ, ਮ: ੧, ਪੰਨਾ 83)*

ਉੱਚੀ ਜਾਤ ਦਾ ਜਾਂ ਨਾਮ ਦਾ ਹੰਕਾਰ ਕਰਨਾ ਵਿਅਰਥ ਹਨ, ਕਿਉਂਕਿ ਸਾਰੇ ਜੀਵਾਂ ਵਿਚ ਇਕ ਹੀ ਆਤਮਾ ਹੁੰਦੀ ਹੈ। ਜਿਸ ਦੇਸ਼ ਅੰਦਰ ਊਚ-ਨੀਚ ਜਾਂ ਭੇਦ-ਭਾਵ ਦੀ ਪਰੰਪਰਾ ਹਾਵੀ ਹੋਵੇ, ਉਥੇ ਲੋਕ-ਭਲਾਈ ਅਤੇ ਸਰਬ-ਪੱਖੀ ਉੱਨਤੀ ਸੰਭਵ ਨਹੀਂ ਹੋ ਸਕਦੀ। ਗੁਰੂ ਨਾਨਕ ਸਾਹਿਬ ਜੀ ਨੇ ਸਦਾ ਹੀ ਸਮਾਜ ਵੱਲੋਂ ਨੀਵੇਂ ਸਮਝੇ ਜਾਂਦੇ ਵਰਗ ਨਾਲ ਨਾਤਾ ਜੋੜਿਆ :

**ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥**
**ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥**
**ਜਿਥੈ ਨੀਚੁ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ ॥**
*(ਸਿਰੀਰਾਗੁ ਮ: ੧, ਪੰਨਾ 15)*

ਗੁਰੂ ਨਾਨਕ ਸਾਹਿਬ ਵੱਡੇ ਲੋਕਾਂ ਨਾਲ ਸਾਂਝ ਰੱਖਣ ਦੀ ਥਾਂ ਆਪਣੇ ਆਪ ਨੂੰ ਗ਼ਰੀਬ ਅਤੇ ਨਿਤਾਣੇ ਲੋਕਾਂ ਵਿਚ ਰਹਿ ਕੇ ਗੌਰਵ ਮਹਿਸੂਸ ਕਰਦੇ ਸਨ ਅਤੇ ਆਖਦੇ ਹਨ ਕਿ ਨਿਰੰਕਾਰ ਦੀ ਮਿਹਰ ਅਤੇ ਕਰਮ ਸਦਾ ਨੀਵੇਂ ਆਖੇ ਜਾਂਦੇ ਲੋਕਾਂ ਉਪਰ ਹੁੰਦੀ ਹੈ। ਜਿਥੇ ਉਨ੍ਹਾਂ ਨੇ ਸਮਾਜ ਦੇ ਅੰਦਰ ਜਾਤ-ਪਾਤ ਜਾਂ ਊਚ=ਨੀਚ ਦਾ ਹੋਣਾ ਵੱਡੀ ਬੁਰਾਈ ਮੰਨੀ, ਉਥੇ ਸਮਾਜ ਅੰਦਰ ਲਿੰਗ ਦੇ ਆਧਾਰ 'ਤੇ ਵਿਤਕਰੇ ਨੂੰ ਵੀ ਅਸਵੀਕਾਰ ਕੀਤਾ। ਇਸਤਰੀ ਜਾਤੀ ਨੂੰ ਮਰਦਾਂ ਦੇ ਬਰਾਬਰ ਨਹੀਂ ਸਮਝਿਆ ਜਾਂਦਾ ਸੀ, ਸਗੋਂ ਪੈਰ ਦੀ ਜੁੱਤੀ ਤਕ ਆਖ ਦਿੱਤਾ ਜਾਂਦਾ ਸੀ। ਉਨ੍ਹਾਂ ਨੇ ਗੁਰਬਾਣੀ ਅੰਦਰ ਇਸਤਰੀ ਦੀ ਵਡਿਆਈ ਦਰਸਾਈ :

**ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ ॥**
**ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ॥**
**ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ ॥**
**ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥**
*(ਵਾਰ ਆਸਾ, ਮ: ੧, ਪੰਨਾ 473)*

ਗੁਰੂ ਨਾਨਕ ਸਾਹਿਬ ਜੀ ਨੇ ਸਮਾਜਿਕ ਪਰਿਸਥਿਤੀਆਂ ਦਾ ਪੂਰੀ ਤਰ੍ਹਾਂ ਮੁਲਾਂਕਣ ਕੀਤਾ, ਆਪਣੇ ਅੱਖੀਂ ਸਮਾਜ ਅੰਦਰ ਵੱਖ-ਵੱਖ ਵਰਗਾਂ ਦੀ ਆਪਸੀ ਖਿੱਚੋਤਾਣ ਨੂੰ ਡਿੱਠਾ। ਉਨ੍ਹਾਂ ਵੱਲੋਂ ਕਹੈ ਬੋਲ "ਨਾ ਕੋ ਹਿੰਦੂ, ਨਾ ਮੁਸਲਮਾਨ" ਦੇ ਭਾਵ ਇਹੀ ਸਨ ਕਿ 'ਏਕਾ ਜੋਤਿ' ਤੋਂ ਬਣੀ ਸ੍ਰਿਸ਼ਟੀ ਅੰਦਰ ਵੰਡੀਆਂ ਨਾ ਪਾਓ।

ਉਨ੍ਹਾਂ ਦਾ ਉਪਦੇਸ਼ 'ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ॥" ਮਨੁੱਖੀ ਏਕਤਾ ਨੂੰ ਦ੍ਰਿੜ੍ਹ ਕਰਾਉਂਦਾ ਹੈ। ਉਨ੍ਹਾਂ ਵੱਲੋਂ ਆਰੰਭੀ ਲਹਿਰ ਵਿਚ ਹਰ ਇਕ ਲਈ ਸੰਦੇਸ਼ ਸੀ ਕਿ ਜੇਕਰ ਕੋਈ ਮਨੁੱਖਤਾ ਦੇ ਭਲੇ ਲਈ ਚਲਾਈ ਲਹਿਰ ਵਿਚ ਸ਼ਾਮਲ ਹੋਣਾ ਚਾਹੇ, ਜੀਅ ਸਦਕੇ ਹੋ ਸਕਦਾ ਹੈ ਅਤੇ ਉਸ ਨੂੰ ਮਨੁੱਖਤਾ ਦੇ ਹਿੱਤ ਵਿਚ ਜੀਵਨ ਵੀ ਕੁਰਬਾਨ ਕਰਨਾ ਪੈ ਸਕਦਾ ਹੈ:

**ਜਉ ਤਉ ਪ੍ਰੇਮ ਖੇਲਣ ਕਾ ਚਾਉ ॥**
**ਸਿਰੁ ਧਰਿ ਤਲੀ ਗਲੀ ਮੇਰੀ ਆਉ ॥**
**ਇਤੁ ਮਾਰਗਿ ਪੈਰੁ ਧਰੀਜੈ ॥**
**ਸਿਰੁ ਦੀਜੈ ਕਾਣਿ ਨ ਕੀਜੈ ॥** *(ਸਲੋਕ ਵਾਰਾਂ ਤੇ ਵਧੀਕ, ਮ: ੧, ਪੰਨਾ 1412)*

ਗੁਰੂ ਸਾਹਿਬ ਨੇ ਰਾਜਾ ਸ਼ਾਹੀ ਦੇ ਜ਼ੁਲਮ ਨੂੰ ਦ੍ਰਿੜ੍ਹਤਾ ਨਾਲ ਵੰਗਾਰਿਆ। ਉਨ੍ਹਾਂ ਨੇ ਜ਼ਾਲਮ ਬਾਦਸ਼ਾਹ ਬਾਬਰ ਨੂੰ ਵੰਗਾਰ ਕੇ ਕਿਹਾ ਕਿ ਉਸ ਦੀ ਫ਼ੌਜ ਇਉਂ ਹੀ ਸਮਝੋ ਕਿ ਪਾਪ ਕਰਨ ਲਈ ਜੰਞ ਲਿਆਇਆ ਅਤੇ ਨਿਰਦੋਸ਼ ਲੋਕਾਂ 'ਤੇ ਧੱਕਾ ਕਰ ਰਿਹਾ ਹੈ:

**ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ ॥**
**ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ ॥**
*(ਤਿਲੰਗ ਮ: ੧, ਪੰਨਾ 722)*

ਇਸ ਤੋਂ ਬਿਨਾਂ, ਗੁਰੂ ਸਾਹਿਬ ਨੇ ਜਿਥੇ ਰਾਜ ਕਰਨ ਵਾਲਿਆਂ ਅਤੇ ਉਨ੍ਹਾਂ ਦੇ ਅਹਿਲਕਾਰਾਂ ਦੀ ਨੁਕਤਾਚੀਨੀ ਕੀਤੀ, ਇਸ ਦੇ ਨਾਲ ਹੀ ਲੋਕਾਂ ਦੀ ਇਮਾਨਦਾਰੀ 'ਤੇ ਵੀ ਪ੍ਰਸ਼ਨ-ਚਿੰਨ੍ਹ ਲਗਾਇਆ ਕਿ ਪੜ੍ਹੇ-ਲਿਖੇ ਵਰਗ ਦੇ ਲੋਕ ਵੀ ਆਪਣੇ ਹੀ ਸਾਥੀਆਂ ਨੂੰ ਲਾਲਚ ਵੱਸ ਹੋ ਕੇ ਫਸਾਉਂਦੇ ਹਨ, ਇਸ ਪ੍ਰਥਾਏ ਉਨ੍ਹਾਂ ਦੀ ਇਹ ਰਚਨਾ ਰੌਸ਼ਨੀ ਪਾਉਂਦੀ ਹੈ:

**ਹਰਣਾਂ ਬਾਜਾਂ ਤੈ ਸਿਕਦਾਰਾਂ ਏਨਾ ਪੜ੍ਹਿਆ ਨਾਉ ॥**
**ਫਾਂਧੀ ਲਗੀ ਜਾਤਿ ਫਹਾਇਨਿ ਅਗੈ ਨਾਹੀ ਥਾਉ ॥...**
**ਰਾਜੇ ਸੀਹ ਮੁਕਦਮ ਕੁਤੇ ॥**
**ਜਾਇ ਜਗਾਇਨ੍ਹਿ ਬੈਠੇ ਸੁਤੇ ॥**
**ਚਾਕਰ ਨਹਦਾ ਪਾਇਨ੍ਹਿ ਘਾਉ ॥**
**ਰਤੁ ਪਿਤੁ ਕੁਤਿਹੋ ਚਟਿ ਜਾਹੁ ॥** *(ਵਾਰ ਮਲਾਰ, ਮ: ੧, ਪੰਨਾ 1288)*

ਜਿਵੇਂ ਕਿ ਅਜੋਕੇ ਸਮੇਂ ਪੰਥਕ ਜਥੇਬੰਦੀਆਂ ਦੇ ਮੁਖੀ ਅੰਦਰਖਾਤੇ ਸਰਕਾਰ ਪੱਖੀ ਬਣ ਕੇ ਨਿੱਜੀ ਲਾਹੇ ਖੱਟਦੇ ਹਨ ਅਤੇ ਮਨੁੱਖਤਾ ਦੇ ਭਲੇ ਲਈ ਕੋਈ ਠੋਸ ਭੂਮਿਕਾ ਨਿਭਾਉਣ ਤੋਂ ਸੰਕੋਚ ਕਰਦੇ ਹਨ। ਸਰਕਾਰ ਦੀ ਨੀਤੀ ਘੱਟ-ਗਿਣਤੀ ਕੌਮਾਂ ਨਾਲ ਧੱਕਾ ਕਰਨਾ ਅਥਵਾ ਉਨ੍ਹਾਂ ਨਾਲ ਦੁਰ-ਵਿਹਾਰ ਕਰਨਾ ਆਮ ਜਿਹੀ ਗੱਲ ਹੋ ਗਈ ਹੈ। ਅੱਜ ਦੇ ਸਮੇਂ ਡੇਰੇਦਾਰ ਜਾਂ ਬਾਬੇ ਬਾਹਰੀ ਤੌਰ 'ਤੇ ਤਾਂ ਦਰਵੇਸ਼ ਦਿਖਾਈ ਦਿੰਦੇ ਹਨ, ਪਰ ਗ਼ਰੀਬ ਤੇ ਨਿਤਾਣੇ ਲੋਕਾਂ ਨਾਲ ਉਨ੍ਹਾਂ ਦੀ ਕੋਈ ਹਮਦਰਦੀ ਨਹੀਂ। ਜਦੋਂ

ਵੀ ਕਦੀ ਕਿਰਤੀ ਲੋਕ ਜਾਂ ਕਿਸਾਨ ਵਰਗ, ਸਰਕਾਰ ਵੱਲੋਂ ਅਪਣਾਈਆਂ ਗ਼ਲਤ ਨੀਤੀਆਂ ਦੇ ਵਿਰੁੱਧ ਸੰਘਰਸ਼ ਕਰਦੇ ਹਨ, ਤਾਂ ਡੇਰੇਦਾਰ ਬਾਬੇ ਏਅਰ ਕੰਡੀਸ਼ਨਡ ਭੋਰਿਆਂ ਵਿਚ ਲੁਕੇ ਰਹਿੰਦੇ ਹਨ ਅਤੇ ਵੱਡੀਆਂ ਵੱਡੀਆਂ ਕਾਰਾਂ ਤੇ ਇਮਾਰਤਾਂ ਦੇ ਮਾਲਕ ਹਨ। ਗੁਰਮਤਿ ਦੀ ਰੌਸ਼ਨੀ ਵਿਚ ਅਜਿਹੇ ਲੋਕ ਸਮਾਜ ਲਈ ਉਪਕਾਰੀ ਨਹੀਂ ਹੋ ਸਕਦੇ।

ਗੁਰੂ ਨਾਨਕ ਸਾਹਿਬ ਜੀ ਨੇ ਸਮਾਜ ਅੰਦਰ ਇਕ ਪ੍ਰਚੱਲਤ ਵਹਿਮ ਨੂੰ ਦੇਖਿਆ ਸੀ ਕਿ ਕਿਵੇਂ ਅਗਿਆਨਤਾ ਵੱਸ ਲੋਕਾਈ ਤੀਰਥਾਂ 'ਤੇ ਜਾ ਕੇ ਇਸ਼ਨਾਨ ਕਰਨ ਨੂੰ ਧਰਮ ਕਰਮ ਸਮਝਦੇ ਸਨ। ਉਹ ਸੋਚਦੇ ਸਨ ਕਿ ਇਸ਼ਨਾਨ ਕਰਨ ਨਾਲ ਸੁੱਚਾ ਹੋ ਜਾਈਦਾ ਹੈ, ਇਸ ਪ੍ਰਥਾਏ ਗੁਰੂ ਜੀ ਨੇ ਸਪੱਸ਼ਟ ਕੀਤਾ ਕਿ :

**ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ ॥** *(ਜਪੁ ਜੀ, ਪੰਨਾ 1)*

**ਸੂਚੇ ਏਹਿ ਨ ਆਖੀਅਹਿ ਬਹਨਿ ਜਿ ਪਿੰਡਾ ਧੋਇ ॥**
**ਸੂਚੇ ਸੇਈ ਨਾਨਕਾ ਜਿਨ ਮਨਿ ਵਸਿਆ ਸੋਇ ॥**

*(ਵਾਰ ਆਸਾ, ਮ: ੧, ਪੰਨਾ 472)*

ਜਿਵੇਂ ਪਹਿਲਾਂ ਉਲੇਖ ਕੀਤਾ ਹੈ ਕਿ ਲੋਕ-ਮਨਾਂ ਵਿਚ ਤੀਰਥਾਂ 'ਤੇ ਜਾ ਕੇ ਇਸ਼ਨਾਨ ਕਰਨਾ ਅਥਵਾ ਪੂਜਾ ਕਰਨ ਉਪਰੰਤ ਦਾਨ ਪੁੰਨ ਕਰਨ ਨੂੰ ਚੰਗਾ ਮੰਨਿਆ ਜਾਂਦਾ ਸੀ, ਪਰ ਗੁਰੂ ਜੀ ਨੇ ਤੀਰਥ ਇਸ਼ਨਾਨ ਕਰਨ ਦਾ ਖੰਡਣ ਕੀਤਾ। ਤੀਰਥ ਇਸ਼ਨਾਨ ਦੀ ਵਿਲੱਖਣ ਵਿਆਖਿਆ ਕਰ ਕੇ, ਸਮਝਾਉਣ ਦਾ ਜਤਨ ਕੀਤਾ ਕਿ ਅਸਲ ਤੀਰਥ ਤਾਂ ਰੱਬੀ ਗੁਣਾਂ ਨੂੰ ਧਾਰਨ ਕਰਨਾ ਹੀ ਹੈ ਅਤੇ ਸ਼ਬਦ ਵਿਚਾਰ ਦੁਆਰਾ, ਉਸ ਪ੍ਰਭੂ ਨਾਲ ਸਾਂਝ ਬਣਦੀ ਹੈ :

**ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ ॥**
**ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ ॥**

*(ਧਨਾਸਰੀ ਮ: ੧, ਪੰਨਾ 687)*

ਭਾਈ ਕਾਨ੍ਹ ਸਿੰਘ ਜੀ ਨਾਭਾ ਤੀਰਥਾਂ ਪ੍ਰਤੀ ਸੰਖੇਪ ਵਿਆਖਿਆ ਕਰਦੇ ਹਨ :

"ਲੋਕਾਂ ਨੂੰ ਹਿੱਤ ਦਾ ਉਪਦੇਸ਼ ਦੇਣ, ਕੁਕਰਮਾਂ ਦੇ ਬੰਧਨਾਂ ਤੋਂ ਮੁਕਤ ਕਰਨ ਅਤੇ ਆਮਿਲ ਤਥਾ ਆਲਿਮ ਸੱਜਣਾਂ ਦੀ ਸੰਗਤਿ ਤੋਂ ਲਾਭ ਪ੍ਰਾਪਤ ਕਰਨ ਅਰ ਵਾਕਫ਼ੀਅਤ ਵਧਾਉਣ ਲਈ ਤੀਰਥਾਂ 'ਤੇ ਜਾਣਾ ਲਾਭਦਾਇਕ ਹੈ, ਪਰ ਕੇਵਲ ਤੀਰਥ ਇਸ਼ਨਾਨ ਅਤੇ ਦਰਸ਼ਨ ਤੋਂ ਹੀ ਗਤਿ ਮੰਨਣੀ ਅਵਿੱਦਿਆ ਹੈ। ਜੋ ਲੋਕ ਬਾਲਕ, ਬਿਰਧ, ਰੋਗੀ ਅਤੇ ਕਮਜ਼ੋਰ ਇਸਤਰੀਆਂ ਨੂੰ ਤੀਰਥਾਂ ਦੀ ਭੀੜ ਵਿਚ ਲਿਜਾ ਕੇ ਦੁੱਖ ਦੇਣ ਦਾ ਕਾਰਨ ਬਣਦੇ ਅਤੇ ਬੇਅੰਤ ਭਿਆਨਕ ਰੋਗਾਂ ਦੇ ਫੈਲਾਉਣ ਵਿਚ ਸਹਾਈ ਹੁੰਦੇ ਹਨ, ਉਹ ਦੇਸ਼ ਅਤੇ ਕੌਮ ਦੇ ਵੈਰੀ ਅਰ ਨਿਰਾਰਥਕ ਧਨ ਨਾਸ਼ ਕਰਨ ਦੇ ਦੋਸ਼ੀ ਹਨ।"

*(ਭਾਈ ਕਾਨ ਸਿੰਘ ਨਾਭਾ, ਗੁਰਮਤਿ ਮਾਰਤੰਡ, ਪੰਨਾ 559)*

ਗੁਰੂ ਨਾਨਕ ਸਾਹਿਬ ਨੇ ਸਿੱਧਾਂ ਨਾਲ ਗੋਸ਼ਟ ਕੀਤੀ ਅਤੇ ਉਨ੍ਹਾਂ ਵਲੋਂ ਸਮਾਜ

ਤੋਂ ਦੂਰ ਭੱਜ ਕੇ ਜੰਗਲਾਂ ਵਿਚ ਭਗਤੀ ਕਰਨ ਨੂੰ ਰੱਦ ਕੀਤਾ ਅਤੇ ਜਿਥੇ ਗੁਰੂ ਸਾਹਿਬ ਨੇ ਧਰਮ ਦੇ ਬੁਰਕੇ ਵਿਚ, ਧਰਮੀ ਆਗੂਆਂ ਨੂੰ ਭੰਡਿਆ ਅਤੇ ਸਮਾਜ ਦੇ ਉਜਾੜੇ ਲਈ ਜ਼ੁੰਮੇਵਾਰ ਮੰਨਿਆ, ਉਥੇ ਜੋਗੀਆਂ ਨੂੰ ਧਰਮ ਦੇ ਖੇਤਰ ਵਿਚ ਅਗਿਆਨੀ ਆਖਿਆ। ਸਮਾਜ ਦੇ ਅੰਦਰ ਕੁਝ ਲੋਕ ਧਰਮ ਦਾ ਪਖੰਡ ਕਰ ਕੇ ਸਰੀਰ ਤੋਂ ਨਿਰਵਸਤਰ ਰਹਿ ਕੇ, ਆਪਣੇ ਸਰੀਰਾਂ 'ਤੇ ਸੁਆਹ ਮਲਦੇ ਸਨ, ਤੀਰਥਾਂ ਦਾ ਭਰਮਣ ਕਰਦੇ ਸਨ, ਕਈ ਭੁੱਖੇ ਰਹਿ ਕੇ ਲੋਕਾਂ ਨੂੰ ਭਰਮਾਉਣ ਦਾ ਜਤਨ ਕਰਦੇ ਸਨ ਅਤੇ ਮੜ੍ਹੀਆਂ ਮਸਾਣਾਂ ਵਿਚ ਡੇਰੇ ਲਗਾਉਂਦੇ ਸਨ, ਕਈ ਧਾਰਮਿਕ ਪੁਸਤਕਾਂ ਦੇ ਰਟਣ ਕਰਨਾ ਹੀ ਪੁੰਨ ਸਮਝਦੇ ਸਨ, ਗੁਰੂ ਨਾਨਕ ਸਾਹਿਬ ਅਜਿਹੇ ਕਰਮ-ਕਾਂਡ ਕਰਨ ਵਾਲਿਆਂ ਪ੍ਰਤੀ ਆਖਦੇ ਹਨ :

**ਲਿਖਿ ਲਿਖਿ ਪੜਿਆ ॥ ਤੇਤਾ ਕੜਿਆ ॥**
**ਬਹੁ ਤੀਰਥ ਭਵਿਆ ॥ ਤੇਤੋ ਲਵਿਆ ॥**
**ਬਹੁ ਭੇਖ ਕੀਆ, ਦੇਹੀ ਦੁਖੁ ਦੀਆ ॥**
**ਸਹੁ ਵੇ ਜੀਆ ਅਪਣਾ ਕੀਆ ॥**
**ਅੰਨੁ ਨ ਖਾਇਆ ਸਾਦੁ ਗਵਾਇਆ ॥**
**ਬਹੁ ਦੁਖੁ ਪਾਇਆ ਦੂਜਾ ਭਾਇਆ ॥**
**ਬਸਤ੍ਰ ਨ ਪਹਿਰੈ ॥ ਅਹਿਨਿਸ ਕਹਰੈ ॥**
**ਮੋਨਿ ਵਿਗੂਤਾ ॥ ਕਿਉ ਜਾਗੈ ਗੁਰ ਬਿਨੁ ਸੂਤਾ ॥**
**ਪਗ ਉਪੇਤਾਣਾ ॥ ਅਪਣਾ ਕੀਆ ਕਮਾਣਾ ॥**
**ਅਲੁ ਮਲੁ ਖਾਈ ਸਿਰਿ ਛਾਈ ਪਾਈ ॥**
**ਮੂਰਖਿ ਅੰਧੈ ਪਤਿ ਗਵਾਈ ॥**
**ਵਿਣੁ ਨਾਵੈ ਕਿਛੁ ਥਾਇ ਨ ਪਾਈ ॥**
**ਰਹੈ ਬੇਬਾਣੀ ਮੜੀ ਮਸਾਣੀ ॥**
**ਅੰਧੁ ਨ ਜਾਣੈ ਫਿਰਿ ਪਛੁਤਾਣੀ ॥**
**ਸਤਿਗੁਰ ਭੇਟੇ ਸੋ ਸੁਖੁ ਪਾਏ ॥**
**ਹਰਿ ਕਾ ਨਾਮੁ ਮੰਨਿ ਵਸਾਏ ॥** *(ਵਾਰ ਆਸਾ, ਮ: ੧, ਪੰਨਾ 467)*

ਇਹ ਸੂਤਕ-ਪਾਤਕ ਦਾ ਵਹਿਮ ਹਿੰਦੂ ਧਰਮ ਸ਼ਾਸਤਰਾਂ ਦੁਆਰਾ ਪ੍ਰਚੱਲਤ ਕੀਤਾ ਹੋਇਆ ਹੈ। ਹੈਰਾਨੀ ਇਸ ਗੱਲ ਦੀ ਹੈ ਕਿ ਇਹ ਸੂਤਕ-ਪਾਤਕ ਵੱਖ-ਵੱਖ ਜਾਤੀਆਂ ਜਾਂ ਵਰਣ ਵਿਚ ਇੱਕੋ ਜਿਹਾ ਪ੍ਰਭਾਵ ਨਹੀਂ ਰੱਖਦਾ। ਇਸ ਸੂਤਕ-ਪਾਤਕ ਦਾ ਮੁੱਖ ਕਾਰਨ ਪਰਿਵਾਰ ਵਿਚ ਬੱਚਾ ਜੰਮਣ ਜਾਂ ਕਿਸੇ ਦੀ ਮੌਤ ਨਾਲ ਹੁੰਦਾ ਹੈ। ਬੱਚਾ ਜੰਮਣ ਅਤੇ ਕਿਸੇ ਪ੍ਰਾਣੀ ਦੀ ਮੌਤ ਨਾਲ ਘਰ ਅਸ਼ੁੱਧ ਹੋ ਜਾਂਦਾ ਹੈ। ਇਹ ਅਸ਼ੁੱਧੀ ਬ੍ਰਾਹਮਣ ਦੇ ਘਰ ਬਾਰ੍ਹਾਂ ਦਿਨ, ਛਤਰੀ ਦੇ ਤੇਰ੍ਹਾਂ ਦਿਨ, ਵੈਸ਼ ਦੇ ਸਤਾਰਾਂ ਦਿਨ ਅਤੇ ਸ਼ੂਦਰ ਦੇ ਤੀਹ ਦਿਨ ਤਕ ਰਹਿੰਦੀ ਹੈ। ਗੁਰੂ ਨਾਨਕ ਸਾਹਿਬ ਆਖਦੇ ਹਨ ਕਿ ਇਸ ਵਹਿਮ ਅਨੁਸਾਰ ਕੋਈ ਅਜਿਹਾ ਅਸਥਾਨ ਨਹੀਂ, ਜਿਥੇ ਸੂਤਕ ਨਾ ਹੋਵੇ :

**ਜੇ ਕਰਿ ਸੂਤਕੁ ਮੰਨੀਐ ਸਭ ਤੈ ਸੂਤਕੁ ਹੋਇ ॥**
**ਗੋਹੇ ਅਤੈ ਲਕੜੀ ਅੰਦਰਿ ਕੀੜਾ ਹੋਇ ॥**
**ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨ ਕੋਇ ॥**
**ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ ॥**
**ਸੂਤਕੁ ਕਿਉ ਕਰਿ ਰਖੀਐ ਸੂਤਕੁ ਪਵੈ ਰਸੋਇ ॥**
**ਨਾਨਕ ਸੂਤਕੁ ਏਵ ਨ ਉਤਰੈ ਗਿਆਨੁ ਉਤਾਰੇ ਧੋਇ ॥**

*(ਵਾਰ ਆਸਾ, ਮ: ੧, ਪੰਨਾ 472)*

ਗੁਰੂ ਸਾਹਿਬ ਦਾਰਸ਼ਨਿਕ ਵਿਚਾਰਧਾਰਾ ਦੁਆਰਾ ਦੱਸ ਰਹੇ ਹਨ ਕਿ ਕੋਈ ਅਜਿਹੀ ਥਾਂ ਨਹੀਂ ਹੋ ਸਕਦੀ, ਜਿਥੇ ਸੂਤਕ ਨਾ ਹੋਵੇ। ਹਰ ਰਸੋਈ ਵਿਚ ਗੋਹੇ ਅਤੇ ਲੱਕੜੀ ਦੀ ਵਰਤੋਂ ਹੁੰਦੀ ਹੈ। ਉਨ੍ਹਾਂ ਵਿਚ ਜੀਵਤ ਕੀੜੇ ਹੁੰਦੇ ਹਨ ਅਤੇ ਜੰਮਦੇ-ਮਰਦੇ ਰਹਿੰਦੇ ਹਨ। ਪਾਣੀ ਵੀ ਜੀਵ ਹੀ ਸਮਝੋ, ਇਸ ਨਾਲ ਸਭ ਪਾਸੇ ਹਰਿਆਵਲੀ ਹੁੰਦੀ ਹੈ ਅਤੇ ਜੀਵਨ ਮਿਲਦਾ ਹੈ। ਅਜਿਹੇ ਵਹਿਮ ਤੋਂ ਮੁਕਤੀ, ਗਿਆਨ ਪ੍ਰਾਪਤੀ ਦੁਆਰਾ ਹੀ ਹੋ ਸਕਦੀ ਹੈ।

ਅਜੋਕੇ ਸਮੇਂ ਵੀ ਪੰਜਾਬੀ ਤੇ ਸਿੱਖ ਪਰਿਵਾਰਾਂ ਵਿਚ ਕਿਸੇ ਨਾ ਕਿਸੇ ਰੂਪ ਵਿਚ ਸੂਤਕ-ਪਾਤਕ ਦੇਖਣ ਨੂੰ ਮਿਲਦਾ ਹੈ। ਜਦੋਂ ਕਦੀ ਕਿਸੇ ਪਰਿਵਾਰ ਵਿਚ ਵਿਆਹ ਜਾਂ ਖ਼ੁਸ਼ੀ ਦਾ ਸਮਾਗਮ ਰੱਖਿਆ ਹੋਵੇ ਅਤੇ ਕਿਸੇ ਰਿਸ਼ਤੇਦਾਰ ਜਾਂ ਦੋਸਤ ਦੇ ਘਰ ਮੌਤ ਹੋਈ ਹੋਵੇ ਤਾਂ ਉਥੇ ਸੋਗ ਕਰਨ ਜਾਣ ਲਈ ਸੰਕੋਚ ਕੀਤਾ ਜਾਂਦਾ ਹੈ। ਜੇਕਰ ਗੁਰਮਤਿ ਨੂੰ ਆਧਾਰ ਬਣਾਈਏ ਤਾਂ ਇਹੋ ਜਿਹਾ ਵਹਿਮ ਖ਼ਤਮ ਹੋਣਾ ਚਾਹੀਦਾ ਹੈ।

ਇਕ ਹੋਰ ਵਹਿਮ ਪ੍ਰਚੱਲਤ ਸੀ ਕਿ ਲੋਕ ਆਪਣੇ ਵੱਡੇ ਵਡੇਰਿਆਂ ਦੀਆਂ ਮਟੀਆਂ ਜਾਂ ਕਬਰਾਂ ਨੂੰ ਪੂਜਦੇ ਸਨ। ਉਪਰੋਕਤ ਕਰਮ-ਕਾਂਡ ਅਜੋਕੇ ਸਮੇਂ ਵੀ ਵੇਖੇ ਜਾ ਸਕਦੇ ਹਨ, ਜਦੋਂ ਅਗਿਆਨਤਾ ਵੱਸ ਲੋਕਾਂ ਵੱਲੋਂ ਪੀਰਾਂ ਦੀਆਂ ਮਜ਼ਾਰਾਂ ਜਾਂ ਕਬਰਾਂ 'ਤੇ ਚਾਦਰਾਂ ਚੜ੍ਹਾਈਆਂ ਜਾਂਦੀਆਂ ਹਨ। ਦੀਵੇ ਜਲਾਏ ਜਾਂਦੇ ਹਨ। ਗੁਰੂ ਸਾਹਿਬ ਨੇ ਬਾਣੀ ਰਾਹੀਂ ਉਪਦੇਸ਼ ਦਿੱਤਾ ਹੈ ਕਿ ਸਾਨੂੰ ਅਕਾਲ ਪੁਰਖ ਦੀ ਪੂਜਾ ਤੋਂ ਬਿਨਾਂ ਕਿਸੇ ਹੋਰ ਦੇਵੀ-ਦੇਵਤਿਆਂ ਜਾਂ ਮੜ੍ਹੀ ਮਸਾਣਾਂ ਦੀ ਪੂਜਾ ਨਹੀਂ ਕਰਨੀ ਚਾਹੀਦੀ :

**ਦੇਵੀ ਦੇਵਾ ਪੂਜੀਐ ਭਾਈ ਕਿਆ ਮਾਗਉ ਕਿਆ ਦੇਹਿ ॥**
**ਪਾਹਣੁ ਨੀਰਿ ਪਖਾਲੀਐ ਭਾਈ ਜਲ ਮਹਿ ਬੂਡਹਿ ਤੇਹਿ ॥**

*(ਸੋਰਠਿ ਮ: ੧, ਪੰਨਾ 637)*

ਦੁਖਦਾਈ ਪਹਿਲੂ ਇਹ ਹੈ ਕਿ ਅਸੀਂ ਗੁਰੂ ਨਾਨਕ ਸਾਹਿਬ ਜੀ ਦੀ ਕਲਪਿਤ ਤਸਵੀਰ ਜਾਂ ਤਸਵੀਰਾਂ ਘਰਾਂ ਵਿਚ ਸਜਾ ਕੇ ਰੱਖਦੇ ਹਾਂ, ਭਾਵ ਅਸੀਂ ਮੂਰਤੀ ਪੂਜਾ ਹੀ ਕਰ ਰਹੇ ਹਾਂ। ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਪ੍ਰਤੀ ਸਾਡਾ ਰੱਤੀ ਵੀ ਧਿਆਨ ਨਹੀਂ ਜਾਂਦਾ, ਪਰ ਰੁਮਾਲੇ ਚਾੜ੍ਹ ਕੇ ਅਸੀਂ ਸੰਤੁਸ਼ਟ ਹੋ ਰਹੇ ਹਾਂ।

ਗੁਰੂ ਨਾਨਕ ਸਾਹਿਬ ਨੇ ਵੱਖ-ਵੱਖ ਧਰਮਾਂ ਦੇ ਪੈਰੋਕਾਰਾਂ ਅਤੇ ਧਰਮਾਂ ਦੇ ਮੁਖੀਆਂ ਨੂੰ ਸਚਿਆਰ ਬਣਨ ਲਈ ਪ੍ਰੇਰਿਆ ਅਤੇ ਸਚਿਆਰ ਤੇ ਇਮਾਨਦਾਰ ਵਿਅਕਤੀ ਹੀ

ਸਮਾਜ ਅੰਦਰ ਯੋਗ ਅਗਵਾਈ ਦੇਣ ਲਈ ਭੂਮਿਕਾ ਨਿਭਾ ਸਕਦੇ ਹਨ, ਜਿਵੇਂ ਬ੍ਰਾਹਮਣ ਪ੍ਰਤੀ ਉਨ੍ਹਾਂ ਉਪਦੇਸ਼ ਦਿੱਤਾ:

**ਸੋ ਬ੍ਰਹਮਣੁ ਜੋ ਬਿੰਦੈ ਬ੍ਰਹਮੁ ॥**
**ਜਪੁ ਤਪੁ ਸੰਜਮੁ ਕਮਾਵੈ ਕਰਮੁ ॥**
**ਸੀਲ ਸੰਤੋਖ ਕਾ ਰਖੈ ਧਰਮੁ ॥**
**ਬੰਧਨ ਤੋੜੈ ਹੋਵੈ ਮੁਕਤੁ ॥**
**ਸੋਈ ਬ੍ਰਹਮਣੁ ਪੂਜਣ ਜੁਗਤੁ** *(ਸਲੋਕ ਵਾਰਾ ਤੇ ਵਧੀਕ, ਮ: ੧, ਪੰਨਾ 1411)*

ਉਨ੍ਹਾਂ ਨੇ ਖੱਤ੍ਰੀ (ਕਸ਼ੱਤਰੀ) ਵਰਗ ਦੇ ਲੋਕਾਂ ਪ੍ਰਤੀ ਵੀ ਬਚਨ ਕਹੇ:

**ਖਤ੍ਰੀ ਸੋ ਜੁ ਕਰਮਾ ਕਾ ਸੂਰੁ ॥**
**ਪੁੰਨ ਦਾਨ ਕਾ ਕਰੈ ਸਰੀਰੁ ॥**
**ਖੇਤੁ ਪਛਾਣੈ ਬੀਜੈ ਦਾਨੁ ॥**
**ਸੋ ਖਤ੍ਰੀ ਦਰਗਹ ਪਰਵਾਣੁ ॥** *(ਸਲੋਕ ਵਾਰਾ ਤੇ ਵਧੀਕ, ਮ: ੧, ਪੰਨਾ 1411)*

ਪਹਿਲਾਂ ਬ੍ਰਾਹਮਣ ਨੂੰ ਆਖ ਰਹੇ ਹਨ ਕਿ ਉਹ ਹੀ ਅਸਲ ਬ੍ਰਾਹਮਣ ਹੈ, ਜੇਕਰ ਉਹ ਨਿਰੰਕਾਰ ਨਾਲ ਡੂੰਘੀ ਸਾਂਝ ਪਾ ਕੇ ਰੱਖਦਾ ਹੈ, ਉਸ ਨਿਰੰਕਾਰ ਦੀ ਸੱਚੀ ਬੰਦਗੀ ਕਰਦਾ ਹੈ, ਸੁਭਾਅ ਕਰਕੇ ਨਿਮਰਤਾ ਰੱਖੇ ਅਤੇ ਮਾਇਆ ਦੇ ਮੋਹ ਤੋਂ ਮੁਕਤ ਹੋਵੇ, ਇਹੋ ਜਿਹੇ ਬ੍ਰਾਹਮਣ ਹੀ ਆਦਰ ਸਤਿਕਾਰ ਦੇ ਪਾਤਰ ਹੋ ਸਕਦੇ ਹਨ। ਫਿਰ ਖੱਤਰੀ ਲਈ ਵੀ ਉਪਦੇਸ਼ ਹੈ ਕਿ ਉਹ ਆਪਣੇ ਅੰਦਰੋਂ ਕਾਮਾਦਿਕ ਵੈਰੀਆਂ (ਕਾਮ, ਕ੍ਰੋਧ, ਲੋਭ, ਮੋਹ ਆਦਿ) ਨੂੰ ਖ਼ਤਮ ਕਰਨ ਵਾਲਾ ਨੇਕ ਸੂਰਮਾ ਬਣੇ ਅਤੇ ਭਲਾ ਕੰਮ ਕਰਨ ਲਈ ਸਦਾ ਤੱਤਪਰ ਰਹੇ, ਆਪਣੇ ਅੰਦਰ ਪ੍ਰਭੂ ਦੇ ਨਾਮ ਦਾ ਬੀਜ ਬੀਜੇ, ਤਦ ਹੀ ਅਜਿਹਾ ਖੱਤਰੀ ਪ੍ਰਵਾਨ ਹੋ ਸਕਦਾ ਹੈ।

ਉਸ ਸਮੇਂ ਮੁਸਲਮਾਨ ਹਾਕਮ ਸ਼੍ਰੇਣੀ ਸੀ ਅਤੇ ਉਨ੍ਹਾਂ ਨੂੰ ਵੀ ਉਪਦੇਸ਼ ਦਿੱਤਾ ਕਿ ਜੇਕਰ ਉਹ ਆਪਣੇ ਧਰਮ ਦੇ ਅਸੂਲਾਂ ਨੂੰ ਸੱਚੇ ਦਿਲੋਂ ਅਪਨਾਉਣ, ਤਾਂ ਹੀ ਉਹ ਸੱਚੇ ਮੁਸਲਮਾਨ ਅਖਵਾ ਸਕਦੇ ਹਨ:

**ਮੁਸਲਮਾਣੁ ਕਹਾਵਣੁ ਮੁਸਕਲੁ ਜਾ ਹੋਇ ਤਾ ਮੁਸਲਮਾਣੁ ਕਹਾਵੈ ॥**
**ਅਵਲਿ ਅਉਲਿ ਦੀਨੁ ਕਰਿ ਮਿਠਾ ਮਸਕਲ ਮਾਨਾ ਮਾਲੁ ਮੁਸਾਵੈ ॥**
**ਹੋਇ ਮੁਸਲਿਮੁ ਦੀਨ ਮੁਹਾਣੈ ਮਰਣ ਜੀਵਣ ਕਾ ਭਰਮੁ ਚੁਕਾਵੈ ॥**
**ਰਬ ਕੀ ਰਜਾਇ ਮੰਨੇ ਸਿਰ ਉਪਰਿ ਕਰਤਾ ਮੰਨੇ ਆਪੁ ਗਵਾਵੈ ॥**
**ਤਉ ਨਾਨਕ ਸਰਬ ਜੀਆ ਮਿਹਰੰਮਤਿ ਹੋਇ ਤ ਮੁਸਲਮਾਣੁ ਕਹਾਵੈ ॥**
*(ਵਾਰ ਮਾਝ, ਮ: ੧, ਪੰਨਾ 141)*

ਪੁਰਾਤਨ ਪਰੰਪਰਾਵਾਂ ਅਨੁਸਾਰ ਮੁੱਖ ਤੌਰ ’ਤੇ ਜੋ ਵਿੱਦਿਆ ਦਿੱਤੀ ਜਾਂਦੀ ਸੀ, ਉਹ ਜ਼ਿਆਦਾਤਰ ਧਰਮ ਦੇ ਰੰਗ ਵਿਚ ਰੰਗੀ ਹੁੰਦੀ ਸੀ। ਆਮ ਸਮਾਜਿਕ ਲੋੜ ਲਈ ਗਣਿਤ ਤੇ ਅੱਖਰ ਗਿਆਨ ਵੀ ਧਾਰਮਿਕ ਵਿਅਕਤੀਆਂ ਵੱਲੋਂ ਹੀ ਪ੍ਰਾਪਤ ਕੀਤਾ ਜਾ ਸਕਦਾ ਸੀ। ਇਸ ਖੇਤਰ ਵਿਚ ਮੁੱਖ ਤੌਰ ’ਤੇ ਬ੍ਰਾਹਮਣ ਹੀ ਪੰਡਿਤ ਸਮਝਿਆ

ਜਾਂਦਾ ਸੀ ਅਤੇ ਇਸਲਾਮ ਵਿਚ ਮੁੱਲਾਂ ਤੇ ਕਾਜ਼ੀ ਹੀ ਵਿੱਦਿਆ ਸ਼ਾਸਤਰੀ ਮੰਨੇ ਜਾਂਦੇ ਸਨ। ਗੁਰੂ ਨਾਨਕ ਸਾਹਿਬ ਪੰਡਿਤ ਨੂੰ ਸੰਬੋਧਨ ਕਰਦੇ ਹਨ :

**ਪਾਂਡੇ ਐਸਾ ਬ੍ਰਹਮ ਬੀਚਾਰੁ ॥**
**ਨਾਮੇ ਸੁਚਿ ਨਾਮੋ ਪੜਉ ਨਾਮੇ ਚਜੁ ਆਚਾਰ ॥** *(ਆਸਾ ਮ: ੧, ਪੰਨਾ 355)*

**ਪੰਡਿਤ ਪੜਹਿ ਵਖਾਣਹਿ ਵੇਦੁ ॥**
**ਅੰਤਰਿ ਵਸਤੁ ਨ ਜਾਣਹਿ ਭੇਦੁ ॥**
**ਗੁਰ ਬਿਨੁ ਸੋਝੀ ਬੂਝ ਨ ਹੋਇ ॥**
**ਸਾਚਾ ਰਵਿ ਰਹਿਆ ਪ੍ਰਭੁ ਸੋਇ ॥** *(ਆਸਾ ਮ: ੧, ਪੰਨਾ 355)*

ਪੰਡਿਤ ਲੋਕ ਵੇਦ ਪੜ੍ਹਦੇ ਹਨ ਤੇ ਹੋਰਨਾਂ ਨੂੰ ਵਿਆਖਿਆ ਕਰ ਕੇ ਸੁਣਾਉਂਦੇ ਹਨ। ਪਰ ਨਿਰੀ ਵਿੱਦਿਆ ਦੇ ਹੰਕਾਰ ਵਿਚ ਇਹ ਭੇਦ ਨਹੀਂ ਜਾਣਦੇ ਕਿ ਨਾਮ ਪਦਾਰਥ ਸਾਡੇ ਅੰਦਰ ਹੀ ਹੈ, ਪਰ ਇਹ ਸਮਝ ਗੁਰੂ ਦੀ ਸ਼ਰਨ ਪੈਣ ਤੋਂ ਬਿਨਾਂ ਸੰਭਵ ਨਹੀਂ, ਕਿ ਸਦਾ-ਥਿਰ ਰਹਿਣ ਵਾਲਾ ਨਿਰੰਕਾਰ ਹਰ ਇਕ ਦੇ ਅੰਦਰ ਮੌਜੂਦ ਹੈ :

**ਪੰਡਿਤ ਵਾਚਹਿ ਪੋਥੀਆ ਨਾ ਬੂਝਹਿ ਵੀਚਾਰੁ ॥**
**ਅਨ ਕਉ ਮਤੀ ਦੇ ਚਲਹਿ ਮਾਇਆ ਕਾ ਵਾਪਾਰੁ ॥**
**ਕਥਨੀ ਝੂਠੀ ਜਗੁ ਭਵੈ ਰਹਣੀ ਸਬਦੁ ਸੁ ਸਾਰੁ ॥**
*(ਸਿਰੀਰਾਗੁ ਮ: ੧, ਪੰਨਾ 56)*

ਇਹ ਸਿੱਖਿਆ ਹਰ ਵਰਗ ਤੇ ਹਰ ਧਰਮ ਦੇ ਵਿਦਵਾਨਾਂ ਲਈ ਹੈ ਕਿ ਉਹ ਧਰਮ-ਪੁਸਤਕਾਂ ਦੀ ਸਿੱਖਿਆ ਹੋਰਾਂ ਨੂੰ ਦੇ ਕੇ ਸੰਤੁਸ਼ਟ ਹੋ ਜਾਂਦੇ ਹਨ, ਪਰ ਉਹੀ ਸਿੱਖਿਆ ਆਪਣੇ ਜੀਵਨ ਵਿਚ ਲਾਗੂ ਨਹੀਂ ਕਰਦੇ। ਜੇਕਰ ਉਹੀ ਅਧਿਆਪਕ ਜਾਂ ਵਿਦਵਾਨ ਅਧਿਆਤਮਿਕ ਸਿੱਖਿਆ ਨੂੰ ਖ਼ੁਦ ਮੰਨਣ ਤਾਂ ਉਹ ਆਦਰਸ਼ਕ ਵਿਅਕਤੀ ਹੋਣ ਦੀ ਭੂਮਿਕਾ ਨਿਭਾ ਸਕਦੇ ਹਨ। ਰਾਗ ਆਸਾ ਵਿਚ ਗੁਰੂ ਨਾਨਕ ਸਾਹਿਬ ਦੇ ਅਨਮੋਲ ਬਚਨ ਹਨ :

**ਵਿਦਿਆ ਵੀਚਾਰੀ ਤਾਂ ਪਰਉਪਕਾਰੀ ॥**
**ਜਾਂ ਪੰਚ ਰਾਸੀ ਤਾਂ ਤੀਰਥ ਵਾਸੀ ॥** *(ਆਸਾ ਮ: ੧, ਪੰਨਾ 356)*

ਭਾਵ ਜੋ ਇਨਸਾਨ ਵਿੱਦਿਆ ਪ੍ਰਾਪਤ ਕਰ ਕੇ ਦੂਜਿਆਂ ਦਾ ਭਲਾ ਸੋਚਦਾ ਹੈ, ਉਹੀ ਅਸਲ ਵਿਚ ਵਿਚਾਰਵਾਨ ਵਿਅਕਤੀ ਹੈ। ਜਿਸ ਵਿਅਕਤੀ ਨੇ ਆਪਣੇ ਪੰਜ ਕਾਮਾਦਿਕ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ) 'ਤੇ ਕਾਬੂ ਪਾ ਲਿਆ ਹੈ, ਉਹ ਹੀ ਤੀਰਥਾਂ 'ਤੇ ਨਿਵਾਸੀ ਬਣਨ ਯੋਗ ਹੈ। ਸੰਤ ਕਬੀਰ ਜੀ ਫ਼ੁਰਮਾਉਂਦੇ ਹਨ :

**ਬੇਦ ਪੁਰਾਨ ਪੜੇ ਕਾ ਕਿਆ ਗੁਨੁ ਖਰ ਚੰਦਨ ਜਸ ਭਾਰਾ ॥**
**ਰਾਮ ਨਾਮ ਕੀ ਗਤਿ ਨਹੀ ਜਾਨੀ ਕੈਸੇ ਉਤਰਸਿ ਪਾਰਾ ॥**
*(ਰਾਗ ਮਾਰੂ ਕਬੀਰ ਜੀ, ਪੰਨਾ 1103)*

ਇਸਲਾਮ ਧਰਮ ਦੇ ਆਗੂ ਮੁੱਲਾਂ ਨੂੰ ਵੀ ਨਸੀਹਤ ਦਿੰਦੇ ਆਖਦੇ ਹਨ :

**ਮਰਣਾ ਮੁਲਾ ਮਰਣਾ ॥ ਭੀ ਕਰਤਾਰਹੁ ਡਰਣਾ ॥ਰਹਾਉ॥**
**ਤਾ ਤੂ ਮੁਲਾ ਤਾ ਤੂ ਕਾਜੀ ਜਾਣਹਿ ਨਾਮੁ ਖੁਦਾਈ ॥**
**ਜੇ ਬਹੁਤੇਰਾ ਪੜਿਆ ਹੋਵਹਿ ਕੋ ਰਹੈ ਨ ਭਰੀਐ ਪਾਈ ॥**
**ਸੋਈ ਕਾਜੀ ਜਿਨਿ ਆਪੁ ਤਜਿਆ ਇਕੁ ਨਾਮੁ ਕੀਆ ਆਧਾਰੋ ॥**
**ਹੈ ਭੀ ਹੋਸੀ ਜਾਇ ਨ ਜਾਸੀ ਸਚਾ ਸਿਰਜਣਹਾਰੋ ॥**

*(ਸਿਰੀਰਾਗੁ ਮ: ੧, ਪੰਨਾ 24)*

ਹੇ ਮੁੱਲਾ! ਮੌਤ ਹਰ ਇਕ ਦੇ ਸਿਰ ਉੱਤੇ ਹੈ, ਤਾਂ ਫਿਰ ਰੱਬ ਤੋਂ ਹੀ ਡਰਨਾ ਚਾਹੀਦਾ ਹੈ ਭਾਵ ਰੱਬ ਦੀ ਸ਼ਰਨ ਵਿਚ ਆਇਆਂ, ਮੌਤ ਦਾ ਡਰ ਦੂਰ ਹੋ ਜਾਂਦਾ ਹੈ। ਸਿਰਫ਼ ਮਜ਼ਹਬੀ ਕਿਤਾਬਾਂ ਪੜ੍ਹ ਲੈਣ ਨਾਲ ਅਸਲ ਕਾਜ਼ੀ ਤੇ ਮੁੱਲਾਂ ਨਹੀਂ ਬਣ ਜਾਈਦਾ, ਜੇਕਰ ਤੂੰ ਰੱਬ ਨਾਲ ਸੱਚੀ ਸਾਂਝ ਪਾ ਲਵੇਂਗਾ, ਤਾਂ ਹੀ ਤੂੰ ਅਸਲ ਕਾਜ਼ੀ ਤੇ ਮੁੱਲਾਂ ਅਖਵਾ ਸਕੇਂਗਾ। ਨਹੀਂ ਤਾਂ ਤੂੰ ਭਾਵੇਂ ਜਿੰਨੀਆਂ ਮਰਜ਼ੀ ਮਜ਼ਹਬੀ ਪੁਸਤਕਾਂ ਪੜ੍ਹ ਲਵੇਂ, ਮੌਤ ਫਿਰ ਵੀ ਨਹੀਂ ਟਲੇਗੀ ਅਤੇ ਸਮਾਂ ਮੁੱਕਣ ’ਤੇ ਇਥੇ ਕੋਈ ਰਹਿ ਨਹੀਂ ਸਕਦਾ। ਉਹੀ ਵਿਅਕਤੀ ਕਾਜ਼ੀ ਹੈ, ਜਿਸ ਨੇ ਆਪਾ ਤਿਆਗ ਦਿੱਤਾ ਹੈ, ਜਿਸਨੇ ਰੱਬ ਦੇ ਨਾਮ ਨੂੰ ਜ਼ਿੰਦਗੀ ਦਾ ਆਸਰਾ ਬਣਾਇਆ ਹੈ, ਉਹ ਬ੍ਰਹਮ ਸਦਾ ਅਟੱਲ ਹੈ, ਨਾ ਜੰਮਦਾ ਹੈ, ਨਾ ਮਰਦਾ ਹੈ ਤੇ ਸਭ ਨੂੰ ਪੈਦਾ ਕਰਨ ਵਾਲਾ ਹੈ।

ਇਸ ਬਾਰੇ ਸੰਖੇਪ ਵਿਚ ਹੀ ਚਰਚਾ ਜ਼ਰੂਰੀ ਹੈ ਕਿ ਕਿਵੇਂ ਭਾਰਤੀ ਸਮਾਜ ਅੰਦਰ ਹੀ ਲੋਕ-ਵਿਸ਼ਵਾਸ ਬਣਿਆ ਹੋਇਆ ਸੀ ਅਤੇ ਅਜੋਕੇ ਸਮੇਂ ਵੀ ਕਥਾ-ਕਹਾਣੀਆਂ ਦੇ ਬਿਰਤਾਂਤ ਨੂੰ ਪੇਸ਼ ਕਰਨ ਸਮੇਂ ਇਨ੍ਹਾਂ ਜੁਗਾਂ ਦਾ ਉਲੇਖ ਆਮ ਕੀਤਾ ਜਾਂਦਾ ਹੈ। ਇਹ ਚਾਰ ਜੁਗ ਹਨ—ਸਤਜੁਗ, ਤ੍ਰੇਤਾ ਜੁਗ, ਦੁਆਪਰ ਅਤੇ ਕਲਜੁਗ। ਹੈਰਾਨੀ ਇਸ ਗੱਲ ਦੀ ਹੈ ਕਿ ਇਨ੍ਹਾਂ ਦੀ ਲੰਬਾਈ ਨਾਪਣ ਲਈ ਦੇਵਤਿਆਂ ਦੇ ਵਿਸ਼ੇਸ਼ ਕੈਲੰਡਰ ਨੂੰ ਆਧਾਰ ਬਣਾਇਆ ਜਾਂਦਾ ਹੈ। ਗੁਰੂ ਨਾਨਕ ਸਾਹਿਬ ਨੇ ਲੋਕਾਈ ਦੇ ਮਨਾਂ ਤੋਂ ਗ਼ੈਰ-ਵਿਗਿਆਨਕ ਵਿਸ਼ਵਾਸਾਂ ਤੋਂ ਮੁਕਤ ਕਰਨ ਲਈ ਦਾਰਸ਼ਨਿਕ ਵਿਚਾਰਧਾਰਾ ਪੇਸ਼ ਕੀਤੀ ਕਿ ਅਜਿਹੀ ਸੋਚ ਨੂੰ ਕਦੀ ਵੀ ਨਹੀਂ ਮੰਨਿਆ ਜਾ ਸਕਦਾ ਕਿ ਸ੍ਰਿਸ਼ਟੀ ਦੀ ਉਤਪਤੀ ਤੋਂ ਜੁਗ ਵੰਡ ਸ਼ੁਰੂ ਹੋਈ ਅਤੇ ਅਜੋਕੇ ਸਮੇਂ ਕਲਜੁਗ ਦਾ ਸਮਾਂ ਹੈ। ਉਹ ਆਖਦੇ ਹਨ, ਮੁੱਢ ਤੋਂ ਹੀ ਉਹੀ ਚੰਦ, ਉਹੀ ਸੂਰਜ, ਧਰਤੀ, ਹਵਾ ਤੇ ਤਾਰੇ ਹਨ। ਰਾਤ ਨੂੰ ਚੰਦ ਤੇ ਤਾਰੇ ਨਜ਼ਰ ਆਉਂਦੇ ਹਨ ਤੇ ਦਿਨ ਵੇਲੇ ਸੂਰਜ ਤਪਸ਼ ਦਿੰਦਾ ਹੈ, ਫਿਰ ਉਹ ਕਲਜੁਗ ਕਿਥੇ ਹੈ? ਨਾ ਹੀ ਅਸੀਂ ਸੁਣਿਆ ਹੈ ਕਿ ਕਿਸੇ ਥਾਂ ਉਹ ਰਹਿੰਦਾ ਹੈ। ਆਖ਼ਰ ’ਚ ਤੱਤ ਸਾਰ ਇਹੀ ਦੱਸਦੇ ਹਨ ਕਿ ਕੋਈ ਇਨਸਾਨ ਚੰਗੇ ਕੰਮ ਕਰਦਾ ਹੈ ਤਾਂ ਉਹ ਸਮਝੋ ਸਤਜੁਗ ਵਿਚ ਰਹਿ ਰਿਹਾ ਹੈ। ਜੇਕਰ ਕੋਈ ਬੁਰੇ ਕਰਮ ਕਰਦਾ ਹੈ ਤਾਂ ਸਮਝੋ ਇਹੀ ਕਲਜੁਗ ਦੇ ਲੱਛਣ ਹਨ। ਕਲਜੁਗ ਕੋਈ ਵਿਸ਼ੇਸ਼ ਜੁਗ ਜਾਂ ਕੋਈ ਸ਼ੈਅ ਨਹੀਂ। ਇਹ ਤਾਂ ਮਨੁੱਖ ਦੇ ਅੰਦਰ ਮਨ ਦੀਆਂ ਅਵਸਥਾਵਾਂ ਹਨ। ਗੁਰਮਤਿ ਅਨੁਸਾਰ ਨਾ ਕੋਈ ਪਹਿਲਾਂ ਜੁਗ ਬੀਤੇ ਹਨ ਅਤੇ ਨਾ ਹੀ ਭਵਿੱਖ ਵਿਚ ਕੋਈ ਸਤਜੁਗ ਆਵੇਗਾ, ਨਾ ਹੀ ਮੌਜੂਦਾ ਕਾਲ ਕਲਜੁਗ ਹੈ:

**ਸੋਈ ਚੰਦੁ ਚੜਹਿ ਸੇ ਤਾਰੇ ਸੋਈ ਦਿਨੀਅਰੁ ਤਪਤ ਰਹੈ ॥**
**ਸਾ ਧਰਤੀ ਸੋ ਪਉਣੁ ਝੁਲਾਰੇ ਜੁਗ ਜੀਅ ਖੇਲੇ ਥਾਵ ਕੈਸੇ ॥.....**
**ਕਿਤੈ ਦੇਸਿ ਨ ਆਇਆ ਸੁਣੀਐ ਤੀਰਥ ਪਾਸਿ ਨ ਬੈਠਾ ॥**
**ਦਾਤਾ ਦਾਨੁ ਕਰੇ ਤਹ ਨਾਹੀ ਮਹਲ ਉਸਾਰਿ ਨ ਬੈਠਾ ॥**
**ਜੇ ਕੋ ਸਤੁ ਕਰੇ ਸੋ ਛੀਜੈ ਤਪ ਘਰਿ ਤਪੁ ਨ ਹੋਈ ॥**
**ਜੇ ਕੋ ਨਾਉ ਲਏ ਬਦਨਾਵੀ ਕਲਿ ਕੇ ਲਖਣ ਏਈ ॥**

*(ਰਾਮਕਲੀ ਮ: ੧, ਪੰਨਾ 902)*

ਗੁਰੂ ਨਾਨਕ ਸਾਹਿਬ ਨੇ ਸਮਾਜ ਅੰਦਰ ਲੋਕਾਈ ਨੂੰ ਸਚਿਆਰ ਬਣਨ ਲਈ ਪ੍ਰੇਰਿਆ ਅਤੇ ਕਿਸੇ ਦਾ ਪਰਾਇਆ ਧਨ ਜਾਂ ਪਰਾਇਆ ਹੱਕ ਖਾਣ ਨੂੰ ਬੁਰਾ ਦੱਸਿਆ :

**ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ॥**
**ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ ॥**

*(ਵਾਰ ਮਾਝ, ਮ: ੧, ਪੰਨਾ 141)*

ਇਹ ਵੀ ਸਪੱਸ਼ਟ ਹੈ ਕਿ ਜਿਸ ਸਮਾਜ ਅੰਦਰ ਵਧੇਰੇ ਲੋਕਾਂ ਅੰਦਰ ਮਾਇਆ ਕਮਾਉਣ ਲਈ ਲਾਲਚ ਹੋਵੇਗਾ, ਉਸ ਸਮਾਜ ਦੀ ਉੱਨਤੀ ਸੰਭਵ ਨਹੀਂ। ਦੂਸਰਾ, ਗੁਰੂ ਨਾਨਕ ਸਾਹਿਬ ਨੇ ਆਪਣੀ ਬਾਣੀ ਅੰਦਰ, ਇਹ ਵਿਚਾਰ ਵੀ ਦਿੱਤੇ ਕਿ ਬਹੁ-ਗਿਣਤੀ ਦੇ ਲੋਕ, ਜਿਨ੍ਹਾਂ ਨੇ ਬਹੁਤ ਜਲਦ ਬੇਅੰਤ ਧਨ ਇਕੱਠਾ ਕੀਤਾ ਹੈ, ਅਜਿਹਾ ਧਨ ਪਾਪ ਕਰਨ ਤੋਂ ਬਿਨਾਂ ਸੰਭਵ ਨਹੀਂ। ਅਜੋਕੇ ਸਮੇਂ ਸ਼ਾਇਦ ਕੁਝ ਵੀਰ ਉਪਰੋਕਤ ਵਿਚਾਰ ਨਾਲ ਪੂਰੀ ਤਰ੍ਹਾਂ ਸਹਿਮਤ ਨਾ ਹੋਣ। ਵਿਦੇਸ਼ਾਂ ਵਿਚ ਸੁਣਦੇ ਹਾਂ ਕਿ ਵੱਡੀਆਂ ਵੱਡੀਆਂ ਕੰਪਨੀਆਂ ਦੇ ਮੁੱਖ ਪ੍ਰਬੰਧਕਾਂ (ਸੀ. ਈ. ਓਜ਼) ਦੀ ਤਨਖ਼ਾਹ ਕਰੋੜਾਂ ਰੁਪਿਆਂ ਵਿਚ ਹੁੰਦੀ ਹੈ, ਉਪਰੰਤ ਕੁਝ ਮਿਆਰੀ ਖੇਡ ਖੇਡਣ ਵਾਲੇ ਖਿਡਾਰੀ ਵੀ ਪੰਜ ਤੋਂ ਦਸ ਮਿਲੀਅਨ ਸਾਲਾਨਾ ਤਨਖ਼ਾਹਾਂ ਲੈਂਦੇ ਹਨ। ਦੂਜੇ ਪਾਸੇ ਭਾਰਤੀ ਸਮਾਜ ਅੰਦਰ ਮੌਜੂਦਾ ਸਮੇਂ ਰਾਜਨੀਤਕ ਲੋਕ ਸ਼ਰ੍ਹੇਆਮ ਲੁੱਟ-ਖਸੁੱਟ ਕਰਦੇ ਹਨ, ਸਰਕਾਰੀ ਧਨ ਵੀ ਹਜ਼ਮ ਕਰਦੇ ਹਨ। ਗ਼ਰੀਬ ਲੋਕ ਅਤੇ ਮਜ਼ਦੂਰਾਂ ਦੇ ਹੱਕ ਵੀ ਮਾਰੇ ਜਾਂਦੇ ਹਨ। ਗ਼ਰੀਬ ਲੋਕ ਅਤੇ ਮਜ਼ਦੂਰਾਂ ਦੀ ਲੁੱਟ-ਖਸੁੱਟ ਕਰ ਕੇ ਧਨ ਕਮਾਉਣ ਵਾਲਿਆਂ ਪ੍ਰਤੀ ਗੁਰਵਾਕ ਢੁੱਕਵੇਂ ਹਨ :

**ਇਸੁ ਜਰ ਕਾਰਣਿ ਘਣੀ ਵਿਗੁਤੀ ਇਨਿ ਜਰ ਘਣੀ ਖੁਆਈ ॥**
**ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ ॥**

*(ਆਸਾ ਮ: ੧, ਪੰਨਾ 417)*

ਧਨ ਕਮਾਉਣ ਦੀ ਦੌੜ ਵਿਚ ਲੋਕ ਖ਼ੁਆਰ ਹੁੰਦੇ ਹਨ, ਪਾਪ ਜ਼ੁਲਮ ਕਰਨ ਤੋਂ ਬਿਨਾਂ, ਇਹ ਦੌਲਤ ਇਕੱਠੀ ਨਹੀਂ ਹੋ ਸਕਦੀ ਅਤੇ ਮਰਨ ਵੇਲੇ ਮਨੁੱਖ ਦੇ ਨਾਲ ਨਹੀਂ ਜਾ ਸਕਦੀ। ਇਸ ਬਾਰੇ ਪਹਿਲਾਂ ਉਲੇਖ ਕਰ ਚੁੱਕੇ ਹਾਂ ਕਿ ਸਚਿਆਰ ਹੋ ਕੇ ਸੰਸਾਰ ਅੰਦਰ ਜੀਵਨ ਜਿਉਣਾ ਹਰ ਮਨੁੱਖ ਦਾ ਮੁੱਖ ਪ੍ਰਯੋਜਨ ਹੋਵੇ ਤਾਂ ਹੀ ਚੰਗੇ ਸਮਾਜ ਦੀ ਸਿਰਜਣਾ ਕੀਤੀ ਜਾ ਸਕਦੀ ਹੈ ਕਿਉਂਕਿ ਸਚਿਆਰ ਮਨੁੱਖ ਪਹਿਲਾਂ

ਆਪਣੇ ਅੰਦਰੋਂ ਲਾਲਚ, ਲੋਭ ਨੂੰ ਕੱਢ ਦਿੰਦਾ ਹੈ ਅਤੇ ਫਿਰ ਹੀ ਪ੍ਰਭੂ ਨਾਲ ਸਾਂਝ ਪੈ ਸਕਦੀ ਹੈ।

ਹੁਣ ਇਹ ਮੰਨਿਆ ਜਾਂਦਾ ਹੈ ਕਿ ਸਿੱਖ ਧਰਮ ਵਿਚ ਦਸਵੰਧ ਦੀ ਪ੍ਰਥਾ, ਇਕ ਉੱਤਮ ਪਰੰਪਰਾ ਹੈ, ਜਿਸ ਨਾਲ ਲੋੜਵੰਦਾਂ ਦੀ ਮੱਦਦ ਹੋ ਜਾਂਦੀ ਹੈ। ਇਸ ਪ੍ਰਥਾ ਦਾ ਮੁੱਢ ਗੁਰੂ ਨਾਨਕ ਸਾਹਿਬ ਨੇ ਰੱਖਿਆ ਕਿ ਮਨੁੱਖ ਜੇਕਰ ਨੇਕ ਕਮਾਈ ਕਰਦਾ ਹੈ ਅਤੇ ਉਸ ਕਮਾਈ ਵਿੱਚੋਂ ਲੋੜਵੰਦਾਂ ਦੀ ਸਹਾਇਤਾ ਕਰਦਾ ਹੈ, ਅਸਲ ਵਿਚ ਉਸ ਨੇ ਹੀ ਗੁਰਮਤਿ ਨੂੰ ਸਮਝਿਆ ਹੈ :

**ਘਾਲਿ ਖਾਇ ਕਿਛੁ ਹਥਹੁ ਦੇਇ ॥**
**ਨਾਨਕ ਰਾਹੁ ਪਛਾਣਹਿ ਸੇਇ ॥** *(ਵਾਰ ਸਾਰੰਗ, ਮ: ੧, ਪੰਨਾ 1245)*

ਗੁਰੂ ਨਾਨਕ ਸਾਹਿਬ ਜੀ ਨੇ, ਉਸ ਸਮੇਂ ਦੇ ਸਮਾਜ ਅੰਦਰ ਸਮੂਹ ਪਰਿਸਥਿਤੀਆਂ ਦਾ ਮੁਲਾਂਕਣ ਕੀਤਾ ਸੀ ਅਤੇ ਜੋ ਲੋਕ ਆਪਣੀਆਂ ਸੰਪਰਦਾਵਾਂ ਜਾਂ ਫ਼ਿਰਕਿਆਂ ਦੇ ਧਾਰਮਿਕ ਮੁਖੀ ਅਖਵਾ ਰਹੇ ਸਨ, ਉਹ ਆਪਣੇ ਕੰਮਾਂ ਪ੍ਰਤੀ ਇਮਾਨਦਾਰ ਨਹੀਂ ਸਨ। ਗੁਰੂ ਸਾਹਿਬ ਨੇ ਅਜਿਹੇ ਲੋਕਾਂ ਨੂੰ ਸਮਾਜ ਦੇ ਉਜਾੜੇ ਲਈ ਜ਼ੁੰਮੇਵਾਰ ਦੱਸਿਆ। ਦੂਜੇ ਪਾਸੇ, ਕਾਫ਼ੀ ਲੋਕ ਆਪਣੇ ਪਰਿਵਾਰਾਂ ਨੂੰ ਛੱਡ ਕੇ ਭਗਤੀ ਜਾਂ ਤਪ ਸਾਧਨਾ ਲਈ ਬੀਆਬਾਨਾਂ ਜਾਂ ਪਹਾੜਾਂ 'ਤੇ ਜਾ ਟਿਕਦੇ ਸਨ, ਉਨ੍ਹਾਂ ਦੇ ਮਾਰਗ ਦਾ ਖੰਡਣ ਕੀਤਾ :

**ਹਾਥ ਕਮੰਡਲੁ ਕਾਪੜੀਆ ਮਨਿ ਤ੍ਰਿਸਨਾ ਉਪਜੀ ਭਾਰੀ ॥**
**ਇਸਤ੍ਰੀ ਤਜਿ ਕਰਿ ਕਾਮਿ ਵਿਆਪਿਆ ਚਿਤੁ ਲਾਇਆ ਪਰ ਨਾਰੀ ॥**
*(ਮਾਰੂ ਮ: ੧, ਪੰਨਾ 1013)*

ਗੁਰੂ ਸਾਹਿਬ ਅਨੁਸਾਰ ਗੁਰਮੁਖ ਹੀ ਗ੍ਰਿਹਸਤੀ ਤੇ ਉਦਾਸੀ ਹੈ, ਜਿਸ ਨੇ ਆਪਣੇ ਸਵੈ-ਜੀਵਨ ਨੂੰ ਸਾਧ ਲਿਆ ਹੈ :

**ਸੋ ਗਿਰਹੀ ਜੋ ਨਿਗ੍ਰਹੁ ਕਰੈ ॥**
**ਜਪੁ ਤਪੁ ਸੰਜਮੁ ਭੀਖਿਆ ਕਰੈ ॥**
**ਪੁੰਨ ਦਾਨ ਕਾ ਕਰੇ ਸਰੀਰੁ ॥**
**ਸੋ ਗਿਰਹੀ ਗੰਗਾ ਕਾ ਨੀਰੁ ॥** *(ਵਾਰ ਰਾਮਕਲੀ ਮ: ੩, ਪੰਨਾ 952)*

ਭਗਤ ਕਬੀਰ ਜੀ ਦਾ ਰਾਗ ਸੋਰਠਿ ਵਿਚ ਇਸ ਬਾਰੇ ਬਚਨ ਹੈ :

**ਕਬਿਤ ਪੜੇ ਪੜਿ ਕਬਿਤਾ ਮੂਏ ਕਪੜ ਕੇਦਾਰੈ ਜਾਈ ॥**
**ਜਟਾ ਧਾਰਿ ਧਾਰਿ ਜੋਗੀ ਮੂਏ ਤੇਰੀ ਗਤਿ ਇਨਹਿ ਨ ਪਾਈ ॥**
*(ਸੋਰਠਿ ਕਬੀਰ ਜੀ, ਪੰਨਾ 654)*

ਜੋ ਮਨੁੱਖ ਆਪਣੇ ਪਰਿਵਾਰ ਵਿਚ ਰਹਿੰਦਿਆਂ, ਲੋਭ ਲਾਲਚ ਅਤੇ ਮੋਹ ਮਮਤਾ ਦੀ ਪਕੜ ਤੋਂ ਮੁਕਤ ਹੋ ਕੇ, ਰੱਬੀ ਬੰਦਗੀ ਅਤੇ ਸੰਜਮੀ ਜੀਵਨ ਜੀਉਣ ਲਈ ਜਾਚਨਾ ਕਰਦਾ ਹੈ, ਉਹ ਸੱਚਾ ਗ੍ਰਿਹਸਤੀ ਤੇ ਸ੍ਰੇਸ਼ਟ ਵਿਅਕਤੀ ਹੈ। ਉਹ ਇਮਾਨਦਾਰੀ ਨਾਲ

ਮਿਹਨਤ ਕਰ ਕੇ ਪਰਿਵਾਰ ਦਾ ਨਿਰਬਾਹ ਕਰਦਾ ਹੈ ਅਤੇ ਹੱਥੋਂ ਦੇ ਕੇ ਭਲਾ ਮਨਾਉਂਦਾ ਹੈ।

ਅਸੀਂ ਗੁਰੂ ਨਾਨਕ ਸਾਹਿਬ ਦੇ ਸਿਧਾਂਤਾਂ ਨੂੰ ਮੁੱਖ ਰੂਪ ਵਿਚ ਕਿਰਤ ਕਰਨੀ, ਨਾਮ ਜਪਣਾ ਤੇ ਵੰਡ ਛਕਣਾ ਆਖ ਕੇ ਪ੍ਰਚਾਰਦੇ ਹਾਂ। ਜੇਕਰ ਕੋਈ ਵਿਅਕਤੀ ਹੱਥੀਂ ਕਿਰਤ ਨਹੀਂ ਕਰਦਾ ਅਤੇ ਫਿਰ ਵੀ ਧਰਮੀ ਹੋਣ ਦਾ ਵਿਖਾਵਾ ਕਰੇ ਤਾਂ ਗੁਰਮਤਿ ਦੀ ਕਸਵੱਟੀ ਅਨੁਸਾਰ ਉਹ ਸ੍ਰੇਸ਼ਟ ਆਦਮੀ ਨਹੀਂ ਹੋ ਸਕਦਾ। ਇਸ ਉਪਰੰਤ ਜੇ ਮਨੁੱਖ ਕਿਰਤ ਨਾ ਕਰਦਾ ਹੋਵੇ, ਉਹ ਕਿਸੇ ਲੋੜਵੰਦ ਦੀ ਮੱਦਦ ਨਹੀਂ ਕਰ ਸਕਦਾ, ਤਾਂ ਉਹ ਸਮਾਜ 'ਤੇ ਭਾਰ ਹੀ ਸਮਝਿਆ ਜਾਵੇਗਾ। 2021-22 ਵਿਚ ਹਜ਼ਾਰਾਂ ਨੰਗੇ ਸਾਧ ਜਾਂ ਸਿਰਫ਼ ਲੰਗੋਟੀ ਪਹਿਨੇ, ਹਰਿਦੁਆਰ ਵਿਖੇ ਇਸ਼ਨਾਨ ਕਰਨ ਲਈ ਹਫ਼ੜਾ-ਦਫ਼ੜੀ ਗੰਗਾ ਵਿਚ ਕੁੱਦੇ। ਇੱਕੀਵੀਂ ਸਦੀ ਵਿਚ ਜਿਥੇ ਲੋਕ ਨੰਗੇ ਰਹਿਣ ਅਤੇ ਫਿਰ ਵੀ ਲੋਕ ਉਨ੍ਹਾਂ ਦੇ ਚਰਨਾਂ ਵਿਚ ਮੱਥੇ ਟੇਕਣ, ਤਾਂ ਅੰਦਾਜ਼ਾ ਲਗਾ ਸਕਦੇ ਹਾਂ ਕਿ ਕਿਵੇਂ ਲੋਕ ਅਗਿਆਨਤਾ ਦੇ ਹਨੇਰੇ ਵਿਚ ਜੀਅ ਰਹੇ ਹਨ। ਗੁਰੂ ਸਾਹਿਬ ਦਾ ਬਚਨ ਹੈ :

**ਇਕਿ ਨਾਗੇ ਭੂਖੇ ਭਵਹਿ ਭਵਾਏ ॥**
**ਇਕਿ ਹਠੁ ਕਰਿ ਮਰਹਿ ਨ ਕੀਮਤਿ ਪਾਏ ॥**
**ਗਤਿ ਅਵਿਗਤ ਕੀ ਸਾਰ ਨ ਜਾਣੈ ਬੂਝੈ ਸਬਦੁ ਕਮਾਈ ਹੇ ॥**

*(ਮਾਰੂ ਸੋਲਹੇ ਮ: ੧, ਪੰਨਾ 1025)*

ਅਜਿਹੇ ਲੋਕਾਂ ਨੂੰ ਮਨੁੱਖਾ ਜੀਵਨ ਜੀਣ ਦੀ ਜਾਚ ਨਹੀਂ ਅਤੇ ਮਨੁੱਖਾ ਜੀਵਨ ਦੇ ਮਨੋਰਥ ਨੂੰ ਕਿਵੇਂ ਸਮਝਣ ? ਆਤਮਕ ਜੀਵਨ ਬਾਰੇ ਉਹੀ ਇਨਸਾਨ ਸਮਝਦਾ ਹੈ, ਜੋ ਗੁਰ-ਉਪਦੇਸ਼ ਅਨੁਸਾਰ ਜੀਵਨ ਢਾਲਦਾ ਹੈ।

ਇਸ ਕਰਕੇ ਗੁਰੂ ਨਾਨਕ ਸਾਹਿਬ ਨੇ ਮੰਗ ਕੇ ਖਾਣ ਵਾਲੇ, ਜਾਂ ਹੱਠ ਕਰ ਕੇ ਤਪ ਸਾਧਨ ਕਰਨ ਵਾਲਿਆਂ ਨੂੰ ਧਰਮੀ ਨਹੀਂ ਮੰਨਿਆ। ਉਨ੍ਹਾਂ ਲਈ ਇਹ ਵਿਚਾਰ ਦਿੱਤੇ :

**ਗਿਆਨ ਵਿਹੂਣਾ ਗਾਵੈ ਗੀਤ ॥**
**ਭੁਖੇ ਮੁਲਾਂ ਘਰੇ ਮਸੀਤਿ ॥**
**ਮਖਟੂ ਹੋਇ ਕੈ ਕੰਨ ਪੜਾਏ ॥**
**ਫਕਰੁ ਕਰੇ ਹੋਰੁ ਜਾਤਿ ਗਵਾਏ ॥**
**ਗੁਰੁ ਪੀਰੁ ਸਦਾਏ ਮੰਗਣ ਜਾਇ ॥**
**ਤਾ ਕੈ ਮੂਲਿ ਨ ਲਗੀਐ ਪਾਇ ॥** *(ਵਾਰ ਸਾਰੰਗ, ਮ: ੧, ਪੰਨਾ 1245)*

ਕਿਰਤ ਕਿਸੇ ਪ੍ਰਕਾਰ ਦੀ ਹੋ ਸਕਦੀ ਹੈ, ਕੋਈ ਸਰਕਾਰੀ ਨੌਕਰੀ ਕਰ ਸਕਦਾ ਹੈ, ਵਪਾਰੀ ਜਾਂ ਖੇਤੀਬਾੜੀ ਕਰਨ ਵਾਲਾ ਕਿਰਸਾਨ ਹੋ ਸਕਦਾ ਹੈ; ਪਰ ਹਰ ਇਕ ਲਈ ਇਮਾਨਦਾਰੀ ਤੇ ਸੱਚੇ ਸੁੱਚੇ ਹੋਣਾ ਜ਼ਰੂਰੀ ਹੈ, ਭਾਵ ਮਨ ਵਿਚ ਕਦੀ ਵੀ ਬੇਈਮਾਨੀ ਜਾਂ ਲੁੱਟ-ਖਸੁੱਟ ਦੀ ਭਾਵਨਾ ਉਤਪੰਨ ਨਾ ਹੋਵੇ।

ਅਜੋਕੇ ਸਮੇਂ ਕਿਰਤ ਸਿਧਾਂਤ ਦੀ ਸਾਰਥਿਕਤਾ ਬਹੁਤ ਹੈ, ਜਿਸ ਕੌਮ ਜਾਂ ਦੇਸ਼ ਦੇ ਲੋਕ ਇਮਾਨਦਾਰ, ਮਿਹਨਤੀ ਅਤੇ ਦੇਸ਼ ਪ੍ਰਤੀ ਵਫ਼ਾਦਾਰ ਹਨ, ਉਹ ਮੁਲਕ ਜਾਂ ਦੇਸ਼ ਆਰਥਿਕ ਤੌਰ 'ਤੇ ਖ਼ੁਸ਼ਹਾਲ ਹਨ। ਗੁਰੂ ਨਾਨਕ ਸਾਹਿਬ ਨੇ ਆਪਣੇ ਜੀਵਨ ਦੇ ਆਖ਼ਰੀ ਪੜਾਓ ਕਰਤਾਰਪੁਰ ਵਿਖੇ ਹੱਥੀਂ ਖੇਤੀ ਕੀਤੀ, ਤਾਂ ਜੋ ਲੋਕਾਈ ਨੂੰ ਪਤਾ ਲੱਗੇ ਕਿ ਸੱਚੀ ਸੁੱਚੀ ਕਿਰਤ ਦੀ ਮਹੱਤਤਾ ਬਹੁਤ ਹੈ। ਜੋ ਆਦਮੀ ਕਿਰਤ ਨਹੀਂ ਕਰਦਾ, ਉਹ ਵਿਹਲੜ ਹੋ ਕੇ ਦੂਜਿਆਂ ਦੀ ਕਮਾਈ 'ਤੇ ਨਿਰਭਰ ਹੋ ਜਾਂਦਾ ਹੈ।

ਗੁਰੂ ਨਾਨਕ ਸਾਹਿਬ ਨੇ ਵੱਖ-ਵੱਖ ਕਿੱਤਾਕਾਰਾਂ ਨੂੰ ਉਨ੍ਹਾਂ ਦੇ ਕਿੱਤਿਆਂ ਦੁਆਰਾ ਪ੍ਰਮਾਣ ਦੇਣ ਦਾ ਜਤਨ ਕੀਤਾ ਅਤੇ ਉਨ੍ਹਾਂ ਨੂੰ ਇਮਾਨਦਾਰੀ ਦਾ ਪੱਲਾ ਫੜ ਕੇ ਰੱਖਣ ਲਈ ਆਖਿਆ ਤਾਂ ਜੋ ਉਹ ਸਚਿਆਰ ਬਣਨ ਦੀ ਸਹੀ ਜੁਗਤੀ ਸਮਝ ਸਕਣ :

**ਇਹੁ ਤਨੁ ਧਰਤੀ ਬੀਜੁ ਕਰਮਾ ਕਰੋ ਸਲਿਲ ਆਪਾਉ ਸਾਰਿੰਗਪਾਣੀ ॥**
**ਮਨੁ ਕਿਰਸਾਣੁ ਹਰਿ ਰਿਦੈ ਜੰਮਾਇ ਲੈ ਇਉ ਪਾਵਸਿ ਪਦੁ ਨਿਰਬਾਣੀ ॥**

*(ਸਿਰੀਰਾਗੁ ਮ: ੧, ਪੰਨਾ 23)*

**ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ ॥**
**ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ ॥**
**ਭਾਉ ਕਰਮ ਕਰਿ ਜੰਮਸੀ ਸੇ ਘਰ ਭਾਗਠ ਦੇਖੁ ॥**

*(ਸੋਰਠਿ ਮ: ੧, ਪੰਨਾ 595)*

ਅਜੋਕੇ ਸਮੇਂ ਭਾਰਤ ਅੰਦਰ ਲੱਖਾਂ ਲੋਕ ਸਾਧ ਭੇਖ ਧਾਰ ਕੇ, ਕਿਰਤ ਨਹੀਂ ਕਰਦੇ, ਨਾਂਗੇ ਸਾਧ, ਜੋਗੀ ਅਤੇ ਵੱਖ-ਵੱਖ ਨਾਵਾਂ ਨਾਲ ਬੰਦਗੀ ਗੁਰੂ, ਯੋਗਾ ਗੁਰੂ ਬਣ ਬੈਠਦੇ ਹਨ। ਸਰਕਾਰੀ ਤੰਤਰ ਇਨ੍ਹਾਂ ਪਖੰਡੀ ਸਾਧਾਂ ਦੀ ਮਹਿਮਾ ਕਰਦਾ ਹੈ। ਇਹ ਸਾਧ ਵੀ ਸਰਕਾਰਾਂ ਦੇ ਭਾਈਵਾਲ ਬਣ ਕੇ, ਟੀ.ਵੀ. ਸ਼ੋਆਂ 'ਤੇ ਮੁੱਖ ਮਹਿਮਾਨ ਬਣਦੇ ਹਨ।

ਤੀਰਥਾਂ ਜਾਂ ਪਹਾੜਾਂ ਵਿਚ ਬੰਦਗੀ ਦਾ ਪਖੰਡ ਕਰਦੇ ਹਨ। ਕਾਫ਼ੀ ਸਾਲਾਂ ਤੋਂ ਕੌਮਾਂਤਰੀ ਪੱਧਰ 'ਤੇ ਪ੍ਰਸਿੱਧੀ ਪਾਉਣ ਵਾਲੇ ਭੇਖੀ ਸਾਧ ਬਲਾਤਕਾਰੀ ਜੁਰਮਾਂ ਉਪਰੰਤ ਸਰਕਾਰੀ ਜ਼ਮੀਨਾਂ 'ਤੇ ਕਬਜ਼ੇ ਕਰਨ ਵਾਲੇ, ਜੇਲ੍ਹਾਂ ਅੰਦਰ ਸਜ਼ਾਵਾਂ ਭੁਗਤ ਰਹੇ ਹਨ। ਇਹੀ ਕਾਰਨ ਹੈ ਕਿ ਭਾਰਤੀ ਸਮਾਜ ਤਰੱਕੀ ਵੱਲ ਕਦਮ ਨਹੀਂ ਪੁੱਟਦਾ ਕਿਉਂਕਿ ਸਾਰੇ ਪਾਸੇ ਅਗਿਆਨਤਾ ਦਾ ਹਨੇਰਾ ਹੈ।

ਗੁਰੂ ਨਾਨਕ ਸਾਹਿਬ ਨੇ ਗੁਰਬਾਣੀ ਰਾਹੀਂ ਉਪਦੇਸ਼ ਦਿੱਤਾ ਕਿ ਮਨੁੱਖ ਨੂੰ ਮੋਹ, ਲੋਭ-ਲਾਲਚ ਅਤੇ ਜੀਭ ਰਸ ਵਿਚ ਖੱਚਿਤ ਨਹੀਂ ਹੋਣਾ। ਮਨੁੱਖ ਦੀਆਂ ਨਿਤਾ-ਪ੍ਰਤਿ ਲੋੜਾਂ ਜਿਵੇਂ ਧਨ, ਇਸਤਰੀ, ਘੋੜੇ ਅਤੇ ਮਾਸ ਖਾਣ ਬਾਰੇ ਉਲੇਖ ਕੀਤਾ ਹੈ, ਪਰ ਜੇਕਰ ਮਨੁੱਖ ਇਨ੍ਹਾਂ ਸੁਆਦਾਂ ਪ੍ਰਤੀ ਵਧੇਰੇ ਲਗਾਉ ਕਰਦਾ ਹੈ ਤਾਂ ਉਹ ਸ੍ਰੇਸ਼ਟ ਗੁਣਾਂ ਦਾ ਧਾਰਨੀ ਨਹੀਂ ਹੋ ਸਕਦਾ। ਪ੍ਰਭੂ ਨੇ ਮਨੁੱਖ ਨੂੰ ਜੀਵਨ ਦੀਆਂ ਸਭ ਲੋੜੀਂਦੀਆਂ ਵਸਤੂਆਂ ਪ੍ਰਦਾਨ ਕੀਤੀਆਂ ਹਨ, ਪਰ ਜੇਕਰ ਉਹ ਇਨ੍ਹਾਂ ਸੁਆਦਾਂ ਜਾਂ ਰਸਾਂ-ਕਸਾਂ ਦਾ ਆਦੀ ਹੋ ਜਾਵੇ ਤਾਂ ਉਸ ਲਈ ਨੁਕਸਾਨਦਾਇਕ ਹੈ :

**ਲਬੁ ਕੁਤਾ ਕੂੜੁ ਚੂਹੜਾ ਠਗਿ ਖਾਧਾ ਮੁਰਦਾਰੁ ॥**
**ਪਰ ਨਿੰਦਾ ਪਰ ਮਲੁ ਮੁਖ ਸੁਧੀ ਅਗਨਿ ਕ੍ਰੋਧੁ ਚੰਡਾਲੁ ॥**

**ਰਸ ਕਸ ਆਪੁ ਸਲਾਹਣਾ ਏ ਕਰਮ ਮੇਰੇ ਕਰਤਾਰ॥**
**ਬਾਬਾ ਬੋਲੀਐ ਪਤਿ ਹੋਇ॥**
**ਊਤਮ ਸੇ ਦਰਿ ਊਤਮ ਕਹੀਅਹਿ ਨੀਚ ਕਰਮ ਬਹਿ ਰੋਇ॥ਰਹਾਉ॥**
**ਰਸੁ ਸੁਇਨਾ ਰਸੁ ਰੁਪਾ ਕਾਮਣਿ ਰਸੁ ਪਰਮਲ ਕੀ ਵਾਸੁ॥**
**ਰਸੁ ਘੋੜੇ ਰਸੁ ਸੇਜਾ ਮੰਦਰ ਰਸੁ ਮੀਠਾ ਰਸੁ ਮਾਸੁ॥**
**ਏਤੇ ਰਸ ਸਰੀਰ ਕੇ ਕੈ ਘਟਿ ਨਾਮ ਨਿਵਾਸੁ॥**

*(ਸਿਰੀਰਾਗੁ ਮ: ੧, ਪੰਨਾ 15)*

ਮਾਸ ਸੰਬੰਧੀ ਗੁਰੂ ਨਾਨਕ ਸਾਹਿਬ ਜੀ ਦਾ ਉਪਦੇਸ਼ ਅਜੋਕੇ ਸਮੇਂ ਵੀ ਸਾਰਥਿਕ ਹੈ ਅਤੇ ਢੁੱਕਵਾਂ ਹੈ। ਗੁਰਮਤਿ ਦਾ ਉਪਦੇਸ਼ ਹੈ ਕਿ ਸਚਿਆਰ ਬਣ ਕੇ ਜੀਵੀਏ ਅਤੇ ਬੇਲੋੜੇ ਝਗੜੇ ਵਿਚ ਨਾ ਪਈਏ ਕਿ ਮਾਸ ਖਾਣਾ ਚਾਹੀਦਾ ਹੈ ਕਿ ਨਹੀਂ ?

**ਮਾਸੁ ਮਾਸੁ ਕਰਿ ਮੂਰਖੁ ਝਗੜੇ ਗਿਆਨੁ ਧਿਆਨੁ ਨਹੀਂ ਜਾਣੈ॥**
**ਕਉਣ ਮਾਸੁ ਕਉਣ ਸਾਗੁ ਕਹਾਵੈ ਕਿਸੁ ਮਹਿ ਪਾਪ ਸਮਾਣੇ॥**

*(ਵਾਰ ਮਲਾਰ, ਮ: ੧, ਪੰਨਾ 1289)*

ਅਜੋਕੇ ਸਮੇਂ ਮੰਨਿਆ ਜਾਂਦਾ ਹੈ ਕਿ ਖ਼ੁਰਾਕ ਸੰਬੰਧੀ ਵਧੇਰੇ ਪਰਖ ਨਹੀਂ ਕੀਤੀ ਜਾਂਦੀ ਕਿ ਖ਼ੁਰਾਕ ਵਿਚ ਸਰੀਰ ਦੇ ਲੋੜੀਂਦੇ ਤੱਤ ਪੂਰੇ ਕਰਦੀ ਹੈ ਕਿ ਨਹੀਂ। ਜਿਵੇਂ ਵਿਆਹ ਸ਼ਾਦੀਆਂ ਉੱਤੇ ਗੋਲ ਗੱਪਿਆਂ ਅਤੇ ਪਕੌੜੇ ਖਾਣ ਨੂੰ ਤਰਜੀਹ ਦਿੱਤੀ ਜਾਂਦੀ ਹੈ ਅਤੇ ਇਹ ਸਵਾਦ ਜਾਂ ਜੀਭ ਦੇ ਰਸ ਕਾਰਨ ਹੈ। ਮੈਡੀਕਲ ਵਿਗਿਆਨ ਇਸ ਗੱਲ ਦੀ ਪੁਸ਼ਟੀ ਕਰਦਾ ਹੈ ਕਿ ਜੇਕਰ ਤਲੇ ਪਦਾਰਥ ਜਾਂ ਖੰਡ ਦਾ ਪ੍ਰਯੋਗ ਘੱਟ ਕੀਤਾ ਜਾਵੇ ਤਾਂ ਭਾਰ ਨਹੀਂ ਵੱਧਦਾ ਅਤੇ ਦਿਲ ਦੀਆਂ ਬੀਮਾਰੀਆਂ ਤੋਂ ਬਚਾਉ ਹੋ ਸਕਦਾ ਹੈ। ਜਿਵੇਂ ਗੁਰਵਾਕ ਹੈ :

**ਅਧਿਕ ਸੁਆਦ ਰੋਗ ਅਧਿਕਾਈ ਬਿਨੁ ਗੁਰ ਸਹਜੁ ਨ ਪਾਇਆ॥**

*(ਮਲਾਰ ਮ: ੧, ਪੰਨਾ 1255)*

ਇਕ ਗੁਰੂ ਨਾਨਕ ਸਾਹਿਬ ਦਾ ਬਚਨ ਹੈ ਕਿ :

**ਬਾਬਾ ਹੋਰੁ ਖਾਣਾ ਖੁਸੀ ਖੁਆਰੁ॥**
**ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥**

*(ਸਿਰੀਰਾਗੁ ਮ: ੧, ਪੰਨਾ 16)*

ਦੁਖਾਂਤ ਇਸ ਗੱਲ ਦਾ ਹੈ ਕਿ ਲੋਕ ਡੇਰੇਦਾਰਾਂ ਜਾਂ ਭੇਖੀ ਬਾਬਿਆਂ ਦੇ ਕੂੜ ਜਾਂ ਮਨਮੱਤ ਦੇ ਪ੍ਰਚਾਰ ਦਾ ਅਸਰ ਕਬੂਲਦੇ ਹਨ ਅਤੇ ਖ਼ੁਦ ਗੁਰਬਾਣੀ ਪੜ੍ਹ ਕੇ ਵਿਚਾਰ ਨਹੀਂ ਕਰਦੇ। ਵਿਦੇਸ਼ਾਂ ਵਿਚ ਆਮ ਤੌਰ 'ਤੇ ਸੰਗਤਾਂ ਪ੍ਰਚਾਰਕਾਂ ਨੂੰ ਪ੍ਰਸ਼ਨ ਕਰਦੀਆਂ ਹਨ ਕਿ ਕੀ ਸਿੱਖ ਮਾਸ ਖਾ ਸਕਦਾ ਹੈ ਜਾਂ ਨਹੀਂ ? ਕਦੀ ਇਹ ਨਹੀਂ ਪੁੱਛਿਆ ਜਾਂਦਾ ਕਿ ਕੀ ਸਿੱਖ ਨੂੰ ਗੁਰਬਾਣੀ ਪੜ੍ਹ ਕੇ ਵਿਚਾਰ ਕਰਨੀ ਚਾਹੀਦੀ ਹੈ ? ਕੀ ਸਿੱਖ ਬੇਈਮਾਨੀ ਕਰ ਸਕਦਾ ਜਾਂ ਝੂਠ ਬੋਲ ਸਕਦਾ ਹੈ ? ਇਹ ਖਾਣ-ਪੀਣ ਸੰਬੰਧੀ ਵਹਿਮ ਘੱਟ ਨਹੀਂ ਰਿਹਾ, ਸਗੋਂ ਬੇਲੋੜਾ ਚਰਚਿਤ ਕੀਤਾ ਜਾ ਰਿਹਾ ਹੈ। ਗੁਰਬਾਣੀ ਦਾ ਸਪੱਸ਼ਟ ਫ਼ੈਸਲਾ

ਹੈ ਕਿ ਰਸਾਂ ਕਸਾਂ ਤੋਂ ਉੱਪਰ ਉੱਠ ਕੇ ਜੀਵਨ ਜੀਣਾ ਚਾਹੀਦਾ ਹੈ। ਜੇਕਰ ਖਾਣ ਸੰਬੰਧੀ ਪੁੱਛਗਿੱਛ ਕਰਨੀ ਹੈ ਤਾਂ ਡਾਕਟਰ ਪਾਸੋਂ ਜਾਂ ਡਾਈਟੀਸ਼ਨ ਤੋਂ ਰਾਏ ਲਈ ਜਾ ਸਕਦੀ ਹੈ ਅਤੇ ਹਰ ਆਦਮੀ ਦੇ ਸਰੀਰ ਦੀ ਪਰਖ ਕਰ ਕੇ ਡਾਕਟਰ ਸਲਾਹ ਦੇ ਸਕਦਾ ਹੈ ਕਿ ਕਿਹੋ ਜਿਹੀ ਖ਼ੁਰਾਕ ਖਾਧੀ ਜਾਵੇ। ਜਿਥੇ ਖਾਣ-ਪੀਣ ਸੰਬੰਧੀ ਦਾਰਸ਼ਨਿਕ ਵਿਚਾਰ ਦਿੱਤੇ, ਉਥੇ ਨਸ਼ਿਆਂ ਤੋਂ ਬਚਣ ਲਈ ਚੇਤਾਵਨੀ ਵੀ ਦਿੱਤੀ :

**ਇਤੁ ਮਦਿ ਪੀਤੈ ਨਾਨਕਾ ਬਹੁਤੇ ਖਟੀਅਹਿ ਬਿਕਾਰ ॥**

*(ਬਿਹਾਗੜੇ ਕੀ ਵਾਰ, ਮਰਦਾਨਾ ੧, ਪੰਨਾ 553)*

ਭਾਵ ਸ਼ਰਾਬ ਪੀਣ ਨਾਲ ਮਨੁੱਖ ਅੰਦਰ ਵਿਕਾਰ ਪੈਦਾ ਹੁੰਦੇ ਹਨ। ਅਜੋਕੇ ਸਮੇਂ ਜੋ ਦੁਰਘਟਨਾਵਾਂ ਜਾਂ ਬੁਰੀਆਂ ਵਾਰਦਾਤਾਂ ਹੁੰਦੀਆਂ ਹਨ, ਉਨ੍ਹਾਂ ਦਾ ਮੁੱਖ ਤੌਰ 'ਤੇ ਕਾਰਨ ਸ਼ਰਾਬ ਹੀ ਹੈ। ਦੁਖਾਂਤ ਇਹੀ ਹੈ ਕਿ ਸਰਕਾਰਾਂ ਨੂੰ ਸ਼ਰਾਬ ਦੁਆਰਾ ਵੱਧ ਆਮਦਨ ਕਮਾਉਣਾ ਹੀ ਮਨੋਰਥ ਹੈ ਅਤੇ ਲੋਕਾਂ ਨੂੰ ਸ਼ਰਾਬ ਦੀ ਆਦਤ ਤੋਂ ਦੂਰ ਕਰਨ ਲਈ ਘੱਟ ਹੀ ਜਤਨ ਹੁੰਦੇ ਹਨ।

ਗੁਰੂ ਨਾਨਕ ਸਾਹਿਬ ਨੇ ਸੱਭਿਆਚਾਰ ਦੇ ਕਈ ਅੰਗਾਂ 'ਤੇ ਚਰਚਾ ਕੀਤੀ ਹੈ ਅਤੇ ਫੋਕੀਆਂ ਰਸਮਾਂ ਅਤੇ ਕਰਮ-ਕਾਂਡਾਂ ਨੂੰ ਬੇਲੋੜਾ ਆਖਿਆ ਹੈ। ਜਿਵੇਂ ਮਰਨ ਸੰਬੰਧੀ ਅਨੇਕਾਂ ਰਸਮਾਂ ਨੂੰ ਨਿੰਦਿਆ ਅਤੇ ਪੁਜਾਰੀ ਵਰਗ ਵਲੋਂ ਹੋ ਰਹੀ ਲੁੱਟ-ਖਸੁੱਟ ਵਿਰੁੱਧ ਆਵਾਜ਼ ਉਠਾਈ। ਗੁਰੂ ਨਾਨਕ ਸਾਹਿਬ ਨੇ ਬਾਣੀ ਅੰਦਰ ਉਹੀ ਲੋਕ ਮੁਹਾਵਰੇ ਅਤੇ ਬੋਲੀ ਵਰਤੀ, ਜੋ ਲੋਕਾਂ ਦੀ ਸਮਝ ਵਿਚ ਆਉਂਦੀ ਸੀ। ਇਸ ਦੇ ਨਾਲ ਹੀ ਲੋਕਾਈ ਨੂੰ ਮਾਂ-ਬੋਲੀ ਤੋਂ ਦੂਰੀ ਬਣਾਉਣ ਤੋਂ ਵਰਜਿਆ ਅਤੇ ਕਿਹਾ :

**ਘਰਿ ਘਰਿ ਮੀਆ ਸਭਨਾਂ ਜੀਆਂ ਬੋਲੀ ਅਵਰ ਤੁਮਾਰੀ ॥**

*(ਬਸੰਤੁ ਹਿੰਡੋਲੁ ਮਹਲਾ ੧ ਘਰੁ ੨, ਪੰਨਾ 1191)*

ਲੋਕਾਂ ਦੀ ਬੋਲੀ ਪ੍ਰਤੀ ਗੌਰਵਤਾ ਘੱਟ ਰਹੀ ਸੀ ਅਤੇ ਹਾਕਮਾਂ ਨੂੰ ਖ਼ੁਸ਼ ਕਰਨ ਲਈ, ਆਪਣੀ ਬੋਲੀ ਦੀ ਥਾਂ ਉਨ੍ਹਾਂ ਦੀ ਬੋਲੀ ਦੇ ਸ਼ਬਦ ਉਚਾਰਦੇ ਸਨ। ਇਸ ਦੇ ਨਾਲ ਹੀ ਖੱਤਰੀਆਂ ਨੂੰ ਵੀ ਯਾਦ ਕਰਾਇਆ ਕਿ ਉਨ੍ਹਾਂ ਨੇ ਵੀ ਆਪਣੀ ਜੀਵਨ-ਜਾਚ ਛੱਡ ਦਿੱਤੀ ਹੈ ਅਤੇ ਵਿਦੇਸ਼ੀ ਲੋਕਾਂ ਦੀ ਬੋਲੀ ਨੂੰ ਅਪਨਾ ਲਿਆ ਹੈ :

**ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ ॥**

*(ਧਨਾਸਰੀ ਮ: ੧, ਪੰਨਾ 663)*

ਲੋਕਾਂ ਦੇ ਜਨਮ-ਮਰਨ, ਵਿਆਹ ਮੰਗਣੇ ਜਾਂ ਅਨੇਕਾਂ ਹੀ ਬੇਲੋੜੀਆਂ ਰਸਮਾਂ ਦਾ ਆਰਥਿਕ ਲਾਭ ਪੁਜਾਰੀ ਵਰਗ ਨੂੰ ਹੁੰਦਾ ਸੀ। ਵਿਸ਼ੇਸ਼ ਕਰਕੇ, ਜਦੋਂ ਕਿਸੇ ਪ੍ਰਾਣੀ ਦੀ ਮੌਤ ਹੋ ਜਾਂਦੀ ਹੈ ਤਾਂ ਪੁਜਾਰੀ ਵੱਲੋਂ ਪਰਿਵਾਰ ਨਾਲ ਹਮਦਰਦੀ ਨਹੀਂ, ਸਗੋਂ ਪ੍ਰਚੱਲਤ ਸੰਸਕਾਰਾਂ ਦੁਆਰਾ ਲੁੱਟ-ਖਸੁੱਟ ਹੁੰਦੀ ਸੀ। ਗੁਰੂ ਸਾਹਿਬ ਦਾ ਰਾਗ ਆਸਾ ਵਿਚ ਇਕ ਸ਼ਬਦ ਹੈ, ਜਿਸ ਦੀਆਂ ਰਹਾਉ ਦੀਆਂ ਤੁਕਾਂ ਅੰਦਰ ਆਖ ਰਹੇ ਹਨ "ਲੋਕਾ ਮਤ ਕੋ ਫਕੜਿ ਪਾਇ ॥ ਲਖ ਮੜਿਆ ਕਰਿ ਏਕਠੇ ਏਕ ਰਤੀ ਲੇ ਭਾਹਿ ॥" ਭਾਵ ਸਮਾਜ ਦੇ ਲੋਕੋ, ਮੇਰੀ ਗੱਲ ਨੂੰ ਮਖ਼ੌਲ ਤੌਰ 'ਤੇ ਨਾ ਸਮਝਿਓ। ਜਿਵੇਂ ਬੇਅੰਤ

ਲੱਕੜ ਇਕੱਠੀ ਕਰ ਕੇ ਉਸ ਨੂੰ ਤੀਲੀ ਨਾਲ ਅੱਗ ਲਗਾ ਦੇਈਏ ਤਾਂ ਉਹ ਸਭ ਸੜ ਕੇ ਸੁਆਹ ਬਣ ਜਾਂਦਾ ਹੈ, ਉਸ ਤਰ੍ਹਾਂ ਹੀ ਰੱਬ ਦੇ ਗੁਣਾਂ ਨੂੰ ਧਾਰਨ ਕਰਨ ਨਾਲ ਸਾਰੇ ਪਾਪ ਧੋਤੇ ਜਾਂਦੇ ਹਨ। ਪੁਜਾਰੀ ਲੋਕ, ਲੋਕਾਂ ਨੂੰ ਮਰਨ ਨਾਲ ਅਨੇਕਾਂ ਰਸਮਾਂ ਨੂੰ ਕਰਨ ਲਈ ਪ੍ਰੇਰਦੇ ਸਨ, ਕਿ ਉਹ ਤੀਰਥਾਂ 'ਤੇ ਜਾ ਕੇ (ਗੰਗਾ ਤੇ ਕਾਸ਼ੀ) ਬ੍ਰਾਹਮਣਾਂ ਨੂੰ ਜੌਆਂ ਜਾਂ ਚੌਲਾਂ ਦੇ ਪਿੰਨੇ ਵਟਕੇ ਭੇਟ ਕਰਨ, ਅੱਗੋਂ ਉਹ ਪਿੱਤਰਾਂ ਨੂੰ ਪਹੁੰਚਾਉਣ ਦਾ ਪਖੰਡ ਕਰ ਕੇ, ਆਪ ਛਕਦੇ ਸਨ, ਪਰ ਗੁਰੂ ਨਾਨਕ ਸਾਹਿਬ ਆਖ ਰਹੇ ਹਨ ਕਿ ਬ੍ਰਾਹਮਣਾਂ ਰਾਹੀਂ ਦਿੱਤਾ ਅੰਨ ਕਿਤੇ ਵੀ ਨਹੀਂ ਪਹੁੰਚਦਾ, ਬਸ ਰੱਬ ਦੀ ਮਿਹਰ ਹੀ ਸਥਾਈ ਰਹਿ ਸਕਦੀ ਹੈ ਅਤੇ ਜੋ ਕਦੀ ਮੁੱਕ ਨਹੀਂ ਸਕਦੀ।

ਦੂਸਰਾ, ਕਰਮ-ਕਾਂਡ ਜੋ ਪੁਜਾਰੀ ਵਰਗ ਨੇ ਆਪਣੇ ਖਾਣ-ਪੀਣ ਲਈ ਪ੍ਰਚੱਲਤ ਕੀਤਾ, ਇਹ ਹੈ ਪਿੱਤਰਾਂ ਨੂੰ ਸ਼ਰਾਧਾਂ ਦੁਆਰਾ (ਸ਼ਰਧਾ ਨਾਲ) ਅੰਨ ਪਹੁੰਚਾਉਣਾ। ਗੁਰੂ ਸਾਹਿਬ ਵਿਅੰਗ ਕਰਦੇ ਹਨ, ਕਿ ਚਲੋ ਮੰਨ ਲੈਂਦੇ ਹਾਂ ਕਿ ਪਿੱਤਰਾਂ ਨੂੰ ਬਿਪਰ ਰਾਹੀਂ ਖਾਣ-ਪੀਣ ਦਾ ਸਾਮਾਨ ਪਹੁੰਚਦਾ ਹੈ। ਜੇਕਰ ਕੋਈ ਵਿਅਕਤੀ ਕਿਸੇ ਹੋਰ ਘਰ ਨੂੰ ਠੱਗ ਕੇ ਪਦਾਰਥ ਜਾਂ ਸਾਮਾਨ ਪਿੱਤਰਾਂ ਨੂੰ ਭੇਜ ਦੇਵੇ, ਦੂਜੇ ਪਾਸੇ ਜਿਨ੍ਹਾਂ ਦੇ ਘਰੋਂ ਸਾਮਾਨ ਚੋਰੀ ਕੀਤਾ ਹੋਵੇ, ਉਨ੍ਹਾਂ ਦੇ ਪਿੱਤਰ ਪਹਿਚਾਣ ਲੈਣ, ਤਾਂ ਸ਼ਰਧਾ ਅਨੁਸਾਰ ਕੀਤਾ ਇਹ ਕਰਮ, ਉਨ੍ਹਾਂ ਦੇ ਪਿੱਤਰਾਂ ਨੂੰ ਚੋਰ ਬਣਾ ਦਿੰਦਾ ਹੈ। ਇਸ ਵਿਚ ਬ੍ਰਾਹਮਣ ਵਿਚੋਲਾ, ਜਿਸ ਨੇ ਸਾਮਾਨ ਭੇਜਿਆ ਹੈ, ਦੋਸ਼ੀ ਬਣ ਜਾਂਦਾ ਹੈ। ਸ਼ਬਦ ਦੇ ਬਚਨ ਹਨ :

**ਜੇ ਮੋਹਾਕਾ ਘਰੁ ਮੁਹੈ ਘਰੁ ਮੁਹਿ ਪਿਤਰੀ ਦੇਇ ॥**
**ਅਗੈ ਵਸਤੁ ਸਿਞਾਣੀਐ ਪਿਤਰੀ ਚੋਰ ਕਰੇਇ ॥**
**ਵਢੀਅਹਿ ਹਥ ਦਲਾਲ ਕੇ ਮੁਸਫੀ ਏਹ ਕਰੇਇ ॥**
**ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ ॥**

*(ਵਾਰ ਆਸਾ, ਮ: ੧, ਪੰਨਾ 472)*

ਗੁਰੂ ਨਾਨਕ ਸਾਹਿਬ ਜੀ ਦਾ ਰਾਗ ਸੋਰਠਿ ਵਿਚ ਬਚਨ ਹਨ :

**ਇਕ ਦਝਹਿ ਇਕ ਦਬੀਅਹਿ ਇਕਨਾ ਕੁਤੇ ਖਾਹਿ ॥**
**ਇਕਿ ਪਾਣੀ ਵਿਚਿ ਉਸਟੀਅਹਿ ਇਕਿ ਭੀ ਫਿਰਿ ਹਸਣਿ ਪਾਹਿ ॥**
**ਨਾਨਕ ਏਵ ਨ ਜਾਪਈ ਕਿਥੈ ਜਾਇ ਸਮਾਹਿ ॥**

*(ਵਾਰ ਸੋਰਠਿ, ਮ: ੧, ਪੰਨਾ 648)*

ਗੁਰੂ ਨਾਨਕ ਸਾਹਿਬ ਨੇ ਮਰਨ ਉਪਰੰਤ ਪ੍ਰਚੱਲਤ ਸੰਸਕਾਰਾਂ ਨੂੰ ਅੱਖੀਂ ਦੇਖਿਆ ਕਿ ਕਿਵੇਂ ਲੋਕਾਂ ਦੀ ਅਗਿਆਨਤਾ ਦਾ ਫ਼ਾਇਦਾ ਪੁਜਾਰੀ ਵਰਗ ਲੈ ਰਿਹਾ ਸੀ। ਉਨ੍ਹਾਂ ਨੂੰ ਆਖਿਆ ਜਾ ਰਿਹਾ ਸੀ ਕਿ ਆਤਮਾ ਦੀ ਸ਼ਾਂਤੀ ਲਈ ਵੱਖ-ਵੱਖ ਉਪਾਉ ਕਰੋ, ਹਵਨ ਕਰੋ ਆਦਿ। ਆਖ਼ਰ ਗੁਰੂ ਨਾਨਕ ਸਾਹਿਬ ਨੇ ਆਖ ਦਿੱਤਾ ਕਿ ਕੋਈ ਮ੍ਰਿਤਕ ਨੂੰ ਸਾੜਦੇ ਹਨ, ਕਈ ਦੱਬਦੇ ਹਨ, ਕਈਆਂ ਨੂੰ ਕੁੱਤੇ ਹੀ ਖਾ ਜਾਂਦੇ ਹਨ। ਕੁਝ ਪਾਣੀ ਵਿਚ ਜਲ-ਪ੍ਰਵਾਹ ਕਰ ਦਿੰਦੇ ਹਨ ਅਤੇ ਕਈ ਲੋਕ ਮਰਨ ਉਪਰੰਤ ਸੁੱਕੇ

ਖੂਹ 'ਤੇ ਟੰਗ ਦਿੰਦੇ ਹਨ, ਪਰ ਸਰੀਰ ਨੂੰ ਸਾੜਨ ਜਾਂ ਦੱਬਣ ਨਾਲ ਪਤਾ ਨਹੀਂ ਲੱਗ ਸਕਦਾ ਕਿ ਆਤਮਾ ਜਾਂ ਰੂਹਾਂ ਕਿਥੇ ਜਾ ਵੱਸਦੀਆਂ ਹਨ।

ਗੁਰਮਤਿ ਅੰਦਰ ਗੁਰੂ ਸਾਹਿਬਾਨ ਨੇ ਲੋਕਾਈ ਨੂੰ ਸਮਝਾਉਣ ਲਈ ਪ੍ਰਚੱਲਤ ਵਿਸ਼ਵਾਸ ਜਾਂ ਧਾਰਨਾਵਾਂ ਨੂੰ ਅਲੰਕਾਰਾਂ ਦੇ ਰੂਪ ਵਿਚ ਪ੍ਰਯੋਗ ਕੀਤਾ ਹੈ। ਜੇਕਰ ਗੁਰੂ ਸਾਹਿਬ ਸ਼ਰਾਧਾਂ ਬਾਰੇ ਚਰਚਾ ਕਰਦੇ ਹਨ ਤਾਂ ਵਿਅੰਗ ਰੂਪ ਵਿਚ ਸਮਝਾਉਣ ਦਾ ਜਤਨ ਕਰਦੇ ਹਨ। ਇਸ ਦਾ ਭਾਵ ਇਹ ਨਹੀਂ ਕਿ ਉਹ ਮਰਨ ਉਪਰੰਤ ਨਰਕ/ ਸੁਰਗ ਦੀਆਂ ਥਾਵਾਂ ਦੀ ਹੋਂਦ ਨੂੰ ਮੰਨਦੇ ਹਨ। ਦੂਸਰਾ ਗੁਰਮਤਿ ਆਵਾਗਵਨ ਦੇ ਸੰਕਲਪ ਨੂੰ ਵੀ ਨਹੀਂ ਮੰਨਦੀ ਅਤੇ ਨਾ ਹੀ ਨਰਕ/ਸੁਰਗ ਨੂੰ ਮੰਨਦੀ ਹੈ। ਸਵਾਮੀ ਰਾਮ ਤੀਰਥ 'ਦੰਡੀ ਸੁਆਮੀ' ਆਪਣੀ ਪੁਸਤਕ ***ਸਰਵੋਤਮ ਧਰਮ ਗ੍ਰੰਥ, ਸ੍ਰੀ ਗੁਰੂ ਗ੍ਰੰਥ ਸਾਹਿਬ*** ਅੰਦਰ ਲਿਖਦੇ ਹਨ ਕਿ ਗੁਰਵਾਕਾਂ ਵਿਚ ਨਾ ਕਿਸੇ ਵੈਤਰਣੀ (ਨਦੀ) ਦਾ ਜ਼ਿਕਰ ਹੈ ਤੇ ਨਾ ਹੀ ਕਿਸੇ ਕਲਪਤਿ ਨਰਕ ਸਵਰਗ ਦਾ। ਇਸ ਜੀਵਨ ਨੂੰ ਹੀ ਸਵਰਗਮਈ ਜਾਂ ਨਰਕਮਈ ਅਵਸਥਾਵਾਂ ਵਿੱਚੋਂ ਲੰਘਦਾ ਦੱਸਿਆ ਹੈ। ਸ਼ੁੱਭ ਅਤੇ ਸੱਚੇ ਅਮਲ ਜਿਹੜੇ ਨਿਰਮਲ ਹਿਰਦੇ ਰਾਹੀਂ ਪ੍ਰਭੂ ਨੂੰ ਆਪਣੇ ਅੰਦਰ ਜਾਣ ਕੇ ਦੁਬਿਧਾ ਤੇ ਸੰਸੇ ਤਿਆਗ ਕੇ ਕਰਤੱਵ ਬੁੱਧੀ ਨਾਲ ਕੀਤੇ ਜਾਣ, ਸਵਰਗਮਈ ਜੀਵਨ ਦੇ ਸੂਚਕ ਹਨ, ਇਸ ਤੋਂ ਵਿਪਰੀਤ, ਭਟਕਣਾ ਭਰਿਆ ਜੀਵਨ, ਨਰਕਾਂ ਦਾ ਜੀਵਨ ਹੈ :

**ਅਮਲੁ ਕਰਿ ਧਰਤੀ ਬੀਜੁ ਸਬਦੋ ਕਰਿ ਸਚ ਕੀ ਆਬ ਨਿਤ ਦੇਹਿ ਪਾਣੀ॥**
**ਹੋਇ ਕਿਰਸਾਣੁ ਈਮਾਨੁ ਜੰਮਾਇ ਲੈ ਭਿਸਤੁ ਦੋਜਕੁ ਮੂੜੇ ਏਵ ਜਾਣੀ॥**

*(ਸਿਰੀਰਾਗੁ ਮ: ੧, ਪੰਨਾ 24)*

ਗੁਰਮਤਿ ਵਿਚ ਆਤਮਕ ਮੌਤ ਦਾ ਸ਼ਿਕਾਰ ਹੋਣਾ ਹੀ ਆਵਾਗਵਨ ਦਾ ਸ਼ਿਕਾਰ ਹੋਣਾ ਹੈ। ਜਿਵੇਂ ਪਰਾਈ ਨਿੰਦਾ, ਪਰਾਈ ਇਸਤਰੀ ਦੀ ਕਾਮਨਾ, ਪਰਾਈ ਚੁਗ਼ਲੀ, ਵੈਰ-ਵਿਰੋਧ ਵਰਗੇ ਵਿਕਾਰਾਂ ਵਿਚ ਖੱਚਿਤ ਹੋਣਾ ਆਤਮਕ ਮੌਤ ਸਹੇੜਨੀ ਹੈ। ਗੁਰੂ ਸਾਹਿਬਾਨ ਨੇ ਸਾਨੂੰ ਗੁਰਬਾਣੀ ਦਾ ਅਨਮੋਲ ਖ਼ਜਾਨਾ ਬਖ਼ਸ਼ਿਆ ਹੈ, ਪਰ ਅਸੀਂ ਫਿਰ ਵੀ ਜੋਤਸ਼ੀਆਂ, ਪਾਂਡਿਆਂ ਦੇ ਸ਼ਿਕਾਰ ਹੋ ਜਾਂਦੇ ਹਾਂ। ਜੋਤਸ਼ ਵਿੱਦਿਆ ਦਾ ਅਧਾਰ ਕਰਮ ਸਿਧਾਂਤ ਉਪਰ ਵਿਸ਼ਵਾਸ ਹੈ। ਜੇਕਰ ਗੁਰਮਤਿ ਨੇ ਕਰਮ ਸਿਧਾਂਤ ਨੂੰ ਮੰਨਿਆ ਹੀ ਨਹੀਂ, ਫਿਰ ਵੀ ਜੋਤਸ਼ੀਆਂ ਦੁਆਰਾ ਕਿਉਂ ਲੁੱਟੇ ਜਾ ਰਹੇ ਹਾਂ ? ਅਸੀਂ ਸ਼ੁੱਭ ਗੁਣਾਂ ਦੇ ਧਾਰਨੀ ਹੋ ਕੇ ਜਿਉਂਦੇ-ਜੀਅ ਮੁਕਤ ਹੋਣਾ ਹੈ। ਜਿਵੇਂ ਗੁਰੂ ਨਾਨਕ ਸਾਹਿਬ ਦਾ ਬਚਨ ਹੈ :

**ਜੀਵਨ ਮੁਕਤਿ ਸੋ ਆਖੀਐ ਮਰਿ ਜੀਵੈ ਮਰੀਆ॥**

*(ਆਸਾ ਮ: 8, ਪੰਨਾ 449)*

ਭਾਵ ਕਾਮ ਕ੍ਰੋਧ ਲੋਭ ਮੋਹ ਦੇ ਪ੍ਰਭਾਵ ਤੋਂ ਨਿਰਲੇਪ ਹੋਣਾ ਹੀ ਜੀਵਨ ਨਿਧੜਕ ਹੋ ਕੇ ਆਖਦੇ ਹਨ :

**ਝੂਠੁ ਨ ਬੋਲਿ ਪਾਡੇ ਇਹੁ ਸਚੁ ਕਹੀਐ॥**
**ਹਉਮੈ ਜਾਇ ਸਬਦਿ ਘਰੁ ਲਹੀਐ॥ਰਹਾਉ॥**

**ਗਣਿ ਗਣਿ ਜੋਤਕ ਕਾਂਡੀ ਕੀਨੀ ॥**
**ਪੜੈ ਸੁਣਾਵੈ ਤਤੁ ਨ ਚੀਨੀ ॥**
**ਸਭਸੈ ਊਪਰਿ ਗੁਰ ਸਬਦੁ ਬੀਚਾਰੁ ॥**
**ਹੋਰ ਕਥਨੀ ਬਦਉ ਨ ਸਗਲੀ ਛਾਰੁ ॥** *(ਰਾਮਕਲੀ ਮ: ੧, ਪੰਨਾ 904)*

ਸੰਖੇਪ ਵਿਚ ਅਸਲ ਗੱਲ ਹੈ ਕਿ ਵੱਖ-ਵੱਖ ਸੰਪਰਦਾਵਾਂ ਜਾਂ ਧਰਮਾਂ ਨੇ ਵਹਿਮਾਂ-ਭਰਮਾਂ ਤੋਂ ਲੋਕਾਈ ਨੂੰ ਮੁਕਤ ਤਾਂ ਕੀ ਕਰਾਉਣਾ ਸੀ, ਸਗੋਂ ਕਰਮ-ਕਾਂਡਾਂ ਦੇ ਸੰਗਲਾਂ ਨਾਲ ਅਗਿਆਨਤਾ ਵੱਸ ਲੋਕਾਂ ਨੂੰ ਜਕੜਿਆ ਹੋਇਆ ਹੈ। ਪਹਿਲਾਂ ਲੋਕ ਅਸਤ ਪਾਉਣ ਲਈ ਗੰਗਾ ਜਾਂ ਹਰਿਦੁਆਰ ਵੱਲ ਜਾਂਦੇ ਸਨ ਤੇ ਹੁਣ 'ਕੀਰਤਪੁਰ' ਨਵਾਂ ਹੀ ਅਸਤ ਘਰ ਬਣਾ ਛੱਡਿਆ ਹੈ। ਅਗਿਆਨਤਾ ਵੱਸ ਪ੍ਰਚੱਲਤ ਵਹਿਮ ਨਹੀਂ ਬਦਲਿਆ, ਸਿਰਫ਼ ਨਵਾਂ ਅਸਥਾਨ ਹੀ ਬਣਾ ਲਿਆ, ਭਾਵ ਮਾਨਸਿਕ ਤੌਰ 'ਤੇ ਮੁਕਤੀ ਨਹੀਂ ਲਈ।

ਗੁਰੂ ਨਾਨਕ ਸਾਹਿਬ ਵੱਲੋਂ ਸਿੱਖ ਧਰਮ ਦੇ ਨਵੀਨ ਸਿਧਾਂਤਾਂ ਦੀ ਰੂਪ-ਰੇਖਾ ਨਿਰਧਾਰਤ ਕਰ ਦਿੱਤੀ ਗਈ ਸੀ। ਇਨ੍ਹਾਂ ਵੱਲੋਂ ਸਥਾਪਤ ਸਿਧਾਂਤਾਂ ਨੂੰ ਆਧਾਰ ਬਣਾ ਕੇ, ਦੂਸਰੇ ਗੁਰੂ ਸਾਹਿਬਾਨ ਨੇ ਸਮਾਜ ਅੰਦਰ ਪਰਿਵਰਤਨ ਅਤੇ ਸੱਚੇ ਮਾਰਗ ਦੀ ਸੋਝੀ ਪ੍ਰਦਾਨ ਕੀਤੀ। ਉਨ੍ਹਾਂ ਦਾ ਆਦਰਸ਼ ਸੀ ਕਿ ਮਨੁੱਖ ਸਚਿਆਰ ਬਣਨ ਅਤੇ ਸਚਿਆਰ ਮਨੁੱਖਾਂ ਦੁਆਰਾ ਹੀ ਸ੍ਰੇਸ਼ਟ ਸਮਾਜ ਸਿਰਜਿਆ ਜਾ ਸਕਦਾ ਹੈ। ਉਨ੍ਹਾਂ ਨੇ ਆਪਣੇ ਸਮੇਂ ਦੇ ਸਮਾਜ ਦੀ ਤਸਵੀਰ ਨੂੰ ਆਪਣੀ ਬਾਣੀ ਵਿਚ ਚਿਤਰਿਆ ਹੈ। ਉਸ ਸਮੇਂ ਦੇ ਰਾਜੇ, ਧਾਰਮਿਕ ਆਗੂਆਂ ਦੀ ਕਾਰਗੁਜ਼ਾਰੀ ਦੀ ਨਿਖੇਧੀ ਕੀਤੀ ਅਤੇ ਇਸ ਤੋਂ ਭਲੀ ਪ੍ਰਕਾਰ ਸਪੱਸ਼ਟ ਹੁੰਦਾ ਹੈ ਕਿ ਸਮਾਜ ਅੰਦਰ ਅਗਿਆਨਤਾ ਪੂਰੀ ਤਰ੍ਹਾਂ ਪਸਰੀ ਹੋਈ ਸੀ।

ਗੁਰੂ ਨਾਨਕ ਸਾਹਿਬ ਜੀ ਦਾ ਮਾਰਗ, ਰਵਾਇਤੀ ਮੁਸਲਿਮ ਅਤੇ ਹਿੰਦੂ ਫ਼ਕੀਰਾਂ ਦੇ ਪ੍ਰਚੱਲਤ ਮਾਰਗਾਂ ਤੋਂ ਭਿੰਨ ਅਤੇ ਵੱਖਰਾ ਸੀ। ਉਨ੍ਹਾਂ ਵੱਲੋਂ ਉਸ ਕਾਲ ਅੰਦਰ ਧਰਮ ਬਾਰੇ ਨਵੇਂ ਸਿਧਾਂਤਾਂ ਅਤੇ ਰੱਬ ਦੀ ਬੰਦਗੀ ਬਾਰੇ ਸਪੱਸ਼ਟ ਵਿਆਖਿਆ ਪੇਸ਼ ਕਰਨ ਕਰਕੇ, ਇਕ ਨਵੇਂ ਸਮਾਜ ਨੇ ਜਨਮ ਲੈਣਾ ਸ਼ੁਰੂ ਕੀਤਾ ਅਤੇ ਪੁਰਾਣੇ ਸਮਾਜ ਨਾਲੋਂ ਤੋੜ ਵਿਛੋੜਾ ਸ਼ੁਰੂ ਹੋ ਗਿਆ ਸੀ। ਸਿੱਖਾਂ ਨੇ ਸੰਸਕ੍ਰਿਤ ਵਿਚ ਲਿਖੇ ਮੰਤਰ ਜਾਪ ਜਾਂ ਬੁੱਤਾਂ ਅੱਗੇ ਪੂਜਾ ਬੰਦ ਕਰ ਦਿੱਤੀ ਸੀ। ਹੁਣ ਬਾਬੇ ਨਾਨਕ ਦੇ ਸ਼ਰਧਾਲੂ, ਬਾਬਾ ਨਾਨਕ ਦੀ ਹੀ ਉਨ੍ਹਾਂ ਦੀ ਬੋਲੀ ਵਿਚ ਰਚੀ ਬਾਣੀ ਹੀ ਗਾਉਂਦੇ ਸਨ।[16]

ਖ਼ੁਸ਼ਵੰਤ ਸਿੰਘ ਆਖਦਾ ਹੈ ਕਿ ਗੁਰੂ ਨਾਨਕ ਸਾਹਿਬ ਪਹਿਲੇ ਹਰਮਨ ਪਿਆਰੀ ਹਸਤੀ ਬਣੇ, ਉਨ੍ਹਾਂ ਦਾ ਮਹਾਨ ਸੰਦੇਸ਼ "ਨਾ ਕੋ ਹਿੰਦੂ ਨਾ ਮੁਸਲਮਾਨ" ਸਭ ਵਰਗਾਂ ਦੇ ਲੋਕਾਂ ਨੂੰ ਚੰਗਾ ਲੱਗਾ।[17]

---

16. ਖ਼ੁਸ਼ਵੰਤ ਸਿੰਘ, *ਹਿਸਟਰੀ ਆਫ਼ ਦਾ ਸਿੱਖਸ*, ਭਾਗ ਪਹਿਲਾ (1469-1539), ਪੰਨਾ 45.
17. *ਉਹੀ*।

## ਗੁਰੂ ਨਾਨਕ ਸਾਹਿਬ ਵੱਲੋਂ ਰਚੀ ਬਾਣੀ ਦਾ ਵੇਰਵਾ

ਗੁਰੂ ਨਾਨਕ ਸਾਹਿਬ ਦੀ ਵਿਚਾਰਧਾਰਾ, ਉਨ੍ਹਾਂ ਵੱਲੋਂ ਉਚਾਰੀ ਬਾਣੀ ਦੁਆਰਾ ਸਪੱਸ਼ਟ ਰੂਪ ਵਿਚ ਉਪਲਬਧ ਹੈ। ਉਨ੍ਹਾਂ ਦੀ ਬਾਣੀ ਅੰਦਰ, ਉਸ ਵੇਲੇ ਦੀਆਂ ਸਮਾਜਿਕ ਪਰਿਸਥਿਤੀਆਂ ਦਾ ਖੁੱਲ੍ਹ ਕੇ ਵਰਣਨ ਕੀਤਾ ਹੋਇਆ ਹੈ ਕਿ ਕਿਵੇਂ ਧਰਮ ਦੇ ਮਖੌਟੇ ਪਹਿਨ ਕੇ ਧਾਰਮਿਕ ਆਗੂ ਲੋਕਾਂ ਨੂੰ ਗੁੰਮਰਾਹ ਕਰਦੇ ਸਨ ਅਤੇ ਉਨ੍ਹਾਂ ਦੀ ਲੁੱਟ-ਖਸੁੱਟ ਕਰਨ ਤੋਂ ਸੰਕੋਚ ਨਹੀਂ ਕਰਦੇ ਸਨ। ਦੂਜੇ ਪਾਸੇ ਰਾਜਨੀਤਕ ਨੇਤਾ ਆਪਣੀ ਪਰਜਾ ’ਤੇ ਜ਼ੁਲਮ ਕਰਦੇ। ਜਦੋਂ ਹਮਲਾਵਰ ਰਾਜੇ ਬਾਹਰੋਂ ਆ ਕੇ ਪਰਜਾ ’ਤੇ ਜ਼ੁਲਮ ਕਰਦੇ ਅਤੇ ਸਥਾਨਕ ਰਾਜੇ ਆਪਣੀ ਪਰਜਾ ਦੀ ਰੱਖਿਆ ਕਰਨ ਤੋਂ ਵੀ ਅਸਮਰੱਥ ਸਨ। ਗੁਰੂ ਸਾਹਿਬ ਨੇ ਮਨੁੱਖਤਾ ਦੇ ਭਲੇ ਲਈ ਅਤੇ ਲੋਕਾਂ ਨੂੰ ਧਰਮ ਦੇ ਪਖੰਡਵਾਦ ਤੋਂ ਮੁਕਤ ਕਰਨ ਲਈ ਆਪਣੇ ਉਪਦੇਸ਼ਾਂ ਨੂੰ ਕੀਰਤਨ ਸਾਧਨ ਅਪਨਾ ਕੇ ਪ੍ਰਚਾਰਿਆ। ਉਹਨਾਂ ਨੇ 19 ਰਾਗਾਂ ਵਿਚ ਬਾਣੀ ਰਚੀ। ਕੁਝ ਮੁੱਖ ਬਾਣੀਆਂ ਹਨ, ਜਪੁਜੀ, ਸਿਧ ਗੋਸਟਿ, ਬਾਰਹਮਾਹਾ, ਪਟੀ, ਵਾਰ ਆਸਾ, ਵਾਰ ਮਾਝ, ਵਾਰ ਮਲਾਰ, ਥਿਤੀ, ਪਹਿਰੇ, ਅਲਾਹਣੀਆਂ, ਕੁਚਜੀ, ਸੁਚਜੀ, ਓਅੰਕਾਰੁ, ਸੋਲਹੇ।

## ਗ਼ੈਰ-ਸਿੱਖ ਵਿਦਵਾਨਾਂ ਦੇ ਗੁਰੂ ਨਾਨਕ ਸਾਹਿਬ ਬਾਰੇ ਵਿਚਾਰ

ਮਹਾਨ ਦਾਰਸ਼ਨਿਕ ਅਤੇ ਕਵੀ ਸਰ ਮੁਹੰਮਦ ਇਕਬਾਲ ਲਿਖਦੇ ਹਨ:

*ਫਿਰ ਉਠੀ ਆਖ਼ਿਰ ਸਦਾਅ, ਤੌਹੀਦ ਕੀ ਪੰਜਾਬ ਸੇ।*
*ਹਿੰਦ ਕੋ ਇਕ ਮਰਦਿ-ਕਾਮਿਲ, ਨੇ ਜਗਾਇਆ ਖ਼ਾਬ ਸੇ।*

ਸੱਯਦ ਮੁਹੰਮਦ ਲਤੀਫ਼ ਪ੍ਰਸਿੱਧ ਇਤਿਹਾਸਕਾਰ ਦੇ ਸ਼ਬਦਾਂ ਵਿਚ “ਗੁਰੂ ਨਾਨਕ ਦਾ ਸਿਧਾਂਤ ਕੇਵਲ ਇੱਕੋ ਰੱਬ ਨੂੰ ਮੰਨਣਾ ਸੀ। ਆਪ ਰੱਬ ਦੀ ਏਕਤਾ ਦੇ ਕਾਇਲ ਸਨ ਅਤੇ ਮੂਰਤੀ ਪੂਜਾ ਤੇ ਬੁੱਤ-ਪ੍ਰਸਤੀ ਦੇ ਸਖ਼ਤ ਖ਼ਿਲਾਫ਼ ਸਨ। ਉਨ੍ਹਾਂ ਦਾ ਨਿਸਚਾ ਸੀ ਕਿ ਸੱਚਾ ਤੇ ਖ਼ਾਲਸ ਮਜ਼ਹਬ ਇੱਕੋ ਹੀ ਹੈ ਤੇ ਉਹ ਇਹ ਹੈ ਕਿ ਮਨੁੱਖ ਸਭ ਇਕ-ਸਮਾਨ ਹਨ।

ਜਮਨ ਐਚ. ਸ਼ਾਹ ਵਲੋਂ ਦਿੱਤੇ ਵਿਚਾਰ:

> “ਗੁਰੂ ਨਾਨਕ ਨੇ ਨਾ ਹੀ ਵਿਦਵਾਨ ਹੋਣ ਦਾ ਅਤੇ ਨਾ ਹੀ ਜਤੀ-ਸਤੀ ਹੋਣ ਦਾ ਦਾਅਵਾ ਕੀਤਾ। ਉਹ ਨਿਮਰਤਾ ਦੀ ਮੂਰਤ ਸਨ। ਉਨ੍ਹਾਂ ਨੇ ਮੂਰਤੀ-ਪੂਜਾ, ਭੇਖ ਤੇ ਦਿਖਾਵੇ ਅਤੇ ਜਾਤ-ਪਾਤ ਆਦਿ ਦੇ ਵਿਤਕਰਿਆਂ ਵਿਰੁੱਧ ਪੂਰੇ ਤਾਣ ਨਾਲ ਪ੍ਰਚਾਰ ਕੀਤਾ। ... ਤੇ ਨਾ ਹੀ ਉਨ੍ਹਾਂ ਨੇ ਆਪਣੇ ਤਾਈਂ ਕਦੇ ਦੈਵੀ ਗੁਣਾਂ ਦਾ ਕੋਈ ਦਾਅਵਾ ਕੀਤਾ।”
>
> *(ਇਹ ਵਿਚਾਰ ਉਨ੍ਹਾਂ ਵੱਲੋਂ ਪ੍ਰਕਾਸ਼ਿਤ ਪੁਸਤਕ ਵਿਚ ਦਰਜ ਹਨ: ਗਲਿੰਪਸਿਜ਼ ਆਫ਼ ਵਰਲਡ ਰਿਲੀਜਨ, ਪੰਨਾ 111)*

ਡੰਕਨ ਗਰੀਨਲੀਜ਼ ਨੇ *ਦੀ ਗਾਸਪਲ ਆਫ਼ ਦੀ ਗੁਰੂ ਗ੍ਰੰਥ ਸਾਹਿਬ* ਅੰਦਰ ਲਿਖਿਆ ਹੈ:

"ਗੁਰੂ ਨਾਨਕ ਨੇ ਸੱਚੇ ਸੰਤਾਂ ਵਾਲੀ ਨਿਮਰਤਾ ਦਾ ਪ੍ਰਗਟਾਵਾ ਕੀਤਾ, ਪਰ ਨਾਲ ਹੀ ਉਨ੍ਹਾਂ ਨੇ ਐਸੀ ਦ੍ਰਿੜ੍ਹਤਾ ਵੀ ਦਿਖਾਈ ਜੋ ਕਿ ਰੱਬੋਂ ਵਰੋਸਾਇਆਂ ਵਿਚ ਹੁੰਦੀ ਹੈ। ਉਨ੍ਹਾਂ ਆਪਣੇ ਦ੍ਰਿਸ਼ ਵਿਸ਼ਵਾਸ ਅਤੇ ਰੱਬ ਤੇ ਮਾਨਵਤਾ ਤਾਈਂ ਅਤੁੱਟ ਪਿਆਰ ਦੁਆਰਾ ਦੈਵੀ ਉਦੇਸ਼ਾਂ ਦੀ ਪੂਰਤੀ ਵਿਚ ਸਫਲਤਾ ਪ੍ਰਾਪਤ ਕੀਤੀ।"

## ਅਜੋਕੇ ਸਮੇਂ ਸਿੱਖ ਦਰਸ਼ਨ ਦੀ ਵਿਲੱਖਣਤਾ ਅਤੇ ਨਵੀਨ ਵਿਚਾਰਧਾਰਾ ਦਾ, ਸਾਜ਼ਸ਼ ਰਚ ਕੇ ਵਿਰੋਧ ਕਰਨ ਦਾ ਜਤਨ

ਸਿੱਖ ਵਿਰੋਧੀ ਤਾਕਤਾਂ ਅਤੇ ਬਿਪਰਵਾਦੀ ਸੋਚ ਅਧੀਨ ਭਾੜੇ ਦੇ ਲੇਖਕਾਂ ਵੱਲੋਂ ਗੁਰਬਾਣੀ ਦੀ ਵਿਚਾਰਧਾਰਾ ਨੂੰ ਸਨਾਤਨੀ ਵਿਚਾਰਧਾਰਾ ਵਿੱਚੋਂ ਉਪਜੀ ਦੱਸਣਾ ਅਤੇ ਪ੍ਰਚਾਰਨਾ ਕਿ ਸਿੱਖ ਧਰਮ ਹਿੰਦੂ ਧਰਮ ਤੋਂ ਵੱਖਰਾ ਕੋਈ ਧਰਮ ਨਹੀਂ, ਇਹ ਸਭ ਗਿਣੀ ਮਿੱਥੀ ਸਾਜ਼ਸ਼ ਅਧੀਨ ਹੋ ਰਿਹਾ ਹੈ। ਗੁਰਬਾਣੀ ਅੰਦਰ ਗੁਰੂਆਂ ਅਤੇ ਭਗਤਾਂ ਵੱਲੋਂ ਉਚਾਰੇ ਸ਼ਬਦਾਂ ਨੂੰ ਅਤੇ ਉਨ੍ਹਾਂ ਵੱਲੋਂ ਲਿਖੇ ਸਪੱਸ਼ਟ ਸਿਧਾਂਤਾਂ ਨੂੰ ਅਣਡਿੱਠ ਕੀਤਾ ਜਾ ਰਿਹਾ ਹੈ। ਇਸ ਦੇ ਉਲਟ ਗੁਰਬਾਣੀ ਅੰਦਰ ਆਏ ਸ਼ਬਦ ਰਾਮ, ਸ਼ਿਆਮ, ਬਨਵਾਰੀ ਆਦਿ ਦੇ ਪ੍ਰਯੋਗ ਕਾਰਨ, ਆਖਿਆ ਜਾ ਰਿਹਾ ਹੈ ਕਿ ਗੁਰੂ ਸਾਹਿਬਾਨ ਨੇ ਹਿੰਦੂ ਦੇਵਤਿਆਂ ਦੀ ਉਸਤਤ ਕੀਤੀ ਹੈ। ਹਾਲਾਂਕਿ ਗੁਰੂ ਸਾਹਿਬ ਨੇ ਕਈ ਥਾਈਂ ਸਪੱਸ਼ਟ ਕੀਤਾ ਹੈ ਕਿ :

**ਦੇਵੀ ਦੇਵਾ ਪੂਜੀਐ ਭਾਈ ਕਿਆ ਮਾਗਉ ਕਿਆ ਦੇਹਿ ॥**
**ਪਾਹਣੁ ਨੀਰਿ ਪਖਾਲੀਐ ਭਾਈ ਜਲ ਮਹਿ ਬੂਡਹਿ ਤੇਹਿ ॥**

*(ਸੋਰਠਿ ਮ: ੧, ਪੰਨਾ 637)*

ਗੁਰੂ ਨਾਨਕ ਸਾਹਿਬ ਜੀ ਦਾ ਪਹਿਲਾ ਪੈਗ਼ਾਮ ਸੀ ਕਿ "ਨਾ ਕੋ ਹਿੰਦੂ, ਨਾ ਮੁਸਲਮਾਨ' ਭਾਵ ਉਨ੍ਹਾਂ ਦਾ ਕਿਸੇ ਵਿਸ਼ੇਸ਼ ਫ਼ਿਰਕੇ ਜਾਂ ਧਰਮ ਨਾਲ ਸੰਬੰਧ ਨਹੀਂ ਅਤੇ ਦੂਸਰਾ ਪੱਖ ਇਹ ਸੀ ਕਿ ਸਮਾਜ ਅੰਦਰ ਸ਼੍ਰੇਣੀ ਵੰਡ ਨਾ ਕਰੋ। ਗੁਰੂ ਅਰਜਨ ਸਾਹਿਬ ਜੀ ਨੇ ਰਾਗ ਭੈਰਉ, ਪੰਨਾ 1136 ਉੱਤੇ ਸਪੱਸ਼ਟ ਹੀ ਕਰ ਦਿੱਤਾ :

**ਨਾ ਹਮ ਹਿੰਦੂ ਨ ਮੁਸਲਮਾਨ ॥**
**ਅਲਹੁ ਰਾਮ ਕੇ ਪਿੰਡੁ ਪਰਾਨ ॥**

ਗੁਰੂ ਗ੍ਰੰਥ ਸਾਹਿਬ ਅੰਦਰ ਹੀ ਗੁਰੂ ਅਰਜਨ ਸਾਹਿਬ ਜੀ ਨੇ ਭਗਤ ਕਬੀਰ ਜੀ ਦੇ ਬਚਨਾਂ ਨੂੰ ਦਰਜ ਕੀਤਾ ਹੈ ਕਿ :

**ਪੰਡਿਤ ਮੁਲਾਂ ਜੋ ਲਿਖਿ ਦੀਆ ॥**
**ਛਾਡਿ ਚਲੇ ਹਮ ਕਛੂ ਨ ਲੀਆ ॥** *(ਭੈਰਉ ਕਬੀਰ ਜੀ, ਪੰਨਾ 1159)*

ਸਾਜ਼ਸ਼ ਅਧੀਨ ਭਾੜੇ ਦੇ ਲਿਖਾਰੀਆਂ ਵਲੋਂ ਲਿਖੀਆਂ ਕਲਪਿਤ ਗੱਲਾਂ ਨੂੰ ਗੁਰਬਾਣੀ ਦੀ ਰੌਸ਼ਨੀ ਵਿਚ ਕਿਵੇਂ ਸਵੀਕਾਰ ਕੀਤਾ ਜਾ ਸਕਦਾ ਹੈ ? ਗੁਰੂ ਸਾਹਿਬਾਨ ਨੇ ਨਾ ਕਿਸੇ ਇਸਲਾਮਿਕ ਵਿਚਾਰਧਾਰਾ ਦਾ ਅਤੇ ਨਾ ਹੀ ਸਨਾਤਨੀ ਧਰਮ ਦੀਆਂ ਪੁਸਤਕਾਂ ਵਿੱਚੋਂ ਕੋਈ ਸਿਧਾਂਤ ਲਿਆ।

# ਗੁਰੂ ਅੰਗਦ ਸਾਹਿਬ
## (1504-1552)

ਗੁਰੂ ਨਾਨਕ ਸਾਹਿਬ ਜੀ ਨੇ ਪ੍ਰਭੂ ਬਾਰੇ ਆਪਣੀ ਜਪੁ ਬਾਣੀ ਦੇ ਮੰਗਲ ਅੰਦਰ, ਇਕ ਵਿਲੱਖਣ ਅਤੇ ਨਵੀਂ ਵਿਆਖਿਆ ਕਰ ਕੇ ਜਗਤ ਨੂੰ ਦੱਸਿਆ ਕਿ ਨਿਰੰਕਾਰ, ਸਾਰੇ ਸੰਸਾਰ ਅੰਦਰ ਇੱਕੋ ਹੀ ਹੈ। ਅਸੀਂ ਸਭ ਉਸ ਇਕ ਰੱਬੀ ਜੋਤ ਤੋਂ ਉਪਜੇ ਹਾਂ। ਉਸ ਨਿਰੰਕਾਰ ਜਾਂ ਰੱਬੀ ਜੋਤਿ ਦਾ ਕੋਈ ਅਕਾਰ ਨਹੀਂ, ਰੂਪ ਨਹੀਂ ਅਤੇ ਨਾ ਹੀ ਉਸ ਨੂੰ ਕਿਸੇ ਤਸਵੀਰ ਜਾਂ ਬੁੱਤ ਦੇ ਰੂਪ ਵਿਚ ਸਥਾਪਤ ਕੀਤਾ ਜਾ ਸਕਦਾ ਹੈ। ਇਸ ਤੋਂ ਬਿਨਾਂ ਉਨ੍ਹਾਂ ਨੇ ਸ਼ਬਦ-ਗੁਰੂ ਦੇ ਸਿਧਾਂਤ ਨੂੰ ਪ੍ਰਚਾਰਿਆ ਕਿ :

**ਸਬਦੁ ਗੁਰੂ ਸੁਰਤਿ ਧੁਨਿ ਚੇਲਾ॥** *(ਰਾਮਕਲੀ ਮ: ੧, ਪੰਨਾ 943)*

ਉਪਰੋਕਤ ਵਿਲੱਖਣ ਅਤੇ ਨਵੇਂ ਸਿਧਾਂਤ ਦੀ ਸਥਾਪਨਾ ਨਾਲ, ਸਿੱਖ ਲਹਿਰ ਦਾ ਆਰੰਭ ਹੋਇਆ ਅਤੇ ਇਸ ਲਹਿਰ ਨੂੰ ਗੁਰੂ ਨਾਨਕ ਸਾਹਿਬ ਨੇ ਆਪਣੇ ਸਮੇਂ ਅੰਦਰ ਹੀ ਆਪਣਾ ਜਾਨਸ਼ੀਨ ਭਾਈ ਲਹਿਣੇ ਨੂੰ ਥਾਪ ਦਿੱਤਾ ਅਤੇ ਆਪਣਾ ਸਰੂਪ ਅੰਗਦ ਬਣਾ ਲਿਆ। ਭਾਈ ਲਹਿਣਾ ਨੂੰ ਸਿੱਖ ਲਹਿਰ ਨੂੰ ਅੱਗੇ ਤੋਰਨ ਲਈ ਯੋਗ ਸਮਝਿਆ ਅਤੇ ਇਹ ਵੀ ਸਪੱਸ਼ਟ ਕਰ ਦਿੱਤਾ ਕਿ ਉਨ੍ਹਾਂ ਦਾ ਮਾਰਗ ਨਵਾਂ ਹੈ ਅਤੇ ਗਵਾਹੀ ਵੀ ਮਿਲਦੀ ਹੈ ਕਿ ਇਹ ਨਵਾਂ ਨਿਰਮਲ ਪੰਥ ਚਲਾਇਆ ਸੀ :

**ਮਾਰਿਆ ਸਿਕਾ ਜਗਤਿ ਵਿਚਿ ਨਾਨਕ ਨਿਰਮਲ ਪੰਥੁ ਚਲਾਇਆ।**
**ਥਾਪਿਆ ਲਹਿਣਾ ਜੀਂਵਦੇ ਗੁਰਿਆਈ ਸਿਰੀ ਛਤ੍ਰ ਫਿਰਾਇਆ।**
**ਜੋਤੀ ਜੋਤਿ ਮਿਲਾਇ ਕੈ ਸਤਿਗੁਰ ਨਾਨਕਿ ਰੂਪੁ ਵਟਾਇਆ।**
**ਲਖਿ ਨ ਕੋਈ ਸਕਈ ਆਚਰਜੇ ਆਚਰਜੁ ਦਿਖਾਇਆ।**
**ਕਾਇਆ ਪਲਟਿ ਸਰੂਪੁ ਬਣਾਇਆ।** *(ਵਾਰ ਪਹਿਲੀ, ਪਉੜੀ 45)*

ਇਕ ਹੋਰ ਗਵਾਹੀ ਗੁਰੂ ਗ੍ਰੰਥ ਸਾਹਿਬ ਅੰਦਰ ਦਰਜ ਹੈ, ਕਿ ਸੱਤਾ ਅਤੇ ਬਲਵੰਡ ਨੇ ਆਪਣੀ ਰਚਨਾ ਦੁਆਰਾ ਦੱਸਿਆ ਕਿ ਗੁਰੂ ਨਾਨਕ ਸਾਹਿਬ ਵਲੋਂ ਆਪਣੇ ਜਿਉਂਦੇ-ਜੀਅ ਭਾਈ ਲਹਿਣਾ ਨੂੰ ਗੁਰਿਆਈ ਸੌਂਪਣ ਦੀ ਨਵੀਂ ਪਰੰਪਰਾ ਹੀ ਸਥਾਪਤ ਕਰ ਦਿੱਤੀ :

**ਲਹਣੇ ਧਰਿਓਨੁ ਛਤੁ ਸਿਰਿ ਕਰਿ ਸਿਫਤੀ ਅੰਮ੍ਰਿਤੁ ਪੀਵਦੈ॥**
**ਮਤਿ ਗੁਰ ਆਤਮ ਦੇਵ ਦੀ ਖੜਗਿ ਜੋਰਿ ਪਰਾ ਕੁਇ ਜੀਅ ਦੈ॥**
**ਗੁਰਿ ਚੇਲੇ ਰਹਰਾਸਿ ਕੀਈ ਨਾਨਕਿ ਸਲਾਮਤਿ ਥੀਵਦੈ॥**
**ਸਹਿ ਟਿਕਾ ਦਿਤੋਸੁ ਜੀਵਦੇ॥** *(ਵਾਰ ਰਾਮਕਲੀ, ਸਤੈ ਬਲਵੰਡਿ, ਪੰਨਾ 966)*

ਗੁਰੂ ਨਾਨਕ ਸਾਹਿਬ ਜੀ ਨੇ ਦੇਸ਼ਾਂ-ਵਿਦੇਸ਼ਾਂ ਦਾ ਪ੍ਰਚਾਰ ਦੌਰਾ ਸਮਾਪਤ ਕਰਨ ਤੋਂ ਬਾਅਦ, ਕਰਤਾਰਪੁਰ ਦੇ ਨਾਮ 'ਤੇ ਇਕ ਪਿੰਡ ਵਸਾਇਆ, ਜਿਥੇ ਉਨ੍ਹਾਂ ਨੇ ਆਪਣਾ ਨਿਵਾਸ ਕੀਤਾ ਅਤੇ ਸਤਸੰਗ ਲਈ ਧਰਮਸ਼ਾਲਾ ਬਣਾਈ। ਇਸ ਥਾਂ 'ਤੇ ਉਨ੍ਹਾਂ ਪਾਸ ਸਭ ਧਰਮਾਂ ਦੇ ਪਿਛੋਕੜ ਵਾਲੇ ਹਾਜ਼ਰੀ ਭਰਦੇ ਅਤੇ ਉਨ੍ਹਾਂ ਦੇ ਸ਼ੁੱਭ ਬਚਨਾਂ ਨੂੰ ਸੁਣਦੇ। ਇਥੇ ਗੁਰੂ ਸਾਹਿਬ ਨੇ ਆਪ ਖੇਤੀ ਕਰਨੀ ਆਰੰਭੀ, ਤਾਂ ਜੋ ਲੋਕਾਂ ਨੂੰ ਕਿਰਤ ਦੀ ਮਹੱਤਤਾ ਬਾਰੇ ਪਤਾ ਲੱਗ ਸਕੇ। ਜਦੋਂ 1539 ਈ. ਵਿਚ ਉਨ੍ਹਾਂ ਨੇ ਆਪਣਾ ਸਰੀਰ ਛੱਡਿਆ ਤਾਂ ਉਸ ਤੋਂ ਪਹਿਲਾਂ ਆਪਣਾ ਜਾਨਸ਼ੀਨ ਗੁਰੂ ਅੰਗਦ ਸਾਹਿਬ ਜੀ ਨੂੰ ਨਿਯੁਕਤ ਕਰ ਦਿੱਤਾ। ਹੁਣ ਇਕ ਨਵੇਂ ਸਿੱਖ ਸਮਾਜ ਦੀ ਸਿਰਜਣਾ ਹੋ ਗਈ ਸੀ।[1]

ਗੁਰੂ ਨਾਨਕ ਸਾਹਿਬ ਜੀ ਦੀ ਦੂਰ-ਅੰਦੇਸ਼ੀ ਸੀ ਕਿ ਸਿੱਖ ਲਹਿਰ ਨੂੰ ਸਥਾਈ ਰੱਖਣਾ ਬਹੁਤ ਜ਼ਰੂਰੀ ਸੀ। ਇਤਿਹਾਸ ਅੰਦਰ ਗਵਾਹੀ ਮਿਲਦੀ ਹੈ ਕਿ ਗੁਰੂ ਅੰਗਦ ਸਾਹਿਬ, ਗੁਰੂ ਨਾਨਕ ਸਾਹਿਬ ਪਾਸ ਆਉਣ ਤੋਂ ਪਹਿਲਾਂ ਦੁਰਗਾ ਦੇ ਅਨਿਨ ਭਗਤ ਸਨ। ਉਨ੍ਹਾਂ ਨੇ ਜਦੋਂ ਗੁਰਮਤਿ ਦੀ ਨਵੀਂ ਵਿਚਾਰਧਾਰਾ ਨੂੰ ਸੁਣਿਆ ਤਾਂ ਉਨ੍ਹਾਂ ਅੰਦਰ ਪਰਿਵਰਤਨ ਆਇਆ ਅਤੇ ਦੇਵੀ (ਦੁਰਗਾ) ਦੀ ਭਗਤੀ ਛੱਡ ਸਿੱਖ ਮਤ ਦੇ ਧਾਰਨੀ ਬਣ ਗਏ। ਗੁਰੂ ਨਾਨਕ ਸਾਹਿਬ ਜੀ ਨੇ ਉਨ੍ਹਾਂ ਦੀ ਕਾਬਲੀਅਤ ਦੀ ਪਰਖ ਕਰ ਕੇ, ਗੁਰਗੱਦੀ ਸੌਂਪ ਦਿੱਤੀ। ਇਹ ਮੰਨਿਆ ਜਾਂਦਾ ਹੈ ਕਿ ਗੁਰੂ ਨਾਨਕ ਸਾਹਿਬ ਨੇ ਭਾਈ ਲਹਿਣਾ ਨੂੰ ਕਿਹਾ ਕਿ ਉਨ੍ਹਾਂ ਨੇ ਬਹੁਤ ਭਗਤੀ ਕੀਤੀ ਹੈ ਅਤੇ ਉਨ੍ਹਾਂ ਵਿਚ ਅਤੇ ਗੁਰੂ ਨਾਨਕ ਸਾਹਿਬ ਵਿਚ ਕੋਈ ਅੰਤਰ ਨਹੀਂ। ਉਨ੍ਹਾਂ ਨੇ ਪੂਰੇ ਸਿਦਕ ਅਤੇ ਭਰੋਸੇ ਨਾਲ ਗੁਰੂ ਨਾਨਕ ਸਾਹਿਬ ਦੀ ਨੇੜਤਾ ਪ੍ਰਾਪਤ ਕੀਤੀ।[2]

ਸੰਸਾਰ ਅੰਦਰ ਸਿੱਖ ਧਰਮ ਦੀ ਇਹ ਨਵੀਂ ਪਰੰਪਰਾ ਦੇਖੀ ਕਿ ਗੁਰੂ ਨਾਨਕ ਸਾਹਿਬ ਨੇ ਆਪਣੇ ਸੇਵਕ ਨੂੰ ਆਪਣੇ ਵਰਗਾ ਬਣਾ ਲਿਆ ਅਤੇ ਉਸ ਅੱਗੇ ਆਪਣਾ ਸੀਸ ਨਿਵਾਇਆ।

ਗੁਰੂ ਅੰਗਦ ਸਾਹਿਬ ਦਾ ਜਨਮ (ਵੈਸਾਖ ਵਦੀ 1, 1561) 8 ਵੈਸਾਖ ਨਾ: ਸ਼ਾ: 36, (31 ਮਾਰਚ 1504 (ਜੂਲੀਅਨ) ਨੂੰ ਮੱਤੇ ਦੀ ਸਰਾਏ (ਸਰਾਏ ਨਾਗਾ), ਜ਼ਿਲ੍ਹਾ ਮੁਕਤਸਰ ਵਿਚ ਹੋਇਆ। ਜਦੋਂ ਆਪ ਭਾਈ ਲਹਿਣੇ ਤੋਂ, ਗੁਰਗੱਦੀ 'ਤੇ ਬੈਠ, ਗੁਰੂ ਅੰਗਦ ਬਣੇ, ਉਸ ਸਮੇਂ ਉਨ੍ਹਾਂ ਦੀ ਉਮਰ 35 ਸਾਲ ਦੇ ਆਸ ਪਾਸ ਸੀ। ਜਿਵੇਂ ਉਲੇਖ ਹੋ ਚੁੱਕਾ ਹੈ ਕਿ ਗੁਰੂ ਨਾਨਕ ਸਾਹਿਬ ਜੀ ਨਾਲ ਮਿਲਾਪ ਹੋਣ ਤੋਂ ਪਹਿਲਾਂ ਉਹ ਦੁਰਗਾ ਦੇਵੀ ਦੇ ਸ਼ਰਧਾਲੂ ਸਨ।[3] ਇਨ੍ਹਾਂ ਦੇ ਪਿਤਾ ਦਾ ਨਾਮ ਭਾਈ ਫੇਰੂ ਅਤੇ ਮਾਤਾ ਜੀ ਦਾ ਨਾਮ ਮਾਤਾ ਰਾਮੋ ਸੀ ਅਤੇ ਪਰਿਵਾਰ ਦਾ ਗੁਜ਼ਾਰਾ, ਦੁਕਾਨਦਾਰੀ ਕਰ ਕੇ ਚੱਲਦਾ ਸੀ।

---

1. Gokul Chand Narang, *Transformation of Sikhism*, p. 26.
2. M.A. Macauliffe, *The Sikh Religion*, Vol. 2, p. 9.
3. *The Encyclopaedia of Sikhism*, Editor-in-chief Prof. Harbans Singh, p. 146.

ਗੁਰੂ ਨਾਨਕ ਸਾਹਿਬ ਨੇ ਗੁਰੂ ਅੰਗਦ ਸਾਹਿਬ ਨੂੰ ਹਦਾਇਤ ਕੀਤੀ ਕਿ ਉਹ ਖਡੂਰ ਸਾਹਿਬ ਨੂੰ ਸਿੱਖ ਲਹਿਰ ਦੇ ਪ੍ਰਚਾਰ ਲਈ ਨਵਾਂ ਕੇਂਦਰ ਸਥਾਪਤ ਕਰਨ, ਜਿਸ ਬਾਰੇ ਜ਼ਿਕਰ ਗੁਰੂ ਗ੍ਰੰਥ ਸਾਹਿਬ, ਰਾਮਕਲੀ ਕੀ ਵਾਰ, ਸੱਤਾ ਤੇ ਬਲਵੰਡ ਦੀ ਰਚਨਾ ਵਿਚ ਹੈ :

**ਫੇਰਿ ਵਸਾਇਆ ਫੇਰੁਆਣਿ ਸਤਿਗੁਰਿ ਖਾਡੂਰੁ ॥**

*(ਵਾਰ ਰਾਮਕਲੀ, ਸਤੈ ਬਲਵੰਡਿ, ਪੰਨੇ 967-68)*

ਇਸ ਅਸਥਾਨ 'ਤੇ ਬੱਚਿਆਂ ਨੂੰ ਵਿੱਦਿਆ ਦੇਣ ਲਈ ਇਕ ਪਾਠਸ਼ਾਲਾ ਆਰੰਭ ਕੀਤੀ। ਭਾਈ ਲਹਿਣਾ (ਗੁਰੂ ਅੰਗਦ ਸਾਹਿਬ) ਪੂਰੀ ਤਰ੍ਹਾਂ ਚੇਤੰਨ ਸਨ, ਇਸ ਲਈ ਉਨ੍ਹਾਂ ਨੇ ਮਹਿਸੂਸ ਕਰ ਲਿਆ ਸੀ ਕਿ ਸਿਧਾਂਤ ਨੂੰ ਅਮਲ ਵਿਚ ਉਤਾਰਨਾ ਲਾਜ਼ਮੀ ਸੀ। ਪਹਿਲਾ ਕਾਰਜ ਸ਼ਬਦ-ਗੁਰੂ ਰਾਹੀਂ ਹੀ ਸਿੱਖਾਂ ਦੇ ਮਨ ਦੇ ਬੂਹੇ ਖੋਲ੍ਹਣਾ ਸੀ।

ਜਿਥੇ ਸਿੱਖਾਂ ਨੂੰ ਅਧਿਆਤਮਿਕਤਾ ਲਈ ਪ੍ਰੇਰਣਾ ਸੀ, ਉਸ ਦੇ ਨਾਲ ਹੀ ਸਿੱਖਾਂ ਨੂੰ ਗਿਆਨ ਖੜਗ ਨਾਲ ਲੈਸ ਕਰਨ ਲਈ ਵਿੱਦਿਅਕ ਅਦਾਰੇ ਅਤੇ ਵਿੱਦਿਆ ਪ੍ਰਾਪਤੀ ਲਈ ਲੋਕ-ਬੋਲੀ ਦੀ ਲਿਪੀ ਨੂੰ ਪ੍ਰਚੱਲਤ ਕਰਨਾ ਅਹਿਮ ਕਾਰਜ ਸੀ। ਇਸ ਗੁਰਮੁਖੀ ਲਿਪੀ ਦੇ ਅੱਖਰ ਪਹਿਲਾਂ ਤੋਂ ਹੀ ਮਿਲਦੇ ਸਨ, ਪਰ ਇਨ੍ਹਾਂ ਦੀ ਤਰਤੀਬ ਮੌਜੂਦਾ ਲਿਪੀ ਦੀ ਤਰਤੀਬ ਨਾਲੋਂ ਥੋੜ੍ਹੀ ਭਿੰਨ ਸੀ। ਗੁਰਮੁਖੀ ਲਿਪੀ ਦੇ ਅੱਖਰਾਂ ਨੂੰ ਨਵੀਂ ਤਰਤੀਬ ਦੇ ਦਿੱਤੀ। ਗੁਰਮੁਖੀ ਲਿਪੀ ਦਾ ਨਾਮ ਹੀ ਇਸ ਦੇ ਲਿਖਣ ਪੜ੍ਹਨ ਵਾਲਿਆਂ ਨੂੰ ਗੁਰੂ ਵੱਲ ਉਨ੍ਹਾਂ ਦੇ ਫ਼ਰਜ਼ਾਂ ਦੀ ਯਾਦ ਦਿਵਾਉਂਦਾ ਹੈ ਅਤੇ ਚੇਤੰਨ ਵੀ ਕਰਦਾ ਹੈ ਕਿ ਸਿੱਖ ਆਮ ਹਿੰਦੂ ਜਨਤਾ ਨਾਲੋਂ ਅੱਡਰੀ ਅਤੇ ਨਿਰਾਲੀ ਹੋਂਦ ਰੱਖਦੇ ਹਨ। ਇਸ ਅੱਡਰੀ ਬੋਲੀ ਅਤੇ ਇਸ ਦੀ ਲਿਪੀ ਦੇ ਪ੍ਰਚੱਲਤ ਹੋਣ ਨਾਲ ਬ੍ਰਾਹਮਣ ਦੀ ਸੋਚ ਕਿ ਸੰਸਕ੍ਰਿਤ ਬੋਲੀ ਹੀ ਧਰਮ ਸ਼ਾਸਤਰ ਲਿਖਣ ਲਈ ਦੈਵੀ ਬੋਲੀ ਹੈ, ਨਕਾਰੀ ਗਈ। ਹੁਣ ਪੰਜਾਬੀ ਬੋਲੀ ਨੂੰ ਸੰਸਕ੍ਰਿਤ ਦੇ ਬਰਾਬਰ ਹੀ ਸਮਝਿਆ ਜਾਣ ਲੱਗਾ। ਇਸ ਨਾਲ ਆਮ ਲੋਕਾਈ ਨੂੰ ਆਪਣੀ ਬੋਲੀ ਵਿਚ ਸਮਾਜ ਸੁਧਾਰ ਪ੍ਰਤੀ ਚੇਤੰਨਤਾ ਵਧੇਰੀ ਹੋਈ।[4]

ਜਿਥੋਂ ਤਕ ਪੰਜਾਬੀ ਬੋਲੀ ਦੀ ਲਿਪੀ ਦੇ ਨਾਮਕਰਨ ਸੰਬੰਧੀ ਹੈ, ਜਾਪਦਾ ਹੈ ਕਿ ਗੁਰੂ ਅੰਗਦ ਸਾਹਿਬ ਵਲੋਂ ਪ੍ਰਚੱਲਤ ਲਿਪੀ ਅੰਦਰ ਨਵੀਂ ਤਰਤੀਬ ਦੇਣ ਕਾਰਨ, ਲਿਪੀ ਦਾ ਨਾਮ ਹੀ ਗੁਰਮੁਖੀ ਪ੍ਰਚੱਲਤ ਹੋਇਆ। ਇਸ ਗੁਰਮੁਖੀ ਲਿਪੀ ਵਿਚ ਗੁਰਬਾਣੀ ਲਿਖੀ ਜਾਣ ਲੱਗੀ। ਪੰਜਾਬੀ ਬੋਲੀ ਆਮ ਲੋਕਾਂ ਦੀ ਬੋਲੀ ਬਣ ਗਈ। ਇਹ ਇਕ ਇਨਕਲਾਬੀ ਤਬਦੀਲੀ ਸੀ ਕਿ ਪੁਜਾਰੀ (ਬਿਪਰ) ਸ਼੍ਰੇਣੀ ਦਾ ਪ੍ਰਚਾਰ ਸੀ ਕਿ ਦੇਵਨਾਗਰੀ ਲਿਪੀ ਵਿਚ ਲਿਖੀ ਸੰਸਕ੍ਰਿਤ ਬੋਲੀ ਦੇਵ ਭਾਸ਼ਾ ਹੈ ਅਤੇ ਵੈਦਿਕ ਧਰਮ ਦੇ ਸਾਰੇ ਧਾਰਮਿਕ ਗ੍ਰੰਥ ਸੰਸਕ੍ਰਿਤ ਬੋਲੀ ਵਿਚ ਲਿਖੇ ਹੋਏ ਸਨ। ਇਥੇ ਦੱਸਣਾ ਵੀ ਕੁਥਾਂ ਨਹੀਂ ਹੋਵੇਗਾ ਕਿ ਸੰਸਕ੍ਰਿਤ ਬੋਲੀ ਕਦੀ ਵੀ ਲੋਕ ਬੋਲੀ ਨਹੀਂ ਬਣੀ ਅਤੇ

4. Gokul Chand Narang, *Transformation of Sikhism*, p. 29.

ਸ਼ੂਦਰਾਂ (ਨੀਵੀਆਂ ਜਾਤਾਂ) ਨੂੰ ਇਸ ਬੋਲੀ ਨੂੰ ਸਿੱਖਣ ਦਾ ਅਧਿਕਾਰ ਵੀ ਨਹੀਂ ਸੀ। ਅਜੋਕੇ ਸਮੇਂ ਵੀ ਸ਼ੂਦਰਾਂ ਨੂੰ ਸੰਸਕ੍ਰਿਤ ਪੜ੍ਹਨ ਤੋਂ ਸਿੱਖਣ ਦੀ ਆਗਿਆ ਬਹੁਤ ਘੱਟ ਮਿਲਦੀ ਹੈ। ਗੁਰੂ ਸਾਹਿਬਾਨ ਨੇ ਗੁਰਬਾਣੀ ਅਤੇ ਭਗਤ ਬਾਣੀ ਨੂੰ ਗੁਰਮੁਖੀ ਲਿਪੀ ਵਿਚ ਲਿਖਿਆ ਅਤੇ ਸਾਂਭਿਆ, ਤਾਂ ਜੋ ਆਮ ਲੋਕਾਈ ਨੂੰ ਗੁਰ-ਗਿਆਨ ਨਾਲ ਜੋੜਿਆ ਜਾਵੇ। ਇਹ ਵੀ ਮੰਨਿਆ ਜਾਂਦਾ ਹੈ ਕਿ ਗੁਰੂ ਅੰਗਦ ਸਾਹਿਬ ਨੇ ਪੰਜਾਬੀ ਬੋਲੀ ਦੇ ਪਸਾਰ ਲਈ ਬਾਲ ਬੋਧ ਵੀ ਤਿਆਰ ਕਰਾਏ ਉਪਰੰਤ ਗੁਰਬਾਣੀ ਦੇ ਕਈ ਗੁਟਕੇ ਤੇ ਪੋਥੀਆਂ ਵੀ ਲਿਖਵਾਈਆਂ।

ਲੰਗਰ ਪ੍ਰਥਾ ਪਰੰਪਰਾ ਨੂੰ ਪੂਰਨ ਰੂਪ ਵਿਚ ਲਾਗੂ ਕੀਤਾ। ਸੰਗਤ-ਪੰਗਤ ਦੀ ਮਰਯਾਦਾ ਅਨੁਸਾਰ ਹਰ ਇਨਸਾਨ ਉਚ-ਨੀਚ ਦੇ ਭੇਦ ਤੋਂ ਮੁਕਤ ਹੋ ਕੇ ਬੈਠ ਸਕਦਾ ਹੈ। ਇਸ ਲੰਗਰ ਪ੍ਰਥਾ ਦਾ ਮਨੋਰਥ ਹੀ ਜਾਤ-ਪਾਤ ਦੇ ਬੰਧਨਾਂ ਤੋਂ ਮੁਕਤੀ ਪਾਉਣਾ ਸੀ। ਗੁਰੂ ਅੰਗਦ ਸਾਹਿਬ ਜੀ ਦੇ ਮਹਿਲ ਮਾਤਾ ਖੀਵੀ ਜੀ ਨੇ ਲੰਗਰ ਆਪਣੇ ਹੱਥੀਂ ਬਣਾਉਣ ਤੇ ਵਰਤਾਉਣ ਦੀ ਸੇਵਾ ਕੀਤੀ।

ਸਿੱਖ ਲਹਿਰ ਦੇ ਵਿਰੋਧੀਆਂ ਨੇ ਲੰਗਰ, ਸੰਗਤ ਤੇ ਪੰਗਤ ਮਰਯਾਦਾ ਦੇ ਵਿਰੁੱਧ ਪ੍ਰਚਾਰ ਕੀਤਾ ਕਿ ਸਦੀਆਂ ਪੁਰਾਣੀ ਜਾਤ-ਪਾਤ ਪ੍ਰਣਾਲੀ ਨੂੰ ਗੁਰੂ ਸਾਹਿਬ ਨੇ ਤੋੜਿਆ ਹੈ, ਪਰ ਗੁਰਮਤਿ ਦੇ ਪ੍ਰਚਾਰ ਦੀ ਲਹਿਰ ਜ਼ੋਰ ਫੜਦੀ ਗਈ।

ਗੁਰੂ ਸਾਹਿਬ ਨੇ ਸਿੱਖਾਂ ਨੂੰ ਜਿਥੇ ਵਿੱਦਿਆ ਪ੍ਰਾਪਤੀ ਲਈ ਪ੍ਰੇਰਿਆ, ਇਸ ਦੇ ਨਾਲ ਹੀ ਉਨ੍ਹਾਂ ਨੂੰ ਸਰੀਰਕ ਤੰਦਰੁਸਤੀ ਰੱਖਣ ਲਈ ਉਤਸ਼ਾਹਿਤ ਕੀਤਾ। ਸਰੀਰ ਨੂੰ ਅਰੋਗ ਰੱਖਣ ਲਈ ਮੱਲ ਅਖਾੜੇ ਸਥਾਪਤ ਕੀਤੇ, ਜਿਥੇ ਨੌਜਵਾਨ ਸਰੀਰਕ ਕਸਰਤਾਂ ਕਰਦੇ ਸਨ। ਕੁਸ਼ਤੀਆਂ ਦੇ ਨਾਲ-ਨਾਲ ਕਬੱਡੀ ਤੇ ਹੋਰ ਖੇਡਾਂ ਖੇਡਣ ਲਈ ਵੀ ਉਤਸ਼ਾਹਤ ਕੀਤਾ ਜਾਂਦਾ ਸੀ। ਤੰਦਰੁਸਤ ਵਿਅਕਤੀ ਸਮਾਜ ਉੱਤੇ ਭਾਰ ਨਹੀਂ ਬਣਦੇ, ਸਗੋਂ ਲੋਕ-ਭਲਾਈ ਅਤੇ ਸੇਵਾ ਕਰਨ ਦੇ ਜ਼ਿਆਦਾ ਯੋਗ ਹੁੰਦੇ ਹਨ।

ਗੁਰੂ ਅੰਗਦ ਸਾਹਿਬ ਨੇ ਖਡੂਰ ਸਾਹਿਬ ਨੂੰ ਪ੍ਰਚਾਰ ਕੇਂਦਰ ਦੇ ਤੌਰ 'ਤੇ ਵੀ ਸਥਾਪਤ ਕੀਤਾ ਅਤੇ ਇਸ ਕੇਂਦਰ ਦੁਆਰਾ ਮਾਝੇ ਦੇ ਇਲਾਕੇ ਦੀਆਂ ਸੰਗਤਾਂ ਨੂੰ ਬਿਨਾਂ ਗੋਇੰਦਵਾਲ ਸਾਹਿਬ ਵੀ ਕੇਂਦਰ ਬਣਾਇਆ ਗਿਆ, ਇਥੇ ਸਿੱਖ ਸੰਗਤਾਂ ਦੀ ਗਿਣਤੀ ਵਧੇਰੇ ਸੀ। ਗੁਰੂ ਸਾਹਿਬ ਨੇ ਵਾਤਾਵਰਣ ਦੀ ਸ਼ੁੱਧਤਾ ਲਈ ਬਹੁਤ ਦਰੱਖ਼ਤ ਲਗਵਾਏ।

ਜਿਥੋਂ ਤਕ ਗੁਰਮਤਿ ਪ੍ਰਚਾਰ ਬਾਰੇ ਹੈ, ਗੁਰੂ ਸਾਹਿਬ ਨੇ ਮਾਝੇ, ਦੁਆਬੇ ਅਤੇ ਮਾਲਵੇ ਦੇ ਪਿੰਡਾਂ ਵਿਚ ਪ੍ਰਚਾਰ ਦੌਰੇ ਕੀਤੇ। ਸਿੱਖ ਲਹਿਰ ਬਾਰੇ ਸੰਗਤਾਂ ਨੂੰ ਵਧੇਰੇ ਜਾਣਕਾਰੀ ਮਿਲਣੀ ਸ਼ੁਰੂ ਹੋਈ ਅਤੇ ਇਸ ਲਹਿਰ ਨੂੰ ਮਜ਼ਬੂਤ ਬਣਾਉਣ ਲਈ ਗੁਰੂ ਅਮਰਦਾਸ ਜੀ ਨੂੰ ਗੁਰਿਆਈ ਸੌਂਪ, ਗੁਰੂ ਅੰਗਦ ਸਾਹਿਬ 3 ਵੈਸਾਖ ਚੇਤ ਸੁਦੀ 4, ਸੰਮਤ 1609 ਬਿਕ੍ਰਮੀ (29 ਮਾਰਚ, 1552 ਜੂਲੀਅਨ) ਨੂੰ ਜੋਤੀ ਜੋਤਿ ਸਮਾ ਗਏ।

ਗੁਰੂ ਅੰਗਦ ਸਾਹਿਬ ਦੀ ਧਾਰਮਿਕ ਵਿਚਾਰਧਾਰਾ ਉਹੀ ਸੀ, ਜੋ ਗੁਰੂ ਨਾਨਕ

ਸਾਹਿਬ ਨੇ ਉਨ੍ਹਾਂ ਨੂੰ ਦ੍ਰਿੜ੍ਹ ਕਰਾਈ ਸੀ। ਗੁਰੂ ਅੰਗਦ ਸਾਹਿਬ ਜੀ ਨੇ ਉਸ ਵਿਚਾਰਧਾਰਾ ਨੂੰ ਅੱਗੇ ਪ੍ਰਚਾਰਿਆ।[5]

ਗੁਰਮਤਿ ਵਿਚਾਰਧਾਰਾ ਦਾ ਇਕ ਅਹਿਮ ਪਹਿਲੂ ਵੀ ਹੈ ਕਿ ਨਿਰਵੈਰ ਤੇ ਨਿਰਭੈ ਹੋ ਕੇ ਜੀਣਾ। ਇਤਿਹਾਸ ਅੰਦਰ ਆਉਂਦਾ ਹੈ ਕਿ ਹਮਾਯੂ ਸ਼ੇਰ ਸ਼ਾਹ ਸੂਰੀ ਤੋਂ ਹਾਰ ਖਾ ਕੇ ਪੰਜਾਬ ਆ ਕੇ ਖਡੂਰ ਸਾਹਿਬ ਗੁਰੂ ਅੰਗਦ ਸਾਹਿਬ ਦੇ ਦਰਸ਼ਨ ਕਰਨ ਪਹੁੰਚਿਆ, ਪਰ ਗੁਰੂ ਸਾਹਿਬ ਨੇ ਕੋਈ ਵਿਸ਼ੇਸ਼ ਤੌਰ 'ਤੇ ਆਓ ਭਗਤ ਤਾਂ ਕੀ ਕਰਨੀ ਸੀ, ਸਗੋਂ ਧਿਆਨ ਵੀ ਨਹੀਂ ਦਿੱਤਾ। ਹਮਾਯੂ ਨੇ ਗ਼ੁੱਸੇ ਵਿਚ ਤਲਵਾਰ ਨੂੰ ਹੱਥ ਪਾਇਆ ਤਾਂ ਗੁਰੂ ਸਾਹਿਬ ਨੇ ਹੱਸ ਕੇ ਕਿਹਾ ਕਿ ਬਹਾਦਰ ਲੋਕਾਂ ਦੀ ਤਲਵਾਰ ਜੰਗ ਦੇ ਮੈਦਾਨ ਵਿਚ ਸ਼ੋਭਦੀ ਹੈ।[6]

## ਗੁਰੂ ਅੰਗਦ ਸਾਹਿਬ ਵਲੋਂ ਬਾਣੀ ਰਚਨਾ

ਗੁਰੂ ਅੰਗਦ ਸਾਹਿਬ ਜੀ ਨੇ ਸਿਰਫ਼ 63 ਸਲੋਕਾਂ ਦੀ ਰਚਨਾ ਕੀਤੀ। ਗੁਰੂ ਸਾਹਿਬ ਨੇ ਆਪਣੀ ਬਾਣੀ ਵਿਚ ਉਹੀ ਸ਼ਬਦਾਵਲੀ ਦਾ ਪ੍ਰਯੋਗ ਕੀਤਾ, ਜੋ ਗੁਰੂ ਨਾਨਕ ਸਾਹਿਬ ਜੀ ਨੇ ਆਪਣੀ ਬਾਣੀ ਵਿਚ ਵਰਤੀ। ਜਿਵੇਂ ਪਿਆਰ, ਨੇਹੁ, ਮੌਤ, ਧ੍ਰਿਗ, ਜੀਵਨ, ਦਾਤਾ, ਸੰਸਾਰ, ਦਾਤ, ਸੁਰਤਿ, ਮਤਿ, ਚਤੁਰਾਈ, ਮਨਮੁਖਿ, ਗੁਰਮੁਖਿ, ਕਰਮ, ਕਮਾਣਾ, ਧਰਮ, ਪਾਪ, ਖੇਲ, ਜੋਤਿ, ਅੰਧੁਲਾ, ਧੋਇਣ, ਸੁਰਤਿ, ਕੰਤ, ਮਿਲਾਵਾ, ਰੰਗਿ ਵੇਪਰਵਾਹ, ਦਰਸ਼ਨ, ਰੂਪ, ਪੂਰਾ ਗੁਰੂ, ਪੂਰਾ ਬੋਲ, ਖੰਡ, ਨਾਮ, ਗੁਣੀ ਗਹੀਰ, ਕਰਮਵੰਤੀ, ਗੁਰ ਪੀਰ, ਅੰਮ੍ਰਿਤ, ਕੰਚਨ ਕਾਇਆ, ਸਤੁ, ਕੂੜੇ ਘਟੇ ਰਾਸਿ, ਸੁਰਗਿ, ਅਵਤਾਰ, ਪਾਪ ਪੁੰਨ ਵੀਚਾਰ, ਕਰਣ ਕਾਰਣ, ਆਦਿ।

ਗੁਰੂ ਅੰਗਦ ਸਾਹਿਬ ਦੀ ਰਚੀ ਬਾਣੀ ਦਾ ਵਿਸ਼ਾ-ਵਸਤੂ, ਗੁਰੂ ਨਾਨਕ ਸਾਹਿਬ ਦੇ ਸਥਾਪਤ ਸਿਧਾਂਤਾਂ ਦੇ ਨਾਲ ਪੂਰੀ ਤਰ੍ਹਾਂ ਇੱਕ-ਮਿੱਕ ਹੈ। ਇਨ੍ਹਾਂ ਦੇ ਭਾਵੇਂ 63 ਸਲੋਕ ਹੀ ਹਨ, ਪਰ ਗੁਰੂ ਅਰਜਨ ਸਾਹਿਬ ਜੀ ਨੇ, ਇਨ੍ਹਾਂ ਸਲੋਕਾਂ ਨੂੰ 9 ਵਾਰਾਂ ਵਿਚ ਢੁੱਕਵੇਂ ਥਾਈਂ ਅੰਕਿਤ ਕੀਤਾ ਹੈ, ਜਿਨ੍ਹਾਂ ਦਾ ਵੇਰਵਾ ਇਸ ਤਰ੍ਹਾਂ ਹੈ:

1. ਗੁਰੂ ਨਾਨਕ ਸਾਹਿਬ ਦੀਆਂ ਵਾਰਾਂ ਵਿਚ 32 ਸਲੋਕ ਹਨ।
   ਮਾਝ ਕੀ ਵਾਰ ਵਿਚ 12 ਸਲੋਕ
   ਆਸਾ ਕੀ ਵਾਰ ਵਿਚ 15 ਸਲੋਕ
   ਮਲਾਰ ਕੀ ਵਾਰ ਵਿਚ 5 ਸਲੋਕ
2. ਸ੍ਰੀ ਗੁਰੂ ਅਮਰਦਾਸ ਜੀ ਦੀਆਂ ਵਾਰਾਂ ਵਿਚ 19 ਸਲੋਕ
   ਸੂਹੀ ਕੀ ਵਾਰ ਵਿਚ 11 ਸਲੋਕ
   ਰਾਮਕਲੀ ਕੀ ਵਾਰ ਵਿਚ 7 ਸਲੋਕ
   ਮਾਰੂ ਕੀ ਵਾਰ ਵਿਚ 1 ਸਲੋਕ

---

5. Dr. Sudarshan Singh, "Guru Angad Dev's Philosophy of Life", in *The Panjab Past and Present*, Vol. 14-7, April 1980, p. 46.
6. ਪ੍ਰੋ. ਸਾਹਿਬ ਸਿੰਘ, *ਗੁਰ ਇਤਿਹਾਸ (ਦੂਜੀ ਤੋਂ ਨੌਵੀਂ ਪਾਤਸ਼ਾਹੀ ਤਕ),* ਪੰਨੇ 27-28.

3. ਗੁਰੂ ਰਾਮਦਾਸ ਜੀ ਦੀਆਂ ਵਾਰਾਂ ਵਿਚ ਕੁਲ 12 ਸਲੋਕ ਹਨ,
   ਸਿਰੀ ਰਾਗ ਕੀ ਵਾਰ ਵਿਚ 2 ਸਲੋਕ
   ਸੋਰਠਿ ਕੀ ਵਾਰ ਵਿਚ 1 ਸਲੋਕ
   ਸਾਰੰਗ ਕੀ ਵਾਰ ਵਿਚ 9 ਸਲੋਕ

ਗੁਰੂ ਅੰਗਦ ਸਾਹਿਬ ਦੀ ਬਾਣੀ ਅੰਦਰ ਕੁਝ ਮਹੱਤਵਪੂਰਨ ਸਿਖਿਆਵਾਂ ਹਨ ਜੋ ਹਰ ਮਨੁੱਖ ਨੂੰ ਸਚਿਆਰਾ ਬਣਨ ਲਈ ਦ੍ਰਿੜ੍ਹ ਕਰਨੀਆਂ ਜ਼ਰੂਰੀ ਹਨ। ਉਨ੍ਹਾਂ ਅਨੁਸਾਰ ਗੁਰੂ ਦੀ ਲੋੜ ਨੂੰ ਮੁੱਖ ਰੱਖਣਾ ਚਾਹੀਦਾ ਹੈ ਤਾਂ ਜੋ ਮਨੁੱਖ ਦੈਵੀ ਗੁਣਾਂ ਨੂੰ ਆਪਣੇ ਜੀਵਨ ਦਾ ਅੰਗ ਬਣਾਵੇ। ਉਨ੍ਹਾਂ ਨੇ ਪ੍ਰਚੱਲਤ ਕਰਮ-ਕਾਂਡਾਂ ਤੋਂ ਮੁਕਤੀ ਪਾਉਣ ਲਈ ਪ੍ਰੇਰਿਆ ਅਤੇ ਕਿਹਾ ਕਿ ਨਿਮਰਤਾ ਦੁਆਰਾ ਮਨੁੱਖਤਾ ਨਾਲ ਪਿਆਰ ਸੰਭਵ ਹੋ ਸਕਦਾ ਹੈ। ਨਿਰੰਕਾਰ ਦੀ ਸਿਫ਼ਤਿ-ਸਾਲਾਹ ਕਰਨ ਨਾਲ ਤ੍ਰਿਸ਼ਨਾ ਅਲੋਪ ਹੋ ਸਕਦੀ ਹੈ। ਇਸ ਤੋਂ ਬਿਨਾਂ ਮਨੁੱਖ ਲੋਕਾਚਾਰੀ ਜਾਂ ਲੋਕਾਂ ਦੀਆਂ ਵਡਿਆਈਆਂ ਅਤੇ ਸ਼ੋਭਾ ਤੋਂ ਲਾਂਭੇ ਹਟ ਸਕਦਾ ਹੈ। ਗੁਰੂ ਨਾਨਕ ਸਾਹਿਬ ਨੇ ਪੁਰਾਤਨ ਜੁੱਗ ਵੰਡ ਦੀ ਕਲਪਿਤ ਕਹਾਣੀਆਂ ਨੂੰ ਰੱਦ ਕੀਤਾ ਅਤੇ ਗੁਰੂ ਅੰਗਦ ਸਾਹਿਬ ਜੀ ਨੇ ਵੀ ਉਪਰੋਕਤ ਜੁੱਗ ਵੰਡ ਨੂੰ ਸਵੀਕਾਰ ਨਹੀਂ ਕੀਤਾ। ਆਪ ਜੀ ਨੇ ਭਾਵੇਂ ਬਾਣੀ ਜ਼ਿਆਦਾ ਨਹੀਂ ਰਚੀ, ਪਰ ਇਨ੍ਹਾਂ ਪਾਸ ਗੁਰੂ ਨਾਨਕ ਸਾਹਿਬ ਜੀ ਦੀ ਸਮੁੱਚੀ ਬਾਣੀ ਸੀ ਅਤੇ ਉਸ ਬਾਣੀ ਉਪਦੇਸ਼ ਨੂੰ ਅਧਾਰ ਬਣਾ ਕੇ ਠੋਸ ਤਰੀਕੇ ਨਾਲ ਗੁਰਮਤਿ ਦਾ ਪ੍ਰਚਾਰ ਕੀਤਾ।

# ਗੁਰੂ ਅਮਰਦਾਸ ਸਾਹਿਬ

**(1479-1574)**

ਗੁਰੂ ਗ੍ਰੰਥ ਸਾਹਿਬ ਅੰਦਰ ਭੱਟਾਂ ਵਲੋਂ ਲਿਖੀ ਬਾਣੀ, ਜਿਸ ਨੂੰ ਗੁਰੂ ਅਰਜਨ ਸਾਹਿਬ ਜੀ ਨੇ ਪ੍ਰਵਾਨ ਕੀਤਾ। ਭੱਟਾਂ ਵਲੋਂ ਗੁਰੂਆਂ ਦੀ ਉਸਤਤ ਵਿਚ ਸਵੱਈਏ ਉਚਾਰੇ ਗਏ ਹਨ। ਜਿਵੇਂ ਭੱਟ ਕੀਰਤ ਗੁਰੂ ਅਮਰਦਾਸ ਜੀ ਦੀ ਮਹਿਮਾ ਵਿਚ ਲਿਖਦਾ ਹੈ :

**ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ ॥**
**ਨਿਰੰਕਾਰਿ ਆਕਾਰੁ ਜੋਤਿ ਜਗ ਮੰਡਲਿ ਕਰਿਯਉ ॥...**
**ਅਗਮ ਅਲਖ ਕਾਰਣ ਪੁਰਖ ਜੋ ਫੁਰਮਾਵਹਿ ਸੋ ਕਹਉ ॥**
**ਗੁਰੂ ਅਮਰਦਾਸ ਕਾਰਣ ਕਰਣ ਜਿਵ ਤੂ ਰਖਹਿ ਤਿਵ ਰਹਉ ॥**

*(ਸਵਈਏ ਮਹਲੇ ਤੀਜੇ ਕੇ, ਪੰਨਾ 1395)*

ਗੁਰੂ ਅਮਰਦਾਸ ਜੀ ਦਾ ਜਨਮ 9 ਜੇਠ, ਵੈਸਾਖ ਸੁਦੀ ਸੰਮਤ 1536 (5 ਮਈ 1479 ਜੂਲੀਅਨ) ਨੂੰ ਬਾਸਰਕੇ ਜ਼ਿਲ੍ਹਾ ਅੰਮ੍ਰਿਤਸਰ ਵਿਚ ਹੋਇਆ। ਇਨ੍ਹਾਂ ਦੇ ਪਿਤਾ ਜੀ ਭਾਈ ਤੇਜ ਭਾਨ ਅਤੇ ਮਾਤਾ ਦਾ ਨਾਮ ਸੁਲੱਖਣੀ ਜੀ ਸੀ। ਇਨ੍ਹਾਂ ਦੇ ਚਾਰ ਬੱਚੇ ਹੋਏ, ਦੋ ਪੁੱਤਰ ਮੋਹਰੀ ਤੇ ਮੋਹਨ ਅਤੇ ਦੋ ਸਪੁੱਤਰੀਆਂ ਬੀਬੀ ਦਾਨੀ ਤੇ ਬੀਬੀ ਭਾਨੀ ਸਨ।[1]

ਵੱਡੀ ਸਪੁੱਤਰੀ ਬੀਬੀ ਦਾਨੀ ਦਾ ਵਿਆਹ ਭਾਈ ਰਾਮਾ ਜੀ ਨਾਲ ਹੋਇਆ ਅਤੇ ਗੁਰੂ ਦੇ ਮਹਿਲਾਂ ਮਾਤਾ ਮਨਸਾ ਦੇਵੀ ਨੇ ਬੀਬੀ ਭਾਨੀ ਲਈ ਵੀ ਯੋਗ ਵਰ ਢੂੰਡਣ ਲਈ ਬੇਨਤੀ ਕੀਤੀ ਤਾਂ ਗੁਰੂ ਜੀ ਨੇ ਕਿਹਾ, "ਧੀਰਜ ਰੱਖੋ, ਹੋ ਜਾਵੇਗਾ।" ਮਾਤਾ ਮਨਸਾ ਦੇਵੀ ਨੇ ਉਥੇ ਇਕ ਘੁੰਗਣੀਆਂ ਵੇਚ ਰਹੇ ਨੌਜਵਾਨ ਨੂੰ ਵੇਖਿਆ ਅਤੇ ਕਿਹਾ ਕਿ ਅਜਿਹਾ ਵਰ ਬਹੁਤ ਢੁੱਕਵਾਂ ਹੋਵੇਗਾ। ਗੁਰੂ ਜੀ ਨੇ ਕਿਹਾ ਕਿ ਇਸ ਨੌਜਵਾਨ ਵਰਗਾ, ਇਹ ਆਪ ਹੀ ਯੋਗ ਹੈ ਅਤੇ ਉਨ੍ਹਾਂ ਨੇ ਬੀਬੀ ਭਾਨੀ ਜੀ ਦਾ ਵਿਆਹ ਭਾਈ ਜੇਠਾ ਜੀ ਨਾਲ ਕਰ ਦਿੱਤਾ।[2]

ਗੁਰੂ ਅਮਰਦਾਸ ਜੀ ਦੇ ਪਰਿਵਾਰ ਦਾ ਨਿਰਬਾਹ ਵਪਾਰ ਦੇ ਕਾਰੋਬਾਰ ਉੱਤੇ ਨਿਰਭਰ ਸੀ, ਪਰ ਇਹ ਵਪਾਰ ਕੋਈ ਵੱਡੇ ਪੱਧਰ 'ਤੇ ਨਹੀਂ ਹੁੰਦਾ ਸੀ। ਇਹ ਥੋਕ ਵਿਚ ਮਾਲ ਖ਼ਰੀਦ ਕੇ ਪ੍ਰਚੂਨ ਵਿਚ ਵੇਚਦੇ ਸਨ। ਵਪਾਰ ਕਰਨ ਸਮੇਂ ਆਪ ਜੀ

1. ਡਾ. ਹਰਜਿੰਦਰ ਸਿੰਘ ਦਿਲਗੀਰ, *ਸਿੱਖ ਤਵਾਰੀਖ਼ (1469-1708)*, ਭਾਗ ਪਹਿਲਾ, ਪੰਨਾ 196.
2. ਪ੍ਰਿੰ. ਤੇਜਾ ਸਿੰਘ ਤੇ ਗੰਡਾ ਸਿੰਘ, *ਸਿੱਖ ਇਤਿਹਾਸ (1469-1765)*, ਪੰਨਾ 23.

ਦਾ ਵੱਖ-ਵੱਖ ਖੇਤਰਾਂ ਵਿਚ ਆਉਣ ਜਾਣ ਬਣਿਆ ਰਹਿੰਦਾ ਸੀ ਅਤੇ ਇਸ ਕਰਕੇ ਇਨ੍ਹਾਂ ਦਾ ਕਾਫ਼ੀ ਫ਼ਕੀਰਾਂ ਅਤੇ ਸਾਧੂਆਂ ਨਾਲ ਮਿਲਾਪ ਹੋ ਜਾਂਦਾ ਸੀ। ਦੂਸਰਾ, ਗੁਰੂ ਅੰਗਦ ਸਾਹਿਬ ਜੀ ਦੇ ਸੰਪਰਕ ਵਿਚ ਆਉਣ ਤੋਂ ਪਹਿਲਾਂ, ਇਹ ਤੀਰਥਾਂ ਦੇ ਦਰਸ਼ਨ ਕਰਨ ਜਾਂਦੇ ਸਨ, ਕਿਉਂਕਿ ਹਿੰਦੂ ਧਰਮ ਅੰਦਰ ਤੀਰਥਾਂ 'ਤੇ ਜਾ ਕੇ ਇਸ਼ਨਾਨ ਕਰਨ ਨੂੰ ਧਰਮ ਦਾ ਅੰਗ ਮੰਨਿਆ ਜਾਂਦਾ ਹੈ। ਅਜੋਕੇ ਸਮੇਂ ਵੀ ਭਾਰਤ ਦੇ ਲੋਕਾਂ ਅੰਦਰ ਤੀਰਥ ਇਸ਼ਨਾਨ ਕਰਨ ਨੂੰ ਬਹੁਤ ਅਹਿਮੀਅਤ ਦਿੱਤੀ ਜਾਂਦੀ ਹੈ। ਪੁਜਾਰੀ ਸ਼੍ਰੇਣੀ ਨੂੰ ਸ਼ਰਧਾਲੂਆਂ ਵਲੋਂ ਕੀਤੇ ਪੁੰਨ ਦਾਨ ਨਾਲ ਲਾਭ ਹੁੰਦਾ ਹੈ। ਗੁਰੂ ਅਮਰਦਾਸ ਜੀ ਨੇ ਭਾਰਤ ਦੇ ਪ੍ਰਸਿੱਧ ਤੀਰਥ ਹਰਿਦੁਆਰ ਦੀ ਯਾਤਰਾ ਕਰਨੀ ਆਰੰਭੀ। ਇਨ੍ਹਾਂ ਨੇ ਸਾਲ ਵਿਚ ਦੋ ਵਾਰੀ ਜਾਣ ਦਾ ਫ਼ੈਸਲਾ ਕੀਤਾ ਅਤੇ ਕਈ ਸਾਲ ਨਿਰੰਤਰ ਤੀਰਥਾਂ ਦਾ ਭਰਮਣ ਕਰਦੇ ਰਹੇ।[3]

ਇਕ ਵਾਰ ਜਦੋਂ ਉਹ ਆਪਣੀ ਤੀਰਥ ਯਾਤਰਾ ਪੂਰੀ ਕਰ ਕੇ ਹਰਿਦੁਆਰ ਤੋਂ ਵਾਪਸ ਆ ਰਹੇ ਸਨ, ਤਾਂ ਉਨ੍ਹਾਂ ਦਾ ਇਕ ਸਾਧੂ ਨਾਲ ਮਿਲਾਪ ਹੋਇਆ। ਉਸ ਸਾਧੂ ਨੇ ਇਨ੍ਹਾਂ ਨੂੰ ਦੱਸਿਆ ਕਿ ਆਤਮਿਕ ਤਰੱਕੀ ਲਈ ਗੁਰੂ ਧਾਰਨ ਕਰਨਾ ਜ਼ਰੂਰੀ ਹੈ। ਉਸ ਦਿਨ ਤੋਂ ਇਨ੍ਹਾਂ ਦੇ ਮਨ ਵਿਚ ਕਿਸੇ ਸੱਚੇ ਗੁਰੂ ਨੂੰ ਧਾਰਨ ਕਰਨ ਦੀ ਇੱਛਾ ਪ੍ਰਬਲ ਹੋਈ। ਕੁਦਰਤੀ ਇਕ ਦਿਨ, ਇਨ੍ਹਾਂ ਨੇ ਬੀਬੀ ਅਮਰੋ ਜੀ (ਬੇਟੀ ਗੁਰੂ ਅੰਗਦ ਸਾਹਿਬ, ਜੋ ਇਨ੍ਹਾਂ ਦੇ ਭਤੀਜੇ ਨੂੰ ਵਿਆਹੀ ਹੋਈ ਸੀ) ਪਾਸੋਂ ਗੁਰਬਾਣੀ ਸੁਣੀ, ਜਿਸ ਨੂੰ ਬੀਬੀ ਜੀ ਬਹੁਤ ਹੀ ਪਿਆਰ ਤੇ ਸ਼ਰਧਾ ਸਹਿਤ ਗਾਇਨ ਕਰ ਰਹੇ ਸਨ। ਉਨ੍ਹਾਂ ਨੂੰ ਗੁਰਬਾਣੀ ਸੁਣ ਕੇ ਬਹੁਤ ਚੰਗਾ ਲੱਗਾ। ਬੀਬੀ ਅਮਰੋ ਜੀ ਪਾਸੋਂ ਪਤਾ ਲੱਗਾ ਕਿ ਇਹ ਬਾਣੀ ਗੁਰੂ ਨਾਨਕ ਸਾਹਿਬ ਜੀ ਦੀ ਹੈ ਅਤੇ ਉਨ੍ਹਾਂ ਦੇ ਪਿਤਾ ਜੀ ਉਸ ਗੁਰ-ਗੱਦੀ 'ਤੇ ਸੁਸ਼ੋਭਿਤ ਹਨ। ਬੀਬੀ ਅਮਰੋ ਜੀ ਨੂੰ ਕਿਹਾ ਕਿ ਉਹ ਉਨ੍ਹਾਂ ਨੂੰ ਆਪਣੇ ਪਿਤਾ ਜੀ ਪਾਸ ਲੈ ਕੇ ਜਾਣ। ਬੀਬੀ ਜੀ ਨੇ ਗੁਰੂ ਅਮਰਦਾਸ ਜੀ ਦਾ ਮਿਲਾਪ ਗੁਰੂ ਅੰਗਦ ਸਾਹਿਬ ਜੀ ਨਾਲ ਕਰਵਾ ਦਿੱਤਾ ਅਤੇ ਇਸ ਪਿੱਛੋਂ ਆਪ ਗੁਰੂ ਅੰਗਦ ਸਾਹਿਬ ਜੀ ਦੇ ਸ਼ਰਧਾਲੂ ਬਣ ਗਏ।[4]

ਗੁਰੂ ਅੰਗਦ ਸਾਹਿਬ ਜੀ ਨਾਲ ਮਿਲਣੀ ਹੋਣ ਕਾਰਨ ਗੁਰੂ ਅਮਰਦਾਸ ਜੀ ਅੰਦਰ ਤਬਦੀਲੀ ਆਉਣੀ ਸ਼ੁਰੂ ਹੋਈ। ਉਹ ਵੈਸ਼ਨਵ ਸੋਚ ਰੱਖਦੇ ਸਨ, ਜਿਸ ਸੋਚ ਅਧੀਨ, ਉਹ ਤੀਰਥ ਯਾਤਰਾ ਕਰਨਾ ਧਰਮ-ਕਰਮ ਸਮਝਦੇ ਸਨ। ਸਿੱਖ ਲਹਿਰ ਦੇ ਬਾਨੀ ਗੁਰੂ ਨਾਨਕ ਸਾਹਿਬ ਜੀ ਨੇ ਤੀਰਥਾਂ 'ਤੇ ਜਾ ਕੇ ਇਸ਼ਨਾਨ ਕਰਨ ਨੂੰ ਕਰਮ-ਕਾਂਡ ਹੀ ਦੱਸਿਆ ਅਤੇ ਤੀਰਥ ਯਾਤਰਾ ਦੀ ਨਵੀਂ ਪ੍ਰੀਭਾਸ਼ਾ ਨਿਰਧਾਰਤ ਕੀਤੀ, ਜਿਵੇਂ ਉਹ ਰਾਗ ਧਨਾਸਰੀ ਵਿਚ ਉਪਦੇਸ਼ ਕਰਦੇ ਹਨ :

**ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ ॥**
**ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ ॥** *(ਧਨਾਸਰੀ ਮ: ੧, ਪੰਨਾ 687)*

---

3. M.A. Macauliffe, *The Sikh Religion*, Vol. 2, pp. 41-42, 44.
4. ਪ੍ਰਿੰ. ਤੇਜਾ ਸਿੰਘ ਤੇ ਗੰਡਾ ਸਿੰਘ, *ਸਿੱਖ ਇਤਿਹਾਸ (1469-1765)*, ਪੰਨਾ 23.

ਗੁਰੂ ਅਮਰਦਾਸ ਜੀ ਨੇ ਤੀਰਥਾਂ ਦਾ ਭਰਮਣ ਤਿਆਗ ਕੇ ਵੈਸ਼ਨਵ ਪ੍ਰਭਾਵ ਤੋਂ ਮੁਕਤੀ ਪਾ ਲਈ। ਇਨ੍ਹਾਂ ਦੀ ਉਮਰ ਕਾਫ਼ੀ ਵੱਡੀ ਸੀ ਪਰ ਮਨ ਵਿਚ ਸੇਵਾ ਦੀ ਭਾਵਨਾ ਬਹੁਤ ਪ੍ਰਬਲ ਸੀ। ਉਨ੍ਹਾਂ ਨੇ ਲੰਗਰ ਲਈ ਪਾਣੀ ਅਤੇ ਬਾਲਣ ਲਿਆਉਣ ਦੀ ਜ਼ੁੰਮੇਵਾਰੀ ਲਈ।

ਗੁਰੂ ਅੰਗਦ ਸਾਹਿਬ ਜੀ ਨੇ ਸਿੱਖ ਲਹਿਰ ਦੇ ਪ੍ਰਚਾਰ ਦੌਰਾਨ ਅਨੁਭਵ ਕਰ ਲਿਆ ਸੀ ਕਿ ਇਸ ਲਹਿਰ ਦੀ ਅਗਵਾਈ ਕਰਨ ਲਈ ਜਿਥੇ ਸੇਵਾ ਭਾਵਨਾ ਜ਼ਰੂਰੀ ਸੀ, ਉਸ ਦੇ ਨਾਲ ਹੀ ਗੁਰਮਤਿ ਦੇ ਸਹੀ ਫ਼ਲਸਫ਼ੇ ਬਾਰੇ ਸਪੱਸ਼ਟ ਵਿਚਾਰਾਂ ਦਾ ਧਾਰਨੀ ਹੋਣਾ ਵੀ ਸਮੇਂ ਦੀ ਮੁੱਖ ਲੋੜ ਸੀ। ਉਨ੍ਹਾਂ ਨੇ ਮਹਿਸੂਸ ਕੀਤਾ ਅਤੇ ਪੂਰੀ ਤਰ੍ਹਾਂ ਜਾਣ ਲਿਆ ਸੀ ਕਿ ਉਨ੍ਹਾਂ ਦੇ ਪੁੱਤਰਾਂ (ਦਾਸੂ ਤੇ ਦਾਤੂ) ਨੇ ਗੁਰਮਤਿ ਦੇ ਖੇਤਰ ਵਿਚ ਆਪਣੇ ਆਪ ਨੂੰ ਯੋਗ ਨਹੀਂ ਬਣਾਇਆ ਅਤੇ ਆਪ ਸਿੱਖ ਲਹਿਰ ਦੀ ਅਗਵਾਈ ਕਰਨ ਲਈ ਯੋਗ ਵਿਅਕਤੀ ਦੀ ਭਾਲ ਕਰਨ ਲੱਗੇ। ਉਨ੍ਹਾਂ ਨੇ (ਗੁਰੂ) ਅਮਰਦਾਸ ਜੀ ਵੱਲੋਂ ਕੀਤੀ ਨਿਸ਼ਕਾਮ ਸੇਵਾ ਭਾਵਨਾ ਨੂੰ ਅਧਾਰ ਬਣਾਇਆ ਅਤੇ ਉਨ੍ਹਾਂ ਨੂੰ ਗੁਰਿਆਈ ਦੇ ਕਾਬਲ ਸਮਝਿਆ। ਬਾਬਾ ਬੁੱਢਾ ਜੀ ਨੇ ਗੁਰਿਆਈ ਦੀ ਰਸਮ ਅਦਾ ਕੀਤੀ। ਗੁਰਮਤਿ ਅਨੁਸਾਰ ਰਸਮ ਕਰ ਕੇ, ਆਪਣੇ ਪਿੱਛੋਂ ਗੁਰਿਆਈ ਗੁਰੂ ਅਮਰਦਾਸ ਜੀ ਨੂੰ ਸੌਂਪ ਦਿੱਤੀ ਅਤੇ ਹਾਜ਼ਰ ਸਿੱਖਾਂ ਨੇ ਗੁਰੂ ਅਮਰਦਾਸ ਜੀ ਨੂੰ ਮੱਥਾ ਟੇਕਿਆ। ਗੁਰੂ ਅੰਗਦ ਸਾਹਿਬ ਨੇ ਆਪਣੇ ਦੋਨਾਂ ਬੇਟਿਆਂ ਨੂੰ ਸਪੱਸ਼ਟ ਕਰ ਦਿੱਤਾ ਕਿ ਗੁਰਿਆਈ ਲੈਣ ਦਾ ਹੱਕ ਉਸ ਨੂੰ ਹੀ ਮਿਲਦਾ ਹੈ, ਜਿਸ ਅੰਦਰ ਨਿਮਰਤਾ, ਸੇਵਾ ਭਾਵਨਾ ਅਤੇ ਕੌਮ ਲਈ ਅਗਵਾਈ ਕਰਨ ਲਈ ਯੋਗਤਾਵਾਂ ਹੋਣ।[5]

ਇਸ ਗੁਰਿਆਈ ਬਾਰੇ ਸਾਨੂੰ ਭੱਟਾਂ ਦੀ ਬਾਣੀ ਅੰਦਰ ਗਵਾਹੀ ਲਿਖੀ ਮਿਲਦੀ ਹੈ:

**ਸਚੁ ਨਾਮੁ ਕਰਤਾਰੁ ਸੁ ਦ੍ਰਿੜੁ ਨਾਨਕਿ ਸੰਗ੍ਰਹਿਅਉ ॥**
**ਤਾ ਤੇ ਅੰਗਦੁ ਲਹਿਣਾ ਪ੍ਰਗਟਿ ਤਾਸੁ ਚਰਣਹ ਲਿਵ ਰਹਿਅਉ ॥**
**ਤਿਤੁ ਕੁਲਿ ਗੁਰ ਅਮਰਦਾਸੁ ਆਸਾ ਨਿਵਾਸੁ ਤਾਸੁ ਗੁਣ ਕਵਣ ਵਖਾਣਉ ॥**
*(ਸਵਈਏ ਮਹਲੇ ਤੀਜੇ ਕੇ, ਪੰਨਾ 1395)*

**ਗੁਰੁ ਨਾਨਕ ਨਿਕਟਿ ਬਸੈ ਬਨਵਾਰੀ ॥**
**ਤਿਨਿ ਲਹਣਾ ਥਾਪਿ ਜੋਤਿ ਜਗਿ ਧਾਰੀ ॥**
**ਲਹਣੈ ਪੰਥੁ ਧਰਮ ਕਾ ਕੀਆ ॥**
**ਅਮਰਦਾਸ ਭਲੇ ਕਉ ਦੀਆ ॥** *(ਸਵਈਏ ਮਹਲੇ ਚਉਥੇ ਕੇ, ਪੰਨਾ 1401)*

ਇਸ ਉਪਰਕੋਤ ਗਵਾਹੀ ਤੋਂ ਇਲਾਵਾ ਭਾਈ ਗੁਰਦਾਸ ਜੀ ਨੇ ਵਾਰ ਪਹਿਲੀ ਪਉੜੀ 46 ਵਿਚ ਲਿਖਿਆ ਹੈ:

**ਸੋ ਟਿਕਾ ਸੋ ਛਤ੍ਰੁ ਸਿਰਿ ਸੋਈ ਸਚਾ ਤਖਤੁ ਟਿਕਾਈ।**
**ਗੁਰ ਨਾਨਕ ਹੰਦੀ ਮੁਹਰਿ ਹਥਿ ਗੁਰ ਅੰਗਦ ਦੀ ਦੋਹੀ ਫਿਰਾਈ।**

5. M.A. Macauliffe, *The Sikh Religion*, Vol. 2, p. 44.

**ਦਿਤਾ ਛੋੜਿ ਕਰਤਾਰਪੁਰੁ ਬੈਠਿ ਖਡੂਰੇ ਜੋਤਿ ਜਗਾਈ।**
**ਜੰਮੇ ਪੂਰਬਿ ਬੀਜਿਆ ਵਿਚਿ ਵਿਚਿ ਹੋਰੁ ਕੂੜੀ ਚਤਰਾਈ।**
**ਲਹਣੇ ਪਾਈ ਨਾਨਕੋ ਦੇਣੀ ਅਮਰਦਾਸਿ ਘਰਿ ਆਈ।**
**ਗੁਰੁ ਬੈਠਾ ਅਮਰੁ ਸਰੂਪ ਹੋਇ ਗੁਰਮੁਖਿ ਪਾਈ ਦਾਤਿ ਇਲਾਹੀ।**
**ਫੇਰ ਵਸਾਇਆ ਗੋਇੰਦਵਾਲੁ ਅਚਰਜੁ ਖੇਲੁ ਨ ਲਖਿਆ ਜਾਈ।**
**ਦਾਤਿ ਜੋਤਿ ਖਸਮੈ ਵਡਿਆਈ॥**

ਇਹ ਗੁਰਿਆਈ 3 ਵੈਸਾਖ, ਚੇਤ ਸੁਦੀ 4, 1609 (29 ਮਾਰਚ 1552 ਜੂਲੀਅਨ) ਨੂੰ ਸੌਂਪੀ ਗਈ ਸੀ। ਗੁਰੂ ਅੰਗਦ ਸਾਹਿਬ ਜੀ ਨੇ ਗੁਰੂ ਅਮਰਦਾਸ ਜੀ ਨੂੰ ਗੋਇੰਦਵਾਲ ਵਿਖੇ ਕੇਂਦਰ ਸਥਾਪਤ ਕਰਨ ਲਈ ਆਖਿਆ। ਗੁਰੂ ਅੰਗਦ ਸਾਹਿਬ ਜੀ ਨੇ 12 ਸਾਲ 6 ਮਹੀਨੇ ਅਤੇ 9 ਦਿਨ ਗੁਰਿਆਈ ਦੀ ਜ਼ੁੰਮੇਵਾਰੀ ਨਿਭਾਈ ਅਤੇ ਸਿੱਖ ਲਹਿਰ ਦਾ ਪ੍ਰਚਾਰ ਕੀਤਾ।[6]

ਗੁਰੂ ਅਮਰਦਾਸ ਜੀ ਨੇ ਗੁਰੂ ਅੰਗਦ ਸਾਹਿਬ ਦਾ ਹੁਕਮ ਮੰਨ ਕੇ, ਖਡੂਰ ਨੂੰ ਛੱਡ ਦਿੱਤਾ ਅਤੇ ਗੋਇੰਦਵਾਲ ਸਾਹਿਬ ਨੂੰ ਸਿੱਖ ਲਹਿਰ ਦਾ ਪ੍ਰਚਾਰ ਕੇਂਦਰ ਸਥਾਪਤ ਕਰਨਾ ਸ਼ੁਰੂ ਕੀਤਾ। ਗੋਇੰਦਵਾਲ ਦਾ ਅਸਥਾਨ ਬਿਆਸ ਦਰਿਆ ਦੇ ਨੇੜੇ ਹੋਣ ਕਰਕੇ ਵਪਾਰਕ ਸਹੂਲਤਾਂ ਦੇ ਹੁੰਦਿਆਂ ਵੀ ਤਰੱਕੀ ਕਰਨ ਤੋਂ ਵਾਂਝਾ ਸੀ। ਇਸ ਨਗਰ ਦਾ ਨਾਮਕਰਣ ਭਾਈ ਗੋਂਦੇ ਦੇ ਨਾਮ ਤੋਂ ਪ੍ਰਚੱਲਤ ਹੋਇਆ ਅਤੇ ਭਾਈ ਗੋਂਦੇ ਜੀ ਨੇ ਇਸ ਨਗਰ ਨੂੰ ਪ੍ਰਫੁੱਲਤ ਕਰਨ ਲਈ ਅਹਿਮ ਭੂਮਿਕਾ ਨਿਭਾਈ ਸੀ ਅਤੇ ਉਸ ਦੇ ਨਾਮ ਤੋਂ ਹੀ ਨਗਰ ਦਾ ਨਾਮ ਗੋਇੰਦਵਾਲ ਪ੍ਰਸਿੱਧ ਹੋ ਗਿਆ। ਗੁਰੂ ਜੀ ਨੇ ਆਪਣੇ ਸ਼ਰਧਾਲੂਆਂ ਨੂੰ ਇਥੇ ਵੱਸਣ ਲਈ ਕਿਹਾ।[7]

ਇਸ ਇਲਾਕੇ ਵਿਚ ਸਾਫ਼ ਪਾਣੀ ਦੀ ਘਾਟ ਨੂੰ ਮਹਿਸੂਸ ਕਰਦਿਆਂ ਗੋਇੰਦਵਾਲ ਵਿਖੇ ਬਾਉਲੀ ਬਣਾਉਣੀ ਆਰੰਭ ਕੀਤੀ। ਮੰਨਿਆ ਜਾਂਦਾ ਹੈ ਕਿ ਮਿਰਜ਼ਾ ਜਾਫ਼ਰ ਬੇਗ ਦੇ ਪੁੱਤਰ ਮਿਰਜ਼ਾ ਤਾਹਰ ਬੇਗ (ਜੋ ਉਸ ਸਮੇਂ ਲਾਹੌਰ ਦਾ ਸੂਬੇਦਾਰ ਸੀ) ਨੇ ਆਦਮੀ ਭੇਜ ਕੇ ਬਾਉਲੀ ਬਣਾਉਣ ਵਿਚ ਸਹਾਇਤਾ ਕੀਤੀ।[8]

ਇਕ ਪ੍ਰਚੱਲਤ ਮਿਥਿਹਾਸਕ ਕਹਾਣੀ ਬਾਰੇ ਚਰਚਾ ਕਰਨੀ ਜ਼ਰੂਰੀ ਹੈ। ਕਿਹਾ ਜਾਂਦਾ ਹੈ ਕਿ ਇਸ ਬਾਉਲੀ ਦੀਆਂ ਚੌਰਾਸੀ ਪੌੜੀਆਂ ਹਨ ਅਤੇ ਜੋ ਸ਼ਰਧਾਲੂ ਹਰ ਪੌੜੀ ਤੇ 'ਜਪੁ' ਬਾਣੀ ਦਾ ਪਾਠ ਕਰ ਕੇ ਬਾਉਲੀ ਵਿਚ ਇਸ਼ਨਾਨ ਕਰੇਗਾ, ਉਸ ਦੀ ਚੌਰਾਸੀ ਕੱਟੀ ਜਾਵੇਗੀ।[9] ਅਸਲ ਤੱਤ ਇਹੀ ਹੈ ਕਿ ਗੁਰਮਤਿ ਅਜਿਹੀ ਕਲਪਿਤ ਕਹਾਣੀ ਨੂੰ ਪ੍ਰਵਾਨ ਨਹੀਂ ਕਰਦੀ ਕਿ ਤੀਰਥਾਂ 'ਤੇ ਇਸ਼ਨਾਨ ਕਰਨ ਦਾ ਕੋਈ ਮਹਾਤਮ ਹੈ। ਗੁਰਬਾਣੀ ਅੰਦਰ ਸਪੱਸ਼ਟ ਕੀਤਾ ਹੋਇਆ ਹੈ :

---

6. M.A. Macauliffe, *The Sikh Religion*, Vol. 2, p. 44.
7. "ਗੁਰੂ ਅਮਰਦਾਸ ਵਿਸ਼ੇਸ਼ ਅੰਕ", *ਪੰਜਾਬੀ ਦੁਨੀਆਂ*, ਮਈ-ਜੂਨ 1979, ਪੰਨੇ 167-168.
8. ਸ਼ਮਸ਼ੇਰ ਸਿੰਘ ਅਸ਼ੋਕ, "ਗੁਰੂ ਅਮਰਦਾਸ ਤੇ ਗੋਇੰਦਵਾਲ", *ਪੰਜਾਬੀ ਦੁਨੀਆਂ*, ਮਈ-ਜੂਨ 1979, ਪੰਨਾ 169.
9. Khazan Singh, *History and Philosophy of the Sikh Religion*, p. 118.

**ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ ॥**
**ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ ॥** *(ਧਨਾਸਰੀ ਮ: ੧, ਪੰਨਾ 687)*

ਇਹ ਬਾਉਲੀ ਤਾਂ ਇਲਾਕੇ ਦੀਆਂ ਸੰਗਤਾਂ ਨੂੰ ਪਾਣੀ ਦੀ ਥੁੜ੍ਹ ਨੂੰ ਪੂਰਾ ਕਰਨ ਲਈ ਬਣਾਈ ਗਈ ਸੀ। ਦੂਸਰਾ, ਗੁਰਮਤਿ 84 ਲੱਖ ਜੂਨਾਂ ਦੀ ਸੋਚ ਨੂੰ ਰੱਦ ਕਰਦੀ ਹੈ। ਪਰ ਹਿੰਦੂ ਧਰਮ ਅੰਦਰ ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ 84 ਲੱਖ ਜੂਨਾਂ ਭੋਗ ਕੇ ਹੀ ਮਨੁੱਖਾ ਜਨਮ ਮਿਲਦਾ ਹੈ। ਇਕੇਰਾਂ ਇਕ ਅਮੀਰ ਆਦਮੀ ਨੇ ਆਪਣੇ ਘਰ ਨਵ-ਜੰਮੇ ਬੱਚੇ ਦੀ ਖ਼ੁਸ਼ੀ ਵਿਚ ਭੰਡਾਰਾ ਕੀਤਾ, ਪਰ ਬ੍ਰਾਹਮਣਾਂ ਨੇ ਇਹ ਆਖ ਖਾਣਾ ਖਾਣ ਤੋਂ ਮਨਾਹੀ ਕੀਤੀ ਕਿ ਉਸ ਦੇ ਘਰ ਸੂਤਕ ਹੈ। ਉਸ ਅਮੀਰ ਆਦਮੀ ਨੇ ਗੁਰੂ ਜੀ ਪਾਸ ਸ਼ਿਕਾਇਤ ਕੀਤੀ ਅਤੇ ਗੁਰੂ ਜੀ ਨੇ ਸਿੱਖਾਂ ਨੂੰ ਹੁਕਮ ਕੀਤਾ ਕਿ ਉਸ ਦੇ ਘਰ ਪ੍ਰਸ਼ਾਦਾ ਛਕੋ ਅਤੇ ਗੁਰੂ ਜੀ ਨੇ ਗੁਰਬਾਣੀ ਉਪਦੇਸ਼ ਦੁਆਰਾ ਦੱਸਿਆ[10] :

**ਸਭੋ ਸੂਤਕੁ ਭਰਮੁ ਹੈ ਦੂਜੈ ਲਗੈ ਜਾਇ ॥**
**ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ ॥**
**ਖਾਣਾ ਪੀਣਾ ਪਵਿਤ੍ਰੁ ਹੈ ਦਿਤੋਨੁ ਰਿਜਕੁ ਸੰਬਾਹਿ ॥**
**ਨਾਨਕ ਜਿਨ੍ਹੀ ਗੁਰਮੁਖਿ ਬੁਝਿਆ ਤਿਨ੍ਹਾ ਸੂਤਕੁ ਨਾਹਿ ॥**
*(ਵਾਰ ਆਸਾ, ਮਹਲਾ ੧, ਪੰਨਾ 472)*

ਇਕ ਮੁਸਲਮਾਨ ਵਪਾਰੀ ਜੋ ਘੋੜਿਆਂ ਦਾ ਵਪਾਰ ਕਰਦਾ ਸੀ, ਉਹ ਭਾਈ ਪਾਰੋ ਦੇ ਸੰਪਰਕ ਵਿਚ ਆਇਆ ਅਤੇ ਭਾਈ ਪਾਰੋ ਪਾਸੋਂ ਗੁਰੂ ਅਮਰਦਾਸ ਜੀ ਦੀ ਮਹਿਮਾ ਸੁਣ ਕੇ, ਗੁਰੂ ਦੇ ਦਰਸ਼ਨਾਂ ਲਈ ਉਤਸੁਕਤਾ ਹੋਈ। ਉਸ ਨੇ ਗੁਰੂ ਜੀ ਦੇ ਦਰਸ਼ਨ ਕਰ ਕੇ ਆਪਣੇ ਆਪ ਵਿਚ ਬਦਲਾਅ ਲਿਆਂਦਾ ਅਤੇ ਉਸ ਦੇ ਪ੍ਰਭਾਵ ਨਾਲ ਅਨੇਕਾਂ ਮੁਸਲਮਾਨ ਵੀ ਗੁਰੂ ਜੀ ਦੇ ਸ਼ਰਧਾਲੂ ਬਣੇ ਅਤੇ ਗੋਇੰਦਵਾਲ ਇਕ ਪ੍ਰਸਿੱਧ ਸਿੱਖ ਕੇਂਦਰ ਬਣ ਗਿਆ।[11]

ਗੁਰੂ ਅਮਰਦਾਸ ਜੀ ਦੇ ਸਮੇਂ ਪਹਿਲੇ ਗੁਰੂ ਸਾਹਿਬਾਨ ਵਲੋਂ ਸਥਾਪਤ ਪਰੰਪਰਾਵਾਂ, ਜਿਵੇਂ ਗੁਰਬਾਣੀ ਕੀਰਤਨ, ਸੰਗਤ ਤੇ ਪੰਗਤ ਪੂਰੀ ਤਰ੍ਹਾਂ ਸਿੱਖ ਲਹਿਰ ਦਾ ਅੰਗ ਬਣ ਚੁੱਕੀਆਂ ਸਨ। ਗੁਰੂ ਜੀ ਨੇ ਸਿੱਖ ਲਹਿਰ ਦੇ ਠੋਸ ਪ੍ਰਚਾਰ ਲਈ ਕਈ ਹੋਰ ਅਹਿਮ ਕਦਮ ਚੁੱਕੇ। ਸਿੱਖਾਂ ਨੂੰ ਸੰਸਕਾਰ ਸਾਦਗੀ ਵਿਚ ਕਰਨ ਲਈ ਆਖਿਆ। ਜਨਮ-ਮਰਨ ਅਤੇ ਵਿਆਹ ਸਮਾਗਮਾਂ ਨੂੰ ਗੁਰਮਤਿ ਦੇ ਅਨੁਕੂਲ ਅਤੇ ਵਿਲੱਖਣ ਰੂਪ ਵਿਚ ਕਰਨ ਲਈ ਹਦਾਇਤ ਕੀਤੀ। ਇਸ ਤੋਂ ਪਹਿਲਾਂ ਰਸਮਾਂ ਨੂੰ ਨਿਭਾਉਣ ਅਤੇ ਉਸ ਦੀ ਰੂਪ-ਰੇਖਾ ਤਿਆਰ ਕਰਨ ਦਾ ਅਧਿਕਾਰ ਬ੍ਰਾਹਮਣ ਪਾਸ ਸੀ। ਸਿੱਖਾਂ ਨੇ ਆਪਣੇ ਨਵੇਂ ਅਤੇ ਵਿਲੱਖਣ ਸੰਸਕਾਰ ਕਰਨੇ ਆਰੰਭ ਕਰ ਦਿੱਤੇ ਅਤੇ ਪੁਜਾਰੀ ਵਰਗ ਤੋਂ ਮੁਕਤੀ ਪਾ ਲਈ। ਗੁਰੂ ਦੇ ਲੰਗਰ ਵਿਚ ਚੰਗੀ ਸਿਹਤ ਲਈ ਚੰਗੀ ਖ਼ੁਰਾਕ ਦਾ ਪ੍ਰਬੰਧ ਕੀਤਾ ਗਿਆ। ਜਦੋਂ ਕਦੀ ਕੋਈ ਸ਼ਰਧਾਲੂ ਗੁਰੂ ਜੀ ਦੇ ਦਰਸ਼ਨ ਕਰਨ

---
10. M.A. Macauliffe, *The Sikh Religion*, Vol. 2, p. 76.
11. *Ibid*., pp. 77-78.

ਦੀ ਲੋਚਾ ਰੱਖਦਾ, ਉਸ ਲਈ ਜ਼ਰੂਰੀ ਸੀ ਕਿ ਉਹ ਪਹਿਲਾਂ ਲੰਗਰ ਵਿਚ ਪ੍ਰਸ਼ਾਦਾ ਛਕੇ। ਸਭ ਜਾਤਾਂ ਅਤੇ ਵਰਗਾਂ ਦੇ ਲੋਕ ਬਰਾਬਰ ਪੰਗਤ ਵਿਚ ਬੈਠ ਕੇ ਲੰਗਰ ਛਕਦੇ ਸਨ। ਬਾਦਸ਼ਾਹ ਅਕਬਰ ਨੇ ਵੀ ਗੁਰੂ ਜੀ ਦੇ ਦਰਸ਼ਨ ਕਰਨ ਤੋਂ ਪਹਿਲਾਂ ਪੰਗਤ ਵਿਚ ਬੈਠ ਕੇ ਲੰਗਰ ਛਕਿਆ। ਭਾਰਤ ਦੇ ਇਤਿਹਾਸ ਵਿਚ ਇਹ ਇਕ ਇਨਕਲਾਬੀ ਕਦਮ ਸੀ, ਜਿਥੇ ਸਭ ਮਨੁੱਖ ਅਤੇ ਬਾਦਸ਼ਾਹ ਪੰਗਤ ਵਿਚ ਬੈਠ ਕੇ ਇਕੱਠੇ ਪ੍ਰਸ਼ਾਦਾ ਛਕਦੇ ਸਨ ਅਤੇ ਸਪੱਸ਼ਟ ਹੁੰਦਾ ਹੈ ਕਿ ਸਿੱਖ ਲਹਿਰ ਨੇ ਜਾਤ-ਪਾਤ ਅਤੇ ਊਚ-ਨੀਚ ਦੇ ਸੰਕਲਪ ਨੂੰ ਰੱਦ ਕਰ ਦਿੱਤਾ ਸੀ।[12]

ਸਿੱਖ ਲਹਿਰ ਦਾ ਪ੍ਰਚਾਰ ਠੋਸ ਤਰੀਕੇ ਨਾਲ ਹੋਣ ਕਾਰਨ ਸਿੱਖਾਂ ਦੀ ਗਿਣਤੀ ਵਿਚ ਵਾਧਾ ਹੋਣ ਲੱਗਾ। ਸਮੇਂ ਦੀ ਲੋੜ ਨੂੰ ਮੁੱਖ ਰੱਖ ਕੇ ਵੱਖ-ਵੱਖ ਇਲਾਕਿਆਂ ਵਿਚ ਪ੍ਰਚਾਰ ਕਰਨ ਲਈ ਮੰਜੀਆਂ ਸਥਾਪਤ ਕੀਤੀਆਂ। ਹਰ ਇਕ ਮੰਜੀ (ਪ੍ਰਚਾਰਕ ਕੇਂਦਰ) ਦੀ ਜ਼ੁੰਮੇਵਾਰੀ ਯੋਗ ਅਤੇ ਗੁਰਮਤਿ ਵਿਚ ਪਰਪੱਕ ਵਿਅਕਤੀ ਨੂੰ ਸੌਂਪੀ ਗਈ। ਗੁਰੂ ਅਮਰਦਾਸ ਜੀ ਨੇ 22 ਮੰਜੀਆਂ ਸਥਾਪਤ ਕੀਤੀਆਂ ਸਨ। ਇਨ੍ਹਾਂ ਮੰਜੀਆਂ 'ਤੇ ਤਿੰਨ ਬੀਬੀਆਂ ਨੂੰ ਵੀ ਮੰਜੀਆਂ ਦੀ ਜ਼ੁੰਮੇਵਾਰੀ ਸੌਂਪੀ ਗਈ ਸੀ। ਇਹ ਕਦਮ ਸਿੱਖ ਲਹਿਰ ਦੀਆਂ ਨੀਂਹਾਂ ਨੂੰ ਮਜ਼ਬੂਤ ਕਰਨ ਲਈ ਉਠਾਇਆ ਗਿਆ ਤਾਂ ਜੋ ਸਾਰੇ ਦੇਸ਼ ਅੰਦਰ ਠੋਸ ਤਰੀਕੇ ਨਾਲ ਪ੍ਰਚਾਰ ਕੀਤਾ ਜਾ ਸਕੇ।[13]

ਇਸ ਬਾਰੇ ਪਹਿਲਾਂ ਉਲੇਖ ਹੋ ਚੁੱਕਾ ਹੈ ਕਿ ਸਿੱਖਾਂ ਨੇ ਬ੍ਰਾਹਮਣ ਪੁਜਾਰੀ ਦੀ ਸਰਦਾਰੀ ਤੋਂ ਮੁਕਤੀ ਪਾ ਲਈ ਸੀ, ਕਿਉਂਕਿ ਸਿੱਖਾਂ ਨੇ ਆਪਣੇ ਸਮਾਜਿਕ ਅਤੇ ਧਾਰਮਿਕ ਸੰਸਕਾਰਾਂ ਨੂੰ ਸਾਦਾ ਕੀਤਾ ਅਤੇ ਸੰਸਕਾਰਾਂ ਨੂੰ ਕਰਨ ਲਈ ਗੁਰਬਾਣੀ ਨੂੰ ਅਧਾਰ ਬਣਾਇਆ।[14] ਗੁਰੂ ਨਾਨਕ ਸਾਹਿਬ ਵੱਲੋਂ ਚਲਾਈ ਲੰਗਰ ਪ੍ਰਥਾ ਦਾ ਮਨੋਰਥ ਜਾਤ-ਪਾਤ ਤੇ ਊਚ-ਨੀਚ ਨੂੰ ਖ਼ਤਮ ਕਰਨਾ ਸੀ। ਗੁਰੂ ਅਮਰਦਾਸ ਜੀ ਨੇ 'ਪਹਿਲੇ ਪੰਗਤ, ਪਾਛੈ ਸੰਗਤ' ਦੀ ਸ਼ਰਤ ਪੱਕੀ ਕਰ ਦਿੱਤੀ ਸੀ ਕਿ ਹਰ ਸ਼ਰਧਾਲੂ ਲਈ ਦਰਸ਼ਨ ਕਰਨ ਤੋਂ ਪਹਿਲਾਂ ਪੰਗਤ ਵਿਚ ਬੈਠ ਕੇ ਲੰਗਰ ਛਕਣਾ ਜ਼ਰੂਰੀ ਸੀ। ਗੋਇੰਦਵਾਲ ਸਾਹਿਬ ਵਿਖੇ ਪਾਣੀ ਦੀ ਸਹੂਲਤ ਨੂੰ ਪੂਰਾ ਕਰਨ ਲਈ ਬਾਉਲੀ ਬਣਵਾਈ ਗਈ ਸੀ। ਇਸ ਲਈ ਸਮੂਹ ਵਰਗਾਂ ਦੇ ਲੋਕਾਂ ਲਈ ਪਾਣੀ ਦੀ ਵਰਤੋਂ ਕਰਨ ਦੀ ਖੁੱਲ੍ਹ ਸੀ। ਇਹ ਵੀ ਲਿਖਿਆ ਮਿਲਦਾ ਹੈ ਕਿ ਗੁਰੂ ਜੀ ਨੇ ਗੋਇੰਦਵਾਲ ਸਾਹਿਬ ਵਿਖੇ, ਜਿਥੋਂ ਲੋਕ ਨਿਤ ਲੰਘ ਕੇ ਗੁਰੂ ਦਰਸ਼ਨ ਕਰਦੇ ਸਨ, ਉਥੇ ਉਹਨਾਂ ਨੇ ਇਕ ਵੱਡਾ ਫੱਟਾ ਲਗਾਇਆ ਹੋਇਆ ਸੀ, ਜਿਸ ਉੱਪਰ ਗੁਰਬਾਣੀ ਦਾ ਸੰਦੇਸ਼ ਲਿਖਿਆ ਹੋਇਆ ਸੀ।[15]

**ਜਾਤਿ ਕਾ ਗਰਬੁ ਨ ਕਰਿਅਹੁ ਕੋਈ॥**
**ਬ੍ਰਹਮੁ ਬਿੰਦੇ ਸੋ ਬ੍ਰਾਹਮਣੁ ਹੋਈ॥**

---

12. ਡਾ. ਸੰਗਤ ਸਿੰਘ, *ਇਤਿਹਾਸ ਵਿਚ ਸਿੱਖ*, ਪੰਨਾ 23.
13. Gokal Chand Narang, *Transformation of Sikhism*, p. 33.
14. ਪ੍ਰਿੰ. ਤੇਜਾ ਸਿੰਘ ਤੇ ਗੰਡਾ ਸਿੰਘ, *ਸਿੱਖ ਇਤਿਹਾਸ (1469-1765)*, ਪੰਨਾ 28.
15. ਪਿਆਰਾ ਸਿੰਘ ਪਦਮ, *ਗੁਰੂ ਅਮਰਦਾਸ ਜੀ ਦੀ ਬਾਣੀ*, ਪੰਨਾ 29.

**ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ॥**
**ਇਸੁ ਗਰਬ ਤੇ ਚਲਹਿ ਬਹੁਤੁ ਵਿਕਾਰਾ॥**

*(ਭੈਰਉ ਮਹਲਾ ੩, ਪੰਨਾ 1127)*

## ਗੁਰੂ ਅਮਰਦਾਸ ਜੀ ਦੀ ਬਾਣੀ ਵਿਚ ਕੁਝ ਸੰਖੇਪ ਸੰਦੇਸ਼

ਇਸ ਪ੍ਰਤੀ ਕੋਈ ਸੰਦੇਹ ਨਹੀਂ ਕਿ ਗੁਰੂ ਅਮਰਦਾਸ ਜੀ ਨੇ ਪਹਿਲੇ ਗੁਰੂਆਂ ਵੱਲੋਂ ਨਿਰਧਾਰਤ ਸਿਧਾਂਤਾਂ 'ਤੇ ਹੀ ਪਹਿਰਾ ਦਿੱਤਾ। ਆਪ ਜੀ ਦਾ ਮੂਲ ਸੋਮਾ ਗੁਰੂ ਨਾਨਕ ਸਾਹਿਬ ਜੀ ਦੀ ਬਾਣੀ ਹੈ। ਮਨੁੱਖੀ ਆਚਰਨ ਦੀ ਉੱਚਤਾ ਲਈ ਉਨ੍ਹਾਂ ਵੱਲੋਂ ਕੁਝ ਉਪਦੇਸ਼ਾਂ 'ਤੇ ਝਾਤ ਪਾਉਂਦੇ ਹਾਂ:

**ਮਾਇਆਧਾਰੀ ਅਤਿ ਅੰਨਾ ਬੋਲਾ॥**
**ਸਬਦੁ ਨ ਸੁਣਈ ਬਹੁ ਰੋਲ ਘਚੋਲਾ॥** *(ਵਾਰ ਗਉੜੀ, ਮਹਲਾ ੩, ਪੰਨਾ 313)*

**ਲੋਭੀ ਕਾ ਵੇਸਾਹੁ ਨ ਕੀਜੈ ਜੇ ਕਾ ਪਾਰਿ ਵਸਾਇ॥**
**ਅੰਤਿ ਕਾਲਿ ਤਿਥੈ ਧੁਹੈ ਜਿਥੈ ਹਥੁ ਨ ਪਾਇ॥**

*(ਸਲੋਕ ਵਾਰਾਂ ਤੇ ਵਧੀਕ, ਮ: ੩, ਪੰਨਾ 1417)*

**ਜਿਨਾ ਸਤਿਗੁਰੁ ਪੁਰਖੁ ਨ ਸੇਵਿਓ ਸਬਦਿ ਨ ਕੀਤੋ ਵੀਚਾਰੁ॥**
**ਓਇ ਮਾਣਸ ਜੂਨਿ ਨ ਆਖੀਅਨਿ ਪਸੂ ਢੋਰ ਗਾਵਾਰ॥**

*(ਸਲੋਕ ਵਾਰਾਂ ਤੇ ਵਧੀਕ, ਮ: ੩, ਪੰਨਾ 1418)*

**ਗੁਰਮੁਖ ਸਉ ਕਰਿ ਦੋਸਤੀ ਸਤਿਗੁਰ ਸਉ ਲਾਇ ਚਿਤੁ॥**
**ਜੰਮਣ ਮਰਣ ਕਾ ਮੂਲੁ ਕਟੀਐ ਤਾਂ ਸੁਖੁ ਹੋਵੀ ਮਿਤੁ॥**

*(ਸਲੋਕ ਵਾਰਾਂ ਤੇ ਵਧੀਕ, ਮ: ੩, ਪੰਨਾ 1421)*

**ਤ੍ਰਿਸਨਾ ਤਜਿ ਸਹਜ ਸੁਖੁ ਪਾਇਆ ਏਕੋ ਮੰਨਿ ਵਸਾਵਣਿਆ॥**
**ਹਉ ਵਾਰੀ ਜੀਉ ਵਾਰੀ ਇਕਸੁ ਸਿਉ ਚਿਤੁ ਲਾਵਣਿਆ॥**

*(ਮਾਝ ਮਹਲਾ ੩, ਪੰਨਾ 111)*

ਗੁਰੂ ਨਾਨਕ ਸਾਹਿਬ ਨੇ ਲੰਬਾ ਸਮਾਂ ਭਰਮਣ ਕੀਤਾ ਅਤੇ ਇਨ੍ਹਾਂ ਉਦਾਸੀਆਂ ਦੌਰਾਨ ਉਨ੍ਹਾਂ ਵੱਖ-ਵੱਖ ਸੰਪਰਦਾਵਾਂ ਅਤੇ ਫ਼ਿਰਕਿਆਂ ਦੇ ਮੁਖੀਆਂ ਨਾਲ ਸੰਵਾਦ ਰਚਾਏ। ਜੋਗੀਆਂ, ਸਿੱਧਾਂ ਨੂੰ ਤਪ ਕਰਦਿਆਂ ਅਤੇ ਅਨੇਕਾਂ ਪ੍ਰਕਾਰ ਦੇ ਜੋਗ ਕਰਦਿਆਂ ਤੱਕਿਆ, ਪਰ ਉਨ੍ਹਾਂ ਵਲੋਂ ਹੱਠ ਤੇ ਤਪ ਸਾਧਨਾਂ ਨੂੰ ਨਿੰਦਿਆ। ਸਿੱਧਾਂ ਵਲੋਂ ਜਦੋਂ ਗੁਰੂ ਨਾਨਕ ਸਾਹਿਬ ਨੂੰ ਸਮਾਜ ਬਾਰੇ ਪੁੱਛ-ਗਿੱਛ ਕੀਤੀ ਤਾਂ ਉਨ੍ਹਾਂ ਦਾ ਉੱਤਰ ਸੀ:

**ਸਿਧ ਛਪਿ ਬੈਠੇ ਪਰਬਤੀ ਕਉਣੁ ਜਗਤਿ ਕਉ ਪਾਰਿ ਉਤਾਰਾ।**

*(ਵਾਰ ਪਹਿਲੀ, ਪਉੜੀ 29)*

ਭਾਵ ਕਿ ਉਨ੍ਹਾਂ ਦਾ ਸਮਾਜ ਅੰਦਰ ਰਹਿ ਕੇ ਪਰਿਵਾਰਕ ਜ਼ੁੰਮੇਵਾਰੀਆਂ ਤੋਂ ਦੂਰ ਭੱਜ ਕੇ ਤਪ ਜਾਂ ਜੋਗ ਕਰਨੇ ਨਿਰਾ ਪਖੰਡ ਹਨ।

ਗੁਰੂ ਅਮਰਦਾਸ ਜੀ, ਗੁਰੂ ਅੰਗਦ ਸਾਹਿਬ ਦੀ ਸ਼ਰਨ ਆਉਣ ਤੋਂ ਪਹਿਲਾਂ

ਵੈਸ਼ਨਵ ਮੱਤ ਦੇ ਧਾਰਨੀ ਸਨ ਅਤੇ ਉਨ੍ਹਾਂ ਬਹੁਤ ਲੰਬਾ ਸਮਾਂ ਤੀਰਥਾਂ ਦੀ ਯਾਤਰਾ ਅਤੇ ਭੇਖੀ ਤੇ ਅਡੰਬਰੀ ਸਾਧੂਆਂ ਦੇ ਡੇਰੇ ਆਦਿ ਅੱਖੀਂ ਤੱਕੇ ਸਨ। ਆਪ ਜੀ ਨੂੰ ਭਲੀ ਪ੍ਰਕਾਰ ਜਾਣਕਾਰੀ ਸੀ ਕਿ ਤੀਰਥ ਅਸਥਾਨਾਂ 'ਤੇ ਪੁਜਾਰੀਆਂ ਵਲੋਂ ਲੁੱਟ-ਖਸੁੱਟ ਹੁੰਦੀ ਸੀ, ਉਨ੍ਹਾਂ ਦੀ ਬਾਣੀ ਅੰਦਰ ਉਨ੍ਹਾਂ ਦੁਆਰਾ ਹੰਢਾਏ ਲੰਬੇ ਸਮੇਂ ਦੇ ਤਜਰਬੇ ਦੀ ਝਲਕ ਸਾਫ਼ ਦਿਖਾਈ ਦਿੰਦੀ ਹੈ :

**ਜੋਗੁ ਨ ਭਗਵੀ ਕਪੜੀ ਜੋਗੁ ਨ ਮੈਲੇ ਵੇਸਿ ॥**
**ਨਾਨਕ ਘਰਿ ਬੈਠਿਆ ਜੋਗੁ ਪਾਈਐ ਸਤਿਗੁਰ ਕੈ ਉਪਦੇਸਿ ॥**
*(ਸਲੋਕ ਵਾਰਾਂ ਤੇ ਵਧੀਕ, ਮ: ੩, ਪੰਨਾ 1421)*

**ਇਕਿ ਭਸਮ ਲਗਾਇ ਫਿਰਹਿ ਭੇਖਧਾਰੀ ॥**
**ਬਿਨੁ ਸਬਦੈ ਹਉਮੈ ਕਿਨਿ ਮਾਰੀ ॥** *(ਮਾਰੂ ਮਹਲਾ ੩, ਪੰਨਾ 1046)*

**ਘਰਿ ਘਰਿ ਪੜਿ ਪੜਿ ਪੰਡਿਤ ਥਕੇ ਸਿਧ ਸਮਾਧਿ ਲਗਾਇ ॥**
**ਇਹੁ ਮਨੁ ਵਸਿ ਨ ਆਵਈ ਥਕੇ ਕਰਮ ਕਮਾਇ ॥**
**ਭੇਖਧਾਰੀ ਭੇਖ ਕਰਿ ਥਕੇ ਅਠਿਸਠਿ ਤੀਰਥ ਨਾਇ ॥**
**ਮਨ ਕੀ ਸਾਰ ਨ ਜਾਣਨੀ ਹਉਮੈ ਭਰਮਿ ਭੁਲਾਇ ॥**
*(ਵਾਰ ਸੋਰਠਿ, ਮ: ੩, ਪੰਨਾ 644)*

ਪੁਜਾਰੀ ਵਰਗ ਪਾਸ ਸ਼ਾਸਤਰਾਂ ਦਾ ਅਥਾਹ ਗਿਆਨ ਸੀ, ਜਿਸ ਨੂੰ ਅਧਾਰ ਬਣਾ ਕੇ, ਉਹ ਲੋਕਾਈ ਉੱਤੇ ਚੋਖਾ ਪ੍ਰਭਾਵ ਰੱਖਦੇ ਸਨ। ਪਰ ਦੁਖਾਂਤਕ ਪਹਿਲੂ ਇਹ ਹੈ ਕਿ ਉਨ੍ਹਾਂ ਪੁਜਾਰੀਆਂ ਦਾ ਨਿੱਜੀ ਜੀਵਨ ਬਹੁਤ ਨੀਵਾਂ ਸੀ। ਅਜੋਕੇ ਸਮੇਂ ਵੀ ਆਮ ਦੇਖਦੇ ਹਾਂ ਕਿ ਪ੍ਰਚਾਰਕ ਸ਼੍ਰੇਣੀ ਦੇ ਵਿਅਕਤੀਆਂ ਪਾਸ ਗਿਆਨ ਦੀ ਕੋਈ ਘਾਟ ਨਹੀਂ, ਪਰ ਜ਼ਿਆਦਾਤਰ ਵਿਅਕਤੀਆਂ ਦਾ ਜੀਵਨ ਪੱਧਰ ਉੱਚਾ-ਸੁੱਚਾ ਨਹੀਂ ਹੁੰਦਾ :

**ਮਨਮੁਖ ਪੜਹਿ ਪੰਡਿਤ ਕਹਾਵਹਿ ॥**
**ਦੂਜੈ ਭਾਇ ਮਹਾ ਦੁਖੁ ਪਾਵਹਿ ॥**
**ਬਿਖਿਆ ਮਾਤੇ ਕਿਛੁ ਸੂਝੈ ਨਾਹੀ ਫਿਰਿ ਫਿਰਿ ਜੂਨੀ ਆਵਣਿਆ ॥...**
**ਵੇਦੁ ਪੜਹਿ ਹਰਿ ਰਸੁ ਨਹੀ ਆਇਆ ॥**
**ਵਾਦੁ ਵਖਾਣਹਿ ਮੋਹੇ ਮਾਇਆ ॥**
**ਅਗਿਆਨਮਤੀ ਸਦਾ ਅੰਧਿਆਰਾ ਗੁਰਮੁਖਿ ਬੂਝਿ ਹਰਿ ਗਾਵਣਿਆ ॥**
*(ਮਾਝ ਮ: ੩, ਪੰਨਾ 128)*

ਪੁਜਾਰੀ ਵਰਗ ਵਲੋਂ ਅਨੇਕਾਂ ਤਰ੍ਹਾਂ ਦੇ ਕਰਮ-ਕਾਂਡ ਜਾਂ ਵਹਿਮ ਪੈਦਾ ਕਰ ਕੇ ਭੋਲੀ ਭਾਲੀ ਜਨਤਾ ਨੂੰ ਲੁੱਟਿਆ ਜਾਂਦਾ ਸੀ :

**ਕਰਮ ਕਾਂਡ ਬਹੁ ਕਰਹਿ ਅਚਾਰ ॥**
**ਬਿਨੁ ਨਾਵੈ ਧ੍ਰਿਗੁ ਧ੍ਰਿਗੁ ਅਹੰਕਾਰ ॥**
**ਬੰਧਨਿ ਬਾਧਿਓ ਮਾਇਆ ਫਾਸ ॥**
**ਜਨ ਨਾਨਕ ਛੂਟੈ ਗੁਰ ਪਰਗਾਸ ॥** *(ਗਉੜੀ ਗੁਆਰੇਰੀ ਮ: ੩, ਪੰਨਾ 162)*

ਇਕ ਹੋਰ ਕੂੜ ਪ੍ਰਚਾਰਿਆ ਜਾਂਦਾ ਸੀ ਕਿ ਫ਼ਲਾਣੇ ਤੀਰਥ ਦੀ ਵਧੇਰੇ ਮਹਾਨਤਾ ਹੈ ਅਤੇ ਅਜਿਹੇ ਤੀਰਥਾਂ 'ਤੇ ਸਰੀਰ ਛੱਡਣਾ ਵੀ ਸਵਰਗ ਪਹੁੰਚਣ ਲਈ ਵਿਸ਼ੇਸ਼ ਪਾਸਪੋਰਟ ਵਾਂਗੂੰ ਦੱਸਿਆ ਜਾਂਦਾ ਸੀ। ਪਰ ਗੁਰੂ ਸਾਹਿਬਾਨ ਨੇ ਤੀਰਥ ਯਾਤਰਾ ਜਾਂ ਤੀਰਥਾਂ 'ਤੇ ਜਾ ਕੇ ਇਸ਼ਨਾਨ ਕਰਨ ਦੀ ਮਹੱਤਤਾ ਨੂੰ ਪੂਰੀ ਤਰ੍ਹਾਂ ਰੱਦ ਕਰ ਦਿੱਤਾ :

**ਨਾ ਕਾਸੀ ਮਤਿ ਊਪਜੈ ਨਾ ਕਾਸੀ ਮਤਿ ਜਾਇ ॥**
**ਸਤਿਗੁਰ ਮਿਲੀਐ ਮਤਿ ਊਪਜੈ ਤਾ ਇਹ ਸੋਝੀ ਪਾਇ ॥**

*(ਗੂਜਰੀ ਮ: ੩, ਪੰਨਾ 491)*

**ਜਗਿ ਹਉਮੈ ਮੈਲੁ ਦੁਖੁ ਪਾਇਆ, ਮਲੁ ਲਾਗੀ ਦੂਜੈ ਭਾਇ ॥**
**ਮਲੁ ਹਉਮੈ ਧੋਤੀ ਕਿਵੈ ਨ ਉਤਰੈ ਜੇ ਸਉ ਤੀਰਥ ਨਾਇ ॥**

*(ਸਿਰੀਰਾਗੁ ਮ: ੩, ਪੰਨਾ 39)*

ਗੁਰੂ ਨਾਨਕ ਸਾਹਿਬ ਜੀ ਦਾ ਵਾਕ, ਇਥੇ ਗਵਾਹੀ ਲਈ ਢੁੱਕਵਾਂ ਹੋਵੇਗਾ :

**ਅੰਦਰਹੁ ਝੂਠੇ ਪੈਜ ਬਾਹਰਿ ਦੁਨੀਆ ਅੰਦਰਿ ਫੈਲੁ ॥**
**ਅਠਸਠਿ ਤੀਰਥ ਜੇ ਨਾਵਹਿ ਉਤਰੈ ਨਾਹੀ ਮੈਲੁ ॥**

*(ਵਾਰ ਆਸਾ, ਮ: ੧, ਪੰਨਾ 473)*

ਹਿੰਦੂ ਧਰਮ ਅੰਦਰ ਅਠਾਹਠ ਤੀਰਥਾਂ (ਅੱਠ+ਸੱਠ) ਦੀ ਯਾਤਰਾ ਕਰਨ ਨੂੰ ਧਰਮ ਦਾ ਅੰਗ ਸਮਝਿਆ ਗਿਆ ਸੀ, ਪਰ ਗੁਰਮਤਿ ਨੇ ਅਜਿਹੀ ਸੋਚ ਨੂੰ ਨਕਾਰ ਦਿੱਤਾ। ਗੁਰੂ ਜੀ ਨੇ ਨਸ਼ਿਆਂ ਪ੍ਰਤੀ ਆਪਣੀ ਵਿਚਾਰਧਾਰਾ ਨੂੰ ਬਾਣੀ ਦੁਆਰਾ ਸਪੱਸ਼ਟ ਕੀਤਾ। ਸਮੂਹ ਵਰਗਾਂ ਦੇ ਲੋਕਾਂ ਨੂੰ ਨਸ਼ਿਆਂ ਜਾਂ ਸ਼ਰਾਬ ਆਦਿ ਦੀ ਭੈੜੀ ਆਦਤ ਤੋਂ ਮੁਕਤ ਰਹਿਣ ਲਈ ਕਿਹਾ :

**ਜਿਤੁ ਪੀਤੈ ਮਤਿ ਦੂਰਿ ਹੋਇ ਬਰਲੁ ਪਵੈ ਵਿਚਿ ਆਇ ॥**
**ਆਪਣਾ ਪਰਾਇਆ ਨ ਪਛਾਣਈ ਖਸਮਹੁ ਧਕੇ ਖਾਇ ॥**
**ਜਿਤੁ ਪੀਤੈ ਖਸਮੁ ਵਿਸਰੈ ਦਰਗਹ ਮਿਲੈ ਸਜਾਇ ॥**
**ਝੂਠਾ ਮਦੁ ਮੂਲਿ ਨ ਪੀਚਈ ਜੇ ਕਾ ਪਾਰਿ ਵਸਾਇ ॥**

*(ਵਾਰ ਬਿਹਾਗੜਾ, ਮ: ੩, ਪੰਨਾ 554)*

ਗੁਰੂ ਨਾਨਕ ਸਾਹਿਬ ਜੀ ਨੇ ਇਸਤਰੀ ਜਾਤੀ ਨਾਲ ਹੋ ਰਹੇ ਵਿਤਕਰੇ ਦੇ ਵਿਰੁੱਧ ਆਵਾਜ਼ ਉਠਾਈ ਅਤੇ ਉਨ੍ਹਾਂ 'ਵਾਰ ਆਸਾ' ਵਿਚ ਉਪਦੇਸ਼ ਕੀਤਾ ਕਿ ਇਸਤਰੀ ਜਾਤੀ ਦਾ ਸਤਿਕਾਰ ਕਰੋ, ਕਿਉਂਕਿ :

**ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥**

*(ਵਾਰ ਆਸਾ, ਮ: ੧, ਪੰਨਾ 473)*

ਗੁਰੂ ਅਮਰਦਾਸ ਜੀ ਨੇ ਸਮਾਜ ਅੰਦਰ ਸਤੀ ਦੀ ਰਸਮ ਬੰਦ ਕਰਾਉਣ ਦਾ ਜਤਨ ਕੀਤਾ। ਇਸ ਸਤੀ ਦੀ ਰਸਮ ਅੰਦਰ, ਜਦੋਂ ਕਿਸੇ ਇਸਤਰੀ ਦਾ ਪਤੀ ਮਰ ਜਾਂਦਾ ਸੀ ਤਾਂ ਉਸ ਨੂੰ ਵੀ ਚਿਖਾ ਵਿਚ ਸੜਨ ਲਈ ਮਜਬੂਰ ਕੀਤਾ ਜਾਂਦਾ ਸੀ।

ਗੁਰੂ ਸਾਹਿਬ ਜੀ ਨੇ 'ਸਤੀ' ਦੀ ਅਸਲ ਵਿਆਖਿਆ ਕਰ ਕੇ, ਲੋਕਾਈ ਨੂੰ ਇਸ ਰਸਮ ਨੂੰ ਅਪ੍ਰਵਾਨ ਕਰਨ ਲਈ ਆਖਿਆ :

**ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨ੍ਹਿ ॥**
**ਨਾਨਕ ਸਤੀਆ ਜਾਣੀਅਨ੍ਹਿ ਜਿ ਬਿਰਹੇ ਚੋਟ ਮਰੰਨ੍ਹਿ ॥**

*(ਵਾਰ ਸੂਹੀ, ਮ: ੩, ਪੰਨਾ 787)*

ਗੁਰੂ ਅਮਰਦਾਸ ਜੀ ਨੇ ਆਪਣੀ ਬਾਣੀ ਦੁਆਰਾ ਲੋਕਾਈ ਨੂੰ ਸੁਚੇਤ ਕੀਤਾ ਕਿ ਉਹ ਯੋਗ ਅਤੇ ਲਾਇਕ ਰਾਜਿਆਂ ਨੂੰ ਹੀ ਪ੍ਰਵਾਨ ਕਰਨ। ਸਮਾਜ ਦਾ ਭਲਾ, ਉਹੀ ਲੋਕ ਜਾਂ ਰਾਜੇ ਕਰ ਸਕਦੇ ਹਨ, ਜੇਕਰ ਉਹ ਸੂਝਵਾਨ ਅਤੇ ਲਾਇਕ ਹੋਣ :

**ਤਖਤਿ ਰਾਜਾ ਸੋ ਬਹੈ ਜਿ ਤਖਤੈ ਲਾਇਕ ਹੋਈ ॥**
**ਜਿਨੀ ਸਚੁ ਪਛਾਣਿਆ ਸਚੁ ਰਾਜੇ ਸੇਈ ॥**
**ਏਹਿ ਭੂਪਤਿ ਰਾਜੇ ਨ ਆਖੀਅਹਿ ਦੂਜੈ ਭਾਇ ਦੁਖੁ ਹੋਈ ॥**

*(ਵਾਰ ਮਾਰੂ, ਮ: ੩, ਪੰਨਾ 1088)*

ਗੁਰੂ ਜੀ ਦੇ ਸਮੇਂ ਲੋਕਾਈ ਅੰਦਰ ਵਹਿਮ ਹਾਵੀ ਸੀ ਕਿ ਰੱਬੀ ਭਗਤੀ ਜਾਂ ਸਾਧਨਾ ਲਈ ਵਿਸ਼ੇਸ਼ ਸਮਾਂ ਮਿਥਿਆ ਜਾਂਦਾ ਸੀ, ਇਹੀ ਵਹਿਮ ਅਜੋਕੇ ਸਮੇਂ ਪ੍ਰਚੱਲਤ ਹੈ ਕਿ ਲੋਕ ਸਮਝਦੇ ਹਨ ਕਿ ਜੇਕਰ ਅੰਮ੍ਰਿਤ ਵੇਲਾ ਨਾ ਸਾਂਭਿਆ ਜਾਏ ਤਾਂ ਭਗਤੀ ਕਰਨੀ ਅਸੰਭਵ ਹੈ, ਪਰ ਗੁਰੂ ਅਮਰਦਾਸ ਜੀ ਅਜਿਹੀ ਸੋਚ ਦਾ ਖੰਡਣ ਕਰਦੇ ਹਨ :

**ਜੇ ਵੇਲਾ ਵਖਤੁ ਵੀਚਾਰੀਐ ਤਾ ਕਿਤੁ ਵੇਲਾ ਭਗਤਿ ਹੋਇ ॥**
**ਅਨਦਿਨੁ ਨਾਮੇ ਰਤਿਆ ਸਚੇ ਸਚੀ ਸੋਇ ॥**
**ਇਕੁ ਤਿਲੁ ਪਿਆਰਾ ਵਿਸਰੈ ਭਗਤਿ ਕਿਨੇਹੀ ਹੋਇ ॥**
**ਮਨੁ ਤਨੁ ਸੀਤਲੁ ਸਾਚ ਸਿਉ ਸਾਸੁ ਨ ਬਿਰਥਾ ਕੋਇ ॥**

*(ਸਿਰੀਰਾਗੁ ਮ: ੩, ਪੰਨਾ 35)*

ਉਨ੍ਹਾਂ ਦਾ ਇਕ ਬਹੁਤ ਹੀ ਮਹੱਤਵਪੂਰਨ ਸੰਦੇਸ਼ ਸੀ ਕਿ ਸਮੂਹ ਸਿੱਖ, ਗੁਰੂਆਂ ਵੱਲੋਂ ਰਚੀ ਬਾਣੀ ਹੀ ਪੜ੍ਹਨ ਅਤੇ ਉਸ ਨੂੰ ਸਮਝ ਕੇ ਜੀਵਨ ਵਿਚ ਅਪਨਾਉਣ :

**ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ ॥**
**ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆ ਸਿਰਿ ਬਾਣੀ ॥...**
**ਕਹੈ ਨਾਨਕੁ ਸਦਾ ਗਾਵਹੁ ਏਹ ਸਚੀ ਬਾਣੀ ॥**
**ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ ॥**
**ਬਾਣੀ ਤ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ ॥**
**ਕਹਦੇ ਕਚੇ ਸੁਣਦੇ ਕਚੇ ਕਚੀਂ ਆਖਿ ਵਖਾਣੀ ॥...**
**ਕਹੈ ਨਾਨਕ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ ॥**

*(ਰਾਮਕਲੀ ਮ: ੩, ਅਨੰਦੁ, ਪੰਨਾ 920)*

ਉਸ ਸਮੇਂ ਸਿੱਖ ਲਹਿਰ ਦੇ ਵਿਰੋਧੀਆਂ ਵਲੋਂ ਗੁਰੂਆਂ ਦੇ ਨਾਮ 'ਤੇ ਕੱਚੀ ਬਾਣੀ ਲਿਖੀ ਜਾ ਰਹੀ ਸੀ। ਇਸ ਕਰਕੇ ਜ਼ਰੂਰੀ ਸੀ ਕਿ ਸਿੱਖਾਂ ਨੂੰ ਸੁਚੇਤ ਕੀਤਾ ਜਾਵੇ।

ਅਜੋਕੇ ਸਮੇਂ ਵੀ ਅਜਿਹੇ ਜਤਨ ਕੀਤੇ ਜਾ ਰਹੇ ਹਨ। ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਬਚਿੱਤ੍ਰ ਨਾਟਕ ਨੂੰ ਗੁਰੂ ਕ੍ਰਿਤ ਦੱਸ ਕੇ ਪ੍ਰਚਾਰਿਆ ਜਾ ਰਿਹਾ ਹੈ। ਕਈ ਕਥਾਕਾਰ ਜਾਂ ਕੁਝ ਵਿਸ਼ਵ-ਵਿਦਿਆਲਿਆਂ ਦੇ ਅਧਿਆਪਕਾਂ ਨੂੰ ਭਾੜੇ 'ਤੇ ਖ਼ਰੀਦ ਕੇ, ਸਿੱਖ ਵਿਰੋਧੀ ਏਜੰਸੀਆਂ ਦਾ ਏਜੰਡਾ ਇਹੀ ਹੈ ਕਿ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਨਕਲੀ ਗ੍ਰੰਥਾਂ ਦੀ ਵਡਿਆਈ ਕਰਾਈ ਜਾਵੇ। ਅਜਿਹੀ ਸਥਿਤੀ ਵਿਚ ਸਾਨੂੰ ਵੀ ਦ੍ਰਿੜ੍ਹ ਕਰ ਲੈਣਾ ਚਾਹੀਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਦੀ ਨਿਰੋਲ ਬਾਣੀ ਤੋਂ ਬਗ਼ੈਰ ਹੋਰ ਕਿਸੇ ਕੱਚੀ ਬਾਣੀ ਨੂੰ ਨਾ ਪੜ੍ਹੀਏ ਅਤੇ ਨਾ ਹੀ ਸੁਣੀਏ। ਜੇਕਰ ਅਸੀਂ ਅਵੇਸਲੇ ਰਹੇ ਤਾਂ ਸਿੱਖ ਕੌਮ ਦੀ ਵਿਲੱਖਣ ਅਤੇ ਮਹਾਨ ਵਿਚਾਰਧਾਰਾ ਜੋ ਗੁਰੂ ਗ੍ਰੰਥ ਸਾਹਿਬ ਅੰਦਰ ਦਰਜ ਹੈ, ਨੂੰ ਵਿਰੋਧੀਆਂ ਵਲੋਂ ਖ਼ਤਮ ਕਰਨ ਲਈ ਵਧੇਰੇ ਜਤਨ ਕੀਤੇ ਜਾਣਗੇ।

## ਗੁਰੂ ਅਮਰਦਾਸ ਜੀ ਵੱਲੋਂ ਰਚੀ ਬਾਣੀ ਦਾ ਵੇਰਵਾ

ਗੁਰੂ ਗ੍ਰੰਥ ਸਾਹਿਬ ਜੀ ਦੇ 31 ਰਾਗਾਂ ਵਿੱਚੋਂ ਗੁਰੂ ਅਮਰਦਾਸ ਜੀ ਨੇ 17 ਰਾਗਾਂ ਵਿਚ ਬਾਣੀ ਉਚਾਰੀ ਹੈ। ਗੁਰੂ ਸਾਹਿਬ ਜੀ ਦੀ ਬਾਣੀ ਦਾ ਵੇਰਵਾ ਇਸ ਤਰ੍ਹਾਂ ਹੈ:

ਸ਼ਬਦ 172, ਅਸ਼ਟਪਦੀਆਂ 81, ਛੰਤ 20

ਗੁਰੂ ਅਮਰਦਾਸ ਜੀ ਨੇ ਚਾਰ ਵਾਰਾਂ ਵੀ ਲਿਖੀਆਂ ਹਨ। ਵਾਰਾਂ ਦੀਆਂ ਪਉੜੀਆਂ ਦੇ ਨਾਲ ਦਰਜ ਹੋਏ ਸਲੋਕਾਂ ਦੀ ਗਿਣਤੀ 343 ਹੈ ਅਤੇ ਜੋ ਸਲੋਕ ਦਰਜ ਨਹੀਂ ਹੋਏ, ਉਹ ਸਲੋਕ ਗੁਰੂ ਗ੍ਰੰਥ ਸਾਹਿਬ ਜੀ ਦੇ ਅਖ਼ੀਰ ਵਿਚ 'ਸਲੋਕ ਵਾਰਾਂ ਤੇ ਵਧੀਕ' ਸਿਰਲੇਖ ਹੇਠ ਦਰਜ ਹਨ। ਇਸ ਵਿਚ ਗੁਰੂ ਅਮਰਦਾਸ ਜੀ ਦੇ 67 ਸਲੋਕ ਹਨ ਅਤੇ ਇਕ ਸਲੋਕ ਤੋਂ ਗੁਰੂ ਨਾਨਕ ਸਾਹਿਬ ਜੀ ਦੇ 27 ਸਲੋਕਾਂ ਤੋਂ ਬਾਅਦ ਸਲੋਕ ਨੰਬਰ 28 ਗੁਰੂ ਅਮਰਦਾਸ ਜੀ ਦਾ ਹੈ:

**ਲਾਹੌਰ ਸਹਰੁ ਅੰਮ੍ਰਿਤ ਸਰੁ ਸਿਫਤੀ ਦਾ ਘਰੁ ॥**

*(ਸਲੋਕ ਵਾਰਾਂ ਤੇ ਵਧੀਕ, ਮ: ੩, ਪੰਨਾ 1412)*

ਗੁਰੂ ਅਮਰਦਾਸ ਜੀ ਨੇ ਕੁਝ ਵਿਸ਼ੇਸ਼ ਬਾਣੀਆਂ ਵੀ ਰਚੀਆਂ ਹਨ, ਜਿਵੇਂ ਰਾਗ ਆਸਾ ਵਿਚ ਪਟੀ ਲਿਖੀ, ਜਿਸ ਦੀਆਂ 18 ਪਉੜੀਆਂ ਹਨ, ਵਡਹੰਸ ਰਾਗ ਵਿਚ ਅਲਾਹੁਣੀਆਂ ਦੇ 4 ਸ਼ਬਦ, ਬਿਲਾਵਲ ਵਿਚ ਵਾਰ ਸਤ, ਦਸ ਦਸ ਬੰਦਾਂ ਦੇ ਦੋ ਸ਼ਬਦ, ਰਾਗ ਰਾਮਕਲੀ ਵਿਚ ਅਨੰਦੁ ਬਾਣੀ (40 ਪਉੜੀਆਂ) ਅਤੇ ਮਾਰੂ ਰਾਗ ਵਿਚ ਸੋਲਹੇ ਦੇ 24 ਸ਼ਬਦ।

# ਗੁਰੂ ਰਾਮਦਾਸ ਸਾਹਿਬ

**(1534-1581)**

ਗੁਰੂ ਰਾਮਦਾਸ ਜੀ ਦਾ ਜਨਮ 25 ਅੱਸੂ 1591 (ਬਿਕ੍ਰਮੀ ਸੰਮਤ), 24 ਸਤੰਬਰ 1534 (ਜੂਲੀਅਨ ਕੈਲੰਡਰ), 25 ਅੱਸੂ 66 (ਨਾਨਕਸ਼ਾਹੀ) ਨੂੰ ਲਾਹੌਰ ਸ਼ਹਿਰ ਦੇ ਬਜ਼ਾਰ ਚੂਨਾ ਮੰਡੀ ਵਿਚ ਹੋਇਆ ਸੀ। ਇਨ੍ਹਾਂ ਦੇ ਪਿਤਾ ਜੀ ਦਾ ਨਾਮ ਹਰੀ ਦਾਸ ਅਤੇ ਮਾਤਾ ਅਨੂਪ ਦੇਵੀ ਜਾਂ ਦਿਆ ਕੌਰ ਨਾਲ ਵੀ ਜਾਣਿਆ ਜਾਂਦਾ ਸੀ। ਗੁਰੂ ਰਾਮਦਾਸ ਜੀ ਨੂੰ ਜੇਠਾ ਦੇ ਨਾਮ ਨਾਲ ਬੁਲਾਇਆ ਜਾਂਦਾ ਸੀ।[1]

ਉਸ ਸਮੇਂ ਪਰੰਪਰਾ ਸੀ ਕਿ ਪਰਿਵਾਰ ਵਿਚ ਜਨਮੇ ਪਹਿਲੇ ਪੁੱਤਰ ਨੂੰ ਜੇਠਾ ਜਾਂ ਜੇਠਾ ਪੁੱਤਰ ਆਖਿਆ ਜਾਂਦਾ ਸੀ। ਇਨ੍ਹਾਂ ਦਾ ਨਾਮ, ਨਾਮਕਰਨ ਸਮੇਂ ਰਾਮਦਾਸ ਰੱਖਿਆ ਗਿਆ ਸੀ ਪਰ ਆਮ ਲੋਕ ਅਤੇ ਰਿਸ਼ਤੇਦਾਰ ਗੁਰੂ ਰਾਮਦਾਸ ਜੀ ਨੂੰ ਭਾਈ ਜੇਠਾ ਜੀ ਦੇ ਨਾਮ ਨਾਲ ਸੰਬੋਧਨ ਕਰਦੇ ਸਨ। ਅਜੋਕੇ ਸਮੇਂ ਵੀ ਘਰ ਵਿਚ ਵੱਡੇ ਬੇਟੇ ਨੂੰ ਜੇਠਾ ਪੁੱਤ ਆਖਿਆ ਜਾਂਦਾ ਹੈ।

ਇਨ੍ਹਾਂ ਦੀ ਛੋਟੀ ਉਮਰ ਸੀ, ਜਦੋਂ ਇਨ੍ਹਾਂ ਦੇ ਮਾਤਾ ਜੀ ਚੜ੍ਹਾਈ ਕਰ ਗਏ ਅਤੇ ਇਨ੍ਹਾਂ ਦੇ ਪਿਤਾ ਜੀ, ਭਾਈ ਹਰੀਦਾਸ ਵੀ ਕੁਝ ਸਮੇਂ ਬਾਅਦ ਅਕਾਲ ਚਲਾਣਾ ਕਰ ਗਏ। ਇਸ ਪਿੱਛੋਂ ਇਨ੍ਹਾਂ ਦੀ ਨਾਨੀ ਨੇ, ਇਨ੍ਹਾਂ ਨੂੰ ਲਾਹੌਰ ਤੋਂ ਨਾਲ ਲਿਆ ਕੇ ਆਪਣੇ ਪਿੰਡ ਬਾਸਰਕੇ ਰੱਖਿਆ। ਇਥੇ ਹੀ ਇਨ੍ਹਾਂ ਦਾ ਮਿਲਾਪ ਗੁਰੂ ਅਮਰਦਾਸ ਜੀ ਨਾਲ ਹੋਇਆ।[2]

ਜਦੋਂ ਬੀਬੀ ਭਾਨੀ ਜੀ ਦੇ ਵਰ ਲੱਭਣ ਬਾਰੇ ਗੱਲ ਸ਼ੁਰੂ ਹੋਈ, ਤਦ ਜੇਠਾ ਜੀ ਨੂੰ ਯੋਗ ਸਮਝ ਕੇ, ਗੁਰੂ ਅਮਰਦਾਸ ਜੀ ਨੇ ਬੀਬੀ ਭਾਨੀ ਦਾ ਵਿਆਹ ਭਾਈ ਜੇਠਾ ਜੀ ਨਾਲ ਕਰ ਦਿੱਤਾ। ਗੁਰੂ ਜੀ ਨੇ ਜੇਠਾ ਜੀ ਨੂੰ ਬਤੌਰ ਸੇਵਕ ਕੋਲ ਹੀ ਰੱਖ ਲਿਆ ਸੀ। ਗੋਇੰਦਵਾਲ ਸਾਹਿਬ ਵਿਖੇ ਬਉਲੀ ਦੀ ਉਸਾਰੀ ਦੇ ਕੰਮ ਵਿਚ ਜੇਠਾ ਜੀ (ਗੁਰੂ ਰਾਮਦਾਸ) ਨੇ ਨਿੱਠ ਕੇ ਅਤੇ ਸ਼ਰਧਾ ਸਹਿਤ ਸੇਵਾ ਕੀਤੀ। ਇਹ ਤਾਂ ਪ੍ਰਤੱਖ ਹੈ ਕਿ ਜੇਠਾ ਜੀ, ਗੁਰੂ ਅਮਰਦਾਸ ਜੀ ਦੇ ਜਵਾਈ ਸਨ ਅਤੇ ਲੋਕਾਂ ਨੇ ਤਾਹਨੇ ਮਿਹਣੇ ਵੀ ਦਿੱਤੇ ਕਿ ਜਵਾਈ ਹੋ ਕੇ ਵੀ ਟੋਕਰੀ ਢੋਣ ਦਾ ਕੰਮ ਕਰਦੇ ਸਨ, ਪਰ ਜੇਠਾ ਜੀ ਨੇ ਪੂਰੀ ਲਗਨ ਨਾਲ ਨਿਸ਼ਕਾਮ ਸੇਵਾ ਕੀਤੀ ਅਤੇ ਲੋਕਾਂ ਦੇ ਤਾਹਨੇ ਮਿਹਣਿਆਂ

---

1. *The Encyclopaedia of Sikhism*, Vol. 3, pp. 450-451.

2. (ੳ) ਪ੍ਰਿੰ. ਤੇਜਾ ਸਿੰਘ ਤੇ ਗੰਡਾ ਸਿੰਘ, *ਸਿੱਖ ਇਤਿਹਾਸ (1469-1765)*, ਪੰਨਾ 28.
   (ਅ) ਪ੍ਰੋ. ਸਾਹਿਬ ਸਿੰਘ, "ਜੀਵਨ ਬ੍ਰਿਤਾਂਤ ਗੁਰੂ ਰਾਮਦਾਸ ਜੀ", *ਗੁਰ ਇਤਿਹਾਸ (ਦੂਜੀ ਤੋਂ ਨੌਵੀਂ ਪਾਤਸ਼ਾਹੀ)*, ਪੰਨਾ 6.

ਦੀ ਰੱਤੀ ਪਰਵਾਹ ਨਹੀਂ ਕੀਤੀ। ਗੁਰੂ ਅਮਰਦਾਸ ਜੀ ਨੇ ਉਨ੍ਹਾਂ ਦੀ ਸੇਵਾ ਭਾਵਨਾ ਅਤੇ ਯੋਗਤਾ ਨੂੰ ਆਧਾਰ ਬਣਾ ਕੇ ਜੇਠਾ ਜੀ ਨੂੰ 2 ਅੱਸੂ, ਭਾਦੋਂ ਸੁਦੀ 15, ਸੰਮਤ 1631 (1 ਸਤੰਬਰ 1574 ਈਸਵੀ) ਨੂੰ ਗੁਰਿਆਈ ਸੌਂਪ ਦਿੱਤੀ।[3]

ਭਾਈ ਜੇਠਾ ਜੀ, ਗੁਰੂ ਰਾਮਦਾਸ ਜੀ ਬਣੇ ਅਤੇ ਸਿੱਖ ਲਹਿਰ ਦੀ ਪ੍ਰਫੁੱਲਤਾ ਲਈ ਅਥਵਾ ਸਿੱਖ ਲਹਿਰ ਦੇ ਜਥੇਬੰਦਕ ਢਾਂਚੇ ਦੀ ਮਜ਼ਬੂਤੀ ਲਈ ਆਪਣਾ ਯੋਗਦਾਨ ਪਾਇਆ। ਗੁਰਿਆਈ ਦੀ ਰਸਮ ਬਾਰੇ ਗੁਰੂ ਗ੍ਰੰਥ ਸਾਹਿਬ ਅੰਦਰ ਭੱਟ ਗਯੰਦ ਦੀ ਬਾਣੀ ਵਿਚ ਗਵਾਹੀ ਮਿਲਦੀ ਹੈ:

**ਗੁਰੁ ਨਾਨਕੁ ਨਿਕਟਿ ਬਸੈ ਬਨਵਾਰੀ॥**
**ਤਿਨਿ ਲਹਣਾ ਥਾਪਿ ਜੋਤਿ ਜਗਿ ਧਾਰੀ॥**
**ਲਹਣੈ ਪੰਥੁ ਧਰਮ ਕਾ ਕੀਆ॥**
**ਅਮਰਦਾਸ ਭਲੇ ਕਉ ਦੀਆ॥**
**ਤਿਨਿ ਸ੍ਰੀ ਰਾਮਦਾਸੁ ਸੋਢੀ ਥਿਰੁ ਥਪ੍ਹਉ॥**
**ਹਰਿ ਕਾ ਨਾਮੁ ਅਖੈ ਨਿਧਿ ਅਪ੍ਹਉ॥**

*(ਸਵਈਏ ਮਹਲੇ ਚਉਥੇ ਕੇ, ਪੰਨਾ 1401)*

ਭਾਈ ਗੁਰਦਾਸ ਜੀ ਆਪਣੀ ਰਚਨਾ ਅੰਦਰ ਗੁਰੂ ਰਾਮਦਾਸ ਜੀ ਬਾਰੇ ਲਿਖਦੇ ਹਨ:

**ਬੈਠਾ ਸੋਢੀ ਪਾਤਿਸਾਹੁ ਰਾਮਦਾਸੁ ਸਤਿਗੁਰੂ ਕਹਾਵੈ॥**
**ਪੂਰਨੁ ਤਾਲੁ ਖਟਾਇਆ, ਅੰਮ੍ਰਿਤਸਰਿ ਵਿਚਿ ਜੋਤਿ ਜਗਾਵੈ॥**

*(ਵਾਰ ਪਹਿਲੀ, ਪਉੜੀ 47)*

## ਸਿੱਖ ਲਹਿਰ ਦੀ ਪ੍ਰਫੁੱਲਤਾ ਲਈ ਨਵੇਂ ਕਦਮ

ਗੁਰੂ ਅਮਰਦਾਸ ਜੀ ਵਲੋਂ ਇਕ ਯਤੀਮ ਲੜਕੇ ਨੂੰ ਯੋਗ ਵਰ ਸਮਝ ਕੇ ਆਪਣੀ ਧੀ ਦਾ ਰਿਸ਼ਤਾ ਕਰਨਾ, ਇਕ ਮਹਾਨ ਅਤੇ ਦੂਰ-ਅੰਦੇਸ਼ੀ ਵਾਲਾ ਕਦਮ ਸੀ। ਗੁਰੂ ਅਮਰਦਾਸ ਜੀ ਨੇ ਭਾਈ ਜੇਠਾ ਜੀ ਨੂੰ ਅਕਬਰ ਬਾਦਸ਼ਾਹ ਨਾਲ ਵਿਚਾਰ-ਚਰਚਾ ਲਈ ਭੇਜਣਾ, ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਭਾਈ ਜੇਠਾ ਜੀ ਅੰਦਰ ਸਰਬ-ਪੱਖੀ ਕਾਬਲੀਅਤ ਸੀ। ਜਦੋਂ ਉਹ ਅਕਬਰ ਬਾਦਸ਼ਾਹ ਨੂੰ ਮਿਲੇ ਤਾਂ ਉਨ੍ਹਾਂ ਦਾ ਬਾਦਸ਼ਾਹ ਉੱਪਰ ਚੰਗਾ ਪ੍ਰਭਾਵ ਪਿਆ ਹੋਵੇਗਾ। ਇਕ ਉਪਕਾਰੀ ਕਰਮ ਜਿਸ ਦੀ ਮੰਗ ਬਾਦਸ਼ਾਹ ਅੱਗੇ ਰੱਖੀ ਕਿ ਜੋ ਹਿੰਦੂ ਸ਼ਰਧਾਲੂ ਆਪਣੇ ਤੀਰਥਾਂ 'ਤੇ ਇਸ਼ਨਾਨ ਕਰਨ ਲਈ ਜਾਂਦੇ ਸਨ, ਉਨ੍ਹਾਂ ਪਾਸੋਂ ਜੋ ਸਰਕਾਰੀ ਮਸੂਲ ਲਿਆ ਜਾਂਦਾ ਸੀ, ਉਸ ਨੂੰ ਮੁਆਫ਼ ਕਰਾਉਣਾ, ਉਪਰੰਤ ਸਤੀ ਦੀ ਭੈੜੀ ਰਸਮ ਨੂੰ ਹਟਾਉਣ ਲਈ ਆਖਣਾ, ਸਮੇਂ ਦੀ ਲੋੜ ਸੀ। ਮਨੁੱਖੀ ਅਧਿਕਾਰਾਂ ਅਤੇ ਲੋਕਾਈ ਦੀਆਂ ਲੋੜਾਂ ਪ੍ਰਤੀ ਸਿੱਖ ਧਰਮ ਨੇ ਅਹਿਮ ਭੂਮਿਕਾ ਨਿਭਾਈ।

---

3. *ਨਾਨਕ ਪ੍ਰਕਾਸ਼* ਪੱਤ੍ਰਿਕਾ (ਡਾ. ਬਲਕਾਰ ਸਿੰਘ), ਦਸੰਬਰ 2012, ਪੰਨਾ 424.

ਗੁਰੂ ਅਮਰਦਾਸ ਜੀ ਨੇ ਭਾਈ ਜੇਠਾ ਜੀ ਨੂੰ ਯੋਗ ਅਤੇ ਕਾਬਲ ਸਮਝ ਕੇ ਹੀ ਗੁਰਗੱਦੀ ਸੌਂਪੀ ਸੀ।

## ਜਾਤ-ਪਾਤ ਦੇ ਕੋਹੜ ਨੂੰ ਖ਼ਤਮ ਕਰਨ ਲਈ ਪ੍ਰਚਾਰ

ਗੁਰੂ ਨਾਨਕ ਸਾਹਿਬ ਜੀ ਨੇ ਸ਼੍ਰੇਣੀ ਵੰਡ ਜਾਂ ਜਾਤ-ਪਾਤ ਦੀ ਪ੍ਰਥਾ ਵਿਰੁੱਧ ਮੁਹਿੰਮ ਸ਼ੁਰੂ ਕੀਤੀ। ਉਹਨਾਂ ਨੇ ਅਮਲੀ ਤੌਰ 'ਤੇ ਭਾਈ ਮਰਦਾਨਾ ਜੀ (ਮੁਸਲਮਾਨ ਰਬਾਬੀ) ਨੂੰ ਸਾਥੀ ਬਣਾਇਆ ਅਤੇ ਆਪਣੇ ਪ੍ਰਚਾਰਕ ਦੌਰੇ ਆਰੰਭੇ। ਦੂਸਰੇ ਗੁਰੂਆਂ ਨੇ ਆਪਣਾ ਆਪਣਾ ਯੋਗਦਾਨ ਪਾਇਆ। ਲੰਗਰ ਦੀ ਮਹਾਨ ਪਰੰਪਰਾ, ਜਿਥੇ ਲੋਕ ਬਿਨਾਂ ਭੇਦ-ਭਾਵ ਦੇ ਇੱਕੋ ਹੀ ਪੰਗਤ ਵਿਚ ਬੈਠ ਕੇ ਲੰਗਰ ਛਕਦੇ ਸਨ, ਦੁਆਰਾ ਭਾਰਤੀ ਸਮਾਜ ਅੰਦਰ ਹਿੰਦੂ ਧਰਮ ਦੀ ਜਾਤ-ਪਾਤ ਪ੍ਰਣਾਲੀ ਦੇ ਥੰਮ੍ਹ ਨੂੰ ਡੇਗਣਾ ਸੀ। ਗੁਰੂ ਅਮਰਦਾਸ ਜੀ ਨੇ ਗੋਇੰਦਵਾਲ ਵਿਖੇ ਬਉਲੀ ਬਣਾਉਣੀ ਅਤੇ ਸਮੂਹ ਵਰਗਾਂ ਦੇ ਲੋਕਾਂ ਨੂੰ ਇੱਕੋ ਥਾਂ 'ਤੇ ਪਾਣੀ ਦੀ ਸਹੂਲਤ ਪੈਦਾ ਕਰਨੀ, ਜਾਤ ਅਭਿਮਾਨੀਆਂ ਲਈ ਹਜ਼ਮ ਕਰਨਾ ਮੁਸ਼ਕਲ ਸੀ। ਪੁਜਾਰੀ ਵਰਗ ਨੇ ਸਿੱਖ ਲਹਿਰ ਵਿਰੁੱਧ ਆਪਣਾ ਵਿਰੋਧ ਜਾਰੀ ਰੱਖਿਆ।

ਗੁਰੂ ਰਾਮਦਾਸ ਜੀ ਦੇ ਸਮੇਂ ਦੀ ਸਭ ਤੋਂ ਵੱਡੀ ਪ੍ਰਾਪਤੀ ਇਹੀ ਸੀ ਕਿ ਉਨ੍ਹਾਂ ਨੇ ਗੁਰਗੱਦੀ ਉੱਤੇ ਬੈਠਦਿਆਂ ਹੀ ਅੰਮ੍ਰਿਤਸਰ ਸ਼ਹਿਰ ਦੀ ਨੀਂਹ ਰੱਖੀ ਅਤੇ ਆਪਣੀ ਪੱਕੀ ਰਿਹਾਇਸ਼ 'ਗੁਰੂ ਕੇ ਚੱਕ' (ਅੰਮ੍ਰਿਤਸਰ) ਬਣਾ ਲਈ। ਇਥੇ ਪਵਿੱਤਰ ਸਰੋਵਰ ਬਣ ਜਾਣ ਕਾਰਨ, ਸਿੱਖ ਸੰਗਤਾਂ ਹੁੰਮ-ਹੁਮਾ ਕੇ ਆਉਣ ਲੱਗੀਆਂ। ਇਸ ਅਸਥਾਨ ਦਾ ਪਹਿਲਾ ਨਾਮ 'ਗੁਰੂ ਕਾ ਚੱਕ', ਫਿਰ ਰਾਮਦਾਸਪੁਰ ਅਤੇ ਆਖ਼ਰੀ ਨਾਮ 'ਅੰਮ੍ਰਿਤਸਰ' ਸਥਾਪਤ ਹੋ ਗਿਆ।[4]

ਇਹ ਇਤਿਹਾਸਕ ਤੱਥ ਹੈ ਕਿ 'ਗੁਰੂ ਕੇ ਚੱਕ' (ਅੰਮ੍ਰਿਤਸਰ) ਵਿਖੇ ਸਰੋਵਰ ਦੀ ਖੁਦਾਈ ਲਈ ਗੁਰੂ ਅਮਰਦਾਸ ਜੀ ਨੇ ਆਦੇਸ਼ ਦਿੱਤਾ ਸੀ ਅਤੇ 1577 ਈ. ਵਿਚ ਸਰੋਵਰ ਦੀ ਖੁਦਾਈ ਸ਼ੁਰੂ ਹੋਈ। ਇਥੇ ਪਹਿਲੇ ਗੁਰੂਆਂ ਵਲੋਂ ਆਰੰਭੀ ਲੰਗਰ ਪ੍ਰਥਾ ਨੂੰ ਜਾਰੀ ਰੱਖਿਆ। ਸਿੱਖ ਸੰਗਤਾਂ ਇਸ ਅਸਥਾਨ 'ਤੇ ਹਾਜ਼ਰੀ ਭਰਨ ਨੂੰ ਮਹੱਤਵਪੂਰਨ ਸਮਝਦੀਆਂ ਸਨ।[5]

ਗੁਰੂ ਸਾਹਿਬ ਨੇ ਦੂਰ-ਅੰਦੇਸ਼ੀ ਅਨੁਸਾਰ ਇਸ ਨਗਰ ਵਿਚ 52 ਵੱਖ-ਵੱਖ ਕਿੱਤਾਕਾਰਾਂ ਨੂੰ ਵਸਾਇਆ ਅਤੇ ਇਹ ਇਕ ਮਹੱਤਵਪੂਰਨ ਕਾਰਜ ਸੀ ਅਤੇ ਸ਼ਹਿਰ ਅੰਦਰ ਸਿੱਖ ਪਰਿਵਾਰਾਂ ਦੀ ਤਰੱਕੀ ਲਈ ਜ਼ਰੂਰੀ ਸੀ।[6] ਇਸ ਸ਼ਹਿਰ ਨੂੰ ਪੂਰੀ ਵਿਉਂਤਬੰਦੀ ਨਾਲ ਸਥਾਪਤ ਕੀਤਾ ਅਤੇ ਵੱਖ-ਵੱਖ ਵਸਤੂਆਂ ਲਈ ਵੱਖ-ਵੱਖ ਬਜ਼ਾਰ ਬਣਾਏ ਗਏ। ਜਦੋਂ ਸ਼ਹਿਰ ਦੇ ਵਾਸੀਆਂ ਦੀਆਂ ਲੋੜਾਂ ਦੀ ਪੂਰਤੀ ਸੌਖੇ ਹੋਣ ਲੱਗੀ, ਤਾਂ ਸ਼ਹਿਰ ਦੀ ਅਬਾਦੀ ਵਿਚ ਵਾਧਾ ਹੋਣਾ ਸ਼ੁਰੂ ਹੋਇਆ। ਇਹ ਅਸਥਾਨ ਮਾਝੇ

---

4. Gokul Chand Narang, *Transformation of Sikhism*, p. 35.
5. ਬਿਕਰਮਜੀਤ ਸਿੰਘ, "ਸ੍ਰੀ ਗੁਰੂ ਰਾਮਦਾਸ ਜੀ", *ਗੁਰਮਤਿ ਪ੍ਰਕਾਸ਼*, ਅਕਤੂਬਰ, 2016, ਪੰਨਾ 20.
6. ਪ੍ਰਿੰ. ਤੇਜਾ ਸਿੰਘ ਤੇ ਗੰਡਾ ਸਿੰਘ, *ਸਿੱਖ ਇਤਿਹਾਸ (1469-1765)*, ਪੰਨਾ 28.

ਦੇ ਇਲਾਕੇ ਦੇ ਵਿਚਕਾਰ ਹੋਣ ਕਾਰਨ, ਸਿੱਖ ਸੰਗਤਾਂ ਲਈ ਕੇਂਦਰੀ ਅਸਥਾਨ ਬਣ ਗਿਆ। ਇਹ ਨਗਰ ਸੂਬੇ ਦੇ ਵਿਚ ਵਪਾਰਕ ਕੇਂਦਰ ਮੰਨਿਆ ਜਾਣ ਲੱਗਾ ਅਤੇ ਦੇਸ਼ ਦੇ ਵਪਾਰੀਆਂ ਤੋਂ ਇਲਾਵਾ ਦੂਰ-ਦੁਰਾਡੇ ਤੋਂ (ਬੁਖ਼ਾਰਾ, ਕਾਬਲ ਅਤੇ ਕਸ਼ਮੀਰ) ਵੀ ਵਪਾਰੀ ਇਥੇ ਆਉਂਦੇ ਸਨ। ਮਹਾਰਾਜਾ ਰਣਜੀਤ ਸਿੰਘ ਜੀ ਦੇ ਰਾਜ-ਕਾਲ ਵਿਚ, ਇਹ ਸ਼ਹਿਰ ਤਰੱਕੀ ’ਤੇ ਸੀ ਅਤੇ ਸਰਕਾਰੀ ਖ਼ਜ਼ਾਨੇ ਦੀ ਇਸ ਅਸਥਾਨ ਤੋਂ ਬਹੁਤ ਆਮਦਨ ਹੁੰਦੀ ਸੀ।[7]

ਜਿਵੇਂ ਪਹਿਲਾਂ ਦੱਸਿਆ ਗਿਆ ਹੈ ਕਿ ਗੁਰੂ ਰਾਮਦਾਸ ਜੀ ਨੇ ਆਪਣੀ ਸਥਾਈ ਤੌਰ ’ਤੇ ਰਿਹਾਇਸ਼, ਇਸ ਨਵੇਂ ਸਥਾਪਤ ਨਗਰ ਵਿਚ ਕਰ ਲਈ ਸੀ। ਉਨ੍ਹਾਂ ਦੇ ਨਿਵਾਸ ਅਸਥਾਨ ਨੂੰ ‘ਗੁਰੂ ਕੇ ਮਹਿਲ’ ਦੇ ਨਾਮ ਨਾਲ ਜਾਣਿਆ ਜਾਣ ਲੱਗਾ। ਆਪ ਜੀ ਨੇ ਆਪਣੇ ਜੀਵਨ ਵਿਚ ਆਏ ਪਰਿਵਰਤਨ ਅਤੇ ਸੇਵਾ ਤੇ ਸਾਦਗੀ ਕਾਰਨ ਗੁਰਗੱਦੀ ਦੀ ਬਖ਼ਸ਼ਸ਼ ਹੋਣ ਨੂੰ ਆਪਣੀ ਬਾਣੀ ਵਿਚ ਲਿਖਿਆ ਹੈ[8] :

**ਜੋ ਹਮਰੀ ਬਿਧਿ ਹੋਤੀ ਮੇਰੇ ਸਤਿਗੁਰਾ ਸਾ ਬਿਧਿ ਤੁਮ ਹਰਿ ਜਾਣਹੁ ਆਪੇ ॥**
**ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ ॥**

*(ਗਉੜੀ ਬੈਰਾਗਣਿ ਮ: ੪, ਪੰਨਾ 167)*

ਗੁਰੂ ਸਾਹਿਬ ਨੇ ਆਪਣੀ ਬਾਣੀ ਰਾਹੀਂ ਉਪਦੇਸ਼ ਦਿੱਤਾ ਹੈ ਕਿ ਜਿਸ ਮਨੁੱਖ ਦਾ ਹਿਰਦਾ ਸ਼ੁੱਧ ਹੈ, ਉਹ ਸ਼ੁੱਭ ਕਰਮ ਪ੍ਰਤੀ ਸਦਾ ਉੱਦਮੀ ਰਹੇਗਾ। ਉਹ ਕਦੀ ਵੀ ਚੰਗੇ ਕਰਮ ਕਰਨ ਤੋਂ ਸੰਕੋਚ ਨਹੀਂ ਕਰੇਗਾ[9] :

**ਸੋ ਡਰੈ ਜਿ ਪਾਪ ਕਮਾਵਦਾ ਧਰਮੀ ਵਿਗਸੇਤੁ ॥**
**ਤੂੰ ਸਚਾ ਆਪਿ ਨਿਆਉ ਸਚੁ ਤਾ ਡਰੀਐ ਕੇਤੁ ॥**
**ਜਿਨਾ ਨਾਨਕ ਸਚੁ ਪਛਾਣਿਆ ਸੇ ਸਚਿ ਰਲੇਤੁ ॥**

*(ਸਿਰੀਰਾਗ ਕੀ ਵਾਰ ਮ: ੪, ਪੰਨਾ 84)*

ਗੁਰੂ ਅਮਰਦਾਸ ਜੀ ਨੇ ਸਾਰੇ ਦੇਸ਼ ਅੰਦਰ ਵੱਖ-ਵੱਖ ਹਿੱਸਿਆਂ ਵਿਚ 22 ਮੰਜੀਆਂ (ਪ੍ਰਚਾਰਕ ਕੇਂਦਰ) ਸਥਾਪਤ ਕੀਤੀਆਂ ਸਨ ਅਤੇ ਗੁਰੂ ਰਾਮਦਾਸ ਜੀ ਨੇ ਮਸੰਦ ਪ੍ਰਥਾ ਸ਼ੁਰੂ ਕੀਤੀ। ਇਨ੍ਹਾਂ ਸਮੂਹ ਪ੍ਰਚਾਰਕ ਕੇਂਦਰਾਂ ਦੀ ਜ਼ੁੰਮੇਵਾਰੀ ਸਥਾਈ ਤੌਰ ’ਤੇ ਲਾਇਕ ਤੇ ਇਮਾਨਦਾਰ ਵਿਅਕਤੀਆਂ ਨੂੰ ਸੌਂਪੀ ਅਤੇ ਇਨ੍ਹਾਂ ਨੂੰ ਮਸੰਦ ਆਖਿਆ ਗਿਆ। ਇਨ੍ਹਾਂ ਮਸੰਦਾਂ ਦਾ ਕੰਮ ਸਿੱਖਾਂ ਪਾਸੋਂ ਦਸਵੰਧ ਇਕੱਤਰ ਕਰ ਕੇ ਗੁਰੂ ਜੀ ਪਾਸ ਪਹੁੰਚਾਉਣਾ ਸੀ, ਇਹ ਸਿੱਖੀ ਦਾ ਪ੍ਰਚਾਰ ਵੀ ਕਰਦੇ ਸਨ, ਭਾਵ ਇਹ ਮਸੰਦ ਇਕ ਕੜੀ ਦਾ ਕੰਮ ਕਰਦੇ ਸਨ।

ਜਿਥੋਂ ਤਕ ਗੁਰਮਤਿ ਸਿਧਾਂਤਾਂ ਦਾ ਸੰਬੰਧ ਹੈ, ਇਨ੍ਹਾਂ ਨੇ ਗੁਰੂ ਨਾਨਕ ਸਾਹਿਬ

---

7. Gokul Chand Narang, *Transformation of Sikhism*, p. 35.
8. ਡਾ. ਇੰਦਰਜੀਤ ਸਿੰਘ ਵਾਸੂ, “ਗੁਰੂ ਰਾਮਦਾਸ ਜੀ ਦਾ ਸਿੱਖ ਕੌਮ ਦੀ ਉਸਾਰੀ ਵਿਚ ਯੋਗਦਾਨ”, *ਗੁਰਮਤਿ ਪ੍ਰਕਾਸ਼*, ਅਕਤੂਬਰ, 2016, ਪੰਨੇ 12-13.
9. *ਉਹੀ*।

ਜੀ ਵਲੋਂ ਨਿਰਧਾਰਿਤ ਵਿਚਾਰਧਾਰਾ ਨੂੰ ਆਧਾਰ ਬਣਾ ਕੇ ਹੀ ਬਾਣੀ ਰਚੀ। ਜਦੋਂ ਗੁਰੂ ਨਾਨਕ ਸਾਹਿਬ ਜੀ ਨੇ ਸਿੱਧਾਂ ਨਾਲ ਗੋਸ਼ਟੀ ਕੀਤੀ ਸੀ, ਸਿੱਧਾਂ ਵੱਲੋਂ ਪੁੱਛਿਆ ਗਿਆ ਸੀ :

**ਕਵਣ ਮੂਲੁ ਕਵਣ ਮਤਿ ਵੇਲਾ॥**
**ਤੇਰਾ ਕਵਣੁ ਗੁਰੂ ਜਿਸ ਕਾ ਤੂ ਚੇਲਾ॥**

ਗੁਰੂ ਸਾਹਿਬ ਦਾ ਉੱਤਰ ਸੀ :

**ਸਬਦੁ ਗੁਰੂ ਸੁਰਤਿ ਧੁਨਿ ਚੇਲਾ॥** *(ਰਾਮਕਲੀ ਮ: ੧, ਸਿਧ ਗੋਸਟਿ, ਪੰਨਾ 943)*

ਗੁਰੂ ਅਮਰਦਾਸ ਜੀ ਉਪਦੇਸ਼ ਕਰ ਰਹੇ ਹਨ :

**ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ॥**
**ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆ ਸਿਰਿ ਬਾਣੀ॥**
*(ਰਾਮਕਲੀ ਮ: ੩ ਅਨੰਦੁ, ਪੰਨਾ 920)*

ਗੁਰੂ ਰਾਮਦਾਸ ਜੀ ਨੇ ਗੁਰੂ ਨਾਨਕ ਸਾਹਿਬ ਜੀ ਦੇ 'ਸਬਦ ਗੁਰੂ' ਦੇ ਸਿਧਾਂਤ ਨੂੰ ਆਪਣੀ ਉਚਾਰੀ ਬਾਣੀ ਦੁਆਰਾ ਸਪੱਸ਼ਟ ਕਰ ਦਿੱਤਾ :

**ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥**
**ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ॥**
*(ਨਟ ਮ: ੪, ਪੰਨਾ 982)*

ਉਪਰੋਕਤ ਬਾਣੀ ਸੰਦੇਸ਼ਾਂ ਦੁਆਰਾ ਸਿੱਖ ਸੰਗਤਾਂ ਨੂੰ ਸੁਚੇਤ ਵੀ ਕੀਤਾ ਗਿਆ ਸੀ, ਕਿਉਂਕਿ ਗੁਰੂ ਕਾਲ ਅੰਦਰ ਹੀ ਸਿੱਖ ਲਹਿਰ ਦੇ ਵਿਰੋਧੀਆਂ ਨੇ ਨਾਨਕ ਛਾਪ ਹੇਠ ਕੱਚੀ ਬਾਣੀ ਦੀ ਰਚਨਾ ਸ਼ੁਰੂ ਕਰ ਦਿੱਤੀ ਸੀ। ਦੂਸਰਾ, ਸ਼ਬਦ ਗੁਰੂ ਅਤੇ ਬਾਣੀ ਨੂੰ ਗੁਰੂ ਆਖਣ ਤੋਂ ਭਾਵ ਸੀ ਕਿ ਦੇਹ ਦੀ ਮਹੱਤਤਾ ਨੂੰ ਮਨਫ਼ੀ ਕਰਨਾ ਸੀ। ਇਸ ਤੋਂ ਬਿਨਾਂ ਸਿੱਖ ਵਿਰੋਧੀਆਂ, (ਜੋ ਕੱਚੀ ਬਾਣੀ ਲਿਖਣ ਵਿਚ ਭੂਮਿਕਾ ਨਿਭਾ ਰਹੇ ਸਨ, ਉਨ੍ਹਾਂ ਬਾਰੇ ਲਿਖ ਰਹੇ ਹਨ :

**ਸਤਿਗੁਰ ਕੀ ਬਾਣੀ ਸਤਿ ਸਰੂਪੁ ਹੈ ਗੁਰਬਾਣੀ ਬਣੀਐ॥**
**ਸਤਿਗੁਰ ਕੀ ਰੀਸੈ ਹੋਰਿ ਕਚੁ ਪਿਚੁ ਬੋਲਦੇ**
**ਸੇ ਕੂੜਿਆਰ ਕੂੜੇ ਝੜਿ ਪੜੀਐ॥**
**ਓਨ੍ਹਾ ਅੰਦਰਿ ਹੋਰੁ ਮੁਖਿ ਹੋਰੁ ਹੈ**
**ਬਿਖੁ ਮਾਇਆ ਨੋ ਝਖਿ ਮਰਦੇ ਕੜੀਐ॥** *(ਵਾਰ ਗਉੜੀ ਮ: ੪, ਪੰਨਾ 304)*

ਗੁਰੂ ਅੰਗਦ ਸਾਹਿਬ ਵਲੋਂ ਗੁਰਮੁਖੀ ਲਿਪੀ ਦਾ ਪ੍ਰਚਾਰ ਅਤੇ ਪੰਜਾਬੀ ਬੋਲੀ ਦੀ ਪੜ੍ਹਾਈ ਲਈ ਸਹੂਲਤਾਂ ਉਪਲਬਧ ਕਰਨੀਆਂ, ਉਪਰੰਤ ਨੌਜਵਾਨਾਂ ਲਈ ਰਿਸ਼ਟ-ਪੁਸ਼ਟ ਰਹਿਣ ਲਈ ਮੱਲ ਅਖਾੜੇ ਸਥਾਪਤ ਕਰਨੇ, ਸਿੱਖ ਲਹਿਰ ਦੀ ਪ੍ਰਫੁੱਲਤਾ ਲਈ ਇਕ ਨਵਾਂ ਕਦਮ ਸੀ। ਸਿੱਖਾਂ ਨੂੰ ਧਾਰਮਿਕ ਸੰਸਕਾਰ ਬਹੁਤ ਸਾਦੇ ਤੌਰ 'ਤੇ ਕਰਨ ਲਈ ਆਖਿਆ। ਜੋਗੀ ਅਤੇ ਭੇਖੀ ਸਾਧੂਆਂ ਦੀ ਨਿੰਦਾ ਕੀਤੀ ਅਤੇ ਜੋ ਵਿਦਵਾਨ

ਹੋਣ ਦਾ ਢੌਂਗ ਕਰਦੇ ਸਨ, ਉਹਨਾਂ ਦੀ ਕਰਨੀ 'ਤੇ ਪ੍ਰਸ਼ਨ ਉਠਾਏ। ਇਸ ਗੱਲ ਬਾਰੇ ਦੋ ਰਾਵਾਂ ਨਹੀਂ ਕਿ ਪੁਜਾਰੀ ਸ਼੍ਰੇਣੀ ਵਧੇਰੇ ਕਰਮ-ਕਾਂਡਾਂ ਦੁਆਰਾ ਲੋਕਾਂ ਦੀ ਲੁੱਟ-ਖਸੁੱਟ ਕਰਦੀ ਸੀ। ਸਮੂਹ ਪ੍ਰਚੱਲਤ ਕਰਮ-ਕਾਂਡਾਂ ਦੀ ਚੀਰ-ਫਾੜ ਕੀਤੀ ਅਤੇ ਤੀਰਥਾਂ 'ਤੇ ਜਾ ਕੇ ਇਸ਼ਨਾਨ ਕਰਨ ਨੂੰ ਬੇਲੋੜਾ ਦੱਸਿਆ।

ਪ੍ਰੋਫ਼ੈਸਰ ਕਿਸ਼ਨ ਸਿੰਘ ਆਪਣੀ ਪੁਸਤਕ *ਸਿੱਖ ਲਹਿਰ* ਅੰਦਰ ਬਹੁਤ ਸੁੰਦਰ ਵਿਚਾਰ ਲਿਖਦੇ ਹਨ ਕਿ ਕੋਈ ਵੀ ਇਨਕਲਾਬੀ ਲਹਿਰ ਤਦ ਹੀ ਸਫਲ ਹੋ ਸਕਦੀ ਹੈ, ਜੇਕਰ ਉਹ ਲੋਕਾਂ ਦੀ ਪੂਰੀ ਜ਼ਿੰਦਗੀ ਨੂੰ ਆਪਣੇ ਸੰਚੇ ਵਿਚ ਢਾਲੇ ਅਤੇ ਮਨੁੱਖ ਦੀ ਸਮੁੱਚੀ ਜ਼ਿੰਦਗੀ ਦਾ ਪ੍ਰਗਟਾਵਾ, ਉਸ ਦੀਆਂ ਆਪਣੀਆਂ ਹਿੱਤੀ ਸੰਸਥਾਵਾਂ ਰਾਹੀਂ ਹੋਵੇ। ਜੇ ਕੋਈ ਮਰਯਾਦਾ ਜਾਂ ਉਸ ਦੀਆਂ ਪਰੰਪਰਾਵਾਂ ਵਿਰੋਧੀ ਸੰਸਥਾਵਾਂ ਦੇ ਅਧੀਨ ਰਹੇ ਤਾਂ ਉਸਦੀ ਆਪਣੀ ਪਹਿਚਾਨ ਸਥਾਪਤ ਨਹੀਂ ਹੋ ਸਕਦੀ।

ਵਿਆਹ, ਸ਼ਾਦੀ ਤੇ ਹੋਰ ਸੰਸਕਾਰ ਸਮਾਜਿਕ ਜ਼ਿੰਦਗੀ ਦੇ ਅਹਿਮ ਅਵਸਰ ਹੁੰਦੇ ਹਨ। ਇਨ੍ਹਾਂ ਸੰਸਕਾਰਾਂ ਨੂੰ ਨਿਪਟਾਉਣ ਲਈ ਬਿਪਰ ਪੁਜਾਰੀ ਹੀ ਭੂਮਿਕਾ ਨਿਭਾਉਂਦਾ ਸੀ। ਸਨਾਤਨ ਧਰਮ ਅੰਦਰ ਜਨਮ, ਮਰਨ ਤੇ ਖ਼ੁਸ਼ੀ ਗ਼ਮੀ ਦੇ ਸਮੂਹ ਸੰਸਕਾਰਾਂ ਨੂੰ ਕਰਨ ਵਾਲਾ ਬ੍ਰਾਹਮਣ ਪੁਜਾਰੀ ਹੀ ਹੋ ਸਕਦਾ ਸੀ ਅਤੇ ਇਨ੍ਹਾਂ ਸੰਸਕਾਰਾਂ ਨੂੰ ਕਰਨ ਬਦਲੇ ਪੁਜਾਰੀ ਵਧੇਰੇ ਕਮਾਈ ਕਰਦਾ ਸੀ। ਸਿੱਖ ਕੌਮ ਵੱਲੋਂ ਆਪਣੀਆਂ ਵਿਲੱਖਣ ਪਰੰਪਰਾਵਾਂ ਨੂੰ ਪ੍ਰਚੱਲਤ ਕਰਨ ਲਈ ਪੁਜਾਰੀ ਸ਼੍ਰੇਣੀ ਵੱਲੋਂ ਸਖ਼ਤ ਵਿਰੋਧ ਦਾ ਸਾਹਮਣਾ ਕਰਨਾ ਪਿਆ। ਜਿਵੇਂ ਭਲੀ ਪ੍ਰਕਾਰ ਜਾਣਦੇ ਹਾਂ ਕਿ ਪੁਜਾਰੀ ਵਰਗ ਤੋਂ ਬਿਨਾਂ ਕਿਸੇ ਹੋਰ ਨੂੰ ਸੰਸਕਾਰਾਂ ਨੂੰ ਨਿਪਟਾਉਣ ਦੀ ਆਗਿਆ ਨਹੀਂ ਸੀ। ਇਕੇਰਾਂ ਗੁਰੂ ਅਮਰਦਾਸ ਜੀ ਦੇ ਸਿੱਖ ਰੰਧਾਵਾ ਜੀ ਦੀ ਬੇਟੀ ਦੀ ਸ਼ਾਦੀ ਰਸਮ ਕਰਨ ਤੋਂ ਬ੍ਰਾਹਮਣ ਪੁਜਾਰੀ ਨੇ ਇਨਕਾਰ ਕਰ ਦਿੱਤਾ ਅਤੇ ਕਿਹਾ ਕਿ ਜਿਸ ਗੁਰੂ ਦੇ ਸਿੱਖ ਹੋ, ਉਨ੍ਹਾਂ ਤੋਂ ਕਰਵਾ ਲਵੋ। ਗੁਰੂ ਅਮਰਦਾਸ ਜੀ ਪਾਸ ਸਿੱਖ ਨੇ ਆ ਕੇ ਦੱਸਿਆ ਕਿ ਪੁਜਾਰੀ ਵਿਆਹ ਰਸਮ ਕਰਨ ਤੋਂ ਇਨਕਾਰ ਕਰਦੇ ਹਨ। ਪਰੰਪਰਾ ਹੈ ਕਿ ਗੁਰੂ ਅਮਰਦਾਸ ਜੀ ਨੇ ਆਪਣੇ ਸੇਵਕ ਤੇ ਜਵਾਈ ਭਾਈ ਜੇਠਾ ਜੀ ਨੂੰ ਵਿਆਹ ਸੰਸਕਾਰ ਕਰਨ ਲਈ ਆਖਿਆ। ਰਾਗ ਸੂਹੀ ਵਿਚ ਬਾਣੀ ਰਚਨਾ (ਲਾਵਾਂ) ਗੁਰੂ ਰਾਮਦਾਸ ਜੀ ਨੇ ਕੀਤੀ।

ਹਕੀਕਤ ਹੈ ਕਿ ਲਾਵਾਂ ਬਾਣੀ ਦਾ ਵਿਸ਼ਾ-ਵਸਤੂ ਰੂਹਾਨੀਅਤ ਹੈ ਅਤੇ ਜੀਵਨ ਦੀਆਂ ਅਵਸਥਾਵਾਂ ਤੇ ਪੜਾਵਾਂ ਦੁਆਰਾ ਮਨੁੱਖ ਨੂੰ ਸਚਿਆਰ ਬਣਾਉਣ ਲਈ ਸੰਦੇਸ਼ ਵੀ ਹੈ। ਗੁਰੂ ਅਮਰਦਾਸ ਜੀ ਨੇ ਇਕੱਲੇ ਬ੍ਰਾਹਮਣ ਦੀ ਵਿਚਾਰਧਾਰਾ ਨੂੰ ਹੀ ਬਾਹਰ ਨਹੀਂ ਕੱਢਿਆ, ਸਗੋਂ ਹਰ ਗ਼ਮੀ ਖ਼ੁਸ਼ੀ ਤੇ ਵਿਆਹ ਸੰਸਕਾਰਾਂ ਨੂੰ ਕਰਨ ਲਈ ਗੁਰਬਾਣੀ ਦੇ ਕੀਰਤਨ ਨੂੰ ਹੀ ਅਧਾਰ ਬਣਾਉਣ ਲਈ ਪਰੰਪਰਾ ਨਿਰਧਾਰਤ ਕਰ ਦਿੱਤੀ।[10]

ਗੁਰੂ ਰਾਮਦਾਸ ਜੀ ਨੇ ਵਿਆਹ ਸੰਸਕਾਰ ਕਰਨ ਲਈ ਬਾਣੀ ਨੂੰ ਆਧਾਰ

10. ਕਿਸ਼ਨ ਸੰਘ, *ਸਿੱਖ ਲਹਿਰ*, ਪੰਨੇ 33-34.

ਬਣਾਉਣ ਲਈ ਉਪਦੇਸ਼ ਦਿੱਤਾ। ਇਸ ਤੋਂ ਪਹਿਲਾਂ ਵਿਆਹ ਸੰਸਕਾਰ ਬ੍ਰਾਹਮਣ ਪੁਜਾਰੀ ਦੁਆਰਾ ਅਗਨੀ ਦੁਆਲੇ ਫੇਰਿਆਂ ਨਾਲ ਸੰਪੰਨ ਹੁੰਦੇ ਸਨ।

ਅੰਤ ਵਿਚ ਅਸੀਂ ਆਖ ਸਕਦੇ ਹਾਂ ਕਿ ਸਿੱਖ ਕੌਮ ਦੀ ਉਸਾਰੀ ਅਤੇ ਸਿੱਖ ਲਹਿਰ ਨੂੰ ਜਥੇਬੰਦਕ ਤੌਰ 'ਤੇ ਮਜ਼ਬੂਤ ਕਰਨ ਵਿਚ ਗੁਰੂ ਰਾਮਦਾਸ ਜੀ ਨੇ ਬਹੁਤ ਯੋਗਦਾਨ ਪਾਇਆ। ਪਹਿਲਾਂ ਉਲੇਖ ਹੋ ਚੁੱਕਾ ਹੈ ਕਿ ਸਭ ਗੁਰੂਆਂ ਵਲੋਂ ਸਿੱਖ ਲਹਿਰ ਨੂੰ ਇਕ ਵਿਲੱਖਣ ਰੂਪ ਦੇਣ ਲਈ ਅਤੇ ਮਨੁੱਖਤਾ ਨੂੰ ਸੱਚੇ ਮਾਰਗ 'ਤੇ ਤੋਰਨ ਲਈ ਲੋੜੀਂਦੇ ਕਦਮ ਚੁੱਕੇ ਗਏ। ਸਿੱਖਾਂ ਲਈ ਵਿਸ਼ੇਸ਼ ਜੀਵਨ-ਜਾਚ, ਨਵੇਂ ਤੇ ਸਾਦੇ ਸੰਸਕਾਰ, ਕਰਮ-ਕਾਂਡਾਂ ਤੋਂ ਮੁਕਤੀ, ਜਾਤ-ਪਾਤ ਨੂੰ ਖ਼ਤਮ ਕਰਨ ਲਈ ਲੰਗਰ ਅਤੇ ਸੰਗਤ ਪ੍ਰਥਾ ਦਾ ਪ੍ਰਚਾਰ ਕੀਤਾ। ਸਿੱਖ ਸਿਧਾਂਤਾਂ ਦੇ ਪ੍ਰਚਾਰ ਲਈ ਮੰਜੀਆਂ ਦੀ ਸਥਾਪਨਾ, ਦਸਵੰਧ ਦੀ ਪ੍ਰਥਾ, ਸਮਾਜਿਕ ਸੰਸਕਾਰਾਂ ਲਈ ਗੁਰਬਾਣੀ ਨੂੰ ਆਧਾਰ ਬਣਾਉਣਾ, ਕੁਝ ਅਜਿਹੇ ਕਦਮ ਸਨ, ਜਿਨ੍ਹਾਂ ਨਾਲ ਸਿੱਖ ਕੌਮ ਦੀ ਵੱਖਰੀ ਪਹਿਚਾਣ ਬਣੀ ਅਤੇ ਸਿੱਖ ਕੰਮ ਦੀ ਉਸਾਰੀ ਨਿਰੰਤਰ ਮਜ਼ਬੂਤ ਹੁੰਦੀ ਰਹੀ।

ਗੁਰੂ ਰਾਮਦਾਸ ਜੀ ਦੇ ਤਿੰਨ ਸਾਹਿਬਜ਼ਾਦੇ ਪ੍ਰਿਥੀ ਚੰਦ, ਮਹਾਂਦੇਵ ਅਤੇ ਗੁਰੂ ਅਰਜਨ ਸਾਹਿਬ ਸਨ। ਇਨ੍ਹਾਂ ਤਿੰਨਾਂ ਸਾਹਿਬਜ਼ਾਦਿਆਂ ਵਿਚ (ਗੁਰੂ) ਅਰਜਨ ਸਾਹਿਬ ਜੀ ਨੂੰ ਸਰਬ-ਪੱਖੀ ਸ਼ਖ਼ਸੀਅਤ ਅਤੇ ਯੋਗ ਵਾਰਿਸ ਹੋਣ ਕਾਰਨ, ਗੁਰਿਆਈ ਸੌਂਪ ਦਿੱਤੀ। ਗੁਰੂ ਰਾਮਦਾਸ ਜੀ 2 ਅੱਸੂ, ਭਾਦੋਂ ਸੁਦੀ 3, 1638 ਬਿਕ੍ਰਮੀ (1 ਸਤੰਬਰ 1581 ਜੂਲੀਅਨ) 2 ਅੱਸੂ, 113 ਨਾ: ਸ਼ਾ:) ਨੂੰ ਗੋਇੰਦਵਾਲ ਸਾਹਿਬ ਵਿਖੇ ਜੋਤੀ ਜੋਤਿ ਸਮਾਏ।

## ਗੁਰੂ ਰਾਮਦਾਸ ਜੀ ਵਲੋਂ ਰਚੀ ਬਾਣੀ

ਗੁਰੂ ਗ੍ਰੰਥ ਸਾਹਿਬ ਜੀ ਦੀ ਸਮੁੱਚੀ ਬਾਣੀ 31 ਰਾਗਾਂ ਵਿਚ ਹੈ। ਗੁਰੂ ਨਾਨਕ ਸਾਹਿਬ ਜੀ ਨੇ 19 ਰਾਗਾਂ ਵਿਚ ਬਾਣੀ ਉਚਾਰੀ ਹੈ ਅਤੇ ਗੁਰੂ ਅਮਰਦਾਸ ਜੀ ਨੇ 17 ਰਾਗਾਂ ਵਿਚ ਬਾਣੀ ਉਚਾਰੀ ਹੈ, ਗੁਰੂ ਰਾਮਦਾਸ ਜੀ ਨੇ 30 ਰਾਗਾਂ ਵਿਚ ਬਾਣੀ ਉਚਾਰੀ ਹੈ।

## ਸਾਰੀ ਬਾਣੀ ਦਾ ਸੰਖੇਪ ਵੇਰਵਾ

ਸ਼ਬਦ 246, ਛੰਤ 28, ਸਲੋਕ 135, ਵਣਜਾਰਾ 1 ਸ਼ਬਦ, ਘੋੜੀਆਂ 2 ਸ਼ਬਦ, ਅਸ਼ਟਪਦੀਆਂ 33, ਵਾਰਾਂ ਦੀਆਂ ਪਉੜੀਆਂ 183, ਪਹਰੇ ਇਕ ਸ਼ਬਦ, ਕਰਹਲੇ 2 ਸ਼ਬਦ, ਸੋਲਹੇ ਦੋ ਸ਼ਬਦ।

# ਗੁਰੂ ਅਰਜਨ ਸਾਹਿਬ
## (1563-1606)

ਗੁਰੂ ਅਰਜਨ ਸਾਹਿਬ ਜੀ ਦਾ ਜਨਮ 19 ਵੈਸਾਖ, ਵੈਸਾਖ ਵਦੀ 7, ਸੰਮਤ 1620 ਬਿ: (15 ਅਪ੍ਰੈਲ 1563 ਈ.), ਗੁਰੂ ਰਾਮਦਾਸ ਜੀ ਦੇ ਗ੍ਰਿਹਿ ਵਿਖੇ, ਮਾਤਾ ਭਾਨੀ ਜੀ ਦੇ ਉਦਰ ਤੋਂ ਹੋਇਆ। ਇਨ੍ਹਾਂ ਦਾ ਜਨਮ ਅਸਥਾਨ ਗੋਇੰਦਵਾਲ ਸੀ। ਜਦੋਂ ਗੁਰੂ ਰਾਮਦਾਸ ਜੀ ਗੋਇੰਦਵਾਲ ਵਿਖੇ ਆਏ, ਉਸ ਸਮੇਂ ਉਨ੍ਹਾਂ ਦੀ ਉਮਰ 12 ਸਾਲ ਦੀ ਸੀ। ਗੁਰੂ ਅਮਰਦਾਸ ਜੀ ਨੇ 1553 ਈ. ਵਿਚ ਆਪਣੀ ਸਪੁੱਤਰੀ ਬੀਬੀ ਭਾਨੀ ਜੀ ਦਾ ਵਿਆਹ ਗੁਰੂ ਰਾਮਦਾਸ ਜੀ ਨਾਲ ਕਰ ਦਿੱਤਾ ਸੀ। ਗੁਰੂ ਰਾਮਦਾਸ ਜੀ ਦੇ ਤਿੰਨ ਪੁੱਤਰ ਸਨ ਅਤੇ ਗੁਰੂ ਅਰਜਨ ਸਾਹਿਬ ਸਭ ਤੋਂ ਛੋਟੇ ਸਨ। ਭਾਈ ਗੁਰਦਾਸ ਜੀ ਨੇ ਆਪਣੀ ਵਾਰ ਵੀਹਵੀਂ, ਪਉੜੀ ਪਹਿਲੀ ਵਿਚ ਗੁਰੂ ਅਰਜਨ ਸਾਹਿਬ ਬਾਰੇ ਲਿਖਿਆ ਹੈ :

**ਸਤਿਗੁਰ ਨਾਨਕ ਦੇਉ ਆਪੁ ਉਪਾਇਆ।**
**ਗੁਰ ਅੰਗਦੁ ਗੁਰਸਿਖੁ ਬਬਾਣੇ ਆਇਆ।**
**ਗੁਰਸਿਖੁ ਹੈ ਗੁਰ ਅਮਰੁ ਸਤਿਗੁਰ ਭਾਇਆ।**
**ਰਾਮਦਾਸੁ ਗੁਰਸਿਖੁ ਗੁਰੁ ਸਦਵਾਇਆ।**
**ਗੁਰੁ ਅਰਜਨੁ ਗੁਰਸਿਖੁ ਪਰਗਟੀ ਆਇਆ।**

ਇਸ ਪਉੜੀ ਵਿਚ ਤੱਤ ਸਾਰ ਇਹੀ ਹੈ ਕਿ ਸਾਰੇ ਗੁਰੂਆਂ ਵਿਚ ਮਹਾਨ ਗੁਣਾਂ ਦੇ ਧਾਰਨੀ ਹੋਣ ਕਾਰਨ ਹੀ ਗੁਰ-ਉਪਾਧੀ ਹਾਸਲ ਕਰਨ ਦੇ ਯੋਗ ਹੋਏ। ਉਨ੍ਹਾਂ ਨੂੰ ਗੁਰਿਆਈ ਦੇਣ ਸਮੇਂ, ਇਹ ਦੇਖਿਆ ਜਾਂਦਾ ਸੀ ਕਿ ਉਹ ਸਿੱਖ ਲਹਿਰ ਨੂੰ ਜਥੇਬੰਦਕ ਤੌਰ 'ਤੇ ਅੱਗੇ ਤੋਰਨ ਲਈ ਕਾਬਲ ਹੋਣ।

ਗੁਰੂ ਅਰਜਨ ਸਾਹਿਬ ਆਪਣੇ ਨਾਨੇ ਗੁਰੂ ਅਮਰਦਾਸ ਜੀ ਦੀ ਗੋਦੀ ਵਿਚ ਪਲੇ ਅਤੇ ਤਕਰੀਬਨ ਇਕ ਦਹਾਕਾ ਗੁਰਮਤਿ ਦੀ ਸਿਖਲਾਈ ਲੈਂਦੇ ਰਹੇ। ਬਾਲ ਉਮਰ ਵਿਚ ਗੁਰੂ ਅਰਜਨ ਸਾਹਿਬ ਦੀ ਗੁਰਬਾਣੀ ਨਾਲ ਦਿਲੀ ਖਿੱਚ ਅਤੇ ਪਿਆਰ ਨੂੰ ਦੇਖ ਕੇ, ਗੁਰੂ ਅਮਰਦਾਸ ਨੇ ਇਹ ਬੋਲ ਆਖੇ ਸਨ : "ਦੋਹਿਤਾ ਬਾਣੀ ਕਾ ਬੋਹਿਥਾ"। ਉਨ੍ਹਾਂ ਦੇ ਕਹੇ ਬੋਲ ਪੂਰਨ ਰੂਪ ਵਿਚ ਸੱਚੇ ਸਾਬਤ ਹੋਏ।

ਗੁਰੂ ਅਰਜਨ ਸਾਹਿਬ ਜੀ ਦਾ ਵਿਆਹ ਮਾਤਾ ਗੰਗਾ ਜੀ ਨਾਲ ਪਿੰਡ ਮੌ ਜਾਂ ਮਉਂ, ਜ਼ਿਲ੍ਹਾ ਜਲੰਧਰ ਵਿਖੇ ਹੋਇਆ। ਜਿਥੋਂ ਤਕ ਗੁਰੂ ਸਾਹਿਬ ਜੀ ਦੀ ਸ਼ਖ਼ਸੀਅਤ

ਬਾਰੇ ਹੈ, ਨਿਰਸੰਦੇਹ ਸਰਬ-ਪੱਖੀ ਸੀ ਅਤੇ ਉਹ ਹਰ ਕੰਮ ਨੂੰ ਨੇਪਰੇ ਚਾੜ੍ਹਨ ਲਈ ਦ੍ਰਿੜ੍ਹਤਾ ਦਿਖਾਉਂਦੇ ਸਨ।

ਗੁਰੂ ਰਾਮਦਾਸ ਪਹਿਲੀ ਸਤੰਬਰ, 1574 ਈ. ਵਿਚ ਗੁਰੂ ਬਣੇ ਸਨ ਅਤੇ ਗੁਰੂ ਅਮਰਦਾਸ ਵੱਲੋਂ ਬਣੀ ਯੋਜਨਾ ਅਨੁਸਾਰ, ਉਨ੍ਹਾਂ ਨੇ ਗੁਰੂ ਕਾ ਚੱਕ ਨਗਰ ਦੀ ਸਥਾਪਨਾ ਦਾ ਕਾਰਜ ਅਰੰਭਿਆ। ਨਵੇਂ ਨਗਰ ਦੀਆਂ ਮੁੱਖ ਲੋੜਾਂ ਨੂੰ ਮੁੱਖ ਰੱਖ ਕੇ, ਵੱਖ-ਵੱਖ ਕਿੱਤਾਕਾਰਾਂ ਨੂੰ ਨਗਰ ਵਿਚ ਵੱਸਣ ਲਈ ਪ੍ਰੇਰਿਆ। ਇਥੇ ਸਰੋਵਰ ਦੀ ਖੁਦਾਈ ਅਤੇ ਸ਼ਹਿਰ ਦੀ ਉਸਾਰੀ ਸਮੇਂ ਗੁਰੂ ਅਰਜਨ ਸਾਹਿਬ ਨੇ ਬਹੁਤ ਵਧੀਆ ਭੂਮਿਕਾ ਨਿਭਾਈ ਸੀ। ਭਾਵੇਂ ਪ੍ਰਿਥੀ ਚੰਦ ਜੀ ਨੇ ਵੀ ਕੰਮ-ਕਾਰ ਵਿਚ ਹੱਥ ਵਟਾਇਆ, ਪਰ ਉਹ ਗੁਰੂ ਅਰਜਨ ਸਾਹਿਬ ਵਾਂਗੂੰ ਨਿਮਰਤਾ ਅਤੇ ਨਿਰਸੁਆਰਥ ਹੋ ਕੇ ਸੇਵਾ-ਭਾਵਨਾਵਾਂ ਤੋਂ ਖ਼ਾਲੀ ਸਨ। ਸਗੋਂ ਆਪਣੇ ਮਨ ਵਿਚ ਧਾਰੀ ਬੈਠੇ ਸਨ ਕਿ ਪਿਤਾ ਗੁਰੂ ਰਾਮਦਾਸ ਜੀ ਤੋਂ ਬਾਅਦ ਗੁਰਿਆਈ ਲਈ, ਉਹ ਹੀ ਅਧਿਕਾਰੀ ਹਨ।

## ਗੁਰਿਆਈ ਦੀ ਰਸਮ

ਗੁਰੂ ਰਾਮਦਾਸ ਜੀ ਨੇ ਆਪਣੇ ਹੱਥੀਂ 2 ਅੱਸੂ ਸੰਮਤ 1638 ਬਿ: (1 ਸਤੰਬਰ 1581 ਈ.) ਨੂੰ, ਗੁਰੂ ਅਰਜਨ ਸਾਹਿਬ ਨੂੰ ਗੁਰਗੱਦੀ 'ਤੇ ਬਿਰਾਜਮਾਨ ਕਰ ਦਿੱਤਾ। ਆਖ਼ਰ ਯੋਗ ਵਿਅਕਤੀ ਦੀ ਚੋਣ ਹੋਣੀ ਸੀ, ਜਿਸ ਬਾਰੇ ਭਵਿੱਖ ਬਾਣੀ ਕੁਝ ਸਾਲ ਪਹਿਲਾਂ ਹੀ ਗੁਰੂ ਅਮਰਦਾਸ ਜੀ ਨੇ ਕਰ ਦਿੱਤੀ ਸੀ। ਗੁਰੂ ਰਾਮਦਾਸ ਜੀ ਨੇ ਸਮੁੱਚੀ ਬਾਣੀ (ਜਿਸ ਵਿਚ ਪਹਿਲੇ ਗੁਰੂਆਂ ਦੀ ਬਾਣੀ ਅਤੇ ਭਗਤਾਂ ਦੀ ਬਾਣੀ ਸ਼ਾਮਲ ਸੀ), ਗੁਰੂ ਅਰਜਨ ਸਾਹਿਬ ਜੀ ਨੂੰ ਸੌਂਪ ਦਿੱਤੀ। ਜਦੋਂ ਗੁਰੂ ਅਰਜਨ ਸਾਹਿਬ ਜੀ ਨੂੰ ਗੁਰਿਆਈ ਮਿਲੀ, ਉਸ ਸਮੇਂ ਉਨ੍ਹਾਂ ਦੀ ਉਮਰ 18 ਸਾਲ 4 ਮਹੀਨੇ ਦੀ ਸੀ।

## ਪ੍ਰਿਥੀ ਚੰਦ ਦੀ ਈਰਖਾ

ਪਹਿਲਾਂ ਦੱਸਿਆ ਜਾ ਚੁੱਕਾ ਹੈ ਕਿ ਗੁਰੂ ਰਾਮਦਾਸ ਜੀ ਨੇ, ਗੁਰੂ ਅਰਜਨ ਸਾਹਿਬ ਜੀ ਦੀ ਕਾਬਲੀਅਤ ਅਤੇ ਸਰਬ-ਪੱਖੀ ਸ਼ਖ਼ਸੀਅਤ ਨੂੰ ਅਧਾਰ ਬਣਾ ਕੇ, ਗੁਰਿਆਈ ਦੀ ਬਖ਼ਸ਼ ਕਰ ਦਿੱਤੀ। ਇਸ ਦੀ ਗਵਾਹੀ ਭਾਈ ਗੁਰਦਾਸ ਜੀ ਨੇ ਆਪਣੀ ਵਾਰ ਅੰਦਰ ਲਿਖੀ ਹੈ।

ਗੁਰੂ ਰਾਮਦਾਸ ਜੀ ਦੇ ਵੱਡੇ ਸਪੁੱਤਰ ਪ੍ਰਿਥੀਚੰਦ, ਜੋ ਗੁਰਿਆਈ ਨੂੰ ਜਨਮ-ਅਧਿਕਾਰ ਸਮਝ ਕੇ ਹੱਕ ਜਿਤਾਉਂਦਾ ਸੀ, ਈਰਖਾ ਹੋਣੀ ਸੁਭਾਵਕ ਸੀ। ਉਸ ਨੇ ਗੁਰੂ ਅਰਜਨ ਸਾਹਿਬ ਨੂੰ ਗੁਰਗੱਦੀ ਦੇਣ ਦਾ ਵਿਰੋਧ ਕੀਤਾ। ਇਸ ਤੋਂ ਇਲਾਵਾ, ਉਸ ਨੇ ਇਹ ਵੀ ਜਤਨ ਕੀਤਾ ਕਿ ਸਿੱਖ ਆਪਣੇ ਵੱਲੋਂ ਲੰਗਰ ਲਈ ਰਸਦਾਂ ਆਦਿ, ਗੁਰੂ ਅਰਜਨ ਸਾਹਿਬ ਤਕ ਨਾ ਪਹੁੰਚਾਉਣ। ਉਸ ਵੱਲੋਂ ਹਰ ਸੰਭਵ ਜਤਨ ਹੋਇਆ ਕਿ ਸਿੱਖ ਸ਼ਰਧਾਲੂਆਂ ਨੂੰ ਆਪਣੇ ਵੱਲ ਖਿੱਚਿਆ ਜਾਵੇ।

ਦੂਜੇ ਪਾਸੇ ਦੋਖੀਆਂ ਅਤੇ ਵਿਰੋਧੀਆਂ ਦੀ ਸਾਜ਼ਸ਼ ਸੀ ਕਿ ਇਸ ਜਥੇਬੰਦਕ ਲਹਿਰ ਨੂੰ ਸਫਲ ਨਾ ਹੋਣ ਦਿੱਤਾ ਜਾਵੇ। ਇਸ ਲਈ ਇਨ੍ਹਾਂ ਲੋਕਾਂ ਨੇ ਪ੍ਰਿਥੀ ਚੰਦ

ਦੀ ਹਮਾਇਤ ਕੀਤੀ, ਪਰ ਉਹ ਫਿਰ ਵੀ ਸਫਲ ਨਾ ਹੋਏ। ਇਸ ਤੋਂ ਪਹਿਲਾਂ ਜਾਤ ਅਭਿਮਾਨੀ ਬ੍ਰਾਹਮਣਾਂ ਨੇ ਗੁਰੂ ਅਮਰਦਾਸ ਜੀ ਦੇ ਲੰਗਰ ਨੂੰ ਬੰਦ ਕਰਾਉਣ ਲਈ ਵੀ ਜਤਨ ਕੀਤੇ ਸਨ ਅਤੇ ਬਾਬਾ ਦਾਤੂ ਜੀ ਨੂੰ (ਗੁਰੂ ਅੰਗਦ ਦੇਵ ਜੀ ਦੇ ਸਪੁੱਤਰ) ਗੁਰਿਆਈ ਦਾ ਹੱਕਦਾਰ ਆਖ ਕੇ ਮਸਲਾ ਖੜਾ ਕੀਤਾ, ਪਰ ਸੂਝਵਾਨ ਤੇ ਸ਼ਰਧਾਵਾਨ ਸਿੱਖਾਂ ਦੀ ਦ੍ਰਿੜ੍ਹਤਾ ਕਾਰਨ, ਉਹ ਆਪਣੇ ਮਨਸੂਬਿਆਂ ਵਿਚ ਕਾਮਯਾਬ ਨਾ ਹੋਏ।

ਭਾਈ ਗੁਰਦਾਸ ਜੀ ਜੋ ਕਿ ਗੁਰੂ ਅਰਜਨ ਸਾਹਿਬ ਦੇ ਮਾਤਾ ਦੇ ਚਚੇਰੇ ਬੇਟੇ ਸਨ ਤੇ ਗੁਰਮਤਿ ਦੇ ਮਹਾਨ ਵਿਆਖਿਆਕਾਰ ਤੇ ਵਿਦਵਾਨ ਲਿਖਾਰੀ ਸਨ। ਜਦੋਂ ਪ੍ਰਿਥੀਏ ਵਲੋਂ ਗੁਰੂ ਅਰਜਨ ਸਾਹਿਬ ਨੂੰ ਗੁਰਿਆਈ ਦੇਣ 'ਤੇ ਵਿਰੋਧ ਕੀਤਾ ਅਤੇ ਆਪਣੇ ਵਲੋਂ ਔਕੜਾਂ ਪੈਦਾ ਕੀਤੀਆਂ, ਉਸ ਸਮੇਂ ਭਾਈ ਗੁਰਦਾਸ ਜੀ ਆਗਰੇ ਵਿਖੇ ਸਿੱਖੀ ਦਾ ਪ੍ਰਚਾਰ ਕਰ ਰਹੇ ਸਨ। ਉਹ ਝੱਟ ਪੰਜਾਬ ਆਏ ਅਤੇ ਗੁਰੂ ਅਰਜਨ ਸਾਹਿਬ ਜੀ ਵਲੋਂ ਜਥੇਬੰਦੀ ਦੇ ਕੰਮ-ਕਾਜ ਨੂੰ ਸਾਂਭਿਆ। ਉਨ੍ਹਾਂ ਨੇ ਪ੍ਰਿਥੀਏ ਵਲੋਂ ਕੀਤੀਆਂ ਜਾ ਰਹੀਆਂ ਕੋਝੀਆਂ ਸਾਜ਼ਸ਼ਾਂ ਤੇ ਹਰਕਤਾਂ ਨੂੰ ਆਪਣੀ ਕ੍ਰਿਤ ਵਿਚ ਦਰਜ ਕੀਤਾ।[1]

## ਭੱਟਾਂ ਵਲੋਂ ਗੁਰੂ ਅਰਜਨ ਸਾਹਿਬ ਦੀ ਉਸਤਤ

ਗੁਰੂ ਅਰਜਨ ਸਾਹਿਬ ਜੀ ਦੀ ਵਡਿਆਈ ਅਤੇ ਮਹਿਮਾ ਦੂਰ-ਦੁਰਾਡੇ ਤਕ ਪਹੁੰਚ ਚੁੱਕੀ ਸੀ। ਭੱਟਾਂ ਨੇ ਗੁਰੂ ਸਾਹਿਬ ਜੀ ਦੀ ਸ਼ਖ਼ਸੀਅਤ ਦੀ ਚਰਚਾ ਸੁਣੀ ਅਤੇ ਉਨ੍ਹਾਂ ਨੇ ਖ਼ੁਦ ਗੁਰੂ ਸਾਹਿਬ ਜੀ ਦੇ ਦਰਸ਼ਨ ਕੀਤੇ ਅਤੇ ਬਹੁਤ ਪ੍ਰਭਾਵਿਤ ਹੋਏ। ਦੂਜੇ ਪਾਸੇ ਪ੍ਰਿਥੀ ਚੰਦ ਵਲੋਂ ਹੋ ਰਹੀ ਵਿਰੋਧਤਾ ਦੇ ਕਾਰਨਾਂ ਦਾ ਮੁਲਾਂਕਣ ਕੀਤਾ।[2] ਭੱਟਾਂ ਨੇ ਗੁਰੂ ਅਰਜਨ ਸਾਹਿਬ ਜੀ ਦੀ ਵਡਿਆਈ ਆਪਣੇ ਵਲੋਂ ਸਵੱਈਏ ਰਚ ਕੇ ਕੀਤੀ ਅਤੇ ਆਖ ਦਿੱਤਾ ਕਿ ਗੁਰੂ ਅਰਜਨ ਸਾਹਿਬ ਤਾਂ ਨਿਰੰਕਾਰ ਦਾ ਪ੍ਰਤੱਖ ਸਰੂਪ ਜਾਪਦੇ ਹਨ ਅਤੇ ਅਸਲ ਵਿਚ ਗੁਰਿਆਈ ਦੇ ਹੱਕਦਾਰ ਹਨ। ਜਿਵੇਂ ਪਹਿਲਾਂ ਉਲੇਖ ਕਰ ਚੁੱਕੇ ਹਾਂ ਕਿ ਸਿੱਖ ਲਹਿਰ ਅਤੇ ਇਸ ਦੇ ਜਥੇਬੰਦਕ ਢਾਂਚੇ ਨੂੰ ਖ਼ਤਮ ਕਰਨ ਲਈ ਵਿਰੋਧੀਆਂ ਨੇ ਹਰ ਸੰਭਵ ਜਤਨ ਕੀਤਾ, ਪਰ ਭੱਟਾਂ ਵਲੋਂ ਗੁਰੂ ਸਾਹਿਬ ਜੀ ਦੀ ਸ਼ਖ਼ਸੀਅਤ ਨੂੰ ਪੂਰੀ ਤਰ੍ਹਾਂ ਉਜਾਗਰ ਕੀਤਾ ਗਿਆ। ਗੁਰੂ ਸਾਹਿਬ ਵਲੋਂ ਗੁਰਮਤਿ ਦਾ ਨਿਰੰਤਰ ਪ੍ਰਚਾਰ ਵੀ ਹੁੰਦਾ ਰਿਹਾ। ਇਨ੍ਹਾਂ ਵਲੋਂ ਸਭ ਤੋਂ ਅਹਿਮ ਅਤੇ ਵਿਸ਼ੇਸ਼ ਸਪੱਸ਼ਟੀਕਰਣ ਆਪਣੀ ਰਚਨਾ ਦੁਆਰਾ ਦਿੱਤਾ ਗਿਆ ਕਿ ਸਾਰੇ ਗੁਰੂ ਸਾਹਿਬਾਨ ਦੀ ਵਿਚਾਰਧਾਰਾ ਇਕ ਹੀ ਹੈ।

ਭੱਟ ਮਥਰਾ ਜੀ ਨੇ ਜੋ ਅਨੁਭਵ ਕੀਤਾ, ਉਸ ਬਾਰੇ ਸਪੱਸ਼ਟ ਲਿਖ ਰਹੇ ਹਨ :

**ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ ॥**
**ਤਾ ਤੇ ਅੰਗਦੁ ਭਯਉ ਤਤ ਸਿਉ ਤਤੁ ਮਿਲਾਯਉ ॥**

1. ਵਾਰਾਂ ਭਾਈ ਗੁਰਦਾਸ, ਵਾਰ 20, ਪਉੜੀ ਪਹਿਲੀ।
2. ਭਾਈ ਗੁਰਦਾਸ ਜੀ ਨੇ, ਵਾਰ 26, ਪਉੜੀ 33 ਅਤੇ ਵਾਰ 36 ਦੀਆਂ ਪਹਿਲੀਆਂ ਪਉੜੀਆਂ ਵਿਚ ਮੀਣੇ (ਪ੍ਰਿਥੀਏ) ਦੀ ਸੰਗਤ ਤੋਂ ਦੂਰ ਰਹਿਣ ਲਈ ਕਿਹਾ।

ਅੰਗਦਿ ਕਿਰਪਾ ਧਾਰਿ ਅਮਰੁ ਸਤਿਗੁਰੁ ਥਿਰੁ ਕੀਅਉ ॥
ਅਮਰਦਾਸਿ ਅਮਰਤੁ ਛਤ੍ਰੁ ਗੁਰ ਰਾਮਹਿ ਦੀਅਉ ॥
ਗੁਰ ਰਾਮਦਾਸ ਦਰਸਨੁ ਪਰਸਿ ਕਹਿ ਮਥੁਰਾ ਅੰਮ੍ਰਿਤ ਬਯਣ ॥
ਮੂਰਤਿ ਪੰਚ ਪ੍ਰਮਾਣ ਪੁਰਖੁ ਗੁਰੁ ਅਰਜੁਨੁ ਪਿਖਹੁ ਨਯਣ ॥

*(ਸਵਈਏ ਮਹਲੇ ਪੰਜਵੇ ਕੇ, ਪੰਨਾ 1408)*

## ਭੱਟ ਕਲ੍ਯ ਵਲੋਂ ਉਚਾਰੇ ਸਵੱਈਏ

ਸਿਮਰੰ ਸੋਈ ਪੁਰਖ ਅਚਲੁ ਅਬਿਨਾਸੀ ॥
ਜਿਸੁ ਸਿਮਰਤ ਦੁਰਮਤਿ ਮਲੁ ਨਾਸੀ ॥
ਸਤਿਗੁਰ ਚਰਣ ਕਵਲ ਰਿਦਿ ਧਾਰੰ ॥
ਗੁਰ ਅਰਜੁਨ ਗੁਣ ਸਹਜਿ ਬਿਚਾਰੰ ॥
ਗੁਰ ਰਾਮਦਾਸ ਘਰਿ ਕੀਅਉ ਪ੍ਰਗਾਸਾ ॥
ਸਗਲ ਮਨੋਰਥ ਪੂਰੀ ਆਸਾ ॥
ਤੈ ਜਨਮਤ ਗੁਰਮਤਿ ਬ੍ਰਹਮੁ ਪਛਾਣਿਓ ॥
ਕਲ੍ਯ ਜੋੜਿ ਕਰ ਸੁਜਸੁ ਵਖਾਣਿਓ ॥
ਭਗਤਿ ਜੋਗ ਕੌ ਜੈਤਵਾਰੁ ਹਰਿ ਜਨਕੁ ਉਪਾਯਉ ॥
ਸਬਦੁ ਗੁਰੂ ਪਰਕਾਸਿਓ ਹਰਿ ਰਸਨ ਬਸਾਯਉ ॥
ਗੁਰ ਨਾਨਕ ਅੰਗਦ ਅਮਰ ਲਾਗਿ ਉਤਮ ਪਦੁ ਪਾਯਉ ॥
ਗੁਰੁ ਅਰਜੁਨੁ ਘਰਿ ਗੁਰ ਰਾਮਦਾਸ ਭਗਤ ਉਤਰਿ ਆਯਉ ॥

*(ਸਵਈਏ ਮਹਲੇ ਪੰਜਵੇ ਕੇ, ਪੰਨੇ 1406-07)*

ਬਡਭਾਗੀ ਉਨਮਾਨਿਅਉ ਰਿਦਿ ਸਬਦੁ ਬਸਾਯਉ ॥
ਮਨੁ ਮਾਣਕੁ ਸੰਤੋਖਿਅਉ ਗੁਰਿ ਨਾਮੁ ਦ੍ਰਿੜ੍ਹਾਯਉ ॥
ਅਗਮੁ ਅਗੋਚਰੁ ਪਾਰਬ੍ਰਹਮੁ ਸਤਿਗੁਰਿ ਦਰਸਾਯਉ ॥
ਗੁਰੁ ਅਰਜੁਨੁ ਘਰਿ ਗੁਰ ਰਾਮਦਾਸ ਅਨਭਉ ਠਹਰਾਯਉ ॥

*(ਸਵਈਏ ਮਹਲੇ ਪੰਜਵੇ ਕੇ, ਪੰਨਾ 1407)*

## ਗੁਰੂ ਅਰਜਨ ਸਾਹਿਬ ਵਲੋਂ ਲੋਕ-ਭਲਾਈ ਕਾਰਜ ਅਤੇ ਸਿੱਖੀ ਦਾ ਪ੍ਰਚਾਰ

ਗੁਰੂ ਰਾਮਦਾਸ ਜੀ ਨੇ ਚੱਕ ਗੁਰੂ ਵਿਖੇ ਸਰੋਵਰ ਬਣਾਉਣ ਦਾ ਕਾਰਜ ਸੰਪੂਰਨ ਕਰ ਲਿਆ ਸੀ। ਇਸ ਤੋਂ ਇਲਾਵਾ ਇਸ ਸ਼ਹਿਰ ਨੂੰ ਬਤੌਰ ਇਕ ਵੱਡੇ ਵਪਾਰਕ ਅਤੇ ਧਾਰਮਿਕ ਕੇਂਦਰ ਦੇ ਤੌਰ 'ਤੇ ਸਥਾਪਤ ਕਰਨ ਲਈ ਕਦਮ ਚੁੱਕੇ। ਵੱਖ-ਵੱਖ ਕਿੱਤਾਕਾਰਾਂ ਨੂੰ ਆਪਣੇ ਕਿੱਤੇ ਸਥਾਪਤ ਕਰਨ ਲਈ ਪ੍ਰੇਰਿਆ, ਤਾਂ ਜੋ ਲੋਕਾਂ ਲਈ ਕਿਰਤ ਦੇ ਸਾਧਨ ਵੀ ਉਪਲਬਧ ਹੋਣ। ਗੁਰੂ ਅਰਜਨ ਸਾਹਿਬ ਜੀ ਤਕਰੀਬਨ ਦਸ ਸਾਲ ਇਸ ਇਲਾਕੇ ਵਿਚ ਰਹੇ ਅਤੇ ਲੋਕਾਈ ਨੂੰ ਵਹਿਮਾਂ ਭਰਮਾਂ ਤੋਂ ਮੁਕਤ ਕਰਨ

ਲਈ ਪ੍ਰਚਾਰ ਕੀਤਾ। ਇਸ ਇਲਾਕੇ ਅੰਦਰ ਸਖੀ ਸਰਵਰੀਏ (ਹਜ਼ਰਤ ਸਈਅਦ ਅਹਿਮਦ ਸੁਲਤਾਨ ਪੀਰ ਦੇ ਪੈਰੋਕਾਰ) ਦੀ ਗਿਣਤੀ ਵਧੇਰੇ ਸੀ।

## ਦਰਬਾਰ ਸਾਹਿਬ ਦੀ ਉਸਾਰੀ

ਜਿਵੇਂ ਪਹਿਲਾਂ ਉਲੇਖ ਕਰ ਚੁੱਕੇ ਹਾਂ ਕਿ ਗੁਰੂ ਰਾਮਦਾਸ ਜੀ ਨੇ ਸਰੋਵਰ ਬਣਾਇਆ, ਜਿਥੇ ਸਭ ਵਰਗਾਂ ਦੇ ਲੋਕ ਇਸ਼ਨਾਨ ਕਰਦੇ ਸਨ। ਇਹ ਸੁੱਚ-ਭਿੱਟ ਨੂੰ ਖ਼ਤਮ ਕਰਨ ਦਾ ਮਨੋਰਥ ਸੀ। ਸਰੋਵਰ ਦੇ ਵਿਚਕਾਰ, ਦਰਬਾਰ ਸਾਹਿਬ ਦੀ ਉਸਾਰੀ ਕਰਨੀ ਅਤੇ ਦਰਬਾਰ ਸਾਹਿਬ ਦੇ ਪ੍ਰਵੇਸ਼ ਦੁਆਰ ਸਾਰੀਆਂ ਦਿਸ਼ਾਵਾਂ ਵਲੋਂ ਰੱਖੇ ਗਏ। ਇਹ ਇਕ ਸਾਂਝੀਵਾਲਤਾ ਦਾ ਵਿਸ਼ੇਸ਼ ਪ੍ਰਤੀਕ ਸੀ ਕਿ ਇਹ ਧਾਰਮਿਕ ਅਸਥਾਨ ਸਭ ਲਈ ਖੁੱਲ੍ਹਾ ਹੈ। 1604 ਵਿਚ ਗੁਰੂ ਅਰਜਨ ਸਾਹਿਬ ਜੀ ਨੇ ਆਦਿ ਗ੍ਰੰਥ, ਜਿਸ ਵਿਚ ਪਹਿਲੇ ਗੁਰੂਆਂ ਵੱਲੋਂ ਰਚੀ ਬਾਣੀ ਅਤੇ ਭਗਤਾਂ ਦੀ ਬਾਣੀ ਸ਼ਾਮਲ ਕਰ ਕੇ, ਸੰਪਾਦਿਤ ਕੀਤਾ ਅਤੇ ਉਸ ਦਾ ਪ੍ਰਕਾਸ਼ ਦਰਬਾਰ ਸਾਹਿਬ ਅੰਦਰ ਕਰ ਕੇ, ਇਕ ਵਿਲੱਖਣ ਕਦਮ ਚੁੱਕਿਆ। ਸ਼ਬਦ-ਗੁਰੂ ਦੀ ਪਰੰਪਰਾ ਨੂੰ ਸ਼ੁਰੂ ਕਰ ਕੇ, ਦੇਹਧਾਰੀ ਗੁਰੂ ਪਰੰਪਰਾ ਨੂੰ ਮਨਫ਼ੀ ਕਰ ਦਿੱਤਾ।[3]

ਇਸ ਤੋਂ ਬਿਨਾਂ ਗੁਰੂ ਅਰਜਨ ਸਾਹਿਬ ਨੇ 1590 ਵਿਚ ਤਰਨ ਤਾਰਨ ਸ਼ਹਿਰ ਵਸਾਇਆ। ਇਥੇ ਵੀ ਪਾਣੀ ਦੀ ਲੋੜ ਨੂੰ ਪੂਰਾ ਕਰਨ ਲਈ ਸਰੋਵਰ ਬਣਾਇਆ। ਕੋਹੜੀਆਂ ਦੇ ਇਲਾਜ ਲਈ ਹਸਪਤਾਲ ਬਣਾਇਆ। ਗੁਰੂਆਂ ਵਲੋਂ ਲੋਕ-ਭਲਾਈ ਕਾਰਜ ਆਰੰਭ ਕਰਨ ਨਾਲ ਸਿੱਖ ਲਹਿਰ ਵਿਚ ਸ਼ਾਮਲ ਹੋਣ ਵਾਲਿਆਂ ਦੀ ਗਿਣਤੀ ਵਧਣ ਲੱਗੀ। ਇਸ ਤੋਂ ਪਹਿਲਾਂ ਗੁਰੂ ਅਮਰਦਾਸ ਜੀ ਵਲੋਂ ਗੋਇੰਦਵਾਲ ਸਾਹਿਬ ਵਿਖੇ ਪਾਣੀ ਦੀ ਲੋੜ ਦੀ ਪੂਰਤੀ ਲਈ ਬਾਉਲੀ ਬਣਾਈ ਗਈ ਅਤੇ ਜਾਤ-ਪਾਤ ਦੀ ਭਿੱਟ ਨੂੰ ਖ਼ਤਮ ਕਰਨ ਲਈ ਸਭ ਵਰਗਾਂ ਦੇ ਲੋਕ ਇਕ ਸਾਂਝੇ ਥਾਂ ਤੋਂ ਪਾਣੀ ਦੀ ਵਰਤੋਂ ਕਰਦੇ ਸਨ। ਉਸ ਸਮੇਂ ਖਡੂਰ ਸਾਹਿਬ ਵੀ ਸਿੱਖੀ ਦਾ ਕੇਂਦਰ ਬਣ ਚੁੱਕਾ ਸੀ।

ਮਾਝੇ ਤੋਂ ਬਾਅਦ ਮਾਲਵੇ ਤੇ ਦੁਆਬੇ ਵਿਚ ਵੀ ਸਖੀ ਸਰਵਰੀਏ ਵਧੇਰੇ ਸਨ, ਪਰ ਸਿੱਖੀ ਦੇ ਪ੍ਰਚਾਰ ਅਥਵਾ ਗੁਰੂ ਸਾਹਿਬਾਨ ਵੱਲੋਂ ਲੋਕ ਉਪਕਾਰ ਲਈ ਕੀਤੇ ਜਤਨਾਂ ਸਦਕਾ ਸਖੀ ਸਰਵਰੀਆਂ ਪ੍ਰਤੀ ਲੋਕਾਂ ਦੀ ਸ਼ਰਧਾ ਘਟਣ ਲੱਗੀ। ਸਿੱਖ ਲਹਿਰ ਦਾ ਉਪਦੇਸ਼ ਸੀ ਕਿ ਸਭ ਲੋਕ ਬਰਾਬਰ ਹਨ ਅਤੇ ਊਚ-ਨੀਚ ਜਾਂ ਜਾਤ-ਪਾਤ ਨੂੰ ਕੋਈ ਮਾਨਤਾ ਨਹੀਂ ਸੀ। ਗੁਰੂ ਸਾਹਿਬਾਨ ਵੱਲੋਂ ਪਾਣੀ ਦੀ ਲੋੜ ਨੂੰ ਮੁੱਖ ਰੱਖ ਕੇ ਕਈ ਖੂਹ ਲਗਵਾਏ ਗਏ। ਲੋਕਾਂ ਵਿਚ ਸੁੱਚ-ਭਿੱਟ ਵੀ ਘਟਣ ਲੱਗੀ ਅਤੇ ਲੋਕ ਸਿੱਖ ਲਹਿਰ ਵਿਚ ਸ਼ਾਮਲ ਹੋਣ ਲੱਗੇ। ਜਿਵੇਂ ਸਿੱਖ ਇਤਿਹਾਸ ਅੰਦਰ ਭਾਈ ਮੰਝ ਦਾ ਨਾਮ ਬਹੁਤ ਪ੍ਰਸਿੱਧ ਹੈ ਕਿ ਆਪ ਜੀ ਪਹਿਲਾਂ ਸਖੀ ਸਰਵਰ ਦੇ ਅਨੁਯਾਈ ਸਨ ਅਤੇ ਗੁਰਮਤਿ ਦੇ ਪ੍ਰਚਾਰ ਤੋਂ ਪ੍ਰਭਾਵਿਤ ਹੋ ਕੇ ਸਿੱਖੀ ਧਾਰਨ ਕੀਤੀ।

1595 ਈ. ਦੇ ਆਸ-ਪਾਸ ਪੰਜਾਬ ਵਿਚ ਮੀਂਹ ਨਾ ਪੈਣ ਕਾਰਨ, ਕਾਲ ਵਾਲੀ

3. ਪ੍ਰਿੰ. ਤੇਜਾ ਸਿੰਘ ਤੇ ਗੰਡਾ ਸਿੰਘ, *ਸਿੱਖ ਇਤਿਹਾਸ (1469-1765)*, ਪੰਨਾ 28.

ਸਥਿਤੀ ਬਣੀ। ਗੁਰੂ ਸਾਹਿਬ ਨੇ ਜਿਥੇ ਜਿਥੇ ਲੋੜ ਭਾਸੀ, ਉਨ੍ਹਾਂ ਥਾਵਾਂ 'ਤੇ ਖੂਹ ਲਗਵਾਏ, ਤਾਂ ਜੋ ਲੋਕਾਂ ਨੂੰ ਪਾਣੀ ਦੀ ਥੁੜ੍ਹ ਨਾ ਰਹੇ। ਦਸਵੰਧ[4] ਪ੍ਰਥਾ ਅਨੁਸਾਰ ਸਿੱਖਾਂ ਵਲੋਂ ਇਕੱਤਰ ਹੋਈ ਮਾਇਆ ਨਾਲ ਲੋੜਵੰਦਾਂ ਦੀ ਸਹਾਇਤਾ ਕੀਤੀ ਗਈ। ਕਾਲ ਦੇ ਸੰਕਟ ਨਾਲ ਜੂਝ ਰਹੀ ਲੋਕਾਈ ਨੂੰ ਧਰਵਾਸ ਦੇਣਾ ਅਤੇ ਉਨ੍ਹਾਂ ਦੀਆਂ ਮੁੱਖ ਲੋੜਾਂ ਪੂਰੀਆਂ ਕਰਨ ਦੇ ਜਤਨ ਕਰਨ ਨਾਲ ਸਿੱਖ ਲਹਿਰ ਬਾਰੇ ਆਮ ਚਰਚਾ ਹੋਣੀ ਸ਼ੁਰੂ ਹੋਈ। ਪੰਜਾਬ ਅਤੇ ਪੰਜਾਬ ਤੋਂ ਬਾਹਰ ਸਿੱਖ ਸ਼ਰਧਾਲੂਆਂ ਦੀ ਗਿਣਤੀ ਵਧਣ ਲੱਗੀ। ਆਮ ਜਨਤਾ ਗੁਰਮਤਿ ਗਿਆਨ ਦੀ ਸੂਝ ਲੈ ਕੇ ਵਹਿਮਾਂ-ਭਰਮਾਂ ਤੋਂ ਮੁਕਤੀ ਪਾਉਣ ਲੱਗੀ। ਅੰਮ੍ਰਿਤਸਰ ਦੇ ਇਲਾਕੇ ਵਿਚ ਵਡਾਲੀ ਦੇ ਨਜ਼ਦੀਕ 'ਛੇ ਹਰਟਾਂ ਵਾਲੇ' ਖੂਹ, ਗੁਰੂ ਸਾਹਿਬਾਨ ਵਲੋਂ ਲੋਕ-ਭਲਾਈ ਦੇ ਕਾਰਜਾਂ ਦੀ ਗਵਾਹੀ ਦੇ ਰਿਹਾ ਹੈ।

ਤਕਰੀਬਨ 1597 ਈ. ਵਿਚ ਲਾਹੌਰ ਦੇ ਇਲਾਕੇ ਵਿਚ ਕਾਲ ਪੈਣ ਕਾਰਨ ਲੋਕਾਂ ਦਾ ਜੀਣਾ ਮੁਸ਼ਕਲ ਹੋ ਗਿਆ ਸੀ। ਅਨਾਜ ਦੀ ਥੁੜ ਹੋ ਗਈ ਅਤੇ ਲੋਕ ਮਰਨ ਲੱਗੇ। ਇਕ ਇਤਿਹਾਸਕਾਰ ਨੂਰਲ ਹੱਕ ਨੇ ਇਹ ਵੀ ਲਿਖਿਆ ਹੈ ਕਿ ਭੁੱਖ ਤੇ ਬੀਮਾਰੀਆਂ ਨਾਲ ਸ਼ਹਿਰ ਦੀਆਂ ਸੜਕਾਂ ਉੱਤੇ ਮ੍ਰਿਤਕ ਸਰੀਰ ਆਮ ਹੀ ਦਿਖਾਈ ਦਿੰਦੇ ਸਨ। ਬਾਦਸ਼ਾਹ ਅਕਬਰ (11 ਫ਼ਰਵਰੀ 1556 - 27 ਅਕਤੂਬਰ 1605) ਲਾਹੌਰ ਆਇਆ ਅਤੇ ਉਸ ਨੇ ਖ਼ਲਕਤ ਨੂੰ ਬੁਰੀ ਹਾਲਤ ਵਿਚ ਅੱਖੀਂ ਦੇਖਿਆ। ਉਸ ਸਮੇਂ ਗੁਰੂ ਅਰਜਨ ਸਾਹਿਬ ਜੀ ਲੋਕਾਈ ਦੀ ਸਹਾਇਤਾ ਕਰਨ ਦੀ ਲੋੜ ਨੂੰ ਸਮਝਦੇ ਹੋਏ, ਲਾਹੌਰ ਪਹੁੰਚ ਜਾਂਦੇ ਹਨ। ਸੰਗਤਾਂ ਵੱਲੋਂ ਦਸਵੰਧ ਦਾ ਇਕੱਠਾ ਕੀਤਾ ਪੈਸਾ ਲੋੜਵੰਦਾਂ ਲਈ ਖ਼ਰਚ ਕੀਤਾ। ਲੰਗਰ ਲਗਾਏ, ਜਿਥੇ ਲੋਕ ਭੁੱਖ ਮਿਟਾਉਂਦੇ ਸਨ, ਯਤੀਮ ਬੱਚਿਆਂ ਦੀ ਦੇਖਭਾਲ ਲਈ ਯੋਗ ਪ੍ਰਬੰਧ ਕੀਤੇ। ਈਸਾਈ ਪਾਦਰੀਆਂ ਨੇ ਵੀ ਯਤੀਮਖ਼ਾਨੇ ਖੋਲ੍ਹੇ। ਗੁਰੂ ਅਰਜਨ ਸਾਹਿਬ ਇਸ ਸੰਕਟ ਕਾਲ ਦੌਰਾਨ 8 ਮਹੀਨੇ ਲਾਹੌਰ ਹੀ ਰਹੇ ਅਤੇ ਪੀੜਤ ਲੋਕਾਂ ਦੀ ਹਰ ਤਰ੍ਹਾਂ ਦੀ ਮੱਦਦ ਕਰਦੇ ਰਹੇ।[5]

ਸਪੁੱਤਰ ਹਰਿਗੋਬਿੰਦ ਸਾਹਿਬ ਜੀ ਦਾ ਜਨਮ 21 ਹਾੜ, ਹਾੜ ਵਦੀ 7, ਸੰਮਤ 1652 ਬਿ: (19 ਜੂਨ 1595 ਈ.) ਨੂੰ ਵਡਾਲੀ ਵਿਖੇ ਹੋਇਆ। ਗੁਰੂ ਅਰਜਨ ਸਾਹਿਬ ਜੀ ਦੇ ਸਪੁੱਤਰ ਦੇ ਜਨਮ ਨਾਲ ਪ੍ਰਿਥੀਏ ਨੂੰ ਵਧੇਰੇ ਈਰਖਾ ਹੋਣੀ ਸ਼ੁਰੂ ਹੋਈ। ਉਸ ਦੇ ਮਨ ਵਿਚ, ਇਕ ਆਸ ਰੱਖੀ ਹੋਈ ਸੀ ਕਿ ਸ਼ਾਇਦ ਉਸ ਦੇ ਪੁੱਤਰ ਮਿਹਰਵਾਨ ਨੂੰ ਹੀ ਗੁਰਗੱਦੀ ਉੱਤੇ ਬੈਠਣ ਦਾ ਮੌਕਾ ਮਿਲ ਜਾਵੇ, ਪਰ ਹੁਣ ਉਸ ਦੀਆਂ ਉਮੀਦਾਂ 'ਤੇ ਪਾਣੀ ਫਿਰ ਗਿਆ ਸੀ। ਪ੍ਰਿਥੀਏ ਵਲੋਂ ਸਾਹਿਬਜ਼ਾਦੇ ਹਰਿਗੋਬਿੰਦ ਜੀ ਨੂੰ ਮਾਰਨ ਲਈ ਕਈ ਸਾਜ਼ਸ਼ਾਂ ਰਚੀਆਂ ਗਈਆਂ, ਪਰ ਉਸ ਨੂੰ ਹਰ ਸਮੇਂ ਅਸਫਲਤਾ ਹੀ ਮਿਲੀ

---

4. ਦਸਵੰਧ ਪ੍ਰਥਾ, ਗੁਰੂ ਨਾਨਕ ਸਾਹਿਬ ਜੀ ਵਲੋਂ ਸਥਾਪਤ ਸਿਧਾਂਤ 'ਘਾਲਿ ਖਾਇ ਕਿਛੁ ਹਥਹੁ ਦੇਇ' ਅਨੁਸਾਰ ਹਰ ਨਾਨਕ ਨਾਮ-ਲੇਵਾ ਸਿੱਖਾਂ ਨੂੰ ਪ੍ਰੇਰਣਾ ਸੀ ਕਿ ਉਹ ਆਪਣੀ ਕਮਾਈ ਵਿੱਚੋਂ ਦਸਵਾਂ ਹਿੱਸਾ ਲੋੜਵੰਦਾਂ ਲਈ ਰੱਖਣ।
5. ਪ੍ਰੋ. ਸਾਹਿਬ ਸਿੰਘ, "ਜੀਵਨ ਬ੍ਰਿਤਾਂਤ ਗੁਰੂ ਅਰਜਨ ਦੇਵ ਜੀ", *ਗੁਰ ਇਤਿਹਾਸ (ਦੂਜੀ ਤੋਂ ਨੌਂਵੀਂ ਪਾਤਸ਼ਾਹੀ)*, ਪੰਨੇ 33-35.

ਅਤੇ ਬਾਲ ਹਰਿਗੋਬਿੰਦ ਜੀ ਦਾ ਵਾਲ ਵੀ ਵਿੰਗਾ ਨਾ ਹੋਇਆ। ਉਸ ਨੇ ਸਰਕਾਰੀ ਕਾਰਕੁੰਨ ਸੁਲਹੀ ਖ਼ਾਨ ਨੂੰ ਗੁਰੂ ਅਰਜਨ ਸਾਹਿਬ ਉੱਪਰ ਹਮਲਾ ਕਰਨ ਲਈ ਉਕਸਾਇਆ। ਪਰ ਸੁਲਹੀ ਖ਼ਾਨ ਆਪਣੇ ਆਪ ਹੀ ਤੱਪਦੇ ਭੱਠੇ ਵਿਚ ਘੋੜੇ ਤੋਂ ਡਿੱਗ ਕੇ ਮੌਤ ਦੇ ਮੂੰਹ ਵਿਚ ਜਾ ਡਿੱਗਿਆ। ਇਸ ਘਟਨਾ ਦਾ ਜ਼ਿਕਰ ਗੁਰੂ ਅਰਜਨ ਸਾਹਿਬ ਨੇ ਗੁਰਬਾਣੀ ਦੇ ਇਕ ਸ਼ਬਦ ਰਾਹੀਂ ਪ੍ਰਗਟਾਇਆ ਹੈ।[6]

## ਆਦਿ ਗ੍ਰੰਥ ਦੀ ਸੰਪਾਦਨਾ

ਸਾਰੀ ਬਾਣੀ ਨੂੰ ਸੰਪਾਦਨ ਕਰਨ ਲਈ ਸ਼ਹਿਰ ਤੋਂ ਬਾਹਰ ਏਕਾਂਤ ਥਾਂ ਨੂੰ ਚੁਣਿਆ ਗਿਆ। ਮੌਜੂਦਾ ਸਮੇਂ ਇਥੇ ਹੁਣ ਗੁਰਦੁਆਰਾ ਤੇ ਸਰੋਵਰ ਰਾਮਸਰ ਹੈ। ਸਮੁੱਚੀ ਬਾਣੀ ਨੂੰ ਨਵੀਂ ਤਰਤੀਬ ਵਿਚ ਦੁਬਾਰਾ ਲਿਖਣ ਲਈ ਭਾਈ ਗੁਰਦਾਸ ਜੀ ਨੂੰ ਜ਼ੁੰਮੇਵਾਰੀ ਸੌਂਪੀ ਕਿਉਂਕਿ ਉਸ ਸਮੇਂ ਉਹੀ ਪ੍ਰਸਿੱਧ ਲੇਖਕ ਤੇ ਵਿਦਵਾਨ ਸਨ।[7]

ਪਹਿਲਾਂ ਸੰਖੇਪ ਵਿਚ ਉਲੇਖ ਕਰ ਚੁੱਕੇ ਹਾਂ ਕਿ 1604 ਵਿਚ ਪਹਿਲੇ ਗੁਰੂਆਂ ਵਲੋਂ ਰਚੀ ਬਾਣੀ ਅਤੇ ਭਗਤਾਂ ਦੀ ਬਾਣੀ ਸ਼ਾਮਲ ਕਰ ਕੇ, ਆਦਿ ਗ੍ਰੰਥ ਸੰਪਾਦਿਤ ਕਰ ਕੇ, ਉਸ ਦਾ ਪ੍ਰਕਾਸ਼ ਦਰਬਾਰ ਸਾਹਿਬ ਅੰਦਰ ਕਰ ਦਿੱਤਾ। ਗੁਰੂ ਅਰਜਨ ਸਾਹਿਬ ਜੀ ਨੇ ਸਿੱਖ ਲਹਿਰ ਦੀ ਮਜ਼ਬੂਤੀ ਲਈ ਬਹੁਤ ਅਹਿਮ ਕਾਰਜ ਕੀਤੇ, ਜਿਵੇਂ ਜਿਵੇਂ ਅਸਥਾਨਾਂ ਦੀ ਸਥਾਪਨਾ, ਦਰਬਾਰ ਸਾਹਿਬ ਜੀ ਨੂੰ ਇਕ ਕੇਂਦਰੀ ਅਸਥਾਨ ਬਣਾਉਣਾ, ਪਰ ਸਭ ਤੋਂ ਮਹੱਤਵਪੂਰਨ ਕਾਰਜ ਆਦਿ ਗ੍ਰੰਥ ਦੀ ਸੰਪਾਦਨਾ ਸੀ। ਪਹਿਲੇ ਗੁਰੂਆਂ, ਭਗਤਾਂ ਅਤੇ ਭੱਟਾਂ ਦੀ ਬਾਣੀ ਤੋਂ ਇਲਾਵਾ ਆਪ ਜੀ ਵਲੋਂ ਲਿਖੀ ਬਾਣੀ ਨੂੰ ਨਵੇਂ ਰੂਪ ਵਿਚ ਸੰਪਾਦਿਤ ਕੀਤਾ। ਇਸ ਗ੍ਰੰਥ ਸਾਹਿਬ ਅੰਦਰ ਸਮੂਹ ਭਗਤਾਂ (ਹਿੰਦੂ ਤੇ ਮੁਸਲਿਮ) ਵਲੋਂ ਰਚੀ ਬਾਣੀ ਨੂੰ ਸ਼ਾਮਲ ਕਰ ਕੇ, ਇਕ ਨਵਾਂ ਮੀਲ ਪੱਥਰ ਸਥਾਪਤ ਕੀਤਾ। ਇਹ ਸਾਂਝੀਵਾਲਤਾ ਦਾ ਮਹਾਨ ਪ੍ਰਤੀਕ ਸੀ ਕਿਉਂਕਿ ਭਗਤਾਂ ਦੀ ਬਾਣੀ ਨੂੰ ਪ੍ਰਵਾਨ ਕਰਨ ਸਮੇਂ ਜਾਤ-ਪਾਤ ਜਾਂ ਧਰਮ ਦੇ ਆਧਾਰ 'ਤੇ ਕੋਈ ਵਿਤਕਰਾ ਨਹੀਂ ਕੀਤਾ। ਦੂਸਰਾ, ਸਮੁੱਚੀ ਬਾਣੀ ਨੂੰ ਲੋਕ ਬੋਲੀ ਵਿਚ ਅਥਵਾ ਗੁਰਮੁਖੀ ਲਿਪੀ ਵਿਚ ਅੰਕਿਤ ਕੀਤਾ।

ਗੁਰੂ ਨਾਨਕ ਸਾਹਿਬ ਜੀ ਵਲੋਂ ਸ਼ਬਦ-ਗੁਰੂ ਦੇ ਸਿਧਾਂਤ ਨੂੰ ਪ੍ਰਚਾਰਿਆ ਗਿਆ ਸੀ ਜੋ ਕਿ ਭਾਰਤੀ ਪਰੰਪਰਾ ਵਿਚ ਇਕ ਵਿਲੱਖਣ ਸਿਧਾਂਤ ਸੀ। ਗੁਰੂ ਰਾਮਦਾਸ ਜੀ ਨੇ ਆਪਣੀ ਬਾਣੀ ਅੰਦਰ ਹੋਰ ਸਪੱਸ਼ਟਤਾ ਦੇ ਦਿੱਤੀ ਅਤੇ ਆਖ ਦਿੱਤਾ ਕਿ ਬਾਣੀ ਹੀ ਗੁਰੂ ਹੈ :

**ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥**
**ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥**

*(ਨਟ ਮ: ੪, ਪੰਨਾ 982)*

---

6. ਸੁਲਹੀ ਤੇ ਨਾਰਾਇਣ ਰਾਖੁ ॥
ਸੁਲਹੀ ਕਾ ਹਾਥੁ ਕਹੀ ਨ ਪਹੁਚੈ ਸੁਲਹੀ ਹੋਇ ਮੂਆ ਨਾਪਾਕੁ ॥ *(ਰਾਗ ਬਿਲਾਵਲੁ ਮ: ੫, ਪੰਨਾ 825)*
7. ਪ੍ਰੋ. ਸਾਹਿਬ ਸਿੰਘ, "ਜੀਵਨ ਬ੍ਰਿਤਾਂਤ ਗੁਰੂ ਅਰਜਨ ਦੇਵ ਜੀ", *ਗੁਰ ਇਤਿਹਾਸ (ਦੂਜੀ ਤੋਂ ਨੌਵੀਂ ਪਾਤਸ਼ਾਹੀ)*, ਪੰਨਾ 55.

ਸਿੱਖ ਲਹਿਰ ਤੋਂ ਪਹਿਲਾਂ ਬਾਣੀ ਜਾਂ ਸ਼ਬਦ ਨੂੰ ਗੁਰੂ ਦਾ ਦਰਜਾ ਦੇਣ ਦੀ ਕੋਈ ਪ੍ਰੰਪਰਾ ਨਹੀਂ ਸੀ।

ਗੁਰੂ ਨਾਨਕ ਸਾਹਿਬ ਜੀ ਨੇ ਰੱਬੀ ਏਕਤਾ ਦੇ ਸਿਧਾਂਤ ਨੂੰ ਮੰਨਿਆ ਅਤੇ ਅਕਾਰ-ਰਹਿਤ ਰੱਬ ਨੂੰ ਸਾਰੀ ਕਾਇਨਾਤ ਦਾ ਕਰਤਾ ਦੱਸਿਆ। ਗੁਰੂ ਅਰਜਨ ਸਾਹਿਬ ਤਕ ਸਿੱਖ ਲਹਿਰ ਪੂਰੀ ਤਰ੍ਹਾਂ ਪ੍ਰਫੁੱਲਤ ਹੋ ਚੁੱਕੀ ਸੀ ਅਤੇ ਸਿੱਖਾਂ ਨੇ ਆਪਣੇ ਸਮਾਜਿਕ ਤੇ ਧਾਰਮਿਕ ਸੰਸਕਾਰ ਵੀ ਵੱਖਰੇ ਬਣਾ ਲਏ ਸਨ। ਫਿਰ ਵੀ ਗੁਰੂ ਅਰਜਨ ਸਾਹਿਬ ਜੀ ਨੇ ਮੂਰਤੀ ਪੂਜਾ ਜਾਂ ਪੱਥਰ ਪੂਜਾ ਦਾ ਪੂਰੀ ਤਰ੍ਹਾਂ ਖੰਡਣ ਕਰ ਦਿੱਤਾ।

**ਜੋ ਪਾਥਰ ਕਉ ਕਹਤੇ ਦੇਵ॥ ਤਾ ਕੀ ਬਿਰਥਾ ਹੋਵੈ ਸੇਵ॥**
**ਜੋ ਪਾਥਰ ਕੀ ਪਾਂਈ ਪਾਇ॥ ਤਿਸ ਕੀ ਘਾਲ ਅਜਾਂਈ ਜਾਇ॥**
**ਠਾਕੁਰੁ ਹਮਰਾ ਸਦ ਬੋਲੰਤਾ॥ ਸਰਬ ਜੀਆ ਕਉ ਪ੍ਰਭੁ ਦਾਨੁ ਦੇਤਾ॥੧॥ਰਹਾਉ॥**
*(ਪੰਨਾ 1160)*

ਇਸ ਸ਼ਬਦ ਦੁਆਰਾ ਕੋਈ ਸ਼ੱਕ ਦੀ ਗੁੰਜਾਇਸ਼ ਨਹੀਂ ਰਹਿੰਦੀ ਕਿ ਗੁਰਮਤਿ ਵਿਚਾਰਧਾਰਾ ਨਵੀਂ ਤੇ ਵਿਲੱਖਣ ਹੈ ਅਤੇ ਗੁਰੂ ਸਾਹਿਬਾਨ ਨੇ ਕਿਸੇ ਵੀ ਪੁਰਾਤਨ ਗ੍ਰੰਥਾਂ ਜਾਂ ਸਨਾਤਨੀ ਵਿਚਾਰਧਾਰਾ ਵਿੱਚੋਂ ਕੁਝ ਨਹੀਂ ਲਿਆ। ਗੁਰੂ ਅਰਜਨ ਸਾਹਿਬ ਦਾ ਇਕ ਹੋਰ ਸ਼ਬਦ ਵਧੇਰੇ ਸਪੱਸ਼ਟਤਾ ਦਿੰਦਾ ਹੈ ਕਿ ਨਿਰੰਕਾਰ ਕਿਸੇ ਜੂਨੀ ਵਿਚ ਜਨਮ ਨਹੀਂ ਲੈਂਦਾ :

**ਭਰਮਿ ਭੂਲੈ ਨਰ ਕਰਤ ਕਚਰਾਇਣ॥**
**ਜਨਮ ਮਰਣ ਤੇ ਰਹਤ ਨਾਰਾਇਣ॥ਰਹਾਉ॥** *(ਭੈਰਉ ਮ: ੫, ਪੰਨਾ 1136)*

ਹੇ ਮੂਰਖ ਮਨੁੱਖ, ਕੱਚੀਆਂ ਗੱਲਾਂ ਨਾ ਕਰ (ਜਿਵੇਂ ਦੇਵੀ ਦੇਵਤਿਆਂ ਨੂੰ ਰੱਬ ਸਮਾਨ ਸਮਝਿਆ ਜਾਂਦਾ ਹੈ), ਨਿਰੰਕਾਰ ਜਨਮ-ਮਰਨ ਤੋਂ ਉਪਰ ਹੈ।

**ਸਗਲ ਪਰਾਧ ਦੇਹਿ ਲੋਰੋਨੀ॥**
**ਸੋ ਮੁਖੁ ਜਲਉ ਜਿਤੁ ਕਹਹਿ ਠਾਕੁਰ ਜੋਨੀ॥** *(ਭੈਰਉ ਮ: ੫, ਪੰਨਾ 1136)*

ਅਜੋਕੇ ਸਮੇਂ ਵੀ ਕ੍ਰਿਸ਼ਨ ਮੂਰਤੀ ਨੂੰ ਝੂਲੇ ਵਿਚ ਪਾ ਕੇ ਲੋਰੀਆਂ ਦਿੱਤੀਆਂ ਜਾਂਦੀਆਂ ਹਨ ਅਤੇ ਇਹ ਸਭ ਰੱਬੀ ਵਿਰੋਧੀ ਕਰਮ ਹਨ। ਗੁਰੂ ਸਾਹਿਬ ਆਖ਼ਰ ਆਖਦੇ ਹਨ, ਉਹ ਮੂੰਹ ਹੀ ਸੜ ਜਾਏ, ਜੋ ਆਖਦਾ ਹੈ ਕਿ ਨਿਰੰਕਾਰ ਜੂਨਾਂ ਵਿਚ ਆਉਂਦਾ ਹੈ। ਇਕ ਹੋਰ ਸ਼ਬਦ ਭੈਰਉ ਰਾਗ ਵਿਚ ਹੈ, ਜਿਸ ਵਿਚ ਆਖਦੇ ਹਨ ਕਿ ਉਹ ਸਿਰਫ਼ ਇਕ ਰੱਬ ਨੂੰ ਮੰਨਦੇ ਹਨ ਅਤੇ ਉਨ੍ਹਾਂ ਨੇ ਹਿੰਦੂ ਅਤੇ ਤੁਰਕਾਂ (ਮੁਸਲਿਮ) ਨਾਲੋਂ ਸਾਂਝ ਤੋੜ ਦਿੱਤੀ ਹੈ :

**ਏਕੁ ਗੁਸਾਈ ਅਲਹੁ ਮੇਰਾ॥**
**ਹਿੰਦੂ ਤੁਰਕ ਦੁਹਾਂ ਨੇਬੇਰਾ॥ਰਹਾਉ॥...**
**ਨਾ ਹਮ ਹਿੰਦੂ ਨ ਮੁਸਲਮਾਨ॥**
**ਅਲਹ ਰਾਮ ਕੇ ਪਿੰਡੁ ਪਰਾਨ॥** *(ਭੈਰਉ ਮ: ੫, ਪੰਨਾ 1136)*

ਆਦਿ ਗ੍ਰੰਥ ਦੀ ਸੰਪਾਦਨਾ, ਗੁਰੂ ਅਰਜਨ ਸਾਹਿਬ ਦਾ ਇਕ ਮਹਾਨ ਕਾਰਜ

ਸੀ ਅਤੇ ਇਕ ਇਨਕਲਾਬੀ ਕਦਮ ਸੀ। ਉਸ ਕਾਲ ਅੰਦਰ ਹਿੰਦੂ ਧਰਮ ਦੀਆਂ ਧਾਰਮਿਕ ਪੁਸਤਕਾਂ ਜਾਂ ਗ੍ਰੰਥਾਂ ਨਾਲੋਂ ਵਿਲੱਖਣ ਸੀ। ਪ੍ਰਚੱਲਤ ਪਰੰਪਰਾ ਸੀ ਕਿ ਦੈਵੀ ਵਿਚਾਰਾਂ ਨੂੰ ਸੰਸਕ੍ਰਿਤ ਬੋਲੀ ਵਿਚ ਲਿਖਿਆ ਜਾਂਦਾ ਸੀ। ਦੂਸਰਾ, ਗੁਰੂ ਸਾਹਿਬ ਨੇ ਹਿੰਦੂ, ਮੁਸਲਿਮ ਫ਼ਕੀਰਾਂ ਤੇ ਭਗਤਾਂ ਦੀਆਂ ਰਚਨਾਵਾਂ ਨੂੰ ਪ੍ਰਵਾਨ ਕੀਤਾ, ਵਿਸ਼ੇਸ਼ ਕਰਕੇ ਕੁਝ ਭਗਤ ਅਛੂਤ ਜਾਤੀਆਂ ਵਿੱਚੋਂ ਸਨ, ਜਿਨ੍ਹਾਂ ਨੂੰ ਸਮਾਜ ਵਿਚ ਬਹੁਤ ਨੀਵੇਂ ਸਮਝਿਆ ਜਾਂਦਾ ਸੀ।[8]

## ਗੁਰੂ ਅਰਜਨ ਸਾਹਿਬ ਜੀ ਦੀ ਸ਼ਹੀਦੀ ਕਿਉਂ ?

ਗੁਰੂ ਸਾਹਿਬ 2 ਹਾੜ, ਜੇਠ ਸੁਦੀ 1, ਸੰਮਤ 1663 ਬਿ: (30 ਮਈ 1606 ਈ.) ਨੂੰ ਸ਼ਹੀਦ ਹੋਏ। ਇਹ ਕੋਈ ਅੱਤਕਥਨੀ ਨਹੀਂ ਕਿ ਸਿੱਖ ਲਹਿਰ ਦੇ ਆਰੰਭ ਹੋਣ 'ਤੇ ਇਸ ਦਾ ਵਿਰੋਧ ਸ਼ੁਰੂ ਹੋ ਗਿਆ ਸੀ। ਇਹ ਵਿਰੋਧ ਵੱਖ-ਵੱਖ ਲੋਕਾਂ ਅਤੇ ਹਿੰਦੂ ਧਰਮ ਦੇ ਪੁਜਾਰੀਆਂ ਅਤੇ ਹਾਕਮ ਸ਼੍ਰੇਣੀ ਦੇ ਧਾਰਮਿਕ ਆਗੂਆਂ ਵਲੋਂ ਹੋਇਆ। ਸਾਜ਼ਸ਼ੀ ਲੋਕਾਂ ਵਲੋਂ ਵਿਰੋਧ ਹੋਣ ਦੇ ਬਾਵਜੂਦ, ਸਿੱਖ ਲਹਿਰ ਦਾ ਪ੍ਰਚਾਰ ਨਿਰੰਤਰ ਹੁੰਦਾ ਰਿਹਾ। ਇਸ ਲਹਿਰ ਵਿਚ ਸ਼ਾਮਲ ਹੋਣ ਵਾਲਿਆਂ ਦੀ ਗਿਣਤੀ ਵਿਚ ਵਾਧਾ ਹੁੰਦਾ ਰਿਹਾ।

ਜਾਤ ਅਭਿਮਾਨੀਆਂ ਅਤੇ ਗੁਰੂ ਘਰ ਦੇ ਦੋਖੀਆਂ ਦੀ ਦਾਲ ਨਾ ਗਲੀ। ਗੁਰੂ ਨਾਨਕ ਸਾਹਿਬ ਨੇ ਦੇਸ਼ ਦੀਆਂ ਵੱਖ-ਵੱਖ ਦਿਸ਼ਾਵਾਂ ਵੱਲ ਉਦਾਸੀਆਂ (ਪ੍ਰਚਾਰਕ ਦੌਰੇ) ਕਰ ਕੇ ਵੱਖ-ਵੱਖ ਧਰਮਾਂ ਜਾਂ ਫ਼ਿਰਕਿਆਂ ਦੇ ਮੁਖੀਆਂ ਨਾਲ ਗੋਸ਼ਟੀਆਂ ਕੀਤੀਆਂ ਅਤੇ ਸੰਗਤਾਂ ਸਥਾਪਤ ਕੀਤੀਆਂ। ਕੁਝ ਲੋਕਾਂ ਨੇ ਆਪਣੇ ਆਪ ਨੂੰ ਸਿੱਖੀ ਦੇ ਪ੍ਰਚਾਰ ਲਈ ਸਮਰਪਿਤ ਕਰ ਦਿੱਤਾ। ਦੂਜੇ ਗੁਰੂ ਸਾਹਿਬਾਨ ਨੇ ਪੰਜਾਬ ਅਤੇ ਪੰਜਾਬ ਤੋਂ ਬਾਹਰ ਅਨੇਕਾਂ ਪ੍ਰਚਾਰਕ ਕੇਂਦਰ ਸਥਾਪਤ ਕੀਤੇ ਅਤੇ ਦਸਵੰਧ ਦੀ ਪ੍ਰਥਾ ਚਲਾ ਕੇ, ਸਿੱਖ ਲਹਿਰ ਦੇ ਜਥੇਬੰਦਕ ਢਾਂਚੇ ਨੂੰ ਮਜ਼ਬੂਤ ਕੀਤਾ। ਗੁਰੂ ਅਰਜਨ ਸਾਹਿਬ ਦੇ ਸਮੇਂ ਤਕ ਸਿੱਖ ਲਹਿਰ, ਇਕ ਜਥੇਬੰਦਕ ਤੌਰ 'ਤੇ ਸਥਾਪਤੀ ਦੇ ਸਿਖਰ ਤਕ ਪਹੁੰਚ ਚੁੱਕੀ ਸੀ। 'ਗੁਰੂ ਕੇ ਚੱਕ' (ਅੰਮ੍ਰਿਤਸਰ) ਵਿਖੇ ਸਰੋਵਰ ਦੀ ਉਸਾਰੀ ਅਤੇ ਗੁਰੂ ਅਰਜਨ ਸਾਹਿਬ ਵਲੋਂ ਦਰਬਾਰ ਸਾਹਿਬ ਬਣਾਉਣਾ ਅਤੇ ਆਦਿ ਗ੍ਰੰਥ ਦੀ ਸੰਪਾਦਨਾ ਕਰ ਕੇ, ਉਸ ਨੂੰ ਦਰਬਾਰ ਸਾਹਿਬ ਅੰਦਰ ਪ੍ਰਕਾਸ਼ ਕਰਨਾ ਕੌਮ ਲਈ ਮਹੱਤਵਪੂਰਨ ਤੇ ਇਨਕਲਾਬੀ ਕਦਮ ਸਨ।

ਇਸ ਪ੍ਰਤੀ ਕੋਈ ਦੋ ਰਾਵਾਂ ਨਹੀਂ ਕਿ ਸਾਜ਼ਸ਼ਕਾਰੀਆਂ ਨੇ ਸਾਜ਼ਸ਼ੀ ਵਿਰੋਧ ਨੂੰ ਜਾਰੀ ਰੱਖਿਆ।

ਜਿਵੇਂ ਪਹਿਲਾਂ ਦੱਸਿਆ ਜਾ ਚੁੱਕਾ ਹੈ ਕਿ ਬਾਬਾ ਪ੍ਰਿਥੀਆ, ਜੋ ਗੁਰੂ ਸਾਹਿਬ ਜੀ ਦੇ ਵੱਡੇ ਭਰਾ ਸਨ, ਵੱਲੋਂ ਗੁਰਗੱਦੀ ਦਾ ਹੱਕ ਸਮਝਦੇ ਹੋਏ ਗੁਰੂ ਸਾਹਿਬ ਦਾ ਵਿਰੋਧ ਕੀਤਾ। ਪ੍ਰਿਥੀਏ ਨੇ ਹਾਕਮ ਸ਼੍ਰੇਣੀ ਦੇ ਉੱਚ ਅਧਿਕਾਰੀਆਂ ਪਾਸੋਂ ਸਹਿਯੋਗ

---

8. ਪ੍ਰਿੰ. ਤੇਜਾ ਸਿੰਘ ਤੇ ਗੰਡਾ ਸਿੰਘ, *ਸਿੱਖ ਇਤਿਹਾਸ (1469-1765)*, ਪੰਨਾ 35.

ਲੈਣ ਦਾ ਜਤਨ ਕੀਤਾ ਗਿਆ, ਜਿਵੇਂ ਬੀਰਬਲ ਜਾਂ ਸੁਲਹੀ ਖ਼ਾਂ ਆਦਿ ਨਾਲ ਨੇੜਤਾ ਪੈਦਾ ਕੀਤੀ, ਪਰ ਉਹ ਸਫਲ ਨਾ ਹੋ ਸਕਿਆ।

ਜਿਥੋਂ ਤਕ ਨਕਸ਼ਬੰਦੀ ਲਹਿਰ ਬਾਰੇ ਹੈ, ਇਸ ਦੇ ਸੰਚਾਲਕ ਕੱਟੜ ਸੁੰਨੀ ਮੁਸਲਮਾਨ ਸਨ, ਜੋ ਅਕਬਰ ਦੀਆਂ ਨਰਮ ਨੀਤੀਆਂ ਦੇ ਵਿਰੁੱਧ ਸਨ। ਇਸ ਲਹਿਰ ਦਾ ਪ੍ਰਚਾਰ ਖ਼ਵਾਜਾ ਮੁਹੰਮਦ ਬਾਕੀਬਿਲਾ ਦੁਆਰਾ ਹੋਇਆ, ਫਿਰ ਸ਼ੇਖ਼ ਅਹਿਮਦ ਸਰਹੰਦੀ ਇਸ ਲਹਿਰ ਦਾ ਆਗੂ ਬਣਿਆ। ਸ਼ੇਖ਼ ਅਹਿਮਦ ਸਰਹੰਦੀ ਨੇ ਗੁਰੂ ਅਰਜਨ ਸਾਹਿਬ ਨੂੰ ਸ਼ਹੀਦ ਕਰਨ ਲਈ ਮੁੱਖ ਭੂਮਿਕਾ ਨਿਭਾਈ। ਸ਼ੇਖ਼ ਫ਼ਰੀਦ ਬੁਖ਼ਾਰੀ ਇਸ ਦਾ ਸ਼ਰਧਾਲੂ ਸੀ। ਇਸ ਦਾ ਦੂਸਰਾ ਨਾਮ ਜਾਂ ਖ਼ਿਤਾਬ 'ਮੁਰਤਜ਼ਾ ਖ਼ਾਂ' ਸੀ। ਇਨ੍ਹਾਂ ਨੂੰ ਹੀ ਗੁਰੂ ਸਾਹਿਬ ਨੂੰ ਸ਼ਹੀਦ ਕਰਨ ਲਈ ਨਵੇਂ ਉਪਾਅ ਦੱਸੇ।[9]

ਡਾਕਟਰ ਗੰਡਾ ਸਿੰਘ ਨੇ ਮੁਜ਼ੱਦਦ ਅਲਫ਼ਥਾਨੀ ਦੀ ਲਿਖਤ, ਜੋ *ਮਕਤੂਬਾਤਿ ਅਮਾਮਿ ਰਬਾਨੀ* ਵਿਚ ਅੰਕਿਤ ਹੈ, ਜਿਸ ਨੇ ਗੁਰੂ ਅਰਜਨ ਸਾਹਿਬ ਦੇ ਸ਼ਹੀਦ ਹੋਣ 'ਤੇ ਖ਼ੁਸ਼ੀ ਪ੍ਰਗਟਾਈ ਹੈ। ਇਸ ਬਾਰੇ ਸਿਰਦਾਰ ਕਪੂਰ ਸਿੰਘ ਵਲੋਂ ਲਿਖਿਆ ਗਿਆ ਸੀ ਕਿ ਸ਼ੇਖ਼ ਸਿਰਹੰਦੀ ਇਸਲਾਮੀ ਰਾਜ ਅੰਦਰ ਸਿੱਖ ਲਹਿਰ ਨੂੰ ਖ਼ਤਮ ਕਰਨ ਲਈ ਅਹਿਮ ਭੂਮਿਕਾ ਨਿਭਾਉਣ ਵਾਲਾ ਸੀ, ਦੀ ਪੁਸ਼ਟੀ ਹੁੰਦੀ ਹੈ।

> "ਇਨ੍ਹਾਂ ਦਿਨਾਂ ਵਿਚ ਹੀ ਜੋ ਗੋਇੰਦਵਾਲ ਦੇ ਭ੍ਰਿਸ਼ਟੇ ਹੋਏ ਕਾਫ਼ਰ ਨੂੰ ਕਤਲ ਕਰ ਦਿੱਤਾ ਗਿਆ ਹੈ, ਇਹ ਬੜੀ ਸ਼ੁੱਭ ਘਟਨਾ ਹੋਈ ਹੈ ਅਤੇ ਇਸ ਨਾਲ ਹਿੰਦੂਆਂ ਨੂੰ ਇਕ ਵੱਡੀ ਸ਼ਿਕਸਤ ਹੋਈ ਹੈ, ਉਸ ਨੂੰ ਕਿਸੇ ਕਾਰਨ ਅਤੇ ਕਿਸੇ ਬਹਾਨੇ ਨਾਲ ਭੀ ਮਾਰ ਮੁਕਾਉਣ ਨਾਲ ਕਾਫ਼ਰਾਂ ਦੀ ਵੱਡੀ ਹਾਨੀ ਹੋਈ ਹੈ ਅਤੇ ਮੁਸਲਮਾਨਾਂ ਲਈ ਸ਼ੁੱਭ ਤੇ ਮਹਾਨ ਲਾਭ ਦੀ ਗੱਲ ਬਣੀ ਹੈ। ਇਸ ਬੇਈਮਾਨ ਦੇ ਕਤਲ ਹੋਣ ਤੋਂ ਪਹਿਲਾਂ ਮੈਨੂੰ ਇਕ ਦਿੱਬ ਸੁਪਨਾ ਆਇਆ ਸੀ ਕਿ ਪਾਤਸ਼ਾਹ (ਜਹਾਂਗੀਰ) ਨੇ ਭ੍ਰਿਸ਼ਟ ਅਧਰਮ ਦਾ ਸਿਰ ਕੁਚਲ ਦਿੱਤਾ ਹੈ। ਇਸ ਵਿਚ ਸੰਸਾ ਨਹੀਂ ਕਿ ਉਹ (ਗੁਰੂ ਅਰਜਨ) ਕਾਫ਼ਰ ਹਿੰਦੂਆਂ ਦਾ ਜਗਤ-ਗੁਰੂ ਸੀ ਅਤੇ ਅਧਾਰਮਿਕ ਰੁੱਚੀਆਂ ਰੱਖਣ ਵਾਲਿਆਂ ਦਾ ਸ਼ਹਿਨਸ਼ਾਹ ਸੀ।"[10]

ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਬਾਰੇ ਬਾਦਸ਼ਾਹ ਜਹਾਂਗੀਰ ਨੇ ਆਪਣੀ ਸਵੈ-ਜੀਵਨੀ *ਤੁਜ਼ਕਿ ਜਹਾਂਗੀਰੀ* ਵਿਚ ਜੋ ਲਿਖਿਆ ਹੈ, ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਗੁਰੂ ਜੀ ਨੂੰ ਸ਼ਹੀਦ ਕਰਨ ਦਾ ਹੁਕਮ ਬਾਦਸ਼ਾਹ ਨੇ ਦਿੱਤਾ ਸੀ ਅਤੇ ਉਸ ਨੇ ਕੁਝ ਕਾਰਨਾਂ ਬਾਰੇ ਵੀ ਸਪੱਸ਼ਟ ਕੀਤਾ ਹੈ :

> "ਬਿਆਸ ਦਰਿਆ ਕੰਢੇ ਗੋਇੰਦਵਾਲ ਨਗਰ ਵਿਚ ਇਕ ਪੀਰਾਂ ਬਜ਼ੁਰਗਾਂ ਦੇ ਭੇਸ ਵਿਚ ਅਰਜਨ ਨਾਮ ਦਾ ਹਿੰਦੂ ਸੀ। ਉਸ ਨੇ ਬਹੁਤ ਸਾਰੇ ਭੋਲੇ-ਭਾਲੇ ਹਿੰਦੂਆਂ, ਸਗੋਂ ਬੇਸਮਝ ਮੂਰਖ ਮੁਸਲਮਾਨਾਂ ਨੂੰ ਵੀ ਆਪਣੇ ਧਰਮ-ਕਰਮ ਦਾ ਸ਼ਰਧਾਲੂ ਬਣਾ ਕੇ ਆਪਣੀ ਪੀਰੀ ਦਾ ਢੋਲ ਉੱਚਾ ਵਜਾਇਆ ਹੋਇਆ ਸੀ, ਲੋਕ ਉਸ ਨੂੰ 'ਗੁਰੂ'

---

9. ਕਪੂਰ ਸਿੰਘ ਸਿਰਦਾਰ, *ਸਾਚੀ ਸਾਖੀ*, ਪੰਨੇ 2-3.
10. *ਉਹੀ*।

> ਆਖਦੇ ਸਨ। ਇਧਰ ਉਧਰ ਤੇ ਅਣਜਾਣੇ ਤੇ ਦੰਭ ਦੇ ਪੁਜਾਰੀ ਲੋਕ ਆ ਕੇ ਉਸ ਉੱਤੇ ਅਤੁੱਟ ਭਰੋਸਾ ਜ਼ਾਹਰ ਕਰਦੇ ਸਨ। ਤਿੰਨ ਚਾਰ ਪੀੜ੍ਹੀਆਂ ਤੋਂ ਉਸ ਦੀ ਇਹ ਦੁਕਾਨ ਚੱਲ ਰਹੀ ਸੀ, ਚਿਰਾਂ ਤੋਂ ਮੇਰੇ ਦਿਲ ਵਿਚ ਇਹ ਖ਼ਿਆਲ ਆ ਰਿਹਾ ਸੀ ਕਿ ਇਸ ਝੂਠ ਦੇ ਵਪਾਰ ਨੂੰ ਬੰਦ ਕਰ ਦਿਆਂ ਜਾਂ ਉਸ ਨੂੰ (ਗੁਰੂ ਅਰਜਨ) ਇਸਲਾਮ ਵਿਚ ਲੈ ਆਵਾਂ।
>
> ਇਨ੍ਹਾਂ ਦਿਨਾਂ ਵਿਚ ਹੀ ਖੁਸਰੋ ਇਥੋਂ ਦੀ ਲੰਘਿਆ। ਉਸ ਜ਼ਾਹਲ ਤੇ ਹਕੀਰ ਆਦਮੀ ਨੇ ਇਹ ਧਾਰੀ ਕਿ ਉਸ ਨੂੰ ਮਿਲਿਆ ਜਾਵੇ, ਸੋ ਉਸ ਨੇ ਉਸ ਗੁਰੂ ਦੇ ਡੇਰੇ ਵਿਚ ਪੜਾਉ ਕੀਤਾ ਤੇ ਮਿਲਿਆ। ਕਈ ਪਹਿਲੇ ਮਿਥੀਆਂ ਹੋਈਆਂ ਗੱਲਾਂ ਕੀਤੀਆਂ ਤੇ ਨਾਲੇ ਉਂਗਲੀ ਨਾਲ ਖੁਸਰੋ ਦੇ ਮੱਥੇ 'ਤੇ ਕੇਸਰ ਦਾ ਟਿੱਕਾ ਲਾਇਆ, ਜਿਸਨੂੰ ਕਿ ਹਿੰਦੂ ਇਕ ਚੰਗਾ ਸ਼ਗਨ ਮੰਨਦੇ ਹਨ। ਜਦੋਂ ਇਹ ਗੱਲ ਮੇਰੇ ਕੰਨੀਂ ਪਈ, ਅੱਗੇ ਹੀ ਮੈਂ ਇਸ ਦੇ ਝੂਠੇ ਅਡੰਬਰ ਤੋਂ ਜਾਣੂ ਸਾਂ। ਮੈਂ ਹੁਕਮ ਕੀਤਾ ਕਿ ਉਸ ਨੂੰ (ਗੁਰੂ) ਹਾਜ਼ਰ ਕੀਤਾ ਜਾਵੇ। ਉਸ ਦਾ ਘਰ ਘਾਟ ਤੇ ਬੱਚੇ ਮੁਰਤਜ਼ਾ ਖ਼ਾਂ ਦੇ ਹਵਾਲੇ ਕੀਤੇ ਅਤੇ ਉਸ ਦਾ ਮਾਲ ਅਸਬਾਬ ਜ਼ਬਤ ਕਰ ਲਿਆ। ਮੈਂ ਹੁਕਮ ਦਿੱਤਾ ਕਿ ਉਸ ਨੂੰ ਤਸੀਹੇ ਦੇ ਕੇ ਮਾਰ ਦਿੱਤਾ ਜਾਵੇ।"[11]

ਗੁਰੂ ਸਾਹਿਬ ਜੀ ਦੀ ਸ਼ਹੀਦੀ ਦੇ ਕਾਰਨਾਂ ਸੰਬੰਧੀ ਵਿਚਾਰ ਚਰਚਾ ਕਰ ਚੁੱਕੇ ਹਾਂ, ਪਰ ਅਸਲੀਅਤ ਬਾਰੇ ਤਾਂ ਬਾਦਸ਼ਾਹ ਜਹਾਂਗੀਰ ਦੀ ਸਵੈ-ਜੀਵਨੀ ਵਿੱਚੋਂ ਹੀ ਸਪੱਸ਼ਟ ਹੁੰਦਾ ਹੈ ਕਿ ਨਕਸ਼ਬੰਦੀ ਲਹਿਰ ਦੇ ਸੰਚਾਲਕਾਂ ਦਾ ਹਰ ਸੰਭਵ ਜਤਨ ਸੀ ਕਿ ਗੁਰੂ ਅਰਜਨ ਸਾਹਿਬ ਜੀ ਵਿਰੁੱਧ ਝੂਠੀਆਂ ਸ਼ਿਕਾਇਤਾਂ ਲਗਾਈਆਂ ਜਾਣ। ਇਹ ਨਕਸ਼ਬੰਦੀ ਕੱਟੜ ਸੁੰਨੀ ਮੁਸਲਮਾਨਾਂ ਦੀ ਜਥੇਬੰਦਕ ਲਹਿਰ ਸੀ। ਬਾਦਸ਼ਾਹ ਵਲੋਂ ਸ਼ਿਕਾਇਤ ਬਾਰੇ ਤੱਤਸਾਰ ਦਿੱਤਾ ਗਿਆ ਹੈ, ਜਿਵੇਂ ਉਸ ਵੱਲੋਂ ਆਖਣਾ ਕਿ ਇਹ ਦੁਕਾਨ ਤਿੰਨ ਚਾਰ ਪੀੜ੍ਹੀਆਂ ਤੋਂ ਚੱਲ ਰਹੀ ਸੀ, ਇਸ ਤੋਂ ਪਤਾ ਲੱਗਦਾ ਹੈ ਕਿ ਸ਼ਿਕਾਇਤਾਂ ਕਰਨ ਵਾਲਿਆਂ ਨੇ ਗੁਰੂ ਨਾਨਕ ਸਾਹਿਬ ਵਲੋਂ ਸ਼ੁਰੂ ਕੀਤੀ ਸਿੱਖ ਲਹਿਰ ਬਾਰੇ ਜ਼ਹਿਰ ਉਗਲੀ ਹੋਵੇਗੀ। ਸਵੈ-ਜੀਵਨੀ ਵਿਚ ਇਕ ਮਹੱਤਵਪੂਰਨ ਗੱਲ ਦਾ ਪਤਾ ਲੱਗਦਾ ਹੈ ਕਿ ਸਿੱਖ ਲਹਿਰ ਵਿਚ ਸ਼ਾਮਲ ਹੋਣ ਵਾਲੇ ਮੁਸਲਮਾਨ ਵੀ ਸਨ। ਜਿਥੋਂ ਤਕ 'ਖੁਸਰੋ' ਨੂੰ ਮਿਲਣ ਤੇ ਉਸ ਦੇ ਮੱਥੇ ਟਿੱਕਾ ਲਗਾਉਣ ਦੀ ਗੱਲ ਹੈ, ਇਹ ਝੂਠੀ ਸ਼ਿਕਾਇਤ ਵਿਸ਼ੇਸ਼ ਤੌਰ 'ਤੇ ਘੜੀ ਗਈ ਜਾਪਦੀ ਹੈ, ਕਿਉਂਕਿ ਬਾਦਸ਼ਾਹ ਵਲੋਂ ਖੁਸਰੋ ਦੇ ਸਮੂਹ ਸਹਿਯੋਗੀਆਂ ਨੂੰ ਸਜ਼ਾਵਾਂ ਦਿੱਤੀਆਂ ਗਈਆਂ ਸਨ।

ਅਸਲ ਤੱਥ ਇਹੀ ਹੈ ਕਿ ਕੱਟੜ ਇਸਲਾਮਿਕ ਵਿਚਾਰਧਾਰਾ ਨੂੰ ਪ੍ਰਚਾਰਨ ਵਾਲੇ ਲੋਕਾਂ ਨੂੰ ਡਰ ਸੀ ਕਿ ਸਿੱਖ ਧਰਮ ਦੀ ਹਰਮਨ ਪਿਆਰਤਾ ਨਾਲ ਇਸਲਾਮ ਧਰਮ ਨੂੰ ਖ਼ਤਰਾ ਪੈਦਾ ਹੋਵੇਗਾ। ਜਹਾਂਗੀਰ ਉੱਪਰ ਨਕਸ਼ਬੰਦੀਆਂ ਨੇ ਆਪਣਾ ਪ੍ਰਭਾਵ ਪਾ ਲਿਆ ਸੀ ਅਤੇ ਬਾਦਸ਼ਾਹ ਵੀ ਚਾਹੁੰਦਾ ਸੀ ਕਿ ਇਸਲਾਮ ਦਾ ਬੋਲਬਾਲਾ ਹੋਣਾ ਚਾਹੀਦਾ ਹੈ। ਦੂਜੇ ਪਾਸੇ ਸਿੱਖ ਧਰਮ ਮਨੁੱਖੀ ਅਧਿਕਾਰਾਂ ਦੀ ਗੱਲ ਕਰਦਾ ਸੀ ਅਤੇ

---

11. ਪਿਆਰਾ ਸਿੰਘ ਪਦਮ, *ਸੰਖੇਪ ਸਿੱਖ ਇਤਿਹਾਸ*, ਪੰਨੇ 32-33.

ਗੁਰੂ ਅਰਜਨ ਸਾਹਿਬ ਨੂੰ ਸ਼ਹੀਦ ਕਰ ਕੇ ਸਿੱਖ ਲਹਿਰ ਦੇ ਵੱਧ ਰਹੇ ਪ੍ਰਭਾਵ ਨੂੰ ਰੋਕਣਾ ਹੀ ਮੁੱਖ ਕਾਰਨ ਸੀ।

ਗੁਰੂ ਸਾਹਿਬ ਦੀ ਸ਼ਹੀਦੀ ਨੇ ਸਿੱਖਾਂ ਅੰਦਰ ਚੜ੍ਹਦੀ ਕਲਾ ਨੂੰ ਉਜਾਗਰ ਕੀਤਾ। ਇਸ ਤੋਂ ਬਿਨਾਂ ਸਿੱਖ ਧਰਮ ਦੇ ਮਹਾਨ ਸਿਧਾਂਤ ਦੀ ਪੁਸ਼ਟੀ ਵੀ ਹੁੰਦੀ ਹੈ ਕਿ ਹਰ ਮਨੁੱਖ ਨੂੰ ਦੁੱਖ-ਸੁੱਖ ਨੂੰ ਜੀਵਨ ਦਾ ਅੰਗ ਮੰਨਣਾ ਚਾਹੀਦਾ ਹੈ ਅਤੇ ਰੱਬੀ ਭਾਣੇ ਨੂੰ ਵੀ ਮਿੱਠਾ ਕਰ ਕੇ ਮੰਨਣਾ ਚਾਹੀਦਾ ਹੈ। ਇਸ ਮਹਾਨ ਸ਼ਹਾਦਤ ਦੇ ਨਾਲ ਸਿੱਖ ਲਹਿਰ ਅੰਦਰ ਮੀਰੀ-ਪੀਰੀ ਸਿਧਾਂਤ ਦੀ ਪੂਰੀ ਤਰ੍ਹਾਂ ਪਾਲਣਾ ਕੀਤੀ ਗਈ ਅਤੇ ਸਿੱਖਾਂ ਅੰਦਰ ਸ਼ਸਤਰਧਾਰੀ ਹੋਣਾ ਵੀ ਜ਼ਰੂਰੀ ਸਮਝਿਆ ਗਿਆ।

## ਗੁਰੂ ਅਰਜਨ ਸਾਹਿਬ ਵੱਲੋਂ ਬਾਣੀ ਰਚਨਾ

ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਬਾਣੀ ਵਿਚ ਗੁਰੂ ਅਰਜਨ ਸਾਹਿਬ ਜੀ ਦੀ ਬਾਣੀ ਸਭ ਤੋਂ ਵੱਧ ਹੈ। ਗੁਰੂ ਗ੍ਰੰਥ ਸਾਹਿਬ ਜੀ ਦੇ ਮੁੱਖ 31 ਰਾਗ ਹਨ, ਜਿਨ੍ਹਾਂ ਵਿਚ ਗੁਰੂਆਂ ਅਤੇ ਭਗਤਾਂ ਦੀ ਬਾਣੀ ਲਿਖੀ ਹੋਈ ਹੈ। ਗੁਰੂ ਅਰਜਨ ਸਾਹਿਬ ਜੀ ਨੇ ਆਪਣੀ ਬਾਣੀ 30 ਰਾਗਾਂ ਵਿਚ ਲਿਖੀ ਹੈ। ਗੁਰੂ ਸਾਹਿਬ ਵੱਲੋਂ 1345 ਸ਼ਬਦ, 62 ਅਸ਼ਟਪਦੀਆਂ ਅਤੇ 62 ਛੰਤ ਰਚੇ ਗਏ ਹਨ। ਗੁਰੂ ਗ੍ਰੰਥ ਸਾਹਿਬ ਅੰਦਰ ਕੁੱਲ 22 ਵਾਰਾਂ ਹਨ ਅਤੇ ਇਨ੍ਹਾਂ ਵਾਰਾਂ ਵਿਚ ਛੇ ਵਾਰਾਂ ਗੁਰੂ ਅਰਜਨ ਸਾਹਿਬ ਜੀ ਦੀਆਂ ਹਨ ਜੋ ਰਾਗ ਗਉੜੀ, ਗੂਜਰੀ, ਜੈਤਸਰੀ, ਰਾਮਕਲੀ, ਮਾਰੂ ਅਤੇ ਬਸੰਤ ਰਾਗ ਵਿਚ ਦਰਜ ਹਨ।

ਇਸ ਤੋਂ ਬਿਨਾਂ ਕੁਝ ਵਿਸ਼ੇਸ਼ ਬਾਣੀਆਂ ਜਿਵੇਂ ਸਿਰੀ ਰਾਗ ਵਿਚ ਪਹਰੇ (ਇਕ ਸ਼ਬਦ), ਮਾਂਝ ਵਿਚ ਬਾਰਹਮਾਹਾ, 14 ਪਉੜੀਆਂ ਅਤੇ ਦਿਨ ਰੈਣਿ, ਗਉੜੀ ਵਿਚ ਬਾਵਨ ਅਖਰੀ 57 ਸਲੋਕ ਅਤੇ 55 ਪਉੜੀਆਂ, ਸੁਖਮਨੀ 24 ਸਲੋਕ ਅਤੇ 24 ਅਸ਼ਟਪਦੀਆਂ ਅਤੇ ਥਿਤੀ, ਰਾਗ ਆਸਾ ਵਿਚ ਬਿਰਹੜੇ 3 ਸ਼ਬਦ, ਸੂਹੀ ਵਿਚ ਗੁਣਵੰਤੀ 1 ਸ਼ਬਦ, ਮਾਰੂ ਰਾਗ ਵਿਚ ਅੰਜੁਲੀਆਂ, ਸੋਲਹੇ 14 ਸ਼ਬਦ।

ਗੁਰੂ ਅਰਜਨ ਸਾਹਿਬ ਜੀ ਵਲੋਂ ਰਚੀਆਂ ਵਿਸ਼ੇਸ਼ ਬਣੀਆਂ ਸਲੋਕ ਸਹਸਕ੍ਰਿਤੀ 67, ਗਾਥਾ 24, ਫੁਨਹੇ 23, ਚਉਬੋਲੇ 11, ਸਵਯੇ 9 ਅਤੇ ਸਵਯੇ 11

ਇਨ੍ਹਾਂ ਤੋਂ ਬਿਨਾਂ ਗੁਰੂ ਸਾਹਿਬ ਨੇ ਸਲੋਕ ਵੀ ਲਿਖੇ ਹਨ, ਜੋ ਵਾਰਾਂ ਦੀਆਂ ਪਉੜੀਆਂ ਦੇ ਨਾਲ ਦਰਜ ਹਨ। ਇਨ੍ਹਾਂ ਸਲੋਕਾਂ ਦੀ ਗਿਣਤੀ 255 ਹੈ। ਇਨ੍ਹਾਂ ਵਾਰਾਂ ਤੋਂ ਵਾਧੂ ਸਲੋਕ, 'ਸਲੋਕ ਵਾਰਾਂ ਤੇ ਵਧੀਕ' ਦੇ ਸਿਰਲੇਖ ਹੇਠ ਗੁਰੂ ਗ੍ਰੰਥ ਸਾਹਿਬ ਦੇ ਅਖ਼ੀਰ 'ਤੇ ਦਰਜ ਹੈ, ਇਨ੍ਹਾਂ ਸਲੋਕਾਂ ਦੀ ਗਿਣਤੀ 22 ਹੈ, ਸਾਰੇ ਸਲੋਕਾਂ ਦਾ ਜੋੜ 277 ਹੈ।

ਗੁਰੂ ਸਾਹਿਬ ਦੀਆਂ ਰਚੀਆਂ 6 ਵਾਰਾਂ ਵਿਚ 110 ਪਉੜੀਆਂ ਹਨ।

ਵੇਰਵਾ : ਗਉੜੀ ਕੀ ਵਾਰ ਮ: ੪ ਵਿਚ ਗੁਰੂ ਅਰਜਨ ਸਾਹਿਬ ਦੀਆਂ 5 ਪਉੜੀਆਂ ਹਨ।

ਸਾਰੰਗ ਕੀ ਵਾਰ ਮ: ੪ ਵਿਚ ਗੁਰੂ ਸਾਹਿਬ ਦੀ ਇਕ ਪਉੜੀ।

ਮਲਾਰ ਕੀ ਵਾਰ ਮਹਲਾ ਪਹਿਲਾ ਵਿਚ, ਗੁਰੂ ਅਰਜਨ ਸਾਹਿਬ ਦੀ ਇਕ ਪਉੜੀ

ਕੁੱਲ ਪਉੜੀਆਂ ਦਾ ਜੋੜ = 117

ਸਲੋਕ ਕਬੀਰ ਜੀ ਵਿਚ 5 ਸਲੋਕ ਗੁਰੂ ਅਰਜਨ ਸਾਹਿਬ ਦੇ, ਸਲੋਕ ਫ਼ਰੀਦ ਜੀ ਵਿਚ 8 ਸਲੋਕ ਗੁਰੂ ਅਰਜਨ ਸਾਹਿਬ ਦੇ ਹੁਣ ਸਲੋਕਾਂ ਦਾ ਜੋੜ 277 + 13 = 290

# ਗੁਰੂ ਹਰਿਗੋਬਿੰਦ ਸਾਹਿਬ

(1595*-1644)

**ਪੰਜਿ ਪਿਆਲੇ ਪੰਜਿ ਪੀਰ ਛਠਮੁ ਪੀਰੁ ਬੈਠਾ ਗੁਰੁ ਭਾਰੀ।**
**ਅਰਜਨੁ ਕਾਇਆ ਪਲਟਿ ਕੈ ਮੂਰਤਿ ਹਰਿਗੋਬਿੰਦ ਸਵਾਰੀ।...**
**ਦਲਿ ਭੰਜਨ ਗੁਰੁ ਸੂਰਮਾ ਵਡ ਜੋਧਾ ਬਹੁ ਪਰਉਪਕਾਰੀ।**
*(ਵਾਰਾਂ ਭਾਈ ਗੁਰਦਾਸ, ਵਾਰ ਪਹਿਲੀ, ਪਉੜੀ 48)*

ਗੁਰੂ ਹਰਿਗੋਬਿੰਦ ਸਾਹਿਬ ਦਾ ਜਨਮ 21 ਹਾੜ, ਹਾੜ ਵਦੀ 7, ਸੰਮਤ 1652 ਬਿ: (19 ਜੂਨ 1595 ਈ.) ਨੂੰ ਵਡਾਲੀ ਵਿਖੇ ਹੋਇਆ।[1] ਇਸ ਤੱਥ ਬਾਰੇ ਸਭ ਜਾਣੂੰ ਹਨ ਕਿ ਗੁਰੂ ਅਰਜਨ ਸਾਹਿਬ ਜੀ ਦਾ ਗੁਰਿਆਈ ਦਾ ਸਮਾਂ ਬਹੁਤ ਹੀ ਚੁਣੌਤੀਆਂ ਭਰਪੂਰ ਸੀ। ਸਭ ਤੋਂ ਪਹਿਲਾਂ, ਉਨ੍ਹਾਂ ਨੂੰ ਆਪਣੇ ਵੱਡੇ ਭਰਾ ਬਾਬਾ ਪ੍ਰਿਥੀਏ ਵੱਲੋਂ ਅਨੇਕਾਂ ਪ੍ਰਕਾਰ ਦੇ ਵਿਰੋਧ ਦਾ ਸਾਹਮਣਾ ਕਰਨਾ ਪਿਆ। ਗੁਰੂ ਅਰਜਨ ਸਾਹਿਬ ਨੂੰ ਲੋਕ-ਉਪਕਾਰੀ ਕਾਰਜਾਂ ਲਈ ਵੱਖ-ਵੱਖ ਇਲਾਕਿਆਂ ਵਿਚ ਜਾਣਾ ਪਿਆ। ਇਹ ਉਹ ਸਮਾਂ ਸੀ, ਜਦੋਂ ਕਾਲ ਅਤੇ ਬੀਮਾਰੀਆਂ ਕਾਰਨ ਲੋਕਾਂ ਦਾ ਜੀਵਨ ਨਿਰਬਾਹ ਔਖਾ ਸੀ। ਵਿਸ਼ੇਸ਼ ਕਰਕੇ, ਲਾਹੌਰ ਦੇ ਇਲਾਕੇ ਵਿਚ ਭੁੱਖ ਅਤੇ ਬੀਮਾਰੀ ਫੈਲਣ ਕਾਰਨ ਲੋਕ ਮਰ ਰਹੇ ਸਨ ਅਤੇ ਉਨ੍ਹਾਂ ਦੀਆਂ ਮਿਰਤਕ ਦੇਹਾਂ ਸ਼ਹਿਰ ਦੀਆਂ ਗਲੀਆਂ ਵਿਚ ਸ਼ਰ੍ਹੇਆਮ ਰੁਲ ਰਹੀਆਂ ਸਨ। ਗੁਰੂ ਅਰਜਨ ਸਾਹਿਬ ਉਥੇ ਅੱਠ ਮਹੀਨੇ ਰਹੇ ਅਤੇ ਹੱਥੀਂ ਉਪਕਾਰੀ ਕੰਮ ਕੀਤੇ ਅਤੇ ਲੋਕਾਂ ਦੇ ਦਰਦ ਨੂੰ ਵੰਡਾਇਆ। ਮਾਝੇ ਦੇ ਸਮੂਹ ਪਿੰਡਾਂ ਵਿਚ ਜਾ ਕੇ ਲੋਕਾਂ ਨੂੰ ਧਰਵਾਸ ਦਿੱਤਾ ਅਤੇ ਲੋੜਵੰਦਾਂ ਨੂੰ ਹਰ ਪ੍ਰਕਾਰ ਦੀ ਸਹਾਇਤਾ ਪ੍ਰਦਾਨ ਕੀਤੀ।

ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਦੇ ਮੁੱਖ ਕਾਰਨਾਂ ਬਾਰੇ ਮੁਲਾਂਕਣ ਕਰਨ ’ਤੇ ਸਪੱਸ਼ਟ ਹੁੰਦਾ ਹੈ ਕਿ ਕੱਟੜ ਨਕਸ਼ਬੰਦੀ ਲਹਿਰ ਦੇ ਸੰਚਾਲਕਾਂ ਨੇ ਬਾਦਸ਼ਾਹ ਜਹਾਂਗੀਰ ਨੂੰ ਸਿੱਖ ਲਹਿਰ ਤੇ ਗੁਰੂ ਅਰਜਨ ਸਾਹਿਬ ਵਿਰੁੱਧ ਸ਼ਿਕਾਇਤਾਂ ਲਗਾ ਕੇ ਉਕਸਾਇਆ ਸੀ, ਤਾਂ ਜੋ ਉਹ ਗੁਰੂ ਅਰਜਨ ਸਾਹਿਬ ਨੂੰ ਦੋਸ਼ੀ ਮੰਨ ਕੇ ਸਜ਼ਾ ਦੇਵੇ। ਗੁਰੂ ਅਰਜਨ ਸਾਹਿਬ ਦੇ ਸਮੇਂ ਤਕ ਸਿੱਖ ਲਹਿਰ ਇਕ ਮਜ਼ਬੂਤ ਜਥੇਬੰਦਕ ਢਾਂਚੇ ਵਿਚ ਪਰੋਈ ਜਾ ਚੁੱਕੀ ਸੀ। ਅਨੇਕਾਂ ਪ੍ਰਚਾਰਕ ਕੇਂਦਰ ਸਥਾਪਤ ਹੋ ਚੁੱਕੇ ਸਨ, ਇਨ੍ਹਾਂ ਵਿੱਚੋਂ ਵਿਸ਼ੇਸ਼ ਤੌਰ ’ਤੇ ਗੁਰੂ ਕੇ ਚੱਕ (ਅੰਮ੍ਰਿਤਸਰ) ਦੀ ਉਸਾਰੀ ਨੇ ਸਿੱਖ ਲਹਿਰ

---

* ਕਈ ਲੇਖਕਾਂ ਨੇ ਗੁਰੂ ਸਾਹਿਬ ਜੀ ਦਾ ਜਨਮ 1590 ਈ. ਲਿਖਿਆ ਹੈ।

1. Khazan Singh, *History and Philosophy of the Sikh Religion*, Part I, p. 131.

ਦੀ ਹੋਂਦ ਨੂੰ ਜੱਗ ਜ਼ਾਹਰ ਕੀਤਾ। ਸਿੱਖਾਂ ਅੰਦਰ ਦਸਵੰਧ ਦੇਣ ਦੀ ਪ੍ਰਥਾ ਪ੍ਰਚੱਲਤ ਹੋਈ ਅਤੇ ਇਸ ਨਾਲ ਇਕੱਤਰ ਹੋਈ ਮਾਇਆ ਨਾਲ ਪਰਉਪਕਾਰੀ ਕਾਰਜ ਕੀਤੇ ਜਾਣ ਲੱਗੇ। ਲੋਕਾਈ ਨੂੰ ਹੱਥੀਂ ਕਿਰਤ ਕਰਨ ਅਤੇ ਵੱਖ-ਵੱਖ ਖੇਤਰਾਂ ਵਿਚ ਕਾਰੋਬਾਰ ਕਰਨ ਲਈ ਪ੍ਰੇਰਿਆ।

ਗੁਰੂ ਅਰਜਨ ਸਾਹਿਬ ਵੱਲੋਂ ਆਦਿ ਗ੍ਰੰਥ ਦੀ ਸੰਪਾਦਨਾ ਨੇ ਸਿੱਖਾਂ ਨੂੰ ਇਕ ਵਿਲੱਖਣ ਪਹਿਚਾਣ ਦਿੱਤੀ। ਹਿੰਦੂਆਂ ਦੇ ਪੁਜਾਰੀ ਵਰਗ ਲਈ, ਸਿੱਖ ਪਰੰਪਰਾਵਾਂ ਦਾ ਸਥਾਪਤ ਹੋਣਾ ਅਤੇ ਉਨ੍ਹਾਂ ਵੱਲੋਂ ਬਿਪਰਨੀ ਕਰਮ-ਕਾਂਡਾਂ ਤੋਂ ਮੁਕਤ ਹੋਣਾ ਵੀ ਚੰਗਾ ਨਹੀਂ ਲੱਗਦਾ ਸੀ। ਇਸ ਤੋਂ ਬਿਨਾਂ ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਮੁਕਤ ਹੋਣ ਲਈ ਪ੍ਰਚਾਰ ਦਾ ਆਰੰਭ ਹੋਣਾ ਵੀ ਲੋਕਾਈ ਦੇ ਭਲੇ ਲਈ ਮਹੱਤਵਪੂਰਨ ਸੀ। ਗੁਰੂ ਨਾਨਕ ਸਾਹਿਬ ਨੇ ਰਾਜਿਆਂ ਅਤੇ ਧਾਰਮਿਕ ਆਗੂਆਂ ਵੱਲੋਂ ਹੋ ਰਹੀ ਲੁੱਟ-ਖਸੁੱਟ ਦੇ ਵਿਰੁੱਧ ਅਵਾਜ਼ ਬੁਲੰਦ ਕੀਤੀ। ਇਸ ਨਾਲ ਸਮਾਜ ਅੰਦਰ ਜਾਗ੍ਰਿਤੀ ਪੈਦਾ ਹੋਈ ਅਤੇ ਉਨ੍ਹਾਂ ਅੰਦਰ ਮਨੁੱਖੀ ਅਧਿਕਾਰਾਂ ਪ੍ਰਤੀ ਸੰਘਰਸ਼ ਕਰਨ ਲਈ ਸਾਹਸ ਉਤਪੰਨ ਹੋਣਾ ਸੁਭਾਵਕ ਸੀ। ਗੁਰੂ ਨਾਨਕ ਸਮੇਂ ਸਮਾਜ ਅੰਦਰ ਬਿਪਰ ਪੁਜਾਰੀ ਵੱਲੋਂ ਜਾਤ-ਪਾਤ, ਊਚ-ਨੀਚ ਜਾਂ ਸ਼੍ਰੇਣੀ ਵੰਡ ਦੇ ਸਿਧਾਂਤਾਂ ਦਾ ਪੂਰੀ ਤਰ੍ਹਾਂ ਬੋਲ-ਬਾਲਾ ਸੀ, ਪਰ ਸਿੱਖ ਗੁਰੂਆਂ ਨੇ ਇਸ ਜਾਤ-ਪਾਤ ਜਾਂ ਸ਼੍ਰੇਣੀ ਵੰਡ ਦਾ ਡੱਟ ਕੇ ਵਿਰੋਧ ਕੀਤਾ। ਗੁਰੂ ਨਾਨਕ ਸਾਹਿਬ ਜੀ ਨੇ ਜੋ ਸਿਧਾਂਤ ਸਥਾਪਤ ਕੀਤੇ ਸਨ, ਦੂਜੇ ਗੁਰੂਆਂ ਨੇ ਉਨ੍ਹਾਂ ਸਿਧਾਂਤਾਂ ਨੂੰ ਅਧਾਰ ਮੰਨ ਕੇ ਨਿਰੰਤਰ ਚੰਗੇ ਸਮਾਜ ਦੀ ਸਿਰਜਣਾ ਲਈ ਕਾਰਜ ਕੀਤੇ। ਗੁਰੂ ਅਰਜਨ ਸਾਹਿਬ ਦੇ ਸਮੇਂ ਤਕ ਸਿੱਖ ਲਹਿਰ ਦਾ ਪ੍ਰਭਾਵ ਦੇਸ਼ ਦੇ ਵੱਖ-ਵੱਖ ਇਲਾਕਿਆਂ ਤਕ ਫੈਲ ਚੁੱਕਾ ਸੀ। ਗੁਰੂ ਅਰਜਨ ਸਾਹਿਬ ਜੀ ਦੀ ਸ਼ਹੀਦੀ ਨਾਲ ਸਿੱਖ ਲਹਿਰ ਮੱਧਮ ਨਹੀਂ ਹੋਈ, ਸਗੋਂ ਮੀਰੀ-ਪੀਰੀ ਦੇ ਸਿਧਾਂਤ ਨੂੰ ਪੂਰੀ ਤਰ੍ਹਾਂ ਲਾਗੂ ਕਰ ਦਿੱਤਾ ਗਿਆ ਸੀ। ਅਸਲ ਤੱਤ ਇਹ ਹੈ ਕਿ ਮੀਰੀ-ਪੀਰੀ ਦੇ ਸਿਧਾਂਤ ਦਾ ਬੀਜ ਗੁਰੂ ਨਾਨਕ ਸਾਹਿਬ ਨੇ ਬੀਜ ਦਿੱਤਾ ਸੀ। ਜਿਵੇਂ ਉਨ੍ਹਾਂ ਨੇ ਬਾਬਰ ਵਰਗੇ ਜਾਬਰ ਬਾਦਸ਼ਾਹ ਨੂੰ ਵੀ ਜ਼ੋਰ-ਸ਼ੋਰ ਨਾਲ ਭੰਡਿਆ ਅਤੇ ਉਸ ਦੀ ਫ਼ੌਜ ਨੂੰ ਪਾਪ ਕੀ ਜੰਞ ਦੱਸਿਆ। ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਮੀਰੀ-ਪੀਰੀ ਨੂੰ ਸਾਕਾਰ ਰੂਪ ਵਿਚ ਅਪਨਾ ਲਿਆ, ਜਦੋਂ ਉਨ੍ਹਾਂ ਨੇ ਗੁਰਿਆਈ ਦੀ ਰਸਮ ਸਮੇਂ ਦੋ ਤਲਵਾਰਾਂ ਪਹਿਨੀਆਂ ਅਤੇ ਸਿੱਖਾਂ ਨੂੰ ਹੁਕਮ ਕੀਤਾ ਕਿ ਭਵਿੱਖ ਵਿਚ ਚੰਗੇ ਘੋੜੇ ਅਤੇ ਸ਼ਸਤਰਾਂ ਦੀ ਭੇਟਾ ਵੀ ਪ੍ਰਵਾਨ ਕੀਤੀ ਜਾਵੇਗੀ।

ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਬਚਪਨਾ ਵੀ ਔਖੀ ਘੜੀ ਵਿੱਚੋਂ ਗੁਜ਼ਰਿਆ। ਇਸ ਬਾਰੇ ਗੁਰੂ ਅਰਜਨ ਸਾਹਿਬ ਜੀ ਦੇ ਜੀਵਨ ਅੰਦਰ ਉਲੇਖ ਹੋ ਚੁੱਕਾ ਹੈ ਕਿ ਪ੍ਰਿਥੀਏ ਵਲੋਂ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਮਰਵਾਉਣ ਲਈ ਜਤਨ ਕੀਤੇ ਗਏ, ਪਰ ਉਹ ਆਪਣੇ ਮਨਸੂਬਿਆਂ ਵਿਚ ਸਫਲ ਨਾ ਹੋਇਆ। ਉਸ ਵਲੋਂ ਅਪਨਾਈਆਂ ਨੀਚ ਕਰਤੂਤਾਂ ਬਾਰੇ ਗੁਰੂ ਗ੍ਰੰਥ ਸਾਹਿਬ ਅੰਦਰ ਪ੍ਰਮਾਣ ਦਰਜ ਕੀਤੇ ਹੋਏ ਹਨ।

## ਵਿੱਦਿਆ ਅਤੇ ਸ਼ਸਤਰ ਵਿੱਦਿਆ ਦੀ ਆਰੰਭਤਾ

ਗੁਰੂ ਅਰਜਨ ਸਾਹਿਬ ਜੀ ਦੀ ਦੂਰ-ਅੰਦੇਸ਼ੀ ਸੀ ਕਿ ਭਵਿੱਖ ਵਿਚ ਨਵੇਂ ਸੰਕਟ ਪੈਦਾ ਹੋਣ ਦੀ ਸੰਭਾਵਨਾ ਨੂੰ ਧਿਆਨ ਵਿਚ ਰੱਖਦਿਆਂ, ਬਾਲ ਹਰਿਗੋਬਿੰਦ ਜੀ ਨੂੰ ਸਰਬ-ਪੱਖਾਂ ਤੋਂ ਯੋਗ ਬਣਾਇਆ ਜਾਵੇ। ਉਨ੍ਹਾਂ ਨੂੰ ਵੱਖ-ਵੱਖ ਭਾਸ਼ਾਵਾਂ ਦੇ ਗਿਆਨ ਦੇ ਨਾਲ ਸ਼ਸਤਰ ਵਿੱਦਿਆ ਨਾਲ ਲੈਸ ਕਰਨਾ ਜ਼ਰੂਰੀ ਸਮਝਿਆ ਗਿਆ। ਵਿੱਦਿਆ ਦੇ ਖੇਤਰ ਵਿਚ ਸਮੁੱਚੀ ਜ਼ਿੰਮੇਵਾਰੀ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਨੂੰ ਸੌਂਪੀ ਗਈ। "ਗੁਰੂ ਹਰਿਗੋਬਿੰਦ ਜੀ, ਜਿਥੇ ਸਰੀਰਕ ਤੌਰ 'ਤੇ ਰਿਸ਼ਟ-ਪੁਸ਼ਟ ਰਹਿ ਕੇ ਜਵਾਨ ਹੋਏ, ਇਸ ਦੇ ਨਾਲ ਹੀ ਉਨ੍ਹਾਂ ਨੇ ਬਹੁਤ ਛੇਤੀ ਸਮੁੱਚੀ ਸਰਬ-ਪੱਖੀ ਵਿੱਦਿਆ ਵਿਚ ਮੁਹਾਰਤ ਹਾਸਲ ਕੀਤੀ। ਉਹ ਸਰੀਰਕ ਤੌਰ 'ਤੇ ਜਵਾਨ ਤੇ ਬਲਵਾਨ ਬਣੇ, ਵਿਦਵਾਨ ਬਣੇ ਅਤੇ ਨਿਮਰਤਾ ਦੇ ਪੁੰਜ ਵੀ ਸਨ।"[2]

## ਗੁਰਿਆਈ ਅਤੇ ਸ੍ਰੀ ਅਕਾਲ ਬੁੰਗਾ ਦੀ ਸਥਾਪਨਾ

ਗੁਰੂ ਹਰਿਗੋਬਿੰਦ ਸਾਹਿਬ ਦੀ ਉਮਰ ਤਕਰੀਬਨ 11 ਸਾਲ ਦੀ ਸੀ, ਜਦੋਂ ਗੁਰੂ ਅਰਜਨ ਸਾਹਿਬ ਨੂੰ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਸੀ। ਉਨ੍ਹਾਂ ਨੇ ਲਾਹੌਰ ਜਾਣ ਤੋਂ ਪਹਿਲਾਂ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਗੁਰਿਆਈ ਦੇ ਦਿੱਤੀ ਸੀ। ਇਹ ਮੰਨਿਆ ਜਾਂਦਾ ਹੈ ਕਿ ਗੁਰਿਆਈ ਦੀ ਸੰਪੂਰਨ ਰਸਮ ਸ਼ਹੀਦੀ ਤੋਂ ਬਾਅਦ ਕੀਤੀ ਗਈ ਸੀ। ਗੁਰਗੱਦੀ 28 ਜੇਠ, ਜੇਠ ਵਦੀ 14, ਸੰਮਤ 1663 ਬਿ: (25 ਮਈ 1606 ਈ.) ਗੁਰਿਆਈ ਦੀ ਰਸਮ ਬਾਬਾ ਬੁੱਢਾ ਜੀ ਨੇ ਨਿਭਾਈ ਅਤੇ ਗੁਰੂ ਜੀ ਨੇ ਦੋ ਤਲਵਾਰਾਂ ਨੂੰ ਧਾਰਨ ਕਰਨ ਦਾ ਫ਼ੈਸਲਾ ਕੀਤਾ। ਇਹ ਦੋ ਤਲਵਾਰਾਂ ਮੀਰੀ-ਪੀਰੀ ਦੇ ਸਿਧਾਂਤ ਨੂੰ ਜ਼ਾਹਰੀ ਤੌਰ 'ਤੇ ਪ੍ਰਗਟ ਕਰਨ ਦਾ ਪ੍ਰਤੀਕ ਸੀ। ਉਨ੍ਹਾਂ ਨੇ ਬਾਦਸ਼ਾਹਾਂ ਵਾਂਗ ਦਸਤਾਰ ਉੱਪਰ ਕਲਗ਼ੀ ਵੀ ਲਗਾਈ, ਜੋ ਸ਼ਾਹੀ ਪ੍ਰਤੀਕ ਸੀ।[3]

ਗੁਰੂ ਸਾਹਿਬ ਸ਼ਸਤਰਧਾਰੀ ਰਹਿਣ ਤੋਂ ਇਲਾਵਾ ਰਾਜਿਆਂ ਮਹਾਰਾਜਿਆਂ ਵਾਂਗ ਜੰਗਲਾਂ ਵਿਚ ਸ਼ਿਕਾਰ ਵੀ ਖੇਡਣ ਜਾਂਦੇ ਸਨ। ਆਮ ਜਨਤਾ ਦੇ ਮਨ ਅੰਦਰ ਅਜਿਹੀ ਤਬਦੀਲੀ ਦੇਖ ਕੇ ਸ਼ੰਕੇ ਉਤਪੰਨ ਹੋਣੇ ਸੁਭਾਵਿਕ ਸੀ। ਭਾਈ ਗੁਰਦਾਸ ਨੇ ਆਪਣੀ ਵਾਰ 26ਵੀਂ ਤੇ ਪਉੜੀ 24 ਅੰਦਰ ਲੋਕਾਂ ਵੱਲੋਂ ਉਠਾਏ ਪ੍ਰਸ਼ਨ ਤੇ ਸ਼ੰਕਿਆਂ ਦਾ ਉੱਤਰ ਦਿੱਤਾ ਹੈ ਕਿ ਸਮੇਂ ਦੀ ਨਜ਼ਾਕਤ ਮੁੱਖ ਰੱਖ ਕੇ ਸਿੱਖ ਲਹਿਰ ਅੰਦਰ ਤਬਦੀਲੀ ਜ਼ਰੂਰੀ ਸੀ।

ਗੁਰੂ ਸਾਹਿਬ ਵਲੋਂ ਗੁਰਿਆਈ ਦੀ ਜ਼ੁੰਮੇਵਾਰੀ ਸਾਂਭਣ ਤੋਂ ਤੁਰੰਤ ਬਾਅਦ ਐਲਾਨ ਕਰ ਦਿੱਤਾ ਸੀ ਕਿ ਉਹ ਘੋੜਿਆਂ ਅਤੇ ਸ਼ਸਤਰਾਂ ਦੀ ਭੇਟਾ ਨੂੰ ਖ਼ੁਸ਼ੀ ਖ਼ੁਸ਼ੀ ਪ੍ਰਵਾਨ ਕਰਨਗੇ। ਦਰਬਾਰ ਸਾਹਿਬ ਦੇ ਸਾਹਮਣੇ ਅਕਾਲ ਬੁੰਗਾ (ਸ੍ਰੀ ਅਕਾਲ ਤਖ਼ਤ ਸਾਹਿਬ) ਦੀ ਸਥਾਪਨਾ ਕੀਤੀ। ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਮੂਹਰੇ ਢਾਡੀਆਂ

---

2. ਭਾਈ ਗੁਰਦਾਸ, ਵਾਰ ਪਹਿਲੀ, ਪਉੜੀ 48.

3. M.A. Macauliffe, *The Sikh Religion*, Vol. 4, pp. 2-3.

ਵਲੋਂ ਬੀਰ-ਰਸੀ ਵਾਰਾਂ ਗਾਉਣ ਦੀ ਪਰੰਪਰਾ ਆਰੰਭ ਕੀਤੀ। ਗੁਰਬਾਣੀ ਕੀਰਤਨ ਦੀ ਮਰਯਾਦਾ ਪਹਿਲਾਂ ਹੀ ਸਥਾਪਤ ਹੋ ਚੁੱਕੀ ਸੀ ਅਤੇ ਹੁਣ ਸਿੱਖਾਂ ਵਿਚ ਬੀਰ-ਰਸ ਪੈਦਾ ਕਰਨ ਲਈ ਢਾਡੀਆਂ ਵਲੋਂ ਵਾਰਾਂ ਗਾਉਣ ਦੀ ਮੁੱਢਲੀ ਜ਼ੁੰਮੇਵਾਰੀ ਅਬਦੁੱਲਾ ਜੀ ਨੂੰ ਸੌਂਪੀ ਗਈ ਸੀ। ਗੁਰੂ ਸਾਹਿਬ ਜੀ ਨੇ ਚੌਣਵੇਂ 52 ਸੂਰਮੇ ਆਪਣੇ ਪਾਸ ਰੱਖੇ ਅਤੇ ਉਨ੍ਹਾਂ ਨੂੰ ਨਵੀਂ ਜ਼ੁੰਮੇਵਾਰੀ ਦਿੱਤੀ ਕਿ ਉਹ ਸਿੱਖਾਂ ਨੂੰ ਸ਼ਸਤਰ ਵਿੱਦਿਆ ਦੇਣਾ ਸ਼ੁਰੂ ਕਰਨ। ਗੁਰੂ ਜੀ ਵਲੋਂ ਸ਼ਿਕਾਰ ਖੇਡਣਾ ਵੀ ਇਕ ਸ਼ਾਹੀ ਪਰੰਪਰਾ ਸੀ ਅਤੇ ਇਸ ਨਾਲ ਸ਼ਸਤਰਾਂ ਦੇ ਪ੍ਰਯੋਗ ਕਰਨ ਦਾ ਅਭਿਆਸ ਵੀ ਹੁੰਦਾ ਸੀ।

ਗੁਰੂ ਜੀ ਦਾ ਵਿਆਹ ਬੀਬੀ ਦਮੋਦਰੀ ਸਪੁੱਤਰੀ ਭਾਈ ਨਾਰਾਇਣ ਦਾਸ ਤੇ ਮਾਤਾ ਭਾਗ ਭਰੀ, ਡੱਲਾ ਨਿਵਾਸੀ ਨਾਲ ਹੋਇਆ। ਵਿਆਹ ਤੋਂ ਪਿੱਛੋਂ ਆਪ ਜੀ ਨੇ ਆਪਣਾ ਨਿਵਾਸ ਅਸਥਾਨ 'ਗੁਰੂ ਕੇ ਚੱਕ' (ਅੰਮ੍ਰਿਤਸਰ) ਨੂੰ ਬਣਾਇਆ।[4]

ਅਕਬਰ ਬਾਦਸ਼ਾਹ ਤੋਂ ਬਾਅਦ, ਜਹਾਂਗੀਰ ਨੂੰ ਬਾਦਸ਼ਾਹੀ ਮਿਲੀ। 27 ਅਕਤੂਬਰ 1645 ਨੂੰ ਅਕਬਰ ਦੀ ਮੌਤ ਹੋ ਚੁੱਕੀ ਸੀ। ਜਹਾਂਗੀਰ ਦੇ ਪੁੱਤਰ ਖ਼ੁਸਰੋ ਨੇ ਬਾਦਸ਼ਾਹੀ ਦਾ ਹੱਕ ਸਮਝਦੇ ਬਗ਼ਾਵਤ ਕਰ ਦਿੱਤੀ, ਪਰ ਉਹ ਅਸਫਲ ਰਿਹਾ ਅਤੇ ਸ਼ਾਹੀ ਫ਼ੌਜਾਂ ਨੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਅਤੇ ਸਜ਼ਾ ਦਿੱਤੀ। ਦੂਜੇ ਪਾਸੇ, ਚੁਗ਼ਲਖ਼ੋਰਾਂ ਨੇ ਬਾਦਸ਼ਾਹ ਪਾਸ ਚੁਗ਼ਲੀਆਂ ਕੀਤੀਆਂ ਅਤੇ ਝੂਠੀਆਂ ਸ਼ਿਕਾਇਤਾਂ ਲਗਾਈਆਂ ਕਿ ਗੁਰੂ ਅਰਜਨ ਨੇ ਖ਼ੁਸਰੋ ਦੀ ਸਹਾਇਤਾ ਕੀਤੀ। ਬਾਦਸ਼ਾਹ ਨੇ ਗੁਰੂ ਜੀ ਨੂੰ ਦੋਸ਼ੀ ਮੰਨ ਕੇ ਗ੍ਰਿਫ਼ਤਾਰ ਕਰਨ ਦਾ ਹੁਕਮ ਦਿੱਤਾ ਅਤੇ 30 ਮਈ, 1606 ਨੂੰ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ। ਇਨ੍ਹਾਂ ਦਿਨਾਂ ਵਿਚ ਗੁਰੂ ਹਰਿਗੋਬਿੰਦ ਸਾਹਿਬ ਆਪਣੇ ਸਾਂਢੂ ਭਾਈ ਸਾਈਂ ਦਾਸ ਪਾਸ ਠਹਿਰੇ, ਇਨ੍ਹਾਂ ਦੇ ਨਾਲ ਹੀ ਮਾਤਾ ਗੰਗਾ ਜੀ ਤੇ ਮਹਿਲ ਦਮੋਦਰੀ ਜੀ ਸਨ।[5]

## ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਨਜ਼ਰਬੰਦੀ

ਇਕ ਗੱਲ ਤਾਂ ਸਪੱਸ਼ਟ ਹੈ ਕਿ ਗੁਰੂ ਜੀ ਵਲੋਂ ਦੋ ਤਲਵਾਰਾਂ ਧਾਰਨ ਕਰਨੀਆਂ ਅਤੇ ਸਿੱਖਾਂ ਨੂੰ ਸ਼ਸਤਰਧਾਰੀ ਹੋਣ ਲਈ ਪ੍ਰੇਰਣਾ, ਉਪਰੰਤ ਅਕਾਲ ਬੁੰਗਾ ਦੀ ਸਥਾਪਨਾ ਆਦਿ, ਸਿੱਖ ਲਹਿਰ ਦੀ ਨਵੀਂ ਪਰੰਪਰਾ ਸੀ। ਇਹ ਸਭ ਕੁਝ ਜ਼ਾਹਰੀ ਤੌਰ 'ਤੇ ਕੀਤਾ ਗਿਆ, ਜਿਸ ਕਰਕੇ ਮੁਗ਼ਲ ਸਰਕਾਰ ਨੂੰ ਚੁੱਭਦਾ ਸੀ। ਉਪਰੋਕਤ ਪਰੰਪਰਾਵਾਂ ਨੂੰ ਲਾਗੂ ਕਰਨ ਲਈ ਅਦੇਸ਼ ਗੁਰੂ ਅਰਜਨ ਸਾਹਿਬ ਵੱਲੋਂ ਦਿੱਤਾ ਗਿਆ ਸੀ। ਉਨ੍ਹਾਂ ਨੇ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਮੁੱਢ ਤੋਂ ਹੀ ਸ਼ਸਤਰ ਵਿੱਦਿਆ ਦੇਣ ਲਈ ਯੋਗ ਪ੍ਰਬੰਧ ਕੀਤੇ ਸਨ। ਗੁਰੂ ਅਰਜਨ ਸਾਹਿਬ ਨੇ ਮੁਗ਼ਲ ਬਾਦਸ਼ਾਹ ਦੀ ਨੀਤੀ ਨੂੰ ਭਾਂਪ ਲਿਆ ਸੀ ਕਿ ਬਾਦਸ਼ਾਹ ਦਾ ਫ਼ੈਸਲਾ ਕਿਹੋ ਜਿਹਾ ਹੋਵੇਗਾ, ਇਸ ਲਈ ਉਨ੍ਹਾਂ ਨੇ ਗੁਰੂ ਹਰਿਗੋਬਿੰਦ ਜੀ ਨੂੰ ਗੁਰਿਆਈ ਸੌਂਪ ਕੇ ਹੀ ਲਾਹੌਰ ਲਈ ਚਾਲੇ ਪਾਏ ਸਨ।

4. ਡਾ. ਹਰਜਿੰਦਰ ਸਿੰਘ ਦਿਲਗੀਰ, *ਸਿੱਖ ਤਵਾਰੀਖ਼*, ਭਾਗ ਪਹਿਲਾ, ਪੰਨਾ 226.
5. *ਉਹੀ*, ਪੰਨੇ 226-227.

ਵੱਖ-ਵੱਖ ਇਤਿਹਾਸਕਾਰਾਂ ਨੇ ਗੁਰੂ ਜੀ ਨੂੰ ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਕਰਨ ਜਾਂ ਨਜ਼ਰਬੰਦ ਰੱਖਣ ਦੇ ਵੱਖ-ਵੱਖ ਕਾਰਨਾਂ ਬਾਰੇ ਉਲੇਖ ਕੀਤਾ ਹੈ। ਕਾਫ਼ੀ ਮਿਥਿਹਾਸਕ ਕਹਾਣੀਆਂ ਵੀ ਘੜ ਲਈਆਂ। ਮੋਹਸਿਨ ਫ਼ਾਨੀ ਆਖਦਾ ਹੈ ਕਿ ਗੁਰੂ ਜੀ ਵਲੋਂ ਸ਼ਸਤਰਧਾਰੀ ਹੋ ਕੇ, ਯੋਧੇ ਦਾ ਰੂਪ ਅਖ਼ਤਿਆਰ ਕਰ ਲਿਆ ਗਿਆ ਸੀ। ਇਹ ਮੰਨਿਆ ਜਾਂਦਾ ਹੈ ਕਿ ਪੁਰਾਣੀ ਪਰੰਪਰਾ ਤੋਂ ਹੱਟ ਕੇ ਸ਼ਿਕਾਰ ਕਰਨਾ ਵੀ ਸ਼ੁਰੂ ਕੀਤਾ ਗਿਆ। ਬਾਦਸ਼ਾਹ ਨੇ ਗੁਰੂ ਅਰਜਨ ਦੇਵ ਜੀ 'ਤੇ ਲਾਏ ਜੁਰਮਾਨੇ ਦੀ ਵਸੂਲੀ ਕਰਨ ਦੇ ਬਹਾਨੇ, ਉਨ੍ਹਾਂ ਨੂੰ ਗਵਾਲੀਅਰ ਵਿਚ ਕੈਦ ਕਰ ਲਿਆ ਸੀ।[6]

ਬਾਦਸ਼ਾਹ ਜਹਾਂਗੀਰ ਆਪਣੀ ਸਵੈ-ਜੀਵਨੀ ***ਤੁਜ਼ਕਿ ਜਹਾਂਗੀਰੀ*** ਅੰਦਰ, ਇਕ ਗੱਲ ਦਾ ਉਲੇਖ ਜ਼ਰੂਰ ਕਰਦਾ ਹੈ ਕਿ ਉਸ ਨੂੰ ਬਹੁਤ ਲੋਕਾਂ ਨੇ ਉਕਸਾਇਆ ਸੀ। ਜਿਥੋਂ ਤਕ ਗੁਰੂ ਹਰਿਗੋਬਿੰਦ ਸਾਹਿਬ ਨੂੰ ਗਵਾਲੀਅਰ ਦੇ ਕਿਲ੍ਹੇ ਵਿਚ ਨਜ਼ਰਬੰਦ ਕਰਨ ਬਾਰੇ ਹੈ, ਸੰਭਵ ਹੈ ਕਿ ਕੱਟੜਪੰਥੀ ਲੋਕਾਂ ਨੇ ਹੀ ਝੂਠੀਆਂ ਸ਼ਿਕਾਇਤਾਂ ਲਗਾ ਕੇ ਉਕਸਾਇਆ ਹੋਵੇ। ਦੂਸਰਾ, ਇਹ ਵੀ ਕਿਆਸ ਕੀਤਾ ਜਾ ਸਕਦਾ ਹੈ ਕਿ ਗੁਰੂ ਜੀ ਦੀਆਂ ਫ਼ੌਜੀ ਗਤੀਵਿਧੀਆਂ ਨੂੰ ਸੀਮਤ ਰੱਖਣ ਲਈ ਨਜ਼ਰਬੰਦ ਕਰਾਇਆ ਹੋਵੇ। ਜੋ ਦੋਸ਼ ਜੁਰਮਾਨੇ ਦੀ ਰਕਮ ਦੀ ਵਸੂਲੀ ਕਾਰਨ ਕਹੀ ਜਾਂਦੀ ਹੈ, ਇਹ ਮੰਨਣਯੋਗ ਨਹੀਂ ਹੈ, ਕਿਉਂਕਿ ***ਤੁਜ਼ਕਿ ਜਹਾਂਗੀਰੀ*** ਅੰਦਰ ਜੁਰਮਾਨੇ ਬਾਰੇ ਕੋਈ ਜ਼ਿਕਰ ਨਹੀਂ ਮਿਲਦਾ।[7]

ਹੁਣ ਸਵਾਲ ਉਤਪੰਨ ਹੁੰਦਾ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ ਕਿਤਨਾ ਸਮਾਂ ਗਵਾਲੀਅਰ ਦੇ ਕਿਲ੍ਹੇ ਵਿਚ ਨਜ਼ਰਬੰਦ ਰਹੇ ? ਇਸ ਸੰਬੰਧੀ ਲੇਖਕਾਂ ਦੀਆਂ ਵੱਖ-ਵੱਖ ਰਾਵਾਂ ਹਨ। ਮੋਹਸਿਨ ਫ਼ਾਨੀ ਅਨੁਸਾਰ ਗੁਰੂ ਜੀ ਬਾਰ੍ਹਾਂ ਸਾਲ ਨਜ਼ਰਬੰਦ ਰਹੇ, ਪਰ ਇਤਨੀ ਲੰਬੇ ਸਮੇਂ ਦੀ ਨਜ਼ਰਬੰਦੀ ਨਹੀਂ ਮੰਨੀ ਜਾ ਸਕਦੀ। ਜੇ ਮੰਨ ਵੀ ਲਈਏ ਕਿ ਗੁਰੂ ਜੀ ਨੂੰ ਬਾਰ੍ਹਾਂ ਸਾਲ ਦੀ ਨਜ਼ਰਬੰਦੀ ਦਾ ਹੁਕਮ ਦਿੱਤਾ ਹੋਵੇ, ਪਰ ਉਹ ਜ਼ਿਆਦਾ ਸਮਾਂ ਨਜ਼ਰਬੰਦ ਨਹੀਂ ਰਹੇ। ਇਨ੍ਹਾਂ ਸਾਲਾਂ ਵਿਚ ਗੁਰੂ ਜੀ ਦੇ ਬੱਚਿਆਂ ਦੇ ਜਨਮ ਹੋਏ—ਬਾਬਾ ਗੁਰਦਿੱਤਾ ਜੀ 1613 ਈ., ਬੀਬੀ ਵੀਰੋ 1615 ਈ., ਸੂਰਜਮੱਲ 1617 ਈ., ਅਣੀਰਾਏ 1618 ਈ., ਅਟੱਲ ਜੀ 1619 ਈ., ਤੇਗ਼ ਬਹਾਦਰ ਜੀ 1621 ਈ.।[8]

ਇਸ ਤੱਥ ਬਾਰੇ ਕੋਈ ਕਿੰਤੂ ਨਹੀਂ, ਕਿ ਸਾਈਂ ਮੀਆਂ ਮੀਰ ਜੀ ਦੀ ਸ਼ਖ਼ਸੀਅਤ ਹਰਮਨ ਪਿਆਰੀ ਸੀ, ਬਾਦਸ਼ਾਹ ਜਹਾਂਗੀਰ ਵੀ ਉਨ੍ਹਾਂ ਦਾ ਸਤਿਕਾਰ ਕਰਦਾ ਸੀ। ਬਾਦਸ਼ਾਹ ਜਹਾਂਗੀਰ ਦੀ ਬੇਗਮ ਨੂਰ ਜਹਾਨ ਮੁੱਢ ਤੋਂ ਹੀ ਸਾਈਂ ਮੀਆਂ ਮੀਰ ਜੀ ਦੀ ਸ਼ਰਧਾਲੂ ਸੀ। ਜਦੋਂ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਗਵਾਲੀਅਰ ਦੇ ਕਿਲ੍ਹੇ ਵਿਚ ਨਜ਼ਰਬੰਦ ਕਰ ਦਿੱਤਾ ਤਾਂ ਸਾਈਂ ਮੀਆਂ ਮੀਰ ਜੀ ਦਿੱਲੀ ਪੁੱਜੇ, ਪਰ ਜਹਾਂਗੀਰ ਨੂੰ ਮਿਲਣ ਤੋਂ ਪਹਿਲਾਂ ਉਹ ਸੂਫ਼ੀ ਸੰਤਾਂ ਨਾਲ ਸਲਾਹ ਮਸ਼ਵਰਾ ਕਰਨ ਲਈ ਫ਼ਖ਼ਰ-

---

6. ਇੰਦੂ ਭੂਸ਼ਨ ਬੈਨਰਜੀ, *ਖ਼ਾਲਸੇ ਦੀ ਉਤਪਤੀ*, ਜਿਲਦ ਦੂਜੀ, ਪੰਨਾ 9.
7. ਪ੍ਰਿੰ. ਤੇਜਾ ਸਿੰਘ ਤੇ ਗੰਡਾ ਸਿੰਘ, *ਸਿੱਖ ਇਤਿਹਾਸ (1469-1765)*, ਪੰਨਾ 45.
8. *ਉਹੀ*।

ਉਦ-ਦੀਨ ਦੇ ਡੇਰੇ ਵਿਚ ਗਏ। ਮੰਨਿਆ ਜਾਂਦਾ ਹੈ ਕਿ ਉਸ ਸਮੇਂ ਬਾਦਸ਼ਾਹ ਜਹਾਂਗੀਰ ਬੀਮਾਰ ਹੋ ਗਿਆ। ਜਦੋਂ ਹਕੀਮ ਇਲਾਜ ਕਰਨ ਤੋਂ ਅਸਫਲ ਹੋਏ ਤਾਂ ਬੇਗਮ ਨੇ ਸਾਈਂ ਮੀਆਂ ਮੀਰ ਜੀ ਨੂੰ ਕਸ਼ਟ ਨਿਵਾਰਨ ਲਈ ਕਿਹਾ। ਸਾਈਂ ਜੀ ਨੇ ਕਿਹਾ ਕਿ ਇਹ ਬੀਮਾਰੀ ਬਾਦਸ਼ਾਹ ਨੇ ਕਿਸੇ ਪੀਰ ਵਲੀ ਨੂੰ ਕਸ਼ਟ ਦੇਣ ਕਰਕੇ ਹੋਈ ਹੈ। ਬੇਗਮ ਨੇ ਪੁੱਛਿਆ ਕਿ ਉਹ ਪੀਰ ਵਲੀ ਕੌਣ ਹੈ? ਉਹ ਸਨ, ਗੁਰੂ ਅਰਜਨ ਜੀ, ਮੀਆਂ ਮੀਰ ਜੀ ਨੇ ਉੱਤਰ ਦਿੱਤਾ। ਅੱਗੋਂ ਸਾਈਂ ਜੀ ਨੇ ਕਿਹਾ ਕਿ ਉਸ ਦਾ ਹੀ ਰੂਪ ਗੁਰੂ ਹਰਿਗੋਬਿੰਦ ਹੈ, ਜਿਸ ਨੂੰ ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਕੀਤਾ ਹੋਇਆ ਹੈ। ਬੇਗਮ ਨੂਰ ਜਹਾਂ ਨੇ ਬਾਦਸ਼ਾਹ ਨੂੰ ਕਿਹਾ ਕਿ ਗੁਰੂ ਸਾਹਿਬ ਨੂੰ ਰਿਹਾਅ ਕੀਤਾ ਜਾਵੇ:

*ਨੂਰ ਜਹਾਂ ਬੇਗਮ ਖਾਵੰਦ ਨੂੰ ਕਹਿਆ ਐਸੇ:*
*"ਫ਼ਕੀਰ ਜਾਤ ਹੈ ਸਾਈਂ ਦੀ, ਸਾਈਂ ਜੈਸੇ।*
*ਤੱਦੀ ਨਹੀਂ ਕਰੀਏ, ਕਿਸੇ ਦੇ ਕਹੇ ਕਹਾਏ।*
*ਫ਼ਕੀਰ ਦੀ ਮਾਰੀ ਕੋਈ ਨਹੀਂ ਹਟਾਏ।"*[9]

ਜਹਾਂਗੀਰ ਬਾਦਸ਼ਾਹ ਨੇ ਗੁਰੂ ਜੀ ਦੀ ਰਿਹਾਈ ਦਾ ਹੁਕਮ ਦਿੱਤਾ ਅਤੇ ਆਪਣੀਆਂ ਨੀਤੀਆਂ ਵਿਚ ਬਦਲਾਵ ਲਿਆਂਦਾ। ਬੇਗਮ ਨੂਰ ਜਹਾਨ, ਸਾਈਂ ਮੀਆਂ ਮੀਰ ਜੀ ਦੀ ਸੱਚੀ ਸੇਵਕ ਬਣ ਗਈ ਸੀ। ਉਸ ਨੇ ਜਹਾਂਗੀਰ ਦੀ ਜ਼ਿਆਦਾ ਸ਼ਰਾਬ ਪੀਣ ਦੀ ਆਦਤ ਹਟਾਉਣ ਲਈ ਸਾਈਂ ਮੀਆਂ ਮੀਰ ਜੀ ਨੂੰ ਬੇਨਤੀ ਕੀਤੀ। ਇਸ ਬਾਰੇ ਬਾਦਸ਼ਾਹ ***ਤੁਜ਼ਕਿ ਜਹਾਂਗੀਰੀ*** ਵਿਚ ਲਿਖਦਾ ਹੈ ਕਿ "ਜਦੋਂ ਮੇਰੀ ਸ਼ਰਾਬ ਪੀਣ ਦੀ ਆਦਤ ਜ਼ਿਆਦਾ ਹੋ ਗਈ ਤਾਂ ਨੂਰ ਜਹਾਨ ਉਸ ਫ਼ਕੀਰ ਨੂੰ ਮੇਰੇ ਕੋਲ ਲਿਆਈ। ਉਸ ਦੇ ਬਚਨਾਂ ਵਿਚ ਐਸਾ ਜਾਦੂ ਸੀ ਕਿ ਉਸ ਦੇ ਇਕ ਵਾਰ ਕਹਿਣ 'ਤੇ ਮੈਂ ਸ਼ਰਾਬ ਨੂੰ ਏਨਾ ਘੱਟ ਕਰ ਦਿੱਤਾ ਕਿ ਮੈਨੂੰ ਯਕੀਨ ਨਹੀਂ ਆਉਂਦਾ ਕਿ ਇਹ ਕਿਵੇਂ ਹੋਇਆ?"

ਸਪੱਸ਼ਟ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ ਨੂੰ ਛੇਤੀ ਰਿਹਾਅ ਜਾਂ ਨਜ਼ਰਬੰਦੀ ਤੋਂ ਮੁਕਤੀ ਦਿਵਾਉਣ ਲਈ, ਸਾਈਂ ਮੀਆਂ ਮੀਰ ਜੀ ਅਤੇ ਮਲਿਕਾ ਨੂਰ ਜਹਾਂ ਨੇ ਭੂਮਿਕਾ ਨਿਭਾਈ। ਇਸ ਪਿੱਛੋਂ ਗੁਰੂ ਸਾਹਿਬ ਦੀ ਜਹਾਂਗੀਰ ਨਾਲ ਮਿਲਣੀ ਹੋਈ ਅਤੇ 1625 ਈ. ਵਿਚ ਗੁਰੂ ਸਾਹਿਬ ਅਤੇ ਬਾਦਸ਼ਾਹ ਜਹਾਂਗੀਰ ਇਕੱਠੇ ਕਸ਼ਮੀਰ ਗਏ। ਇਸ ਪਿੱਛੋਂ ਗੁਰੂ ਹਰਿਗੋਬਿੰਦ ਸਾਹਿਬ ਮੁਜ਼ਫ਼ਰਾਬਾਦ, ਐਬਟਾਬਾਦ, ਹਸਨ ਅਬਦਾਲ ਹੁੰਦੇ ਹੋਏ ਅੰਮ੍ਰਿਤਸਰ ਪਹੁੰਚੇ। ਗੁਜਰਾਤ ਦੇ ਅਸਥਾਨ 'ਤੇ ਹੀ ਉਨ੍ਹਾਂ ਦਾ ਮਿਲਾਪ ਸ਼ਾਹ ਦੌਲਾ ਨਾਲ ਹੋਇਆ ਸੀ।[10]

ਗੁਰੂ ਹਰਿਗੋਬਿੰਦ ਜੀ ਦੀ ਗਵਾਲੀਅਰ ਦੇ ਕਿਲ੍ਹੇ ਤੋਂ ਰਿਹਾਈ ਬਾਰੇ ਲਿਖਾਰੀਆਂ ਦਾ ਇਕ ਮੱਤ ਨਹੀਂ। ***ਦਬਿਸਤਾਨਿ ਮਜ਼ਾਹਿਬ*** ਦੇ ਲੇਖਕ ਮੁਹਸਨ ਫ਼ਾਨੀ ਅਨੁਸਾਰ ਗੁਰੂ ਸਾਹਿਬ ਬਾਰ੍ਹਾਂ ਸਾਲ ਕਿਲ੍ਹੇ ਵਿਚ ਨਜ਼ਰਬੰਦ ਰਹੇ, ਪਰ ਭੱਟ ਵਹੀ ਦੀ ਲਿਖਤ ਉਨ੍ਹਾਂ ਦੀ ਰਿਹਾਈ ਬਾਰੇ ਸਪੱਸ਼ਟ ਕਰਦੀ ਹੈ:

---

9. ਕੇਸਰ ਸਿੰਘ ਛਿੱਬਰ, *ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ*, ਛੇਵਾਂ ਚਰਣ, ਪੰਨਾ 93.
10. Khazan Singh, *History and Philosophy of the Sikh Religion*, p. 136.

> "ਗੁਰੂ ਹਰਿਗੋਬਿੰਦ ਜੀ ਮਹਲ ਛਟਾ, ਬੇਟਾ ਗੁਰੂ ਅਰਜਨ ਜੀ ਕਾ, ਸੋਢੀ ਖਤ੍ਰੀ ਚੱਕ ਗੁਰੂ ਕਾ, ਪਰਗਨਾ ਨਿਝਰਆਲਾ, ਸੰਮਤ ਸੋਲਾਂ ਸੈ ਛਿਹਤ੍ਰਾ ਕੱਤਕ ਪਾਸੇ ਕ੍ਰਿਸ਼ਨਾ ਪੱਖੇ ਚੌਦਸ ਕੇ ਦਿਹੁੰ ਗੁਰੂ ਜੀ ਬਾਵਨ ਰਾਜਯੋਂ ਕੇ ਗੈਲ, ਗੜ੍ਹ ਗੁਆਲੀਅਰ ਸੇ ਬੰਧਨ ਮੁਕਤ ਹੂਏ।
>
> ਨਾਇਕ ਹਰੀ ਰਾਮ ਦਰੋਗਾ ਬੇਟਾ ਨਾਇਕ ਹਰਬੰਸ ਲਾਲ ਕਾ ਚੰਦ੍ਰਬੰਸੀ ਯਾਦਵ ਬੜ੍ਹਤੀਆ ਕਨਾਵਤ ਨੇ ਬੰਦੀ ਛੋੜ ਗੁਰੂ ਹਰਿਗੋਬਿੰਦ ਜੀ ਕੇ ਬੰਧਨ-ਮੁਕਤ ਹੋਨੇ ਕੀ ਖ਼ੁਸ਼ੀ ਮੇਂ ਦੀਪਮਾਲਾ ਕੀਤੀ। ਏਕ ਦਿਵਸ ਨਾਇਕ ਹਰੀ ਰਾਮ ਕੇ ਗ੍ਰਿਹ ਮੇਂ ਨਿਵਾਸ ਕਰ ਕੇ ਗੁਆਲੀਅਰ ਸੇ ਬਿਦਾਇਗੀ ਲੀ। ਰਾਸਤੇ ਕਾ ਪੰਧ ਮੁਕਾਇ ਆਗਰੇ ਆਇ ਨਿਵਾਸ ਕੀਆ।"
>
> *(ਭੱਟ ਵਹੀ ਜਾਦੋਬੰਸੀਆਂ ਬੜ੍ਹਤੀਆਂ ਕੀ)*[11]

ਦਰੋਗੇ ਦੇ ਨਾਮ ਬਾਰੇ ਭੱਟ ਵਹੀ ਵਿਚ ਹਰੀ ਰਾਮ ਲਿਖਿਆ ਹੋਇਆ ਹੈ, ਪਰ ਇਤਿਹਾਸ ਵਿਚ ਦਰੋਗੇ ਦਾ ਨਾਮ ਹਰੀਦਾਸ ਜਾਂ ਹਰਿਦਾਸ ਵੀ ਦੱਸਿਆ ਗਿਆ ਹੈ। ਗੁਰੂ ਜੀ ਗਵਾਲੀਅਰ ਦੇ ਕਿਲ੍ਹੇ ਦੀ ਨਜ਼ਰਬੰਦੀ ਤੋਂ ਮੁਕਤ ਹੋ ਕੇ ਸਾਲ ਦੇ ਅਖ਼ੀਰ ਵਿਚ ਪੰਜਾਬ ਪਹੁੰਚਦੇ ਹਨ, ਭੱਟ ਵਹੀ ਵਿਚ ਇਸ ਬਾਰੇ ਉਲੇਖ ਇਸ ਤਰ੍ਹਾਂ ਹੋਇਆ ਹੈ :

> "ਗੁਰੂ ਹਰਿਗੋਬਿੰਦ ਮਹਲ ਛਟਾ, ਬੇਟਾ ਗੁਰੂ ਅਰਜਨ ਜੀ ਕਾ, ਬਾਸੀ ਚੱਕ ਗੁਰੂ ਪਰਗਨਾ ਨਿਝਰਿਆਲਾ, ਗਢ (ਗੜ੍ਹ) ਗੁਆਲੀਅਰ ਸੇ ਬੰਧਨ ਮੁਕਤ ਹੋਇ, ਗਾਮ ਕਲਾਨੌਰ ਪਰਗਨਾ ਬਟਾਲਾ ਮੇਂ ਆਏ, ਬਾਦਸ਼ਾਹ ਜਹਾਂਗੀਰ ਕੇ ਗੈਲ, ਸੰਮਤ ਸੋਲਾਂ ਸੈ ਛਿਹੱਤਰ ਫਲਗੁਨ ਪ੍ਰਵਿਸ਼ਟੇ, ਪਹਿਲੀ ਸੰਗ੍ਰਾਂਦ ਕੇ ਦਿਹੁੰ।
>
> ਗੁਰੂ ਜੀ ਕਾ ਆਨਾ ਸੁਨਿ ਬਾਬਾ ਬੁੱਢਾ ਬੇਟਾ ਬਾਬਾ ਸੁਘਾ ਰੰਧਾਵੇ ਕਾ, ਗੁਰਦਾਸ ਬੇਟਾ ਈਸ਼ਰਦਾਸ ਭੱਲੇ ਕਾ, ਬਲੂਰਾਇ ਬੇਟਾ ਮੂਲਚੰਦ ਜਲ੍ਹਾਨੇ ਕਾ, ਪਦਮਰਾਇ ਬੇਟਾ ਕੌਲਾਦਾਸ ਹਜਾਵਤ ਕਾ, ਹੋਰ ਸਿਖ ਫ਼ਕੀਰ ਆਏ।
>
> *(ਭੱਟ ਵਹੀ ਤਲਉਂਢਾ, ਪਰਗਨਾ ਜੀਂਦ)*[12]

ਬਾਦਸ਼ਾਹ ਜਹਾਂਗੀਰ ਨੂੰ ਨਕਸ਼ਬੰਦੀ ਲਹਿਰ ਦੇ ਸੰਚਾਲਕਾਂ ਅਤੇ ਕੱਟੜ ਮੌਲਵੀਆਂ ਨੇ, ਗੁਰੂ ਅਰਜਨ ਸਾਹਿਬ ਜੀ ਵਿਰੁੱਧ ਭੜਕਾਇਆ ਸੀ, ਜਿਸਦੇ ਫਲਸਰੂਪ ਗੁਰੂ ਅਰਜਨ ਸਾਹਿਬ ਜੀ ਨੂੰ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਗਿਆ ਸੀ। ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਮਿਲਣੀ ਬਾਦਸ਼ਾਹ ਜਹਾਂਗੀਰ ਨਾਲ ਹੋਈ ਅਤੇ ਦੋਨੋਂ ਇਕੱਠੇ ਕਸ਼ਮੀਰ ਗਏ। ਇਸ ਪਿੱਛੋਂ ਗੁਰੂ ਹਰਿਗੋਬਿੰਦ ਸਾਹਿਬ ਅੰਮ੍ਰਿਤਸਰ ਆ ਟਿਕਦੇ ਹਨ, ਜਿਸ ਦੀ ਗਵਾਹੀ ਭੱਟ ਵਹੀ ਵਿਚ ਮਿਲਦੀ ਹੈ :

> "ਗੁਰੂ ਹਰਿਗੋਬਿੰਦ ਜੀ ਮਹਲ ਛਟਾ ਬੇਟਾ ਗੁਰੂ ਅਰਜਨ ਜੀ ਕਾ, ਸੰਮਤ ਸੋਲਾਂ ਸੈ ਸਤੱਤ੍ਰਾ ਮਾਘ ਪ੍ਰਵਿਸ਼ਟੇ ਪਹਿਲੀ ਕੇ ਦਿਹੁੰ ਹੇਹਰ ਨਗਰੀ ਸੇ ਚਲ ਰਾਮ ਗੁਰੂ ਕੇ ਚੱਕ, ਪਰਗਨਾ ਨਿਝਰਆਲਾ ਆਏ, ਗੈਲੋਂ ਗੁਰੂ ਅਰਜਨ ਸਾਹਿਬ ਬੇਟਾ ਗੁਰੂ

---

11. ਪ੍ਰੋ. ਪਿਆਰਾ ਸੰਘ ਪਦਮ (ਸੰਪਾ.), *ਗੁਰੂ ਕੀਆਂ ਸਾਖੀਆਂ*, ਕ੍ਰਿਤ ਸ੍ਵਰੂਪ ਸਿੰਘ ਕੌਸ਼ਿਸ਼, ਪੰਨਾ 31.
12. *ਉਹੀ*, ਪੰਨੇ 31-32.

> ਮੋਹਰੀ ਜੀ ਕਾ, ਗੁਰੂ ਮੇਹਰਬਾਨ ਬੇਟਾ ਗੁਰੂ ਪ੍ਰਿਥੀ ਚੰਦ ਜੀ ਕਾ, ਬਾਬਾ ਬੁਢਾ ਰਾਮਦਾਸ, ਬੇਟਾ ਸੁਘੇ ਰੰਧਾਵੇ ਕਾ, ਗੁਰਦਾਸ ਬੇਟਾ ਈਸ਼ਰਦਾਸ ਭੱਲੇ ਕਾ, ਬੱਲੂ ਰਾਇ ਬੇਟਾ ਮੂਲਚੰਦ ਜਲ੍ਹਾਨੇ ਕਾ, ਕੌਲ ਜੀ ਦਾਸ ਬੇਟਾ ਅੰਬੀਏ ਹਜਾਵਤ ਕਾ, ਹੋਰ ਸਿੱਖ ਫ਼ਕੀਰ ਆਏ। ਗੁਰੂ ਜੀ ਕੇ ਆਨੇ ਕੀ ਖ਼ੁਸ਼ੀ ਮੇਂ ਦੀਪਮਾਲਾ ਕੀ ਗਈ। ਸ੍ਰੀ ਹਰਿਮੰਦਰ ਸਾਹਿਬ ਜੀ ਮੇਂ ਦੀਆ ਬਾਤੀ ਕੀ ਸੇਵਾ ਗੁਰੂ ਮੇਹਰਵਾਨ ਕੀ ਲਾਈ। ਗੁਰੂ ਜੀ ਤੀਜੇ ਦਿਹੁੰ 'ਗੁਰੂ ਚੱਕ' ਸੇ ਵਿਦਾ ਹੋਇ ਗੋਇੰਦਵਾਲ ਮੇਂ ਆਇ ਬਿਰਾਜੇ।"
>
> *(ਭਟ ਵਹੀ ਤਲਉਂਢਾ, ਪਰਗਨਾ ਜੀਂਦ)*[13]

ਗੁਰੂ ਜੀ ਵੱਲੋਂ ਗਵਾਲੀਅਰ ਦੇ ਕਿਲ੍ਹੇ ਵਿੱਚੋਂ 52 ਰਾਜਿਆਂ ਦੀ ਰਿਹਾਈ ਕਰਾਉਣ ਦੇ ਨਾਲ, ਉਨ੍ਹਾਂ ਦੇ ਨਾਂਵ ਨਾਲ 'ਬੰਦੀ ਛੋੜ' ਲਕਬ ਜੁੜ ਚੁੱਕਾ ਸੀ। ਭਾਵੇਂ ਅਜੋਕੇ ਸਮੇਂ ਦੀਵਾਲੀ ਵਾਲੇ ਦਿਨ ਨੂੰ ਹੀ 'ਬੰਦੀ ਛੋੜ' ਦਿਵਸ ਬਣਾ ਦਿੱਤਾ ਗਿਆ ਹੈ, ਪਰ ਇਤਿਹਾਸਕ ਤੱਥ ਦੇ ਆਧਾਰ 'ਤੇ ਇਹ ਤੱਥਹੀਣ ਹੈ ਅਤੇ ਜਦੋਂ ਗੁਰੂ ਸਾਹਿਬ ਅੰਮ੍ਰਿਤਸਰ ਆਏ, ਉਸ ਦਿਨ ਦੀਵਾਲੀ ਨਹੀਂ ਸੀ।

## ਗੁਰੂ ਹਰਿਗੋਬਿੰਦ ਸਾਹਿਬ ਵੱਲੋਂ ਪ੍ਰਚਾਰ ਦੌਰੇ

ਸਿੱਖ ਲਹਿਰ ਦੇ ਮੋਢੀ ਗੁਰੂ ਨਾਨਕ ਸਾਹਿਬ ਜੀ ਨੇ ਆਪਣੀਆਂ ਉਦਾਸੀਆਂ ਦੌਰਾਨ, ਦੇਸ਼ਾਂ-ਵਿਦੇਸ਼ਾਂ ਵਿਚ ਪ੍ਰਚਾਰ ਦੌਰੇ ਕੀਤੇ ਅਤੇ ਵੱਖ-ਵੱਖ ਧਰਮ ਦੇ ਮੁਖੀਆਂ ਨਾਲ ਗੋਸ਼ਟੀਆਂ ਕੀਤੀਆਂ। ਧਾਰਮਿਕ ਅਤੇ ਰਾਜਨੀਤਕ ਨੇਤਾਵਾਂ ਵਲੋਂ ਲੋਕਾਈ ਦੀ ਕੀਤੀ ਜਾ ਰਹੀ ਲੁੱਟ-ਖਸੁੱਟ ਵਿਰੁੱਧ ਆਵਾਜ਼ ਬੁਲੰਦ ਕੀਤੀ। ਜਾਤ-ਪਾਤ ਅਤੇ ਊਚ-ਨੀਚ ਦਾ ਖੰਡਨ ਕੀਤਾ। ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਪਹਿਲੇ ਗੁਰੂਆਂ ਵੱਲੋਂ ਨਿਰਧਾਰਤ ਸਿਧਾਂਤਾਂ ਦੇ ਅਨੁਸਾਰ ਲੋਕਾਈ ਨੂੰ ਸਚਿਆਰ ਬਣਨਾ ਅਤੇ ਨਿਰਭੈ ਹੋ ਕੇ ਜੀਣ ਲਈ ਪ੍ਰੇਰਿਆ। ਪਰ ਜਦੋਂ ਉਨ੍ਹਾਂ ਨੇ ਸ਼ਸਤਰਧਾਰੀ ਹੋਣਾ ਵੀ ਜ਼ਰੂਰੀ ਹੋਣਾ ਪ੍ਰਚਾਰਿਆ ਤਾਂ ਕੁਝ ਲੋਕਾਂ ਨੂੰ ਇਹ ਲੱਗਿਆ ਕਿ ਗੁਰੂ ਹਰਿਗੋਬਿੰਦ ਸਾਹਿਬ ਨੇ ਪਹਿਲੇ ਗੁਰੂਆਂ ਨਾਲੋਂ ਵੱਖਰਾ ਰਸਤਾ ਅਖ਼ਤਿਆਰ ਕਰ ਲਿਆ ਹੈ। ਉਹ ਦੇਖਦੇ ਸਨ ਕਿ ਪਹਿਲੇ ਗੁਰੂ ਸਿਰਫ਼ ਬਾਣੀ ਦਾ ਪ੍ਰਚਾਰ ਕਰਦੇ ਸਨ, ਪਰ ਗੁਰੂ ਹਰਿਗੋਬਿੰਦ ਜੀ ਨੇ ਸ਼ਸਤਰ ਧਾਰਨ ਕਰਨ ਲਈ ਪ੍ਰਚਾਰਨਾ ਅਤੇ ਉਨ੍ਹਾਂ ਵੱਲੋਂ ਸ਼ਾਹੀ ਰਾਜਿਆਂ ਵਾਂਗ ਰਹਿਣਾ ਅਥਵਾ ਸ਼ਿਕਾਰ ਕਰਨਾ ਵੀ ਅਰੰਭਿਆ ਗਿਆ। ਪਰ ਸਿਆਣੇ ਲੋਕ ਸਮਝਦੇ ਸਨ ਕਿ ਇਹ ਮੀਰੀ-ਪੀਰੀ ਸਿਧਾਂਤ ਗੁਰੂਆਂ ਦਾ ਅਨਿੱਖੜਵਾਂ ਅੰਗ ਹੈ। ਭਾਈ ਗੁਰਦਾਸ ਜੀ ਨੇ ਇਸ ਸੰਬੰਧ ਵਿਚ ਆਪਣੀ ਵਾਰ ਲਿਖ ਕੇ ਸਪੱਸ਼ਟ ਕੀਤਾ।[14]

ਪੰਜਾਬ ਦੇ ਸਮੂਹ ਇਲਾਕਿਆਂ (ਮਾਲਵਾ, ਦੁਆਬਾ, ਮਾਝਾ ਅਤੇ ਰਿਆਸਤੀ ਇਲਾਕਿਆਂ) ਵਿਚ ਜਾ ਕੇ ਪ੍ਰਚਾਰ ਕੀਤਾ। ਬਹੁਤ ਥਾਵਾਂ 'ਤੇ ਪ੍ਰਚਾਰਕ ਕੇਂਦਰ ਸਥਾਪਤ ਕਰ ਕੇ, ਯੋਗ ਵਿਅਕਤੀਆਂ ਨੂੰ ਉਪਕਾਰੀ ਕਾਰਜਾਂ ਅਤੇ ਗੁਰਮਤਿ ਪ੍ਰਚਾਰ

---

13. ਪ੍ਰੋ. ਪਿਆਰਾ ਸੰਘ ਪਦਮ (ਸੰਪਾ.), *ਗੁਰੂ ਕੀਆਂ ਸਾਖੀਆਂ*, ਕ੍ਰਿਤ ਸ੍ਵਰੂਪ ਸਿੰਘ ਕੌਸ਼ਿਸ਼, ਪੰਨਾ 32.
14. ਭਾਈ ਗੁਰਦਾਸ, ਵਾਰ 26, ਪਉੜੀ 24.

ਦੀ ਜ਼ੁੰਮੇਵਾਰੀ ਸੌਂਪੀ। ਜ਼ਿਲ੍ਹਾ ਫ਼ਿਰੋਜ਼ਪੁਰ ਵਿਚ ਤੇਰ੍ਹਾਂ ਥਾਵਾਂ 'ਤੇ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਯਾਦ ਵਿਚ ਗੁਰਦੁਆਰੇ ਸੁਸ਼ੋਭਿਤ ਹਨ, ਜ਼ਿਲ੍ਹਾ ਲੁਧਿਆਣਾ ਵਿਚ ਚੌਦਾਂ ਅਸਥਾਨ ਹਨ, ਜਿਥੇ ਗੁਰੂ ਸਾਹਿਬ ਜੀ ਦੇ ਚਰਨ ਪਏ ਭਾਵ ਉਨ੍ਹਾਂ ਨੇ ਪੜਾਅ ਕੀਤੇ ਅਤੇ ਠਹਿਰ ਕੀਤੀ। ਪਟਿਆਲਾ ਰਾਜ ਵਿਚ ਚਾਰ ਥਾਵਾਂ 'ਤੇ ਉਨ੍ਹਾਂ ਦੀ ਯਾਦ ਵਿਚ ਅਸਥਾਨ ਹਨ। ਫ਼ਰੀਦਕੋਟ ਅਤੇ ਨਾਭਾ ਰਿਆਸਤ ਅੰਦਰ ਵੀ ਯਾਦਗਾਰੀ ਅਸਥਾਨ ਹਨ। ਦੁਆਬੇ ਅਤੇ ਰਿਆਸਤ ਜੀਂਦ ਵਿਚ ਵੀ ਗੁਰੂ ਸਾਹਿਬ ਗਏ। ਜ਼ਿਲ੍ਹਾ ਹੁਸ਼ਿਆਰਪੁਰ ਵਿਚ ਨੌਂ ਥਾਈਂ ਯਾਦਗਾਰੀ ਗੁਰਦੁਆਰੇ ਹਨ ਅਤੇ ਜਲੰਧਰ ਦੇ ਇਲਾਕੇ ਵਿਚ ਵੀ ਤਿੰਨ ਚਾਰ ਥਾਵਾਂ 'ਤੇ ਅਸਥਾਨ ਹਨ। ਕਪੂਰਥਲਾ ਵਿਚ ਦੋ ਥਾਵਾਂ 'ਤੇ ਯਾਦਗਾਰੀ ਅਸਥਾਨ ਹਨ। ਪੰਜਾਬ ਤੋਂ ਬਾਹਰ ਨਾਨਕਮਤੇ ਅਤੇ ਮਥੁਰਾ ਆਦਿ ਥਾਵਾਂ 'ਤੇ ਵੀ ਗਏ। ਪਹਾੜੀ ਇਲਾਕਿਆਂ ਵਿਚ ਗਏ ਅਤੇ ਕੀਰਤਪੁਰ ਕਾਫ਼ੀ ਸਮਾਂ ਰਹੇ।[15]

## ਮੁਗ਼ਲ ਬਾਦਸ਼ਾਹ ਨਾਲ ਟਕਰਾਉ ਅਤੇ ਯੁੱਧ

ਜਹਾਂਗੀਰ ਦੇ ਰਾਜ-ਕਾਲ (27 ਅਕਤੂਬਰ 1605 - 28 ਅਕਤੂਬਰ 1627) ਤੋਂ ਪਹਿਲਾਂ ਅਕਬਰ ਦਾ ਰਾਜ-ਕਾਲ ਸੀ। ਅਕਬਰ ਬਾਦਸ਼ਾਹ ਨੇ ਧਰਮ ਨਿਰਪੱਖਤਾ ਵਾਲੀ ਨੀਤੀ ਅਪਨਾਈ। ਉਸ ਨੇ ਗੁਰੂ ਅਰਜਨ ਸਾਹਿਬ ਜੀ ਦੇ ਦਰਸ਼ਨ ਕੀਤੇ ਅਤੇ ਗੋਇੰਦਵਾਲ ਸਾਹਿਬ ਦੇ ਅਸਥਾਨ 'ਤੇ ਆਮ ਲੋਕਾਂ ਨਾਲ ਬੈਠ ਕੇ ਲੰਗਰ ਵੀ ਛਕਿਆ। ਗੁਰੂ ਸਾਹਿਬ ਦੇ ਕਹਿਣ 'ਤੇ ਜਜ਼ੀਆ ਟੈਕਸ ਵੀ ਮੁਆਫ਼ ਕੀਤਾ ਕਿਉਂਕਿ ਉਸ ਨੂੰ ਦੱਸਿਆ ਗਿਆ ਸੀ ਕਿ ਸਿੱਖ ਹਿੰਦੂ ਨਹੀਂ ਹਨ। ਉਸ ਨੇ ਹਿੰਦੂਆਂ ਨੂੰ ਵੀ ਜਜ਼ੀਆ ਟੈਕਸ ਤੋਂ ਮੁਕਤ ਕਰ ਦਿੱਤਾ ਸੀ। ਅਕਬਰ ਦੀ ਮੌਤ ਤੋਂ ਬਾਅਦ, ਉਸ ਦਾ ਪੁੱਤਰ ਜਹਾਂਗੀਰ ਗੱਦੀ 'ਤੇ ਬੈਠਾ ਅਤੇ ਕੱਟੜ ਮੌਲਵੀਆਂ ਤੇ ਨਕਸ਼ਬੰਦੀ ਲਹਿਰ ਦੇ ਸੰਚਾਲਕਾਂ ਨੇ ਜਹਾਂਗੀਰ ਨਾਲ ਨੇੜਤਾ ਬਣਾਈ ਅਤੇ ਉਸ ਨੂੰ ਇਸਲਾਮ ਧਰਮ ਦਾ ਜ਼ੋਰ-ਸ਼ੋਰ ਨਾਲ ਪ੍ਰਚਾਰ ਕਰਨ ਲਈ ਕਿਹਾ। ਇਸ ਨਾਲ ਗ਼ੈਰ-ਮੁਸਲਮਾਨਾਂ ਨਾਲ ਧੱਕਾ ਹੋਣਾ ਸ਼ੁਰੂ ਹੋਇਆ। ਇਸ ਨੀਤੀ ਅਧੀਨ ਹੀ ਸਿੱਖ ਧਰਮ, ਜੋ ਆਮ ਲੋਕਾਈ ਵਿਚ ਉਪਕਾਰੀ ਕਾਰਜਾਂ ਸਦਕਾ ਹਰਮਨ ਪਿਆਰਾ ਹੋ ਰਿਹਾ ਸੀ, ਦਾ ਵਿਰੋਧ ਸ਼ੁਰੂ ਹੋਇਆ। ਦੂਸਰਾ ਸਿੱਖ ਵਿਰੋਧੀਆਂ ਵਲੋਂ ਸਿੱਖ ਲਹਿਰ ਦੀ ਪ੍ਰਫੁੱਲਤਾ ਵੀ ਚੁੱਭਦੀ ਸੀ ਅਤੇ ਉਨ੍ਹਾਂ ਵਲੋਂ ਝੂਠੀਆਂ ਸ਼ਿਕਾਇਤਾਂ ਲਗਾ ਕੇ ਗੁਰੂ ਅਰਜਨ ਸਾਹਿਬ ਵਿਰੁੱਧ ਦੋਸ਼ ਲਾ ਕੇ ਸ਼ਹੀਦ ਕਰਵਾਇਆ ਗਿਆ। ਜਹਾਂਗੀਰ ਬਾਦਸ਼ਾਹ ਨੇ ਗੁਰੂ ਹਰਿਗੋਬਿੰਦ ਸਾਹਿਬ ਨਾਲ ਮੁੱਢ ਵਿਚ ਵਿਰੋਧ ਰੱਖਿਆ ਪਰ ਬਾਅਦ ਵਿਚ ਨੇੜਤਾ ਬਣਾਈ। ਜਹਾਂਗੀਰ ਦੀ ਮੌਤ 28 ਅਕਤੂਬਰ, 1627 ਈ. ਵਿਚ ਹੋਈ ਅਤੇ ਸ਼ਾਹ ਜਹਾਨ ਗੱਦੀ 'ਤੇ ਬੈਠਾ। ਸ਼ਾਹ ਜਹਾਨ ਵਲੋਂ ਗ਼ੈਰ-ਮੁਸਲਮਾਨਾਂ ਪ੍ਰਤੀ ਅਸਹਿਨਸ਼ੀਲਤਾ ਵਾਲੀ ਨੀਤੀ ਅਪਨਾਈ ਗਈ। ਇਸ ਨੀਤੀ ਅਧੀਨ ਸਿੱਖਾਂ ਨਾਲ ਟੱਕਰ ਹੋਣੀ ਸੁਭਾਵਿਕ ਸੀ। ਲਾਹੌਰ ਵਿਚ ਸਿੱਖਾਂ ਵਲੋਂ ਬਣਾਈ ਬਾਉਲੀ ਢਾਹ ਕੇ ਪੂਰ ਦਿੱਤੀ ਗਈ ਸੀ।

15. ਗਿਆਨੀ ਲਾਲ ਸਿੰਘ, *ਤਵਾਰੀਖ਼ ਗੁਰੂ ਖ਼ਾਲਸਾ ਪੰਥ*, ਭਾਗ ਦੂਜਾ, ਪੰਨੇ 445-475.

ਇਕੇਰਾਂ ਸ਼ਾਹ ਜਹਾਨ ਅੰਮ੍ਰਿਤਸਰ ਦੇ ਨਜ਼ਦੀਕ ਆਪਣੇ ਫ਼ੌਜੀਆਂ ਸਮੇਤ ਸ਼ਿਕਾਰ ਖੇਡ ਰਿਹਾ ਸੀ। ਇਹ ਵਾਕਿਆ 1628 ਈ. ਦਾ ਹੈ। ਬਾਦਸ਼ਾਹ ਦਾ ਇਕ ਬਾਜ, ਉਨ੍ਹਾਂ ਕੋਲੋਂ ਵਿਛੜ ਕੇ ਸਿੱਖਾਂ ਦੇ ਪਾਸ ਆਇਆ ਅਤੇ ਉਨ੍ਹਾਂ ਨੇ ਫੜ ਲਿਆ। ਸਿੱਖ ਵੀ ਨੇੜੇ ਹੀ ਸ਼ਿਕਾਰ ਖੇਡ ਰਹੇ ਸਨ। ਮੁਗ਼ਲ ਸਿਪਾਹੀਆਂ ਨੇ ਆਪਣਾ ਬਾਜ ਸਿੱਖਾਂ ਵੱਲੋਂ ਵਾਪਸ ਮੰਗਿਆ, ਪਰ ਸਿੱਖਾਂ ਨੇ ਦੇਣ ਤੋਂ ਇਨਕਾਰ ਕਰ ਦਿੱਤਾ। ਆਪਸ ਵਿਚ ਹੱਥੋ-ਪਾਈ ਹੋਈ। ਇਸ ਪਿੱਛੋਂ ਮੁਖ਼ਲਿਸ ਖ਼ਾਨ ਦੀ ਕਮਾਨ ਵਿਚ ਮੁਗ਼ਲ ਫ਼ੌਜੀ ਗੁਰੂ ਜੀ ਨੂੰ ਫੜਨ ਲਈ ਤੁਰ ਪਏ। ਸਿੱਖਾਂ ਉੱਪਰ ਅਵੇਸਲੇ ਹੀ ਹਮਲਾ ਕਰ ਦਿੱਤਾ ਗਿਆ ਸੀ। ਸਿੱਖਾਂ ਪਾਸ ਲੜਾਈ ਲਈ ਹਥਿਆਰ ਵੀ ਪੂਰੇ ਨਹੀਂ ਸੀ, ਭਾਵੇਂ ਇਹ ਲੜਾਈ ਵੱਡੀ ਨਹੀਂ ਸੀ ਪਰ ਅਚਨਚੇਤ ਹਮਲੇ ਕਾਰਨ ਨੁਕਸਾਨ ਹੋਣ ਦੀ ਸੰਭਾਵਨਾ ਵੱਧ ਜਾਂਦੀ ਹੈ। ਉਸ ਸਮੇਂ ਹੀ ਗੁਰੂ ਸਾਹਿਬ ਆਪਣੀ ਧੀ ਵੀਰੋ ਦੀ ਸ਼ਾਦੀ ਕਰਨ ਲਈ ਰੁੱਝੇ ਹੋਏ ਸਨ। ਫਿਰ ਵੀ ਝੜਪ ਦੌਰਾਨ ਮੁਖ਼ਲਿਸ ਖ਼ਾਂ ਮਾਰਿਆ ਗਿਆ ਅਤੇ ਮੁਗ਼ਲ ਫ਼ੌਜੀਆਂ ਨੂੰ ਪਿੱਛੇ ਹਟਣਾ ਪਿਆ। ਇਸ ਲੜਾਈ ਵਿਚ ਪੈਂਦੇ ਖ਼ਾਂ ਤੇ ਬਿਧੀ ਚੰਦ ਨੇ ਵੈਰੀਆਂ ਨੂੰ ਚੰਗੇ ਹੱਥ ਦਿਖਾਏ।[16]

ਜਿਵੇਂ ਪਹਿਲਾਂ ਉਲੇਖ ਕਰ ਚੁੱਕੇ ਹਾਂ ਕਿ ਜਦੋਂ ਹਮਲਾ ਹੋਇਆ, ਗੁਰੂ ਸਾਹਿਬ ਆਪਣੀ ਸਪੁੱਤਰੀ ਬੀਬੀ ਵੀਰੋ ਦੇ ਵਿਆਹ ਦੀ ਤਿਆਰੀ ਕਰ ਰਹੇ ਸਨ। ਪਰ ਗੁਰੂ ਜੀ ਦੇ ਪਰਿਵਾਰ ਨੂੰ ਰਾਤੋ-ਰਾਤ ਕਿਸੇ ਸੁਰੱਖਿਅਤ ਥਾਂ 'ਤੇ ਪਹੁੰਚਾ ਦਿੱਤਾ ਗਿਆ ਸੀ ਅਤੇ ਬਰਾਤੀਆਂ ਨੂੰ ਸੁਨੇਹਾ ਭੇਜ ਦਿੱਤਾ ਸੀ ਕਿ ਉਹ ਝਬਾਲ ਪਹੁੰਚ ਜਾਣ। ਲੜਾਈ ਦੀ ਸਮਾਪਤੀ ਤੋਂ ਬਾਅਦ ਬੀਬੀ ਵੀਰੋ ਜੀ ਦੀ ਸ਼ਾਦੀ ਦੀ ਰਸਮ ਨਿਭਾਈ ਗਈ।[17]

ਦੂਜੀ ਜੰਗ, ਬਿਆਸ ਦਰਿਆ ਦੇ ਕੰਢੇ ਹਰਿਗੋਬਿੰਦਪੁਰ ਵਿਖੇ ਹੋਈ। ਇਹ ਨਗਰ, ਜ਼ਮੀਨ ਮੁੱਲ ਖ਼ਰੀਦ ਕੇ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਨਾਮ ਪਰ ਵਸਾਇਆ ਸੀ। ਇਥੇ ਗੁਰੂ ਜੀ ਦੀਵਾਨ ਵਿਚ ਕੀਰਤਨ ਸੁਣ ਰਹੇ ਸਨ, ਜਦੋਂ ਭਗਵਾਨ ਦਾਸ ਆਪਣੇ ਬੰਦਿਆਂ ਨੂੰ ਨਾਲ ਲੈ ਕੇ ਤੰਬੂ ਪੁੱਟਣ ਲੱਗ ਪਿਆ। ਕੁਝ ਸਿੱਖਾਂ ਨੇ ਉਸਨੂੰ ਇੰਜ ਧੱਕਾ ਕਰਨ ਤੋਂ ਰੋਕਣਾ ਚਾਹਿਆ, ਪਰ ਉਸ ਨੇ ਪਰਵਾਹ ਨਹੀਂ ਕੀਤੀ। ਫਿਰ ਝੜਪ ਹੋਈ ਅਤੇ ਉਹ ਮੁਕਾਬਲੇ ਵਿਚ ਮਾਰਿਆ ਗਿਆ। ਉਸ ਦੇ ਪੁੱਤਰ ਰਤਨ ਚੰਦ ਅਤੇ ਚੰਦੂ ਦੇ ਪੁੱਤਰ ਕਰਮ ਚੰਦ ਨੇ ਜਲੰਧਰ ਦੇ ਫ਼ੌਜਦਾਰ ਅਬਦੁੱਲਾ ਖ਼ਾਂ ਤੋਂ ਸਹਾਇਤਾ ਮੰਗੀ। ਉਹ ਹਜ਼ਾਰ ਕੁ ਸਿਪਾਹੀਆਂ ਸਮੇਤ ਹਮਲਾ ਕਰਨ ਆਇਆ। ਦੂਜੇ ਪਾਸੇ ਸਿੱਖਾਂ ਦੀ ਗਿਣਤੀ ਭਾਵੇਂ ਥੋੜ੍ਹੀ ਸੀ, ਪਰ ਆਲੇ-ਦੁਆਲੇ ਪਿੰਡਾਂ ਵਿੱਚੋਂ ਇਤਲਾਹ ਮਿਲਣ 'ਤੇ ਹੋਰ ਸਿੱਖ ਆ ਗਏ। ਇਹ ਘਟਨਾ 1630 ਈ. ਵਿਚ ਵਾਪਰੀ, ਜਦੋਂ ਗੁਰੂ ਜੀ ਉੱਤੇ ਹਮਲਾ ਕੀਤਾ ਗਿਆ ਸੀ। ਅਬਦੁੱਲਾ ਖ਼ਾਂ ਤੇ ਰਤਨ ਚੰਦ ਲੜਾਈ

---

16. (ੳ) ਪ੍ਰਿੰ. ਤੇਜਾ ਸਿੰਘ ਤੇ ਗੰਡਾ ਸਿੰਘ, *ਸਿੱਖ ਇਤਿਹਾਸ*, ਪੰਨਾ 48.
    (ਅ) ਸਾਹਿਬ ਸਿੰਘ, *ਗੁਰ ਇਤਿਹਾਸ*, ਲੜੀ ਨੰਬਰ 6, ਪੰਨੇ 51-52.
17. ਪ੍ਰੋ. ਸਾਹਿਬ ਸਿੰਘ, "ਜੀਵਨ ਬ੍ਰਿਤਾਂਤ ਗੁਰੂ ਹਰਿਗੋਬਿੰਦ ਸਾਹਿਬ", *ਗੁਰ ਇਤਿਹਾਸ (ਦੂਜੀ ਤੋਂ ਨੌਵੀਂ ਪਾਤਸ਼ਾਹੀ)*, ਪੰਨਾ 52.

ਵਿਚ ਮਾਰੇ ਗਏ। ਤਿੰਨ ਦਿਨ ਲੜਾਈ ਹੁੰਦੀ ਰਹੀ, ਆਖ਼ਰ ਵਿਰੋਧੀਆਂ ਨੂੰ ਹਾਰ ਦਾ ਮੂੰਹ ਦੇਖਣਾ ਪਿਆ।[18]

ਗੁਰੂ ਸਾਹਿਬ ਵੱਲੋਂ ਕਦੀ ਵੀ ਜੰਗ ਕਰਨ ਜਾਂ ਲੜਾਈ ਕਰਨ ਨੂੰ ਪਹਿਲ ਨਹੀਂ ਕੀਤੀ ਗਈ। ਪਰ ਜਦੋਂ ਵੀ ਮੁਗ਼ਲ ਸੈਨਾਵਾਂ ਵਲੋਂ ਹਮਲੇ ਹੋਏ, ਤਾਂ ਸਿੱਖ ਬਹਾਦਰੀ ਨਾਲ ਲੜਦੇ ਅਤੇ ਹਮੇਸ਼ਾਂ ਜੇਤੂ ਰਹੇ। ਗੁਰੂ ਸਾਹਿਬ ਜੀ ਸਦਾ ਹੀ ਆਪਣੇ ਧਰਮ ਪ੍ਰਚਾਰ ਦੌਰੇ ’ਤੇ ਰਹਿੰਦੇ ਸਨ, ਪਰ ਵਿਰੋਧੀਆਂ ਵਲੋਂ ਉਨ੍ਹਾਂ ਨੂੰ ਟਿਕ ਕੇ ਉਪਕਾਰੀ ਕਾਰਜ ਕਰਨ ਤੋਂ ਰੁਕਾਵਟਾਂ ਹੀ ਪਾਈਆਂ ਗਈਆਂ।

ਇਹ ਤੀਜਾ ਜੰਗ ਨਥਾਣੇ ਅਤੇ ਮਹਿਰਾਜ ਦੇ ਨੇੜੇ (ਮਾਲਵੇ) ਲੜਿਆ। ਇਸ ਜੰਗ ਦਾ ਮੁੱਖ ਕਾਰਨ ਦੋ ਸੁੰਦਰ ਘੋੜੇ ਦਿਲਬਾਗ ਤੇ ਗੁਲਬਾਗ ਦੇ ਸੰਬੰਧ ਵਿਚ ਸੀ। ਇਕ ਮਸੰਦ ਕਾਬਲ ਤੋਂ ਗੁਰੂ ਜੀ ਲਈ ਦੋ ਘੋੜੇ ਲਿਆ ਰਿਹਾ ਸੀ। ਉਹ ਘੋੜੇ ਕਿਸੇ ਮੁਗ਼ਲ ਅਧਿਕਾਰੀ ਨੇ ਰਾਹ ਵਿਚ ਹੀ ਖੋਹ ਲਏ ਸਨ ਅਤੇ ਸ਼ਾਹੀ ਟਿਕਾਣੇ ’ਤੇ ਪਹੁੰਚਾ ਦਿੱਤੇ ਸਨ। ਬਿਧੀ ਚੰਦ ਨੇ ਦੋਨੋਂ ਘੋੜੇ ਸ਼ਾਹੀ ਅਸਤਬਲ ਵਿੱਚੋਂ ਵਾਰੀ ਵਾਰੀ ਕੱਢ ਲਿਆਂਦੇ। ਭਾਈ ਬਿਧੀ ਚੰਦ ਨੇ ਦੱਸ ਦਿੱਤਾ ਸੀ ਕਿ ਜਿਥੇ ਘੋੜਿਆਂ ਨੇ ਪਹੁੰਚਣਾ ਸੀ, ਉਥੇ ਪਹੁੰਚਾ ਦਿੱਤੇ ਗਏ ਹਨ। ਗੁਰੂ ਜੀ ਮਾਲਵੇ ਅੰਦਰ ਪ੍ਰਚਾਰਕ ਦੌਰਿਆਂ ’ਤੇ ਸਨ। ਲੱਲਾ ਬੇਗ ਅਤੇ ਕਮਰਬੇਗ ਦੀ ਅਗਵਾਈ ਵਿਚ ਮੁਗ਼ਲ ਫ਼ੌਜਾਂ ਨੇ ਗੁਰੂ ਜੀ ’ਤੇ ਹਮਲਾ ਕਰ ਦਿੱਤਾ। ਸੈਂਕੜੇ ਸਿੱਖ ਸ਼ਹੀਦ ਹੋਏ ਅਤੇ ਕਾਫ਼ੀ ਫੱਟੜ ਹੋਏ, ਦੂਜੇ ਪਾਸੇ ਵਿਰੋਧੀ ਫ਼ੌਜਾਂ ਦਾ ਇਸ ਤੋਂ ਵੀ ਵੱਧ ਨੁਕਸਾਨ ਹੋਇਆ ਅਤੇ ਗੁਰੂ ਜੀ ਜੇਤੂ ਰਹੇ। ਇਸ ਜਿੱਤ ਦੀ ਯਾਦ ਵਿਚ ਉਥੇ ਸਰੋਵਰ ਗੁਰੂਸਰ ਸੁਸ਼ੋਭਿਤ ਹੈ।[19]

ਜਿਵੇਂ ਪਹਿਲਾਂ ਵੀ ਉਲੇਖ ਹੋ ਚੁੱਕਾ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਕਦੀ ਵੀ ਆਪਣੇ ਵੱਲੋਂ ਜੰਗ ਸ਼ੁਰੂ ਨਹੀਂ ਕੀਤੀ ਅਤੇ ਜਦੋਂ ਵੀ ਵਿਰੋਧੀ ਮੁਗ਼ਲ ਸੈਨਿਕਾਂ ਵਲੋਂ ਹਮਲੇ ਹੋਏ ਤਾਂ ਸਿੱਖਾਂ ਨੇ ਬਹੁਤ ਬਹਾਦਰੀ ਨਾਲ ਮੁਕਾਬਲਾ ਕੀਤਾ। ਤੀਸਰੀ ਜੰਗ ਵਿਚ ਜੇਤੂ ਹੋਣ ’ਤੇ ਆਪ 1632 ਵਿਚ ਕਰਤਾਰਪੁਰ ਚਲੇ ਗਏ। ਉਥੇ ਕੁਝ ਸਮਾਂ ਰਹੇ। ਗੁਰੂ ਜੀ ਨੇ ਇਕ ਪਠਾਨ ਪੈਂਦੇ ਖ਼ਾਂ ਨੂੰ ਬਹੁਤ ਪਿਆਰ ਨਾਲ ਆਪਣੇ ਪਾਸ ਰੱਖਿਆ ਸੀ। ਉਸ ਨੂੰ ਯੋਧਾ ਮੰਨਿਆ ਜਾਂਦਾ ਸੀ। ਗੁਰੂ ਜੀ ਨੇ ਪੈਂਦੇ ਖ਼ਾਂ ਲਈ ਵਿਸ਼ੇਸ਼ ਵਰਦੀ ਪ੍ਰਦਾਨ ਕੀਤੀ ਸੀ ਅਤੇ ਉਸ ਲਈ ਹਦਾਇਤ ਸੀ ਕਿ ਦਰਬਾਰ ਵਿਚ ਹਾਜ਼ਰ ਹੋਣ ਸਮੇਂ, ਨਿਰਧਾਰਤ ਵਰਦੀ ਵਿਚ ਹੋਣਾ ਜ਼ਰੂਰੀ ਸੀ। ਕੁਝ ਸਮਾਂ ਉਹ ਹੁਕਮ ਦੀ ਪਾਲਣਾ ਕਰਦਾ ਰਿਹਾ, ਪਰ ਇਕ ਦਿਨ ਉਸ ਦੀ ਭੈਣ ਦੇ ਪਤੀ ਨੇ ਉਹ ਵਿਸ਼ੇਸ਼ ਵਸਤੂਆਂ ਮੰਗ ਲਈਆਂ, ਇਨ੍ਹਾਂ ਵਸਤਾਂ ਵਿਚ ਵਿਸ਼ੇਸ਼ ਤੌਰ ’ਤੇ ਘੋੜਾ ਵੀ ਸੀ। ਉਸ ਦੀ ਭੈਣ ਦਾ ਪਤੀ ਸ਼ਰ੍ਹੇਆਮ ਹੀ ਪੈਂਦੇ ਖ਼ਾਂ ਦੀ ਵਰਦੀ ਤੇ ਘੋੜੇ ਦਾ ਪ੍ਰਯੋਗ ਕਰਨ ਲੱਗ ਪਿਆ। ਇਕ ਦਿਨ ਪੈਂਦੇ ਖ਼ਾਂ ਗੁਰੂ ਦਰਬਾਰ ਵਿਚ ਹਾਜ਼ਰ ਹੋਇਆ, ਪਰ ਵਿਸ਼ੇਸ਼ ਵਰਦੀ ਤੋਂ ਰਹਿਤ ਸੀ। ਉਸ ਨੂੰ ਹੰਕਾਰ ਸੀ ਅਤੇ ਸੱਚ ਬੋਲਣ

18. ਪ੍ਰਿੰ. ਤੇਜਾ ਸਿੰਘ ਤੇ ਗੰਡਾ ਸਿੰਘ, *ਸਿੱਖ ਇਤਿਹਾਸ (1469-1765)*, ਪੰਨਾ 49.
19. *ਉਹੀ*, ਪੰਨਾ 50.

ਦੀ ਥਾਂ ਝੂਠ ਬੋਲਿਆ, ਉਪਰੰਤ ਖਰ੍ਹਵੇ ਬੋਲ ਬੋਲੇ ਅਤੇ ਕਿਹਾ ਕਿ ਉਸ ਦੀ ਨਿਰਾਦਰੀ ਹੋਈ ਹੈ।

ਉਹ ਜਲੰਧਰ ਦੇ ਫ਼ੌਜਦਾਰ ਪਾਸ ਪਹੁੰਚਿਆ ਅਤੇ ਫ਼ੌਜਦਾਰ ਰਾਹੀਂ ਲਾਹੌਰ ਦੇ ਸੂਬੇਦਾਰ ਕੋਲ ਗਿਆ। ਲਾਹੌਰ ਦੇ ਸੂਬੇਦਾਰ ਨੇ ਕਾਲੇ ਖ਼ਾਂ ਦੀ ਕਮਾਨ ਹੇਠ ਫ਼ੌਜ, ਗੁਰੂ ਸਾਹਿਬ ਦੇ ਵਿਰੁੱਧ ਜੰਗ ਲੜਨ ਲਈ ਭੇਜ ਦਿੱਤੀ। ਪੈਂਦੇ ਖ਼ਾਨ ਨੂੰ ਆਪਣੀ ਤਾਕਤ ਦਾ ਹੰਕਾਰ ਸੀ ਕਿ ਉਹ ਮੁਗ਼ਲ ਫ਼ੌਜ ਦੀ ਸਹਾਇਤਾ ਨਾਲ ਗੁਰੂ ਸਾਹਿਬ ਨੂੰ ਹਰਾ ਦੇਵੇਗਾ। ਦੋਨਾਂ ਪਾਸਿਆਂ ਤੋਂ ਫ਼ੌਜਾਂ ਨੇ ਡੱਟ ਕੇ ਲੜਾਈ ਲੜੀ। ਇਸ ਜੰਗ ਵਿਚ ਗੁਰੂ ਤੇਗ਼ ਬਹਾਦਰ ਸਾਹਿਬ ਜੀ ਨੇ ਵੀ ਹਿੱਸਾ ਲਿਆ ਸੀ। ਪੈਂਦੇ ਖ਼ਾਂ ਨੇ ਗੁਰੂ ਸਾਹਿਬ ਉੱਤੇ ਵਾਰ ਕੀਤੇ, ਪਰ ਉਹ ਸਫਲ ਨਾ ਹੋਇਆ। ਗੁਰੂ ਸਾਹਿਬ ਨੇ ਪਹਿਲੇ ਵਾਰ ਨਾਲ ਹੀ ਪੈਂਦੇ ਖ਼ਾਂ ਨੂੰ ਜ਼ਖ਼ਮੀ ਕਰ ਦਿੱਤਾ ਅਤੇ ਉਹ ਘੋੜੇ ਤੋਂ ਡਿੱਗ ਪਿਆ। ਗੁਰੂ ਸਾਹਿਬ ਜੀ ਪੈਂਦੇ ਖ਼ਾਂ ਪਾਸ ਗਏ ਅਤੇ ਉਸ ਨੂੰ ਆਖਿਆ ਕਿ ਖ਼ੁਦਾ ਨੂੰ ਯਾਦ ਕਰੇ। ਆਖ਼ਰ ਉਸ ਨੇ ਗੁਰੂ ਸਾਹਿਬ ਤੋਂ ਭੁੱਲਾਂ ਦੀ ਮੁਆਫ਼ੀ ਮੰਗੀ ਅਤੇ ਕਿਹਾ ਕਿ ਉਸ ਨੂੰ ਬਖ਼ਸ਼ ਦੇਣ। ਗੁਰੂ ਜੀ ਨੇ ਆਪਣੀ ਢਾਲ ਨਾਲ ਉਸ ਉੱਪਰ ਛਾਂ ਕੀਤੀ ਅਤੇ ਉਸ ਲਈ ਅਰਦਾਸ ਕੀਤੀ। ਇਹ ਲੜਾਈ 1634 ਵਿਚ ਹੋਈ ਸੀ ਅਤੇ ਮੁਗ਼ਲ ਸੈਨਾ ਦਾ ਸਰਦਾਰ ਕਾਲੇ ਖ਼ਾਂ ਵੀ ਗੁਰੂ ਹਰਿਗੋਬਿੰਦ ਸਾਹਿਬ ਜੀ ਹੱਥੋਂ ਮਾਰਿਆ ਗਿਆ ਸੀ। ਇਸ ਪਿੱਛੋਂ ਸਾਰੀ ਮੁਗ਼ਲ ਫ਼ੌਜ ਮੈਦਾਨ ਛੱਡ ਦੌੜ ਗਈ ਸੀ।[20]

ਇਹ ਵੀ ਮੰਨਿਆ ਜਾਂਦਾ ਹੈ ਕਿ ਤਹਿਸੀਲ ਬਿਲਾਸਪੁਰ ਜ਼ਿਲ੍ਹਾ ਯਮਨਾ ਨਗਰ ਵਿਖੇ ਲੋਹਗੜ੍ਹ ਦੇ ਕਿਲ੍ਹੇ ਦੀ ਉਸਾਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਰੰਭ ਕਰਾਈ ਸੀ। ਇਸ ਬਾਰੇ ਜੋ ਜਾਣਕਾਰੀ ਹਾਸਿਲ ਹੋਈ ਹੈ, ਇਸ ਨੂੰ ਵਿਸਥਾਰ ਵਿਚ ਅੰਗਰੇਜ਼ੀ ਦੇ ਅਖ਼ਬਾਰ *ਟ੍ਰਿਬਿਊਨ* ਵਿਚ ਅਕਤੂਬਰ 15, 2017 ਨੇ "Fort Lohgarh to rise from Ashes" ਦੇ ਸਿਰਲੇਖ ਹੇਠ ਛਾਪੀ ਹੈ। ਸ. ਗਗਨਦੀਪ ਸਿੰਘ ਦੱਸਦੇ ਹਨ ਕਿ ਲੋਹਗੜ੍ਹ, ਖ਼ਾਲਸਾ ਰਾਜਧਾਨੀ ਸੀ ਅਤੇ ਇਸ ਦਾ ਖੇਤਰਫਲ 7000 ਏਕੜ ਵਿਚ ਸੀ। ਦੂਸਰਾ ਤੱਥ ਇਹ ਲਿਖਿਆ ਹੋਇਆ ਹੈ ਕਿ ਭਾਈ ਲੱਖੀ ਰਾਏ ਵਣਜਾਰਾ ਅਤੇ ਭਾਈ ਮੱਖਣ ਸ਼ਾਹ ਲੁਬਾਣਾ, ਜੋ ਵੱਡੇ ਵਪਾਰੀ ਸਨ, ਹੋਰਾਂ ਇਸ ਕਿਲ੍ਹੇ ਦੀ ਉਸਾਰੀ ਲਈ ਅਹਿਮ ਭੂਮਿਕਾ ਨਿਭਾਈ। ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਇਸ ਕਿਲ੍ਹੇ ਦੀ ਉਸਾਰੀ ਕਰਨ ਦੀ ਜ਼ੁੰਮੇਵਾਰੀ ਭਾਈ ਲੱਖੀ ਸ਼ਾਹ ਵਣਜਾਰੇ ਨੂੰ ਦਿੱਤੀ ਸੀ ਅਤੇ ਇਸ ਦੀ ਉਸਾਰੀ ਤਕਰੀਬਨ 1620 ਦੇ ਆਸ-ਪਾਸ ਹੋਈ ਹੋਵੇਗੀ।

ਨਿਰਸੰਦੇਹ ਆਖ ਸਕਦੇ ਹਾਂ ਕਿ ਸਿੱਖ ਲਹਿਰ ਵਿਚ ਵਣਜਾਰੇ ਅਤੇ ਸਿਕਲੀਗਰ ਸਿੱਖਾਂ ਨੇ ਪ੍ਰਚਾਰ ਅਤੇ ਫ਼ੌਜੀ ਖੇਤਰ ਵਿਚ ਬਹੁਤ ਯੋਗਦਾਨ ਪਾਇਆ। ਵਣਜਾਰੇ ਸਿੱਖ ਵਪਾਰੀ ਸਨ ਅਤੇ ਆਰਥਿਕ ਪੱਖੋਂ ਖ਼ੁਸ਼ਹਾਲ ਸਨ ਅਤੇ ਦੇਸ਼ ਦੇ ਵੱਖ-ਵੱਖ

20. (ੳ) ਪ੍ਰੋ. ਸਾਹਿਬ ਸਿੰਘ, "ਜੀਵਨ ਬ੍ਰਿਤਾਂਤ ਗੁਰੂ ਹਰਿਗੋਬਿੰਦ ਸਾਹਿਬ", *ਗੁਰ ਇਤਿਹਾਸ (ਦੂਜੀ ਤੋਂ ਨੌਂਵੀਂ ਪਾਤਸ਼ਾਹੀ)*, ਪੰਨੇ 68-70.
(ਅ) ਪ੍ਰਿੰ. ਤੇਜਾ ਸਿੰਘ ਤੇ ਗੰਡਾ ਸਿੰਘ, *ਸਿੱਖ ਇਤਿਹਾਸ (1469-1765)*, ਪੰਨਾ 50.

ਹਿੱਸਿਆਂ ਵਿਚ ਕਾਰੋਬਾਰ ਕਰਨ ਦੇ ਨਾਲ-ਨਾਲ ਸਿੱਖ ਧਰਮ ਦਾ ਪ੍ਰਚਾਰ ਵੀ ਕਰਦੇ ਸਨ।

ਗੁਰੂ ਜੀ ਵਲੋਂ ਮੁਗ਼ਲ ਸੈਨਾਵਾਂ ਨਾਲ ਬਹਾਦਰੀ ਨਾਲ ਟਾਕਰਾ ਕਰਨ ਅਤੇ ਉਨ੍ਹਾਂ ਨੂੰ ਹਰਾਉਣ ਕਾਰਨ ਸਿੱਖ ਮਤ ਦੇ ਧਾਰਨੀਆਂ ਲਈ ਗੌਰਵਤਾ ਵਾਲੀ ਗੱਲ ਸੀ। ਭਾਵੇਂ ਸਮੂਹ ਜੰਗਾਂ ਵਿਚ ਗੁਰੂ ਸਾਹਿਬ ਤੇ ਸਿੱਖ ਯੋਧੇ ਜੇਤੂ ਰਹੇ, ਪਰ ਉਨ੍ਹਾਂ ਨੇ ਕਦੀ ਕੋਈ ਕਬਜ਼ਾ ਨਹੀਂ ਕੀਤਾ। ਲੋਕਾਂ ਅੰਦਰ ਇਕ ਗੱਲ ਸਪੱਸ਼ਟ ਹੋ ਚੁੱਕੀ ਸੀ ਕਿ ਸਿੱਖ ਮਤ ਇਕ ਵਿਲੱਖਣ ਅਤੇ ਅਜ਼ਾਦ ਵਿਚਾਰਧਾਰਾ ਰੱਖਦਾ ਹੈ। ਦੂਸਰਾ, ਲੋਕਾਂ ਅੰਦਰ ਭੈਅ-ਰਹਿਤ ਹੋ ਕੇ ਨਿਡਰਤਾ ਨਾਲ ਸੰਘਰਸ਼ ਕਰਨ ਲਈ ਸਾਹਸ ਉਤਪੰਨ ਹੋਇਆ। ਇਨ੍ਹਾਂ ਮੁੱਠ ਭੇੜਾਂ ਅਤੇ ਜੰਗਾਂ ਤੋਂ ਮੁਕਤ ਹੋ ਕੇ ਗੁਰੂ ਹਰਿਗੋਬਿੰਦ ਸਾਹਿਬ ਸ੍ਰੀ ਕੀਰਤਪੁਰ ਚਲੇ ਗਏ ਅਤੇ ਧਰਮ ਪ੍ਰਚਾਰ ਦਾ ਕਾਰਜ ਮੁੜ ਆਰੰਭ ਦਿੱਤਾ।

ਗੁਰੂ ਜੀ ਨੇ ਆਪਣੇ ਜੀਵਨ ਦਾ ਆਖ਼ਰੀ ਸਮਾਂ ਕੀਰਤਪੁਰ ਸਾਹਿਬ ਵਿਖੇ ਬਤੀਤ ਕੀਤਾ। ਸਿੱਖ ਮਤ ਦਾ ਪ੍ਰਚਾਰ ਕਰਨ ਲਈ ਅਨੇਕਾਂ ਪ੍ਰਾਣੀਆਂ ਨੂੰ ਵੱਖ-ਵੱਖ ਦਿਸ਼ਾਵਾਂ ਵੱਲ ਭੇਜਿਆ। ਭਾਈ ਬਿਧੀ ਚੰਦ ਨੂੰ ਧਰਮ ਦਾ ਪ੍ਰਚਾਰ ਕਰਨ ਲਈ ਬੰਗਾਲ ਵਿਚ ਭੇਜਿਆ ਅਤੇ ਭਾਈ ਗੁਰਦਾਸ ਜੀ ਨੂੰ ਘੋੜੇ ਖ਼ਰੀਦਣ ਲਈ ਕਾਬਲ ਵੱਲ ਤੋਰਿਆ। ਉਨ੍ਹਾਂ ਨੇ ਹਰ ਸਿੱਖ ਨੂੰ ਸਰਬ-ਪੱਖੀ ਸ਼ਖ਼ਸੀਅਤ ਦਾ ਮਾਲਕ ਬਣਾਉਣ ਲਈ ਜਤਨ ਕੀਤਾ। ਗੁਰੂ ਸਾਹਿਬ ਆਪਣੇ ਪੋਤਰੇ ਹਰਿਰਾਇ ਜੀ ਨੂੰ ਗੁਰਿਆਈ ਦੇ ਕੇ 6 ਚੇਤ, ਚੇਤ ਸੁਦੀ 5, ਸੰਮਤ 1701 ਬਿ: (3 ਮਾਰਚ, 1644 ਈ. ਜੂਲੀਅਨ) ਜੋਤੀ ਜੋਤਿ ਸਮਾ ਗਏ।[21]

21. ਪ੍ਰਿੰ. ਤੇਜਾ ਸਿੰਘ ਤੇ ਗੰਡਾ ਸਿੰਘ, *ਸਿੱਖ ਇਤਿਹਾਸ (1469-1765)*, ਪੰਨੇ 52-53.

# ਗੁਰੂ ਹਰਿਰਾਇ ਸਾਹਿਬ
## (1630-1661)

ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪੰਜ ਸਪੁੱਤਰ ਸਨ, ਬਾਬਾ ਗੁਰਦਿੱਤਾ, ਸੂਰਜ ਮੱਲ, ਅਣੀ ਰਾਇ, ਬਾਬਾ ਅਟੱਲ ਤੇ ਤੇਗ਼ ਬਹਾਦਰ ਸਾਹਿਬ। ਬਾਬਾ ਗੁਰਦਿੱਤਾ ਜੀ, ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਚੜ੍ਹਾਈ ਕਰ ਗਏ ਅਤੇ ਉਨ੍ਹਾਂ ਦੇ ਦੋ ਪੁੱਤਰ ਸਨ, ਧੀਰ ਮੱਲ ਅਤੇ ਹਰਿਰਾਇ ਜੀ। ਧੀਰ ਮੱਲ ਵੱਡੇ ਸਨ, ਪਰ ਵਫ਼ਾਦਾਰ ਨਹੀਂ ਸਨ। ਦੂਜੇ ਪਾਸੇ, ਹਰਿਰਾਇ ਜੀ ਹਰ ਪੱਖੋਂ ਸਿਆਣੇ ਸਨ ਅਤੇ ਇਸ ਲਈ ਗੁਰੂ ਹਰਿਗੋਬਿੰਦ ਜੀ ਨੇ ਗੁਰੂ ਹਰਿਰਾਇ ਸਾਹਿਬ ਨੂੰ ਯੋਗ ਸਮਝਦੇ ਗੁਰਗੱਦੀ ਸੌਂਪ ਦਿੱਤੀ।[1]

ਗੁਰੂ ਹਰਿਰਾਇ ਸਾਹਿਬ ਜੀ ਦਾ ਜਨਮ 19 ਮਾਘ, ਸੰਮਤ 1686 ਬਿ:, 16 ਜਨਵਰੀ 1630 (ਜੂਲੀਅਨ) ਨੂੰ ਬਾਬਾ ਗੁਰਦਿੱਤਾ ਜੀ (ਪਿਤਾ) ਅਤੇ ਮਾਤਾ ਕਿਸ਼ਨ ਕੌਰ ਦੇ ਕੁੱਖੋਂ ਕੀਰਤਪੁਰ ਵਿਖੇ ਹੋਇਆ। ਗਿਆਨੀ ਲਾਲ ਸਿੰਘ ਜੀ (ਸੰਗਰੂਰ), ਗੁਰੂ ਹਰਿਰਾਇ ਸਾਹਿਬ ਜੀ ਦੇ ਮਾਤਾ ਦਾ ਨਾਮ ਨਿਹਾਲ ਕੌਰ ਲਿਖਦੇ ਹਨ ਅਤੇ ਜਨਮ ਮਿਤੀ 26 ਫ਼ਰਵਰੀ 1630 ਮੰਨਦੇ ਹਨ।[2]

ਗੁਰੂ ਹਰਿਰਾਇ ਸਾਹਿਬ ਨੂੰ ਸਰਬ-ਪੱਖੀ ਵਿਦਿਅਕ ਯੋਗਤਾ ਪ੍ਰਦਾਨ ਕੀਤੀ ਗਈ। ਜਿਵੇਂ ਗੁਰੂ ਹਰਿਗੋਬਿੰਦ ਸਾਹਿਬ ਵੱਖ-ਵੱਖ ਬੋਲੀਆਂ ਉਪਰੰਤ ਸਰੀਰਕ ਬੱਲ ਅਤੇ ਸ਼ਸਤਰ ਵਿੱਦਿਆ ਵਿਚ ਪ੍ਰਬੀਨ ਸਨ, ਅੱਗੋਂ ਉਨ੍ਹਾਂ ਨੇ ਆਪਣੇ ਸਪੁੱਤਰਾਂ ਨੂੰ ਵੀ ਸ਼ਸਤਰ ਵਿੱਦਿਆ ਵਿਚ ਮਾਹਿਰ ਹੋਣ ਲਈ ਸਿਖਲਾਈ ਦਿਵਾਈ। ਪੋਤਰਾ, ਧੀਰ ਮੱਲ ਸਾਜ਼ਸ਼ਕਾਰੀ ਅਤੇ ਇਮਾਨਦਾਰੀ ਦੇ ਪੱਖੋਂ ਅਯੋਗ ਸੀ, ਪਰ ਛੋਟਾ ਪੋਤਰਾ ਹਰਿਰਾਇ ਜੀ ਸਿਆਣੇ ਅਤੇ ਸੂਝਵਾਨ ਸਨ। ਗੁਰੂ ਹਰਿਰਾਇ ਜੀ ਸ਼ਸਤਰ ਵਿੱਦਿਆ ਵਿਚ ਮਾਹਿਰ ਅਤੇ ਸ਼ਿਕਾਰ ਖੇਡਣ ਦਾ ਪੂਰਾ ਸ਼ੌਕ ਰੱਖਦੇ ਸਨ। ਭਾਵੇਂ ਉਹ ਬਹਾਦਰ ਅਤੇ ਸ਼ਸਤਰ ਵਿੱਦਿਆ ਦੇ ਮਾਹਿਰ ਸਨ, ਪਰ ਦੂਜੇ ਪਾਸੇ ਦਿਆਵਾਨ ਤੇ ਕੋਮਲ ਹਿਰਦੇ ਵਾਲੇ ਵੀ ਸਨ। ਉਹ ਜਾਨਵਰਾਂ ਨੂੰ ਮਾਰਨ ਦੀ ਥਾਂ, ਕਈ ਵਾਰ ਜਿਉਂਦੇ ਫੜ ਕੇ ਆਪਣੇ ਬਣਾਏ ਚਿੜੀਆ ਘਰ ਵਿਚ ਰੱਖ ਲੈਂਦੇ ਸਨ।[3]

ਗੁਰੂ ਹਰਿਰਾਇ ਸਾਹਿਬ ਜੀ ਨੇ ਅਨੇਕਾਂ ਪ੍ਰਕਾਰ ਦੀਆਂ ਜੜ੍ਹੀ ਬੂਟੀਆਂ ਦੇ ਵਿਸ਼ੇਸ਼ ਬਾਗ਼ ਲਗਾਏ ਹੋਏ ਸਨ ਅਤੇ ਇਹ ਜੜ੍ਹੀ ਬੂਟੀਆਂ ਨੂੰ ਦਵਾਈਆਂ ਬਣਾਉਣ ਸਮੇਂ

---

1. M.A. Macauliffe, *The Sikh Religion*, Vol. 4, p. 275.
2. ਗਿਆਨੀ ਲਾਲ ਸਿੰਘ, *ਤਵਾਰੀਖ਼ ਗੁਰੂ ਖ਼ਾਲਸਾ ਪੰਥ*, ਪੰਨਾ 502.
3. ਪ੍ਰਿੰ. ਤੇਜਾ ਸਿੰਘ ਤੇ ਗੰਡਾ ਸਿੰਘ, *ਸਿੱਖ ਇਤਿਹਾਸ (1469-1765)*, ਪੰਨਾ 53.

ਪ੍ਰਯੋਗ ਕੀਤਾ ਜਾਂਦਾ ਸੀ। ਗੁਰੂ ਸਾਹਿਬ ਪਰਉਪਕਾਰੀ ਭਾਵਨਾਵਾਂ ਅਧੀਨ ਰੋਗੀਆਂ ਦਾ ਇਲਾਜ ਵੀ ਕਰਦੇ ਸਨ। ਉਨ੍ਹਾਂ ਵੱਲੋਂ ਪਹਿਲੇ ਗੁਰੂਆਂ ਦੀ ਪਰੰਪਰਾ ਅਨੁਸਾਰ ਲੰਗਰ ਵੀ ਅਤੁੱਟ ਚੱਲਦਾ ਸੀ। ਲੋੜਵੰਦ ਲੋਕਾਂ ਦੀ ਸਹਾਇਤਾ ਵੀ ਕੀਤੀ ਜਾਂਦੀ ਸੀ।

ਗੁਰੂ ਸਾਹਿਬ ਸਦਾ ਹੀ ਦਰਸ਼ਨ ਕਰਨ ਆਉਂਦੀਆਂ ਸੰਗਤਾਂ ਨੂੰ ਲੰਗਰ ਲਗਾਉਣ ਅਤੇ ਲੋੜਵੰਦਾਂ ਦੀ ਸਹਾਇਤਾ ਕਰਨ ਲਈ ਆਖਦੇ ਸਨ। ਇਹ ਵੀ ਸਿੱਖ ਰਵਾਇਤੀ ਪਰੰਪਰਾ ਅਨੁਸਾਰ ਮੰਨਿਆ ਜਾਂਦਾ ਹੈ ਕਿ ਗੁਰੂ ਸਾਹਿਬ ਜੀ ਨੇ ਪਟਿਆਲਾ, ਜੀਂਦ ਅਤੇ ਨਾਭਾ ਰਿਆਸਤਾਂ ਦੇ ਵਡੇਰਿਆਂ ਨੂੰ ਅਸ਼ੀਰਵਾਦ ਦਿੱਤਾ ਸੀ। ਰਿਆਸਤੀ ਲੋਕ ਹੁਣ ਤਕ ਮੰਨਦੇ ਹਨ ਕਿ ਉਨ੍ਹਾਂ ਦੇ ਪਰਿਵਾਰਾਂ ਦੀ ਉੱਚ ਸਥਾਪਨਾ ਤੇ ਤਰੱਕੀ, ਗੁਰੂ ਸਾਹਿਬਾਨ ਵਲੋਂ ਅਸੀਸਾਂ ਮਿਲਣ ਕਰਕੇ ਹੋਈ ਹੈ।

ਜਿਥੋਂ ਤਕ ਪਰਿਵਾਰ ਬਾਰੇ ਜਾਣਕਾਰੀ ਦੇ ਸੰਬੰਧ ਵਿਚ ਹੈ, ਪਹਿਲਾਂ ਹੀ ਉਲੇਖ ਕਰ ਚੁੱਕੇ ਹਾਂ ਕਿ ਗੁਰੂ ਹਰਿਰਾਇ ਸਾਹਿਬ ਜੀ ਦੇ ਪਿਤਾ ਬਾਬਾ ਗੁਰਦਿਤਾ ਜੀ ਚੜ੍ਹਾਈ ਕਰ ਗਏ ਸਨ ਅਤੇ ਉਸ ਸਮੇਂ ਇਨ੍ਹਾਂ ਦੀ ਉਮਰ ਅੱਠ ਕੁ ਸਾਲ ਦੀ ਸੀ। ਇਨ੍ਹਾਂ ਦੀ ਪਾਲਣਾ-ਪੋਸਣਾ, ਇਨ੍ਹਾਂ ਦੇ ਦਾਦਾ ਜੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਕੀਤੀ। ਪਰਿਵਾਰਕ ਪਰੰਪਰਾ ਅਨੁਸਾਰ ਸਭ ਪ੍ਰਕਾਰ ਦੀ ਵਿੱਦਿਆ ਦੇਣ ਲਈ ਪ੍ਰਬੰਧ ਕੀਤੇ। ਗੁਰੂ ਹਰਿਰਾਇ ਸਾਹਿਬ ਜੀ ਦਾ ਅਨੰਦ ਕਾਰਜ 14 ਜਨਵਰੀ 1640* ਨੂੰ ਮਾਤਾ ਸੁਲੱਖਣੀ ਸਪੁੱਤਰੀ ਭਾਈ ਦਇਆ ਰਾਮ ਨਾਲ ਹੋਇਆ। ਗੁਰਗੱਦੀ ਮਿਲਣ ਸਮੇਂ ਆਪ ਜੀ ਦੀ ਉਮਰ 14 ਸਾਲ 2 ਮਹੀਨੇ ਸੀ। ਇਨ੍ਹਾਂ ਦੇ ਤਿੰਨ ਬੱਚੇ ਸਨ, ਬਾਬਾ ਰਾਮਰਾਇ, ਬੀਬੀ ਰੂਪ ਕੌਰ ਅਤੇ (ਗੁਰੂ) ਹਰਿਕ੍ਰਿਸ਼ਨ ਜੀ।[4]

ਕਿਸੇ ਸਮੇਂ ਭਾਰਤੀ ਸੱਭਿਆਚਾਰ ਅੰਦਰ ਇਹ ਸੱਭਿਆਚਾਰ ਭਾਰੂ ਸੀ ਕਿ ਸ਼ਾਹੀ ਪਰਿਵਾਰਾਂ ਵਿਚ ਵੱਧ ਸ਼ਾਦੀਆਂ ਕਰਾਉਣ ਨੂੰ ਸ਼ਾਨ ਸਮਝਿਆ ਜਾਂਦਾ ਸੀ। ਸਨਾਤਨ ਧਰਮ ਦੇ ਅੰਦਰ ਮਾਨਤਾ ਪ੍ਰਾਪਤ ਅਵਤਾਰ ਸ਼੍ਰੀ ਕ੍ਰਿਸ਼ਨ ਜੀ ਬਾਰੇ ਪ੍ਰਸਿੱਧ ਹੈ ਕਿ ਉਹਨਾਂ ਦੀਆਂ ਸੈਂਕੜੇ ਗੋਪੀਆਂ ਸਨ। ਐਨ ਉਸ ਤਰਜ਼ 'ਤੇ ਕੁਝ ਲੇਖਕਾਂ ਨੇ ਗੁਰੂ ਸਾਹਿਬਾਨ ਬਾਰੇ ਲਿਖ ਦਿੱਤਾ ਕਿ ਉਨ੍ਹਾਂ ਨੇ ਵੀ ਇਕ ਤੋਂ ਵੱਧ ਵਿਆਹ ਰਚਾਏ, ਪਰ ਖੋਜੀ ਇਤਿਹਾਸਕਾਰਾਂ ਨੇ ਸਪੱਸ਼ਟ ਕੀਤਾ ਹੈ ਕਿ ਇਹ ਸਭ ਮਨੋਕਲਪਿਤ ਕਥਾਵਾਂ ਹਨ, ਸਚਾਈ ਨਹੀਂ ਹੈ।

ਸਿੱਖ ਲਹਿਰ ਦਾ ਪ੍ਰਚਾਰ ਸਮੂਹ ਗੁਰੂ ਸਾਹਿਬਾਨ ਨੇ ਯੋਜਨਾਬੱਧ ਤਰੀਕੇ ਨਾਲ ਕੀਤਾ। ਦੇਸ਼ ਦੇ ਵੱਖ-ਵੱਖ ਥਾਵਾਂ 'ਤੇ ਪ੍ਰਚਾਰਕ ਕੇਂਦਰ ਸਥਾਪਤ ਕੀਤੇ। ਗੁਰੂ ਅਮਰਦਾਸ ਜੀ ਨੇ ਫੋਕੇ ਕਰਮ-ਕਾਂਡਾਂ ਨੂੰ ਦੂਰ ਕਰਨ ਦੇ ਜਤਨ ਕੀਤੇ। ਇਸ ਉਪਰੰਤ 22 ਮੰਜੀਆਂ, ਦੇਸ਼ ਦੇ ਅਨੇਕਾਂ ਥਾਈਂ ਯੋਗ ਤੇ ਇਮਾਨਦਾਰ ਸਿੱਖਾਂ ਨੂੰ ਬਖ਼ਸ਼ੀਆਂ, ਭਾਵ 22 ਪ੍ਰਚਾਰ ਕੇਂਦਰ ਸਥਾਪਤ ਕੀਤੇ। ਪਹਿਲੇ ਗੁਰੂਆਂ ਵਾਂਗ ਹੀ ਗੁਰੂ ਹਰਿਰਾਇ

---

* ਇਹ ਮਿਤੀ ਜੂਲੀਅਨ ਕੈਲੰਡਰ ਦੀ ਹੈ।

4. ਡਾ. ਹਰਜਿੰਦਰ ਸਿੰਘ ਦਿਲਗੀਰ, *ਸਿੱਖ ਤਵਾਰੀਖ਼*, ਪਹਿਲਾ ਹਿੱਸਾ, ਪੰਨੇ 242-243.

ਸਾਹਿਬ ਨੇ ਨਵੇਂ ਪ੍ਰਚਾਰਕ ਥਾਪੇ। ਗੁਰਮਤਿ ਦੇ ਠੀਕ ਪ੍ਰਚਾਰ ਹੋਣ ਕਰਕੇ ਕਈ ਵੱਖਰੀ ਵਿਚਾਰਧਾਰਾ ਵਾਲੇ ਵਿਅਕਤੀ ਵੀ ਗੁਰੂ ਹਰਿਰਾਇ ਸਾਹਿਬ ਜੀ ਦੇ ਅਨਿਨ ਸਿੱਖ ਬਣੇ। ਇਕ ਮਿਸਾਲ ਭਗਤ ਭਗਵਾਨ ਸੰਨਿਆਸੀ ਮਹੰਤ ਦੀ ਹੈ, ਜਿਸ ਨੇ ਸਿੱਖੀ ਧਾਰਨ ਕੀਤੀ ਅਤੇ ਗੁਰੂ ਹਰਿਰਾਇ ਸਾਹਿਬ ਜੀ ਨੇ ਉਸ ਨੂੰ ਪ੍ਰਚਾਰ ਕਰਨ ਦੀ ਜ਼ੁੰਮੇਵਾਰੀ ਸੌਂਪੀ। ਦੂਸਰੀ ਮਿਸਾਲ ਭਾਈ ਫੇਰੂ ਜੀ ਦੀ ਹੈ, ਜਿਸ ਨੂੰ ਵੀ ਸਿੱਖ ਧਰਮ ਦਾ ਪ੍ਰਚਾਰਕ ਥਾਪਿਆ।[5]

ਗੁਰੂ ਹਰਿਰਾਇ ਸਾਹਿਬ ਵੀ ਆਪਣੇ ਦਾਦੇ ਵਾਂਗ ਸ਼ਸਤਰ ਸਜਾ ਕੇ, ਆਪਣੇ ਘੋੜੇ 'ਤੇ ਸਵਾਰ ਹੋ ਕੇ ਨਿਕਲਦੇ ਸਨ। ਉਨ੍ਹਾਂ ਕੋਲ 2200 ਘੋੜ-ਸਵਾਰ ਫ਼ੌਜੀ ਸਨ ਅਤੇ ਇਹ ਸਭ ਉਨ੍ਹਾਂ ਨੇ ਦਾਦਾ ਜੀ ਦੇ ਦਿਸ਼ਾ ਨਿਰਦੇਸ਼ ਅਨੁਸਾਰ ਕੀਤਾ, ਤਾਂ ਜੋ ਸੰਕਟ ਪੈਣ 'ਤੇ ਤਿਆਰ-ਬਰ-ਤਿਆਰ ਹੋ ਕੇ ਰਿਹਾ ਜਾਵੇ। ਸ਼ਾਮ ਵੇਲੇ ਗੁਰੂ ਜੀ (ਸ਼ਾਹੀ ਰਾਜਿਆਂ ਵਾਂਗ) ਦਰਬਾਰ ਲਗਾਉਂਦੇ ਅਤੇ ਗੁਰਮਤਿ ਵਿਚਾਰਾਂ ਵੀ ਕਰਦੇ ਸਨ।[6]

ਬਾਦਸ਼ਾਹ ਸ਼ਾਹ ਜਹਾਨ ਦੇ ਚਾਰ ਸਪੁੱਤਰ ਸਨ—ਦਾਰਾ ਸ਼ਿਕੋਹ, ਸੁਜ਼ਾ ਮੁਹੰਮਦ, ਔਰੰਗਜ਼ੇਬ ਅਤੇ ਮੁਰਾਦ ਬਖ਼ਸ਼। ਬਾਦਸ਼ਾਹ, ਦਾਰਾ ਸ਼ਿਕੋਹ ਨਾਲ ਜ਼ਿਆਦਾ ਸਨੇਹ ਰੱਖਦਾ ਸੀ। ਔਰੰਗਜ਼ੇਬ ਹੇਰਾ-ਫੇਰੀ ਕਰਨ 'ਚ ਮਾਹਰ ਅਤੇ ਬਹੁਤ ਚੁਸਤ ਸੀ। ਇਹ ਮੰਨਿਆ ਜਾਂਦਾ ਹੈ ਕਿ ਔਰੰਗਜ਼ੇਬ ਨੇ ਦਾਰਾ ਸ਼ਿਕੋਹ ਦੇ ਭੋਜਨ ਵਿਚ ਕੁਝ ਮਿਲਾ ਦਿੱਤਾ ਸੀ। ਦਾਰਾ ਸ਼ਿਕੋਹ ਨੂੰ ਅਰੋਗ ਕਰਨ ਲਈ ਦਵਾਈ ਗੁਰੂ ਹਰਿਰਾਇ ਸਾਹਿਬ ਵਲੋਂ ਦਿੱਤੀ ਗਈ ਸੀ।[7]

ਦਾਰਾ ਸ਼ਿਕੋਹ ਗੁਰੂ ਹਰਿਰਾਇ ਸਾਹਿਬ ਪ੍ਰਤੀ ਸਤਿਕਾਰ ਦੀ ਭਾਵਨਾ ਰੱਖਦਾ ਸੀ ਅਤੇ ਉਸ ਦਾ ਗੁਰੂ ਸਾਹਿਬ ਨਾਲ ਸੰਪਰਕ ਸੀ। ਉਸ ਨੂੰ ਪਤਾ ਸੀ ਕਿ ਸਿੱਖ ਗੁਰੂਆਂ ਨੇ ਹਮੇਸ਼ਾਂ ਹੀ ਦੀਨ ਦੁਖੀਆਂ ਦੀ ਬਾਂਹ ਫੜੀ ਹੈ ਅਤੇ ਪਰਉਪਕਾਰ ਕਰਨਾ ਸਿੱਖੀ ਦਾ ਪ੍ਰਮੁੱਖ ਸਿਧਾਂਤ ਹੈ।

ਇਕੇਰਾਂ ਦਾਰਾ ਸ਼ਿਕੋਹ ਲਾਹੌਰ ਜਾਣ ਸਮੇਂ, ਗੁਰੂ ਹਰਿਰਾਇ ਸਾਹਿਬ ਜੀ ਦੇ ਦਰਸ਼ਨ ਕਰਨ ਲਈ ਕੀਰਤਪੁਰ ਹਾਜ਼ਰ ਹੋਇਆ ਸੀ। ਉਹ ਫ਼ਕੀਰ ਤਬੀਅਤ ਦਾ ਮਾਲਕ ਸੀ ਅਤੇ ਗੁਰੂ ਜੀ ਨੂੰ ਮਿਲ ਕੇ ਉਸ ਨੂੰ ਖ਼ੁਸ਼ੀ ਹੋਈ ਅਤੇ ਕਈ ਭੇਟਾਵਾਂ ਵੀ ਭੇਟ ਕੀਤੀਆਂ। ਸ਼ਾਹ ਜਹਾਨ ਦੇ ਪੁੱਤਰਾਂ ਵਿਚ ਦਿੱਲੀ ਦੇ ਤਖ਼ਤ 'ਤੇ ਬੈਠਣ ਲਈ ਆਪਸੀ ਜੰਗ ਸ਼ੁਰੂ ਹੋਈ। ਔਰੰਗਜ਼ੇਬ ਨੇ ਦਾਰਾ ਸ਼ਿਕੋਹ ਦੀਆਂ ਫ਼ੌਜਾਂ ਨੂੰ ਹਰਾ ਦਿੱਤਾ ਅਤੇ ਆਪਣੇ ਬਾਪ ਸ਼ਾਹਜਹਾਂ ਨੂੰ ਆਗਰਾ ਦੇ ਲਾਲ ਕਿਲ੍ਹੇ ਵਿਚ ਕੈਦ ਕਰ ਦਿੱਤਾ। ਔਰੰਗਜ਼ੇਬ ਦੀਆਂ ਫ਼ੌਜਾਂ ਦਾਰਾ ਸ਼ਿਕੋਹ ਨੂੰ ਫੜਨ ਲਈ ਯਤਨਸ਼ੀਲ ਸਨ। ਦਾਰਾ ਸ਼ਿਕੋਹ ਨੇ ਗੁਰੂ ਹਰਿਰਾਇ ਸਾਹਿਬ ਪਾਸੋਂ ਸਹਾਇਤਾ ਮੰਗੀ। ਗੁਰੂ ਹਰਿਰਾਇ ਜੀ ਪਾਸ 2200 ਘੋੜ-ਸਵਾਰ ਸਨ ਅਤੇ ਉਨ੍ਹਾਂ ਨੇ ਅਸਿੱਧੇ ਤੌਰ 'ਤੇ ਦਾਰਾ ਸ਼ਿਕੋਹ ਦੀ ਮੱਦਦ

5. ਪ੍ਰੋ. ਸਾਹਿਬ ਸਿੰਘ, "ਜੀਵਨ ਬ੍ਰਿਤਾਂਤ ਗੁਰੂ ਹਰਿਰਾਇ ਤੇ ਗੁਰੂ ਹਰਿਕ੍ਰਿਸ਼ਨ ਜੀ", *ਗੁਰ ਇਤਿਹਾਸ (ਦੂਜੀ ਤੋਂ ਨੌਵੀਂ ਪਾਤਸ਼ਾਹੀ)*, ਪੰਨੇ 29-30.
6. M.A. Macauliffe, *The Sikh Religion*, Vol. 4, pp. 277-278.
7. *Ibid*., pp. 278-279.

ਕੀਤੀ। ਗੁਰੂ ਜੀ ਨੇ ਦਰਿਆ ਬਿਆਸ ਦਾ ਰਾਹ ਰੋਕਣ ਲਈ ਆਦਮੀ ਭੇਜੇ ਤਾਂ ਜੋ ਸ਼ਰਨਾਰਥੀ ਸ਼ਹਿਜ਼ਾਦਾ ਬਚ ਕੇ ਨਿਕਲ ਜਾਵੇ, ਕਿਉਂਕਿ ਔਰੰਗਜ਼ੇਬ ਦੀਆਂ ਫ਼ੌਜਾਂ ਉਸ ਦਾ ਪਿੱਛਾ ਕਰ ਰਹੀਆਂ ਸਨ।[8]

ਬਾਦਸ਼ਾਹ ਔਰੰਗਜ਼ੇਬ ਨੂੰ, ਇਹ ਸੂਚਨਾ ਮਿਲੀ ਕਿ ਗੁਰੂ ਹਰਿਰਾਇ ਸਾਹਿਬ ਜੀ ਨੇ ਦਾਰਾ ਸ਼ਿਕੋਹ ਦੀ ਮੱਦਦ ਕੀਤੀ। ਜਿਵੇਂ ਲਿਖ ਚੁੱਕੇ ਹਾਂ ਕਿ ਗੁਰੂ ਸਾਹਿਬ ਨੇ ਅਸਿੱਧੇ ਤੌਰ ’ਤੇ ਦਾਰਾ ਸ਼ਿਕੋਹ ਦੀ ਸਹਾਇਤਾ ਕੀਤੀ। ਇਹ ਵੀ ਸੰਭਵ ਹੈ ਕਿ ਉਸ ਨੇ ਰਸਤੇ ਵਿਚ ਗੁਰੂ ਸਾਹਿਬ ਜੀ ਦੀ ਅਸ਼ੀਰਵਾਦ ਲੈਣ ਲਈ ਪੜਾਅ ਕੀਤਾ ਹੋਵੇ, ਪਰ ਗੁਰੂ ਘਰ ਦੇ ਦੋਖੀਆਂ ਨੂੰ ਮੌਕੇ ਦੀ ਭਾਲ ਸੀ ਅਤੇ ਉਨ੍ਹਾਂ ਨੇ ਵਧਾਅ-ਚੜ੍ਹਾਅ ਕੇ ਬਾਦਸ਼ਾਹ ਨੂੰ ਸ਼ਿਕਾਇਤਾਂ ਲਗਾਈਆਂ ਹੋਣਗੀਆਂ। ਦੂਸਰਾ, ਗੁਰੂ ਸਾਹਿਬਾਨ ਸ਼ਾਹੀ ਲਿਬਾਸ ਅਤੇ ਫ਼ੌਜਾਂ ਸਮੇਤ ਵਿਚਰਦੇ ਸਨ ਅਤੇ ਕਲਗ਼ੀ ਵੀ ਸਜਾਉਂਦੇ ਸਨ। ਵਿਰੋਧੀ ਲੋਕਾਂ ਨੇ ਰਾਜੇ ਦੇ ਮਨ ਵਿਚ ਡਰ ਪੈਦਾ ਕੀਤਾ ਹੋਵੇਗਾ ਕਿ ਸਿੱਖਾਂ ਦੀ ਤਾਕਤ ਵੱਧ ਰਹੀ ਹੈ।

ਔਰੰਗਜ਼ੇਬ ਪੂਰੀ ਤਰ੍ਹਾਂ ਦੋਨਾਂ ਭਰਾਵਾਂ ਦੇ ਡਰ ਤੋਂ ਮੁਕਤ ਹੋ ਕੇ ਦਿੱਲੀ ਦੇ ਤਖ਼ਤ ’ਤੇ ਬੈਠਾ। ਬਾਦਸ਼ਾਹ ਨੇ ਗੁਰੂ ਹਰਿਰਾਇ ਸਾਹਿਬ ਨੂੰ ਦਿੱਲੀ ਆਉਣ ਲਈ ਸੱਦਾ ਦਿੱਤਾ। ਗੁਰੂ ਸਾਹਿਬ ਕੀਰਤਪੁਰ ਸਨ, ਪਰ ਉਨ੍ਹਾਂ ਨੇ ਆਪਣੇ ਥਾਂ, ਆਪਣੇ ਵੱਡੇ ਪੁੱਤਰ ਬਾਬਾ ਰਾਮਰਾਇ ਜੀ ਨੂੰ ਭੇਜਿਆ। ਉਸ ਨੂੰ ਵਿਸ਼ੇਸ਼ ਹਦਾਇਤ ਵੀ ਕੀਤੀ ਸੀ ਕਿ ਦ੍ਰਿੜ੍ਹਤਾ ਰੱਖਣੀ ਅਤੇ ਗੁਰੂ ਨੂੰ ਅੰਗ ਸੰਗ ਸਮਝਣਾ।

ਪ੍ਰਚੱਲਤ ਰਵਾਇਤ ਹੈ ਕਿ ਬਾਦਸ਼ਾਹ ਨੇ ਰਾਮਰਾਇ ਜੀ ਦੀ ਕਾਬਲੀਅਤ ਪਰਖਣ ਲਈ ਬਹੁਤ ਪ੍ਰਸ਼ਨ ਪੁੱਛੇ ਅਤੇ ਉਹ ਉੱਤਰ ਦਿੰਦੇ ਰਹੇ। ਜਦੋਂ ਬਾਦਸ਼ਾਹ ਨੇ ਪੁੱਛਿਆ ਕਿ ਗੁਰੂ ਨਾਨਕ ਸਾਹਿਬ ਜੀ ਨੇ ਬਾਣੀ ਅੰਦਰ ‘ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮਿਆਰ” ਇਸ ਦਾ ਕੀ ਅਰਥ ਹੈ। ਇਸ ਪ੍ਰਸ਼ਨ ’ਤੇ ਰਾਮਰਾਇ ਥਿੜਕ ਗਏ ਅਤੇ ਆਖਿਆ ਕਿ ਗੁਰੂ ਸਾਹਿਬ ਨੇ ‘ਮਿਟੀ ਬੇਈਮਾਨ’ ਉਚਾਰਿਆ ਸੀ, ਪਰ ਕਾਤਬ ਦੀ ਗ਼ਲਤੀ ਨਾਲ ਮੁਸਲਮਾਨ ਲਿਖਿਆ ਗਿਆ। ਇਹ ਹੈਰਾਨ ਕਰਨ ਵਾਲੀ ਗੱਲ ਹੈ ਕਿ ਰਾਮਰਾਇ ਨੇ ਝੂਠ ਕਿਉਂ ਬੋਲਿਆ, ਹਾਲਾਂਕਿ ਵਿਆਖਿਆ ਹੋ ਸਕਦੀ ਸੀ। ਪਰ ਗ਼ਲਤੀ ਕਰਕੇ ਰਾਮਰਾਇ ਗੁਰੂ ਘਰ ਦਾ ਦੋਖੀ ਬਣ ਗਿਆ। ਗੁਰੂ ਹਰਿਰਾਇ ਸਾਹਿਬ ਜੀ ਨੇ ਸਮਝ ਲਿਆ ਸੀ ਕਿ ਰਾਮਰਾਇ ਜੀ ਸਿੱਖ ਲਹਿਰ ਦੀ ਜ਼ੁੰਮੇਵਾਰੀ ਸਾਂਭਣ ਦੇ ਯੋਗ ਨਹੀਂ ਰਿਹਾ। ਉਸ ਨੂੰ ਸੁਨੇਹਾ ਦਿੱਤਾ ਕਿ ਉਸ ਨੇ ਬਾਣੀ ਦੀ ਨਿਰਾਦਰੀ ਕੀਤੀ ਹੈ ਅਤੇ ਹੁਣ ਉਨ੍ਹਾਂ ਪਾਸ ਨਹੀਂ ਆਉਣਾ ਭਾਵ ਉਨ੍ਹਾਂ ਨੇ ਮੱਥੇ ਲੱਗਣ ਤੋਂ ਇਨਕਾਰ ਕਰ ਦਿੱਤਾ। ਔਰੰਗਜ਼ੇਬ ਫੁੱਟ ਪਾਉਣ ਵਿਚ ਸਫਲ ਹੋਇਆ ਤੇ ਰਾਮਰਾਇ ਨੂੰ ਡੇਰਾਦੂਨ ਵਿਖੇ ਵੱਡੀ ਜਗੀਰ ਦੇ ਦਿੱਤੀ, ਜਿਥੇ ਉਸ ਨੇ ਆਪਣਾ ਡੇਰਾ ਸਥਾਪਤ ਕੀਤਾ। ਬਾਬਾ ਰਾਮਰਾਇ ਵੱਲੋਂ ਗੁਰਬਾਣੀ ਦੀ ਤੁਕ ਬਦਲ ਕੇ ਦੱਸਣੀ, ਉਸ ਦੀ

---

8. ਪ੍ਰਿੰ. ਤੇਜਾ ਸਿੰਘ ਤੇ ਗੰਡਾ ਸਿੰਘ, *ਸਿੱਖ ਇਤਿਹਾਸ (1469-1765)*, ਪੰਨੇ 54-55.
ਨਾਲ ਦੇਖੋ : ਗਿਆਨੀ ਲਾਲ ਸਿੰਘ, *ਤਵਾਰੀਖ਼ ਗੁਰੂ ਖ਼ਾਲਸਾ ਪੰਥ* (ਭਾਗ 2), ਪੰਨਾ 515.

ਕਮਜ਼ੋਰੀ ਦਾ ਪੱਖ ਜ਼ਾਹਰ ਹੋਇਆ। ਗੁਰੂ ਹਰਿਰਾਇ ਸਾਹਿਬ ਨੇ ਗੁਰਗੱਦੀ ਵੱਡੇ ਪੁੱਤਰ ਦੀ ਥਾਂ ਹਰਿਕ੍ਰਿਸ਼ਨ ਜੀ ਨੂੰ ਸੌਂਪ ਦੇਣ ਦਾ ਫ਼ੈਸਲਾ ਕਰ ਲਿਆ।[9]

ਸਿੱਖ ਲਹਿਰ ਦਿਨੋ-ਦਿਨ ਤਰੱਕੀ ਕਰਦੀ ਰਹੀ, ਅਤੇ ਕੈਥਲ ਅਤੇ ਬਾਗੜੀਆਂ ਦੇ ਭਾਈ ਪਰਿਵਾਰਾਂ ਨੂੰ ਸਤਲੁਜ ਅਤੇ ਜਮਨਾ ਦਰਿਆਵਾਂ ਦੇ ਵਿਚਕਾਰਲੇ ਇਲਾਕਿਆਂ ਵਿਚ ਪ੍ਰਚਾਰ ਕਰਨ ਦੀ ਜ਼ੁੰਮੇਵਾਰੀ ਦਿੱਤੀ। ਗੁਰੂ ਹਰਿਰਾਇ ਜੀ ਨੇ ਤਕਰੀਬਨ ਸਤਾਰਾਂ ਸਾਲ ਗੁਰਿਆਈ ਦੀ ਜ਼ੁੰਮੇਵਾਰੀ ਬਾਖ਼ੂਬੀ ਨਿਭਾਈ। ਆਖ਼ਰ 6 ਕੱਤਕ, ਸੰਮਤ 1718 ਬਿ: (6 ਅਕਤੂਬਰ 1661 ਈ.) ਨੂੰ ਕੀਰਤਪੁਰ ਵਿਖੇ ਜੋਤੀ ਜੋਤਿ ਸਮਾ ਗਏ।[10] ਇਨ੍ਹਾਂ ਦੀ ਉਮਰ 31 ਸਾਲ 8 ਮਹੀਨੇ 22 ਦਿਨ ਦੀ ਸੀ। ਇਸ ਪ੍ਰਤੀ ਦੋ ਰਾਵਾਂ ਨਹੀਂ ਕਿ ਗੁਰੂ ਹਰਿਰਾਇ ਜੀ ਦੇ ਸਮੇਂ ਸਿੱਖ ਧਰਮ ਭਾਰਤ ਦੇ ਵੱਖ-ਵੱਖ ਹਿੱਸਿਆਂ ਵਿਚ ਫੈਲ ਚੁੱਕਾ ਸੀ ਅਤੇ ਪ੍ਰਚਾਰ ਕੇਂਦਰਾਂ ਨੇ ਵੀ ਅਹਿਮ ਭੂਮਿਕਾ ਨਿਭਾਈ।

9. ਪ੍ਰਿੰ. ਤੇਜਾ ਸਿੰਘ ਤੇ ਗੰਡਾ ਸਿੰਘ, *ਸਿੱਖ ਇਤਿਹਾਸ (1469-1765)*, ਪੰਨਾ 55.
10. *ਉਹੀ*, ਪੰਨਾ 56.

# ਗੁਰੂ ਹਰਿਕ੍ਰਿਸ਼ਨ ਜੀ

## (1656-1664)

ਗੁਰੂ ਹਰਿਕ੍ਰਿਸ਼ਨ ਜੀ ਗੁਰੂ ਹਰਿਰਾਇ ਸਾਹਿਬ ਦੇ ਛੋਟੇ ਸਪੁੱਤਰ ਸਨ। ਇਨ੍ਹਾਂ ਦਾ ਜਨਮ 8 ਸਾਵਨ, ਸਾਵਨ ਵਦੀ 10, ਸੰਮਤ 1713 ਬਿ: (7 ਜੁਲਾਈ 1656 ਈ.) ਨੂੰ ਹੋਇਆ। ਇਨ੍ਹਾਂ ਦੇ ਵੱਡੇ ਭਰਾਤਾ ਰਾਮਰਾਇ ਨੂੰ ਛੱਡ ਕੇ, ਛੇ ਸਾਲ ਦੀ ਉਮਰ ਵਾਲੇ ਗੁਰੂ ਹਰਿਕ੍ਰਿਸ਼ਨ ਜੀ ਨੂੰ ਗੁਰਿਆਈ ਕਿਉਂ ਮਿਲੀ ? ਇਸ ਬਾਰੇ ਪਹਿਲਾਂ ਹੀ ਵਿਚਾਰ ਕਰ ਚੁੱਕੇ ਹਾਂ। ਭਾਵੇਂ ਇਨ੍ਹਾਂ ਦੀ ਉਮਰ ਛੋਟੀ ਸੀ, ਪਰ ਇਨ੍ਹਾਂ ਦੀ ਯੋਗਤਾ ਅਤੇ ਸੂਝ ਬੂਝ ਬਾਰੇ ਕਿਸੇ ਨੂੰ ਭੁਲੇਖਾ ਨਹੀਂ ਸੀ। ਇਹ ਸਿੱਖ ਸੰਗਤਾਂ ਨੂੰ ਗੁਰਮਤਿ ਦੀ ਵਿਚਾਰਧਾਰਾ ਅਤੇ ਸਿੱਖ ਸਿਧਾਂਤਾਂ ਦਾ ਪ੍ਰਚਾਰ ਕਰਦੇ ਸਨ। ਜਦੋਂ ਗੁਰੂ ਹਰਿਰਾਇ ਸਾਹਿਬ ਨੇ ਆਪਣੇ ਛੋਟੇ ਸਾਹਿਬਜ਼ਾਦੇ ਨੂੰ 6 ਕੱਤਕ ਸੰਮਤ 1718 ਬਿ: ਨੂੰ ਵਾਰਿਸ ਥਾਪ ਦਿੱਤਾ ਤਾਂ ਬਾਬਾ ਰਾਮਰਾਇ ਔਰੰਗਜ਼ੇਬ ਬਾਦਸ਼ਾਹ ਦੇ ਦਰਬਾਰ ਵਿਚ ਸੀ। ਉਸ ਨੇ ਬਾਦਸ਼ਾਹ ਪਾਸ ਰੋਸ ਕੀਤਾ ਕਿ ਉਸ ਨੂੰ ਹੀ ਦਿੱਲੀ ਦਰਬਾਰ ਵਿਚ ਭੇਜਿਆ ਗਿਆ ਸੀ, ਉਸ ਨੇ ਆਪਣੀ ਕਾਬਲੀਅਤ ਅਨੁਸਾਰ ਭੂਮਿਕਾ ਨਿਭਾਈ, ਪਰ ਫਿਰ ਵੀ ਗੁਰਿਆਈ ਉਸ ਦੇ ਛੋਟੇ ਭਰਾ ਨੂੰ ਦਿੱਤੀ ਗਈ।[1]

ਰਾਮਰਾਇ ਨੇ ਆਪਣੇ ਗੁਰਿਆਈ ਦੇ ਹੱਕ ਨੂੰ ਪੇਸ਼ ਕਰਨ ਲਈ ਕੁਝ ਮਸੰਦਾਂ ਨੂੰ ਆਪਣੇ ਹੱਕ ਵਿਚ ਖੜੇ ਹੋਣ ਲਈ ਤਿਆਰ ਕੀਤਾ। ਉਨ੍ਹਾਂ ਮਸੰਦਾਂ ਨੇ ਥਾਂ-ਥਾਂ 'ਤੇ ਜਾ ਕੇ ਐਲਾਨ ਕੀਤਾ ਕਿ ਗੁਰੂ ਹਰਿਰਾਇ ਸਾਹਿਬ ਤੋਂ ਪਿੱਛੋਂ ਗੁਰਿਆਈ ਰਾਮਰਾਇ ਜੀ ਨੂੰ ਸੌਂਪੀ ਗਈ ਹੈ। ਮਸੰਦਾਂ ਵੱਲੋਂ ਐਲਾਨ ਹੋਣ 'ਤੇ ਵੀ ਸਿੱਖਾਂ ਨੂੰ ਬਾਬਾ ਰਾਮਰਾਇ ਬਾਰੇ ਪੂਰਾ ਭੇਤ ਸੀ, ਜਿਸ ਕਰਕੇ ਉਨ੍ਹਾਂ ਨੇ ਰਾਮਰਾਇ ਨੂੰ ਗੁਰੂ ਮੰਨਣ ਤੋਂ ਇਨਕਾਰ ਕਰ ਦਿੱਤਾ। ਬਾਦਸ਼ਾਹ ਔਰੰਗਜ਼ੇਬ ਨੇ ਰਾਮਰਾਇ ਅਤੇ ਗੁਰੂ ਹਰਿਕ੍ਰਿਸ਼ਨ ਜੀ ਨੂੰ ਦਿੱਲੀ ਆਉਣ ਲਈ ਸੱਦਾ ਦਿੱਤਾ। ਗੁਰੂ ਹਰਿਰਾਇ ਸਾਹਿਬ ਜੀ ਨੇ ਗੁਰੂ ਹਰਿਕ੍ਰਿਸ਼ਨ ਜੀ ਨੂੰ ਆਖਿਆ ਹੋਇਆ ਸੀ ਕਿ ਉਹ ਬਾਦਸ਼ਾਹ ਦੇ ਮੱਥੇ ਨਾ ਲੱਗਣ। ਇਸ ਲਈ ਗੁਰੂ ਹਰਿਕ੍ਰਿਸ਼ਨ ਜੀ ਨੂੰ ਬਾਦਸ਼ਾਹ ਦੇ ਦਰਬਾਰ ਅੰਦਰ ਜਾਣ ਲਈ ਮਨਾਉਣਾ ਸੰਭਵ ਨਹੀਂ ਸੀ। ਮਿਰਜ਼ਾ ਜੈ ਸਿੰਘ ਨੇ ਦਿੱਲੀ ਵਿਖੇ ਆਪਣੇ ਬੰਗਲੇ ਵਿਚ ਗੁਰੂ ਜੀ ਨੂੰ ਠਹਿਰਾਇਆ। ਬਾਦਸ਼ਾਹ ਗੁਰੂ ਹਰਿਕ੍ਰਿਸ਼ਨ ਜੀ ਦੀ ਸੂਝ-ਬੂਝ ਨੂੰ ਪਰਖਣਾ ਚਾਹੁੰਦਾ ਸੀ। ਗੁਰੂ ਹਰਿਕ੍ਰਿਸ਼ਨ ਨੂੰ ਜੈ ਸਿੰਘ ਦੇ ਪਰਿਵਾਰ ਦੀਆਂ ਇਸਤਰੀਆਂ ਨੇ ਆਲੇ-ਦੁਆਲੇ ਘੇਰਾ ਘੱਤ ਲਿਆ ਅਤੇ ਇਨ੍ਹਾਂ ਇਸਤਰੀਆਂ ਵਿਚ ਘਰ ਦੀਆਂ

1. M.A. Macauliffe, *The Sikh Religion*, Vol. 4, p. 315.

ਨੌਕਰਾਣੀਆਂ ਵੀ ਸ਼ਾਮਲ ਸਨ, ਪਰ ਵਸਤਰ ਸਾਰਿਆਂ ਨੇ ਸੁੰਦਰ ਪਹਿਨੇ ਹੋਏ ਸਨ। ਗੁਰੂ ਜੀ ਨੂੰ ਪ੍ਰਸ਼ਨ ਦਿੱਤਾ ਗਿਆ ਕਿ ਉਹ ਰਾਣੀ ਇਸਤਰੀ ਦੀ ਪਛਾਣ ਕਰਨ। ਉਨ੍ਹਾਂ ਨੇ ਝੱਟ ਪਛਾਣ ਕੇ ਦੱਸ ਦਿੱਤਾ। ਬਾਦਸ਼ਾਹ ਨੂੰ ਹੁਣ ਪੂਰਾ ਯਕੀਨ ਹੋ ਗਿਆ ਸੀ ਕਿ ਗੁਰੂ ਹਰਿਕ੍ਰਿਸ਼ਨ ਜੀ ਦੀ ਚੋਣ ਪੂਰੀ ਤਰ੍ਹਾਂ ਠੀਕ ਸੀ ਅਤੇ ਰਾਮਰਾਇ ਦੀ ਮੰਗ ਨੂੰ ਅਸਵੀਕਾਰ ਕਰ ਦਿੱਤਾ।[2]

ਇਹ ਬਹੁਤ ਵੱਡੀ ਗੱਲ ਸੀ ਕਿ ਗੁਰੂ ਹਰਿਰਾਇ ਸਾਹਿਬ ਜੀ ਵਲੋਂ ਮਿਲੀ ਹਦਾਇਤ 'ਤੇ ਗੁਰੂ ਹਰਿਕ੍ਰਿਸ਼ਨ ਜੀ ਨੇ ਫੁੱਲ ਚੜ੍ਹਾਏ, ਭਾਵ ਉਨ੍ਹਾਂ ਦਾ ਹੁਕਮ ਸੀ ਕਿ ਬਾਦਸ਼ਾਹ ਦੇ ਮੱਥੇ ਨਹੀਂ ਲੱਗਣਾ। ਉਨ੍ਹਾਂ ਨੇ ਬਹੁਤ ਨਿਡਰਤਾ ਨਾਲ ਦ੍ਰਿੜ੍ਹਤਾ ਦਿਖਾਈ ਅਤੇ ਰਾਜਾ ਜੈ ਸਿੰਘ ਦੇ ਬੰਗਲੇ ਵਿਚ ਹੀ ਨਿਵਾਸ ਰੱਖਿਆ। ਰਾਜਾ ਜੈ ਸਿੰਘ ਜੀ ਦੇ ਨਿਵਾਸ ਅਸਥਾਨ 'ਤੇ ਸੰਗਤਾਂ ਨੂੰ ਮਿਲਦੇ ਰਹੇ ਅਤੇ ਉਸ ਸਮੇਂ ਹੀ ਚੇਚਕ ਦੀ ਬੀਮਾਰੀ ਵੀ ਫੈਲੀ ਹੋਈ ਸੀ। ਗੁਰੂ ਸਾਹਿਬ ਲੋਕਾਂ ਦਾ ਇਲਾਜ ਕਰਦੇ ਸਨ ਅਤੇ ਇਸ ਦੇ ਨਾਲ ਹੀ ਗੁਰਮਤਿ ਦਾ ਪ੍ਰਚਾਰ ਵੀ ਨਿਰੰਤਰ ਕੀਤਾ। ਆਖ਼ਰ ਚੇਚਕ ਦੀ ਬੀਮਾਰੀ ਨੇ ਇਨ੍ਹਾਂ ਉੱਪਰ ਵੀ ਅਸਰ ਕੀਤਾ। ਕਿਉਂਕਿ ਆਪ ਜੀ ਰੋਗੀਆਂ ਦਾ ਇਲਾਜ ਕਰਦੇ ਸਨ ਅਤੇ ਉਨ੍ਹਾਂ ਨਾਲ ਵਧੇਰੇ ਸੰਪਰਕ ਹੋਣ ਕਾਰਨ ਖ਼ੁਦ ਬੀਮਾਰੀ ਦੇ ਸ਼ਿਕਾਰ ਹੋ ਗਏ। ਆਪ ਜੀ 3 ਵੈਸਾਖ, 1721 ਬਿ: (30 ਮਾਰਚ 1664 ਈ.) ਨੂੰ ਜੋਤੀ ਜੋਤਿ ਸਮਾ ਗਏ। ਗੁਰੂ ਤੇਗ਼ ਬਹਾਦਰ ਜੀ ਦੀ ਇਨ੍ਹਾਂ ਨਾਲ ਕੁਝ ਸਮਾਂ ਦਿੱਲੀ ਵਿਖੇ ਮਿਲਣੀ ਵੀ ਹੋਈ ਸੀ। ਗੁਰੂ ਹਰਿਕ੍ਰਿਸ਼ਨ ਜੀ ਨੇ ਸਰੀਰ ਛੱਡਣ ਤੋਂ ਪਹਿਲਾਂ ਸਪੱਸ਼ਟ ਰੂਪ ਵਿਚ ਗੁਰਗੱਦੀ ਦੀ ਜ਼ੁੰਮੇਵਾਰੀ ਗੁਰੂ ਤੇਗ਼ ਬਹਾਦਰ ਸਾਹਿਬ ਨੂੰ ਦੇਣ ਦਾ ਐਲਾਨ ਕਰ ਦਿੱਤਾ ਸੀ। ਉਨ੍ਹਾਂ ਨੇ ਭਾਈ ਦਰਘਾ ਮੱਲ ਜੀ, ਅਤੇ ਮਾਤਾ ਸੁਲੱਖਣੀ ਜੀ ਦੀ ਅਗਵਾਈ ਹੇਠ ਭਾਈ ਚਉਪਤ ਰਾਇ, ਮਨੀ ਰਾਮ, ਜਮੂ ਅਤੇ ਨਾਨੂ ਦੇ ਵਫ਼ਦ ਨੂੰ ਬਕਾਲੇ ਪਹੁੰਚ ਕੇ ਗੁਰਤਾ ਗੱਦੀ ਦੀ ਰਸਮ ਨੂੰ ਕਰਨ ਲਈ ਆਦੇਸ਼ ਦਿੱਤਾ।[3]

ਸਿੱਖ ਇਤਿਹਾਸ ਅੰਦਰ ਇਕ ਸਾਖੀ ਪ੍ਰਚੱਲਤ ਹੈ ਕਿ ਗੁਰੂ ਹਰਿਕ੍ਰਿਸ਼ਨ ਜੀ ਨੇ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਇਸ਼ਾਰਾ ਕਰ ਦਿੱਤਾ ਸੀ ਕਿ ਬਾਬਾ ਬਕਾਲੇ ਹੈ। ਇਥੇ ਇਕ ਗੱਲ ਪ੍ਰਤੱਖ ਹੈ ਕਿ ਭਾਵੇਂ ਉਪਰੋਕਤ ਗੱਲ, ਇਕ ਰਵਾਇਤੀ ਪਰੰਪਰਾ ਦੇ ਤੌਰ 'ਤੇ ਸਥਾਪਤ ਹੈ ਕਿ ਗੁਰੂ ਹਰਿਕ੍ਰਿਸ਼ਨ ਜੀ ਵੱਲੋਂ ਇਹ ਬਚਨ ਆਖਣ ਤੋਂ ਪਤਾ ਲੱਗ ਗਿਆ ਸੀ ਕਿ ਇਨ੍ਹਾਂ ਤੋਂ ਬਾਅਦ ਗੁਰੂ ਤੇਗ਼ ਬਹਾਦਰ ਜੀ ਗੁਰਗੱਦੀ 'ਤੇ ਬੈਠਣਗੇ।

ਸਿੱਖ ਲਹਿਰ ਦੀਆਂ ਵਿਰੋਧੀ ਤਾਕਤਾਂ ਵਲੋਂ ਗੁਰਿਆਈ ਵਾਸਤੇ ਕਈ ਹੱਕਦਾਰ ਚੁੱਕ ਚੁਕਾ ਕੇ ਖੜੇ ਕਰ ਦਿੱਤੇ। ਪਰੰਪਰਾ ਇਹ ਵੀ ਹੈ ਕਿ ਬਕਾਲੇ ਵਿਚ ਕਈ ਸੋਢੀ ਪਰਿਵਾਰਾਂ ਨੇ ਜੋ ਗੁਰੂ-ਪਰਿਵਾਰਾਂ ਨਾਲ ਨੇੜਤਾ ਰੱਖਦੇ ਸਨ, ਆਪਣੀਆਂ ਗੱਦੀਆਂ ਲਗਾ ਲਈਆਂ। ਬਾਬਾ ਧੀਰ ਮੱਲ ਵੀ ਇਨ੍ਹਾਂ ਵਿਚ ਸ਼ਾਮਲ ਸੀ। ਇਹ ਵੀ ਪਤਾ

2. ਪ੍ਰਿੰ. ਤੇਜਾ ਸਿੰਘ ਤੇ ਗੰਡਾ ਸਿੰਘ, *ਸਿੱਖ ਇਤਿਹਾਸ (1469-1765)*, ਪੰਨੇ 56-57.

3. ਮਹਿੰਦਰ ਸਿੰਘ ਜੋਸ਼, *ਜੀਵਨ ਗਾਥਾ ਗੁਰੂ ਤੇਗ਼ ਬਹਾਦਰ ਅਤੇ ਸਿੱਖ ਇਨਕਲਾਬ*, ਪੰਨੇ 38-39.

ਲੱਗਦਾ ਹੈ ਕਿ ਇਸ ਪਰਿਵਾਰ (ਧੀਰ ਮੱਲ) ਪਾਸ ਭਾਈ ਗੁਰਦਾਸ ਜੀ ਦੇ ਹੱਥਾਂ ਦੁਆਰਾ ਲਿਖੀ ਹੋਈ ਪਹਿਲੀ 'ਆਦਿ ਬੀੜ' ਸੀ। ਆਖ਼ਰ ਗੁਰੂ ਤੇਗ਼ ਬਹਾਦਰ ਜੀ ਦੀ ਭਾਲ ਕਰਨ ਵਿਚ ਅਤੇ ਸੰਗਤਾਂ ਨੂੰ ਦੱਸਣ ਲਈ ਭਾਈ ਮੱਖਣ ਸ਼ਾਹ ਨੇ ਅਹਿਮ ਭੂਮਿਕਾ ਨਿਭਾਈ।

ਸਿੱਖ ਇਤਿਹਾਸ ਅੰਦਰ ਗੁਰੂ ਹਰਿਕ੍ਰਿਸ਼ਨ ਜੀ ਨੂੰ ਗੁਰੂ ਹਰਿਰਾਇ ਸਾਹਿਬ ਜੀ ਵੱਲੋਂ ਛੇ ਸਾਲ ਦੀ ਉਮਰ ਦੇ ਬਾਲ ਉਮਰ ਸਪੁੱਤਰ ਨੂੰ ਗੁਰਿਆਈ ਸੌਂਪਣੀ, ਇਕ ਵਿਲੱਖਣ ਪਰੰਪਰਾ ਸੀ। ਹੈਰਾਨੀ ਇਸ ਗੱਲ ਦੀ ਹੈ ਕਿ ਬਾਲ ਉਮਰ ਵਿਚ ਹੀ ਉਨ੍ਹਾਂ ਨੇ ਗੁਰਿਆਈ ਦੀ ਜ਼ੁੰਮੇਵਾਰੀ ਨਿਭਾਈ ਅਤੇ ਸੰਗਤਾਂ ਨੇ ਪੂਰਨ ਵਿਸ਼ਵਾਸ ਨਾਲ ਉਨ੍ਹਾਂ ਉੱਤੇ ਭਰੋਸਾ ਰੱਖਿਆ।

# ਗੁਰੂ ਤੇਗ਼ ਬਹਾਦਰ ਸਾਹਿਬ
## (1621-1675 ਈ.)

ਗੁਰੂ ਤੇਗ਼ ਬਹਾਦਰ ਜੀ, ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਭ ਤੋਂ ਛੋਟੇ ਸਪੁੱਤਰ ਸਨ। ਇਨ੍ਹਾਂ ਦਾ ਜਨਮ ਪਿਤਾ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਗ੍ਰਹਿ ਵਿਖੇ ਅਤੇ ਮਾਤਾ ਨਾਨਕੀ ਜੀ ਦੀ ਕੁੱਖੋਂ 5 ਵੈਸਾਖ, ਵੈਸਾਖ ਵਦੀ 5, 1678 ਬਿ:* (1 ਅਪ੍ਰੈਲ 1621 ਈ. ਜੂਲੀਅਨ) ਨੂੰ ਅੰਮ੍ਰਿਤਸਰ ਵਿਚ ਹੋਇਆ ਸੀ।[1] ਗੁਰੂ ਬਜ਼ਾਰ ਦੀ ਇਕ ਗਲੀ ਵਿਚ, ਉਹ ਅਸਥਾਨ 'ਗੁਰੂ ਕੇ ਮਹਿਲ' ਦੇ ਨਾਮ ਨਾਲ ਜਾਣਿਆ ਜਾਂਦਾ ਹੈ ਅਤੇ ਮੌਜੂਦਾ ਸਮੇਂ ਵੀ ਸੰਗਤਾਂ ਹਾਜ਼ਰੀ ਲਗਾਉਂਦੀਆਂ ਹਨ। ਗੁਰੂ ਤੇਗ਼ ਬਹਾਦਰ ਜੀ 9 ਸਾਲ ਦੀ ਉਮਰ ਤਕ ਅੰਮ੍ਰਿਤਸਰ ਹੀ ਰਹੇ। ਗੁਰੂ ਹਰਿਗੋਬਿੰਦ ਸਾਹਿਬ ਜੀ ਕਰਤਾਰਪੁਰ ਦੀ ਜੰਗ ਜਿੱਤ ਕੇ, ਕੀਰਤਪੁਰ ਚਲੇ ਗਏ ਸਨ ਅਤੇ ਗੁਰੂ ਤੇਗ਼ ਬਹਾਦਰ ਜੀ ਅਤੇ ਉਨ੍ਹਾਂ ਦੀ ਮਾਤਾ ਜੀ ਨੂੰ ਬਕਾਲੇ ਪਿੰਡ ਰਹਿਣ ਲਈ ਭੇਜ ਦਿੱਤਾ।[2]

*ਗੁਰੂ ਕੀਆਂ ਸਾਖੀਆਂ* ਅਤੇ *ਭੱਟ ਵਹੀ ਤਲੌਂਡਾ ਪਰਗਣਾ ਜੀਂਦ* ਅਨੁਸਾਰ ਗੁਰੂ ਹਰਿਕ੍ਰਿਸ਼ਨ ਜੀ ਨੇ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਸਪੱਸ਼ਟ ਤੌਰ 'ਤੇ ਐਲਾਨ ਕਰ ਦਿੱਤਾ ਸੀ ਕਿ ਗੁਰਗੱਦੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਨੂੰ ਸੌਂਪੀ ਜਾਵੇਗੀ। ਇਸ ਗੁਰਿਆਈ ਦੀ ਰਸਮ ਦੀ ਅਦਾਇਗੀ ਲਈ ਕੁਝ ਸਿੱਖਾਂ ਦੇ ਨਾਮ ਨਾਮਜ਼ਦ ਕਰ ਦਿੱਤੇ ਸਨ ਅਤੇ ਕੁਝ ਦਿਨ ਪਹਿਲਾਂ ਗੁਰੂ ਤੇਗ਼ ਬਹਾਦਰ ਜੀ ਦੀ ਮਿਲਣੀ ਦਿੱਲੀ ਵਿਖੇ, ਗੁਰੂ ਹਰਿਕ੍ਰਿਸ਼ਨ ਸਾਹਿਬ ਨਾਲ ਹੋਈ ਸੀ।[3]

ਇਸ ਬਾਰੇ ਪਹਿਲਾਂ ਦੱਸਿਆ ਜਾ ਚੁੱਕਾ ਹੈ ਕਿ ਜਦੋਂ ਬਾਬਾ ਰਾਮਰਾਇ ਜੀ, ਗੁਰਗੱਦੀ ਦੇ ਹੱਕ ਤੋਂ ਵਾਂਝੇ ਕਰ ਦਿੱਤੇ, ਉਨ੍ਹਾਂ ਨੇ ਬਾਦਸ਼ਾਹ ਔਰੰਗਜ਼ੇਬ ਦੀ ਸਹਾਇਤਾ ਲੈਣ ਲਈ ਹੱਥ ਪੈਰ ਮਾਰੇ। ਆਖ਼ਰ ਬਾਦਸ਼ਾਹ ਨੂੰ ਵਿਸ਼ਵਾਸ ਹੋ ਗਿਆ ਸੀ ਕਿ ਗੁਰੂ ਹਰਿਕ੍ਰਿਸ਼ਨ ਜੀ ਹੀ ਯੋਗ ਵਾਰਿਸ ਅਤੇ ਗੱਦੀ ਦੇ ਹੱਕਦਾਰ ਸਨ। ਗੁਰੂ ਹਰਿਕ੍ਰਿਸ਼ਨ ਜੀ ਨੇ ਐਲਾਨ ਕੀਤਾ ਕਿ ਉਨ੍ਹਾਂ ਤੋਂ ਬਾਅਦ ਗੁਰਗੱਦੀ, ਗੁਰੂ ਤੇਗ਼ ਬਹਾਦਰ ਸਾਹਿਬ ਨੂੰ ਸੌਂਪੀ ਜਾਵੇਗੀ, ਜੋ ਉਸ ਸਮੇਂ ਬਕਾਲੇ ਵਿਖੇ ਨਿਵਾਸ ਕਰਦੇ ਸਨ। ਬਕਾਲੇ ਵਿਖੇ ਕਈ ਦੰਭੀ ਅਤੇ ਭੇਖੀ ਲੋਕ ਵੀ ਆਪ-ਮੁਹਾਰੇ ਗੁਰੂ ਹੋਣ ਦਾ ਢੌਂਗ ਰਚਾਈ ਬੈਠੇ

---

* ਬਿਕ੍ਰਮੀ ਸੰਮਤ 5 ਵੈਸਾਖ 1678, ਨਾਨਕਸ਼ਾਹੀ 5 ਵੈਸਾਖ, 153.

1. M.A. Macauliffe, *The Sikh Religion*, Vol. 4, p. 331.
2. ਪ੍ਰੋ. ਸਾਹਿਬ ਸਿੰਘ, "ਜੀਵਨ ਬ੍ਰਿਤਾਂਤ ਗੁਰੂ ਤੇਗ਼ ਬਹਾਦਰ ਸਾਹਿਬ", *ਗੁਰ ਇਤਿਹਾਸ (ਦੂਜੀ ਤੋਂ ਨੌਂਵੀਂ ਪਾਤਸ਼ਾਹੀ)*, ਪੰਨੇ 5-6.
3. ਮਹਿੰਦਰ ਸਿੰਘ ਜੋਸ਼, *ਜੀਵਨ ਗਾਥਾ ਗੁਰੂ ਤੇਗ਼ ਬਹਾਦਰ ਸਾਹਿਬ ਤੇ ਸਿੱਖ ਇਨਕਲਾਬ*, ਪੰਨਾ 39.

ਸਨ। ਭਾਈ ਮੱਖਣ ਸ਼ਾਹ, ਜੋ ਗੁਰੂ ਘਰ ਦਾ ਸ਼ਰਧਾਲੂ ਸੀ, ਵਪਾਰੀ ਸੀ ਅਤੇ ਨਾਲ ਹੀ ਇਕ ਮਸੰਦ ਵਜੋਂ ਵੀ ਸੇਵਾ ਨਿਭਾਉਂਦਾ ਸੀ, ਨੇ ਗੁਰੂ ਤੇਗ਼ ਬਹਾਦਰ ਜੀ ਨੂੰ ਅਸਲੀ ਗੁਰੂ ਹੋਣ ਦਾ ਐਲਾਨ ਕਰ ਦਿੱਤਾ। ਪਰਚੀਆਂ (ਸੇਵਾ ਦਾਸ) ਵਿਚ ਦਰਜ ਹੈ : "ਫੇਰਿ ਮਹਲਿ ਉਪਰ ਚੜ੍ਹ ਗਿਆ, ਚੜਿ ਕੇ ਕਪੜਾ ਫੇਰਿਆ, ਜੋ ਗੁਰੂ ਲਧਾ, ਗੁਰੂ ਲਧਾ, ਗੁਰੂ ਕਰਨ ਕਾਰਨ ਲਧਾ। ਗੁਰੂ ਤੇਗ਼ ਬਹਾਦਰ ਲਧਾ। ਹੋਰ ਗੁਰੂ ਕੋਈ ਨਹੀਂ।"[4]

ਗੁਰੂ ਤੇਗ਼ ਬਹਾਦਰ ਜੀ ਦਾ ਵਿਆਹ ਮਾਤਾ ਗੁਜਰੀ ਸਪੁੱਤਰੀ ਭਾਈ ਲਾਲ ਚੰਦ ਅਤੇ ਬੇਬੇ ਬਿਸ਼ਨ ਕੌਰ ਨਾਲ ਹੋਇਆ। ਭਾਈ ਲਾਲ ਚੰਦ ਦਾ ਪਰਿਵਾਰ ਬਹੁਤ ਸੱਚੇ ਸੁੱਚੇ ਸਿੱਖ ਸਨ, ਜੋ ਆਪਣੇ ਆਪ ਨੂੰ ਗੁਰੂ ਪਰਿਵਾਰ ਪ੍ਰਤੀ ਸਮਰਪਿਤ ਹੋਣਾ ਚੰਗਾ ਸਮਝਦੇ ਸਨ। ਗੁਰੂ ਤੇਗ਼ ਬਹਾਦਰ ਜੀ ਦੀ ਉਮਰ 11 ਸਾਲ ਦੀ ਸੀ, ਜਦੋਂ ਇਨ੍ਹਾਂ ਦਾ ਵਿਆਹ ਹੋਇਆ।[5]

ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਮੰਗਣੇ ਦੀ ਰਸਮ ਅੰਮ੍ਰਿਤਸਰ ਵਿਖੇ ਹੋਈ ਸੀ ਅਤੇ ਗੁਰੂ ਹਰਿਗੋਬਿੰਦ ਸਾਹਿਬ ਜੀ ਵਲੋਂ 'ਮਹਿਰਾਜ' ਦੀ ਜੰਗ ਤੋਂ ਪਿੱਛੋਂ ਤਕਰੀਬਨ 1632 ਈ. ਵਿਚ ਵਿਆਹ ਦੀ ਰਸਮ ਕਰਤਾਰਪੁਰ ਵਿਖੇ ਕੀਤੀ ਗਈ। ਗੁਰੂ ਤੇਗ਼ ਬਹਾਦਰ ਜੀ ਦੇ ਮਹਿਲ ਮਾਤਾ ਗੁਜਰੀ ਜੀ ਬਹੁਤ ਹੀ ਨੇਕ ਸੁਭਾਅ ਦੇ ਮਾਲਕ ਅਤੇ ਸਰਬ-ਪੱਖੀ ਗੁਣਾਂ ਦੇ ਧਾਰਨੀ ਸਨ।[6]

ਗੁਰੂ ਤੇਗ਼ ਬਹਾਦਰ ਜੀ ਬਾਰੇ ਸਿੱਖ ਰਵਾਇਤਾਂ ਵਿਚ ਕਾਫ਼ੀ ਕਲਪਿਤ ਕਹਾਣੀਆਂ ਵੀ ਪ੍ਰਚੱਲਤ ਕਰ ਦਿੱਤੀਆਂ ਗਈਆਂ, ਜੋ ਗੁਰਮਤਿ ਸਿਧਾਂਤਾਂ ਦੀ ਕਸਵੱਟੀ ਅਨੁਸਾਰ ਝੂਠੀਆਂ ਸਾਬਤ ਹੁੰਦੀਆਂ ਹਨ। ਜਿਵੇਂ ਕਿਹਾ ਜਾਂਦਾ ਹੈ ਕਿ ਗੁਰੂ ਤੇਗ਼ ਬਹਾਦਰ ਸਾਹਿਬ ਜੀ ਬਹੁਤ ਲੰਬਾ ਸਮਾਂ ਬਕਾਲੇ ਦੇ ਅਸਥਾਨ 'ਤੇ ਭੋਰੇ ਵਿਚ ਬੈਠ ਕੇ ਤਪ ਕਰਦੇ ਰਹੇ। *ਗੁਰੂ ਗ੍ਰੰਥ ਵਿਸ਼ਵਕੋਸ਼* ਅਨੁਸਾਰ ਤੱਤ ਸਾਰ ਇਹੀ ਹੈ ਕਿ "ਗੁਰਬਾਣੀ ਵਿਚ ਕਿਸੇ ਪ੍ਰਕਾਰ ਦੇ ਪਰੰਪਰਿਕ ਜਾਂ ਦਿਖਾਵੇ ਦੇ ਤਪ ਦਾ ਕੋਈ ਮਹੱਤਵ ਨਹੀਂ ਹੈ।" ਗੁਰਮਤਿ ਵਿਚ ਤਾਂ :

**ਗੁਰ ਸੇਵਾ ਤਪਾਂ ਸਿਰਿ ਤਪੁ ਸਾਰੁ ॥** *(ਆਸਾ ਮ: ੩, ਪੰਨਾ 423)*

ਸਿੱਖ ਗੁਰੂਆਂ ਨੇ ਜੋਗੀਆਂ, ਤਪੀਆਂ ਜਾਂ ਭੇਖੀ ਸਾਧਾਂ ਨੂੰ ਲਾਹਨਤ ਪਾਈ ਸੀ ਕਿ ਉਹ ਗ੍ਰਿਹਸਤ ਜੀਵਨ ਤੋਂ ਡਰ ਕੇ ਲੁੱਕ ਕੇ ਬੈਠੇ ਹਨ ਅਤੇ ਸਮਾਜ ਸੁਧਾਰ ਦੀ ਜ਼ੁੰਮੇਵਾਰੀ ਕਿਸ ਦੇ ਸਿਰ ? ਗੁਰੂ ਨਾਨਕ ਸਾਹਿਬ ਜੀ ਨੇ ਸਿੱਧਾਂ ਨੂੰ ਪ੍ਰਸ਼ਨ ਕੀਤਾ ਸੀ :

**ਸਿਧ ਛਪਿ ਬੈਠੇ ਪਰਬਤੀ, ਕਉਣ ਜਗਤਿ ਕਉ ਪਾਰਿ ਉਤਾਰਾ।**
*(ਭਾਈ ਗੁਰਦਾਸ ਜੀ. ਵਾਰ ਪਹਿਲੀ, ਪਉੜੀ 29)*

---

4. *ਪਰਚੀਆਂ ਸੇਵਾ ਦਾਸ* (ਭਾਸ਼ਾ ਵਿਭਾਗ, ਪੰਜਾਬ, 1963), ਪੰਨੇ 84-85.
5. ਪ੍ਰੋ. ਪ੍ਰਕਾਸ਼ ਸਿੰਘ, *ਦਾ ਸਿੱਖ ਰੀਵਿਊ*, ਦਸੰਬਰ, 1975, ਪੰਨਾ 11.
6. *ਉਹੀ*, ਪੰਨੇ 11-12.

ਦੂਸਰਾ, ਜੋ ਲੋਕ ਕਿਰਤ ਨਹੀਂ ਕਰਦੇ, ਉਹ ਸਮਾਜ ਦੇ ਉਪਰ ਭਾਰ ਹਨ, ਉਹ ਕਿਸੇ ਦਾ ਭਲਾ ਨਹੀਂ ਕਰ ਸਕਦੇ। ਇਸ ਲਈ ਗੁਰੂ ਸਾਹਿਬ ਜੀ ਸੁਚੇਤ ਕਰਦੇ ਹਨ ਕਿ :

**ਗੁਰੁ ਪੀਰੁ ਸਦਾਏ ਮੰਗਣ ਜਾਇ ॥**
**ਤਾ ਕੈ ਮੂਲਿ ਨ ਲਗੀਐ ਪਾਇ ॥** *(ਵਾਰ ਸਾਰੰਗ, ਮ: ੧, ਪੰਨਾ 1245)*

ਗੁਰਮਤਿ ਦੀ ਕਸਵੱਟੀ ਅਨੁਸਾਰ, ਇਹ ਅਲਾਪਣਾ ਕਿ ਗੁਰੂ ਤੇਗ਼ ਬਹਾਦਰ ਸਾਹਿਬ ਜੀ ਬਕਾਲੇ ਵਿਖੇ ਭੋਰੇ 'ਚ ਬੈਠ ਕੇ ਤਪ ਕਰਦੇ ਸਨ, ਤਪ ਵੀ ਲੰਬੇ ਸਮੇਂ ਲਈ ਭਾਵ 26 ਸਾਲ 9 ਮਹੀਨੇ 13 ਦਿਨ, ਕਿਵੇਂ ਮੰਨਿਆ ਜਾ ਸਕਦਾ ਹੈ ? ਸਰੀਰ ਨੂੰ ਕਈ ਢੰਗਾਂ ਨਾਲ ਸਤਾਉਣਾ, ਸਰਦੀ ਦੀ ਰੁੱਤ ਵਿਚ ਠੰਢੇ ਪਾਣੀ ਵਿਚ ਖੜ੍ਹੇ ਰਹਿਣਾ, ਮੌਨ ਵਰਤ ਰੱਖਣਾ ਅਤੇ ਅਨੇਕਾਂ ਪ੍ਰਕਾਰ ਦੇ ਹੱਠ ਕਰਨਾ ਗੁਰਮਤਿ ਵਿਚ ਪਰਵਾਨ ਨਹੀਂ :

**ਬਾਨਾਰਸੀ ਤਪੁ ਕਰੈ ਉਲਟਿ ਤੀਰਥ ਮਰੈ ਅਗਨਿ ਦਹੈ ਕਾਇਆ ਕਲਪੁ ਕੀਜੈ ॥**
**ਅਸੁਮੇਧ ਜਗੁ ਕੀਜੈ ਸੋਨਾ ਗਰਭ ਦਾਨੁ ਦੀਜੈ ਰਾਮ ਨਾਮ ਸਰਿ ਤਊ ਨ ਪੂਜੈ ॥**
**ਛੋਡਿ ਛੋਡਿ ਰੇ ਪਾਖੰਡੀ ਮਨ ਕਪਟੁ ਨ ਕੀਜੈ ॥**
**ਹਰਿ ਕਾ ਨਾਮੁ ਨਿਤ ਨਿਤਹਿ ਲੀਜੈ ॥ਰਹਾਉ॥**
*(ਰਾਮਕਲੀ ਨਾਮਦੇਉ ਜੀ, ਪੰਨਾ 973)*

ਸਾਡੇ ਪਾਸ *ਭੱਟ ਵਹੀਆਂ*, *ਗੁਰੂ ਕੀਆਂ ਸਾਖੀਆਂ* ਤੇ *ਬੰਸਾਵਲੀ ਨਾਮੇ* ਦੇ ਇੰਦਰਾਜ ਅਨੁਸਾਰ 1656 ਤੋਂ 1664 ਤਕ (ਗੁਰੂ) ਤੇਗ਼ ਬਹਾਦਰ ਸਾਹਿਬ ਕੀਰਤਪੁਰ ਸਾਹਿਬ, ਮਾਲਵਾ ਹਰਿਆਣਾ, ਉੱਤਰ ਪ੍ਰਦੇਸ਼, ਬਿਹਾਰ ਆਦਿ ਪੂਰਬੀ ਇਲਾਕਿਆਂ ਦੇ ਨਗਰਾਂ ਵਿਚ ਪ੍ਰਚਾਰ ਦੌਰਿਆਂ ਉੱਤੇ ਆਪਣੀ ਮਾਤਾ, ਧਰਮ ਪਤਨੀ ਅਤੇ ਧਰਮ ਪਤਨੀ ਦੇ ਭਰਾ ਕਿਰਪਾਲ ਚੰਦ ਤੇ ਹੋਰ ਸਿੱਖਾਂ ਦੀ ਪ੍ਰਚਾਰ ਵਹੀਰ ਸਮੇਤ ਸਰਗਰਮੀ ਨਾਲ ਪ੍ਰਚਾਰ ਕਰਦੇ ਸਨ। ਇਨ੍ਹਾਂ ਸਰੋਤਾਂ ਵਿਚ ਹੀ ਉਲੇਖ ਹੋਇਆ ਮਿਲਦਾ ਹੈ ਕਿ ਪੂਰਬੀ ਇਲਾਕਿਆਂ ਤੋਂ ਵਾਪਸੀ ਸਮੇਂ ਦਿੱਲੀ ਵਿਖੇ ਗੁਰੂ ਹਰਿਕ੍ਰਿਸ਼ਨ ਸਾਹਿਬ ਨਾਲ, ਰਾਜਾ ਜੈ ਸਿੰਘ ਦੇ ਬੰਗਲੇ ਵਿਚ ਮੁਲਾਕਾਤ ਅਤੇ ਵਿਚਾਰਾਂ ਹੋਈਆਂ। ਉਪਰੋਕਤ ਸਰੋਤਾਂ ਵਿਚ ਵੱਖ-ਵੱਖ ਥਾਵਾਂ 'ਤੇ ਕੀਤੇ ਪ੍ਰਚਾਰ ਦੌਰਿਆਂ ਦੀਆਂ ਤਾਰੀਖ਼ਾਂ 'ਤੇ ਸੰਮਤ ਮਿਲ ਜਾਣ ਕਾਰਨ, ਜੋ (ਗੁਰੂ) ਤੇਗ਼ ਬਹਾਦਰ ਸਾਹਿਬ ਬਾਰੇ ਕਲਪਿਤ ਕਹਾਣੀ ਘੜੀ ਹੋਈ ਹੈ ਕਿ ਉਨ੍ਹਾਂ ਨੇ 26 ਸਾਲ ਭੋਰੇ ਵਿਚ ਬੈਠ ਕੇ ਤਪ ਕੀਤਾ, ਜਾਂ ਹੱਠ ਕਰ ਕੇ ਭਗਤੀ ਕੀਤੀ, ਰੱਦ ਹੋ ਜਾਂਦੀ ਹੈ।[7]

ਇਹ ਕਦੀ ਨਹੀਂ ਮੰਨਿਆ ਜਾ ਸਕਦਾ ਕਿ ਗੁਰਮਤਿ ਸਿਧਾਂਤਾਂ ਦੇ ਉਲਟ, ਸਾਡੇ ਗੁਰੂ ਹੱਠ ਜਾਂ ਤਪ ਕਰਦੇ ਹੋਣ ਜੋ ਕਿ ਸਨਾਤਨੀ ਸੋਚ ਹੈ। ਗੁਰੂ ਤੇਗ਼ ਬਹਾਦਰ ਜੀ ਤੇਗ਼ ਦੇ ਧਨੀ ਸਨ ਅਤੇ ਇਨ੍ਹਾਂ ਸਰਬ-ਪੱਖੀ ਯੋਗਤਾਵਾਂ ਦੇ ਨਾਲ-ਨਾਲ ਸ਼ਸਤਰ

7. ਮਹਿੰਦਰ ਸਿੰਘ ਜੋਸ਼, *ਜੀਵਨ ਗਾਥਾ ਗੁਰੂ ਤੇਗ਼ ਬਹਾਦਰ ਸਾਹਿਬ ਤੇ ਸਿੱਖ ਇਨਕਲਾਬ*, ਪੰਨਾ 32.

ਵਿੱਦਿਆ ਵੀ ਦਿੱਤੀ ਗਈ ਸੀ। ਇਹ ਵੀ ਸਚਾਈ ਹੈ ਕਿ ਗੁਰੂ ਤੇਗ਼ ਬਹਾਦਰ ਜੀ ਨੇ ਗੁਰੂ ਹਰਿਗੋਬਿੰਦ ਸਾਹਿਬ ਜੀ ਨਾਲ ਕਰਤਾਰਪੁਰ ਦੀ ਜੰਗ ਵਿਚ ਜੌਹਰ ਵਿਖਾਏ।[8]

ਸੰਭਵ ਹੈ ਕਿ ਕੁਝ ਗਿਣਤੀ ਦੇ ਮਸੰਦਾਂ ਜਾਂ ਵਿਰੋਧੀਆਂ ਦੀ ਸ਼ਹਿ 'ਤੇ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਗੁਰਿਆਈ ਦਾ ਵਿਰੋਧ ਕੀਤਾ ਹੋਵੇ, ਨਹੀਂ ਤਾਂ ਸਮੂਹ ਸਿੱਖ ਜਗਤ ਵਿਚ ਗੁਰੂ ਤੇਗ਼ ਬਹਾਦਰ ਜੀ ਨੂੰ ਨੌਂਵੇਂ ਗੁਰੂ ਪ੍ਰਵਾਨ ਕੀਤਾ ਗਿਆ ਸੀ। ਦੂਸਰਾ, ਗੁਰਿਆਈ ਮਿਲਣ ਤੋਂ ਪਹਿਲਾਂ, ਇਨ੍ਹਾਂ ਨੇ ਭਾਰਤ ਦੇ ਵੱਖ-ਵੱਖ ਸੂਬਿਆਂ ਵਿਚ ਜਾ ਕੇ ਸਿੱਖ ਧਰਮ ਦਾ ਪ੍ਰਚਾਰ ਕੀਤਾ ਸੀ ਅਤੇ ਸਿੱਖ ਜ਼ਿਆਦਾ ਸਮਾਂ ਇਨ੍ਹਾਂ ਦੇ ਨਾਲ ਸੰਪਰਕ ਵਿਚ ਹੀ ਸਨ।[9]

ਗੁਰੂ ਸਾਹਿਬ ਜੀ ਨਾਲ ਇਕ ਘਿਣਾਉਣੀ ਘਟਨਾ ਵੀ ਵਾਪਰੀ। ਜਦੋਂ ਉਨ੍ਹਾਂ ਨੇ ਦਰਬਾਰ ਸਾਹਿਬ (ਅੰਮ੍ਰਿਤਸਰ) ਜਾਣ ਦੀ ਇੱਛਾ ਪ੍ਰਗਟਾਈ, ਤਾਂ ਉਥੋਂ ਦੇ ਪੁਜਾਰੀਆਂ ਨੇ ਦਰਵਾਜ਼ੇ ਬੰਦ ਕਰ ਦਿੱਤੇ। ਇਸ ਪਿੱਛੋਂ ਉਹ ਕੀਰਤਪੁਰ ਗਏ ਤਾਂ ਉਥੇ ਵੀ ਧੀਰ ਮੱਲ ਦੇ ਸਾਥੀਆਂ ਨੇ ਵਿਰੋਧ ਕੀਤਾ। ਆਖ਼ਰ ਉਨ੍ਹਾਂ ਨੇ ਓਥੇ ਨੇੜੇ ਹੀ ਕਹਿਲੂਰ ਦੇ ਰਾਜੇ ਪਾਸੋਂ 500 ਰੁਪਏ ਵਿਚ ਜ਼ਮੀਨ ਖ਼ਰੀਦ ਲਈ ਅਤੇ ਉਥੇ ਨਵੇਂ ਨਗਰ ਦੀ ਮੋਹੜੀ ਗੱਡੀ ਤੇ ਨਾਮ ਚੱਕ ਨਾਨਕੀ ਰੱਖਿਆ। ਵਿਰੋਧੀਆਂ ਨੂੰ ਉਨ੍ਹਾਂ ਦਾ ਨਵੇਂ ਅਸਥਾਨ 'ਤੇ ਚੈਨ ਨਾਲ ਰਹਿਣਾ ਵੀ ਪ੍ਰਵਾਨ ਨਾ ਹੋਇਆ। ਕਿਸੇ ਪ੍ਰਕਾਰ ਦੇ ਵਿਰੋਧ ਜਾਂ ਟਕਰਾਉ ਤੋਂ ਮੁਕਤ ਰਹਿਣ ਲਈ, ਉਨ੍ਹਾਂ ਤੁਰ ਫਿਰ ਕੇ ਸਿੱਖ ਧਰਮ ਦਾ ਪ੍ਰਚਾਰ ਆਰੰਭ ਦਿੱਤਾ। ਲੋੜਵੰਦ ਲੋਕਾਂ ਲਈ ਖੂਹ ਲਗਵਾਏ ਤਾਂ ਜੋ ਉਨ੍ਹਾਂ ਨੂੰ ਪਾਣੀ ਦੀ ਘਾਟ ਨਾ ਹੋਵੇ। ਇਨ੍ਹਾਂ ਵਲੋਂ ਦੇਸ਼ ਦੇ ਅੰਦਰ ਪ੍ਰਚਾਰ ਦੌਰੇ ਕਰਨ 'ਤੇ ਸਰਕਾਰ ਨੂੰ ਬਗ਼ਾਵਤੀ ਹੋਣ 'ਤੇ ਸ਼ੱਕ ਹੋਇਆ।[10]

## ਪਹਿਲੀ ਗ੍ਰਿਫ਼ਤਾਰੀ

ਗੁਰੂ ਸਾਹਿਬ ਵਲੋਂ ਦੇਸ਼ ਦੇ ਵੱਖ-ਵੱਖ ਇਲਾਕਿਆਂ ਵਿਚ ਪ੍ਰਚਾਰ ਕਰਨਾ, ਮੁਗ਼ਲ ਸਰਕਾਰ ਨੂੰ ਸ਼ੱਕੀ ਲੱਗਿਆ ਅਤੇ ਇਨ੍ਹਾਂ ਦੀ ਗ੍ਰਿਫ਼ਤਾਰੀ ਲਈ ਹੁਕਮ ਹੋਏ। ਪਰ ਰਾਜਾ ਜੈ ਸਿੰਘ ਪੁੱਤਰ ਰਾਜਾ ਰਾਮ ਸਿੰਘ ਨੇ ਸਰਕਾਰ ਨੂੰ ਇਨ੍ਹਾਂ ਪ੍ਰਚਾਰਕ ਦੌਰਿਆਂ ਦੇ ਅਸਲ ਮਨੋਰਥ ਨੂੰ ਸਪੱਸ਼ਟ ਕੀਤਾ ਕਿ ਉਹ (ਗੁਰੂ ਸਾਹਿਬ) ਧਰਮਾਤਮਾ ਹਸਤੀ ਹਨ ਅਤੇ ਇਨ੍ਹਾਂ ਤੋਂ ਕੋਈ ਖ਼ਤਰਾ ਨਹੀਂ ਹੋ ਸਕਦਾ, ਰਿਹਾਅ ਕਰ ਦਿੱਤੇ ਗਏ। ਇਹ ਗ੍ਰਿਫ਼ਤਾਰੀ 9 ਮੱਘਰ, 1722 ਬਿ: (8 ਨਵੰਬਰ 1665 ਈ.) ਨੂੰ ਹੋਈ ਸੀ। ਇਸ ਪਿੱਛੋਂ ਉਨ੍ਹਾਂ ਨੇ ਹਿੰਦੂ ਧਰਮ ਦੇ ਕਈ ਪ੍ਰਸਿੱਧ ਤੀਰਥ ਦੇਖੇ ਅਤੇ ਪਟਨਾ ਸਾਹਿਬ ਵੀ ਗਏ। ਹਿੰਦੂ ਤੀਰਥਾਂ ਵਿਚ ਮਥੁਰਾ, ਆਗਰਾ, ਪਰਾਗਰਾਜ ਤੇ ਗਯਾ ਪਟਨਾ ਵਿਖੇ ਪਰਿਵਾਰ ਨੂੰ ਛੱਡਿਆ ਕਿਉਂਕਿ ਮਾਤਾ ਗੁਜਰੀ ਜੀ ਦੇ ਬੱਚਾ ਹੋਣ ਵਾਲਾ ਸੀ। ਹਿੰਦੂਆਂ ਅੰਦਰ ਇਕ ਵਹਿਮ ਹੈ ਕਿ ਜੇਕਰ ਕੋਈ ਕਰਮਨਾਸ਼ ਨਦੀ ਵਿਚ ਇਸ਼ਨਾਨ ਕਰਦਾ

8. ਡਾ. ਹਰਜਿੰਦਰ ਸਿੰਘ ਦਿਲਗੀਰ, *ਸਿੱਖ ਤਵਾਰੀਖ਼* (ਭਾਗ ਪਹਿਲਾ), ਪੰਨਾ 265.
9. ਪ੍ਰਿੰ. ਤੇਜਾ ਸਿੰਘ ਤੇ ਗੰਡਾ ਸਿੰਘ, *ਸਿੱਖ ਇਤਿਹਾਸ (1469-1765)*, ਪੰਨਾ 59.
10. *ਉਹੀ*।

ਹੈ, ਉਸ ਦੇ ਸਭ ਗੁਣ ਨਸ਼ਟ ਹੋ ਜਾਂਦੇ ਹਨ। ਉਨ੍ਹਾਂ ਦੇ ਵਹਿਮ ਨੂੰ ਦੂਰ ਕਰਨ ਲਈ ਗੁਰੂ ਜੀ ਨੇ ਖ਼ੁਦ ਇਸ਼ਨਾਨ ਕੀਤਾ। ਜਿਹੜੇ ਅਸਥਾਨਾਂ 'ਤੇ ਗੁਰੂ ਸਾਹਿਬ ਗਏ, ਉਨ੍ਹਾਂ ਥਾਵਾਂ 'ਤੇ ਉਨ੍ਹਾਂ ਦੀ ਯਾਦ ਵਿਚ ਗੁਰਦੁਆਰੇ ਬਣੇ ਹੋਏ ਹਨ। ਕੁਝ ਪ੍ਰਸਿੱਧ ਨਾਂਵ ਇਸ ਤਰ੍ਹਾਂ ਹਨ: ਮੁੰਗੇਰ, ਨਲਹਟੀ, ਢਾਕਾ, ਕੋਲਕਤਾ, ਕਾਂਚੀਪੁਰੀ, ਮੇਦਨੀਪੁਰ, ਜਗਨਨਾਥ, ਭੁਵਨੇਸ਼ਵਰ ਆਦਿ।[11]

## ਪੂਰਬੀ ਇਲਾਕਿਆਂ ਦਾ ਦੌਰਾ

ਇਸ ਬਾਰੇ ਉਲੇਖ ਹੋ ਚੁੱਕਾ ਹੈ ਕਿ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ ਪ੍ਰਚਾਰ ਦੌਰਿਆਂ ਵਿਚ, ਜਿਥੇ ਜਿਥੇ ਉਹ ਗਏ, ਉਨ੍ਹਾਂ ਦੀ ਯਾਦ ਵਿਚ ਯਾਦਗਾਰੀ ਅਸਥਾਨ ਸਥਾਪਤ ਹੋਏ ਹਨ। ਢਾਕਾ ਪੂਰਬੀ ਭਾਰਤ ਦਾ ਪ੍ਰਸਿੱਧ ਅਸਥਾਨ ਸੀ ਅਤੇ ਇਥੇ ਗੁਰੂ ਨਾਨਕ ਸਾਹਿਬ ਵੀ ਆਏ ਸਨ। ਉਨ੍ਹਾਂ ਦੀ ਯਾਦ ਵਿਚ ਪਵਿੱਤਰ ਬਾਉਲੀ ਸੁਸ਼ੋਭਿਤ ਹੈ। ਇਸ ਪਿੱਛੋਂ ਗੁਰੂ ਅਮਰਦਾਸ ਜੀ ਨੇ ਪ੍ਰਚਾਰਕ ਭੇਜੇ। ਇਹ ਪ੍ਰਚਾਰਕ ਫੇਰੀਆਂ ਸਿੱਖ ਲਹਿਰ ਦਾ ਅਹਿਮ ਅੰਗ ਮੰਨਿਆ ਜਾਂਦਾ ਸੀ ਅਤੇ ਇਸ ਨਾਲ ਸਿੱਖ ਸੰਗਤਾਂ ਅੰਦਰ ਗੁਰਮਤਿ ਪ੍ਰਤੀ ਲਗਾਉ ਬਣਿਆ ਰਹਿੰਦਾ ਸੀ। ਇਹ ਮੰਨਿਆ ਜਾਂਦਾ ਹੈ ਕਿ ਢਾਕੇ ਵਿਚ ਗੁਰੂ ਤੇਗ਼ ਬਹਾਦਰ ਸਾਹਿਬ ਇਕ ਸਾਲ ਰਹੇ ਅਤੇ ਗੁਰੂ ਸਾਹਿਬ ਢਾਕੇ ਵਿਚ ਸਨ ਜਦੋਂ ਉਨ੍ਹਾਂ ਨੂੰ ਬਾਲ ਗੋਬਿੰਦ ਰਾਇ ਦੇ ਜਨਮ ਦੀ ਖ਼ਬਰ ਮਿਲੀ ਸੀ। ਫਿਰ ਯਾਤਰਾ ਸਮਾਪਤ ਕਰ ਕੇ ਪਟਨੇ ਪੁੱਜੇ।

ਇਸ ਯਾਤਰਾ ਦੌਰਾਨ, ਉਨ੍ਹਾਂ ਦੀ ਮਿਲਣੀ ਰਾਜਾ ਰਾਮ ਸਿੰਘ ਨਾਲ ਹੋਈ, ਜੋ ਮੁਗ਼ਲ ਸੈਨਾ ਦੀ ਕਮਾਨ ਸੰਭਾਲ ਰਿਹਾ ਸੀ ਅਤੇ ਉਸ ਦੀ ਮੁਹਿੰਮ ਅਸਾਮ ਦੇ ਰਾਜੇ ਅਹੋਮ ਵਿਰੁੱਧ ਲੜਾਈ ਕਰਨੀ ਸੀ। ਉਸ ਨੇ ਗੁਰੂ ਜੀ ਨੂੰ ਅਸਾਮ ਨਾਲ ਜਾਣ ਲਈ ਬੇਨਤੀ ਕੀਤੀ ਅਤੇ ਉਨ੍ਹਾਂ ਨੇ ਪ੍ਰਵਾਨ ਕਰ ਲਈ। ਰਾਜਾ ਰਾਮ ਸਿੰਘ ਦੀ ਮਾਤਾ ਨੇ ਪਹਿਲਾਂ ਹੀ ਕਿਹਾ ਸੀ ਕਿ ਉਹ ਗੁਰੂ ਤੇਗ਼ ਬਹਾਦਰ ਸਾਹਿਬ ਜੀ ਨੂੰ ਨਾਲ ਲੈ ਕੇ ਜਾਵੇ। ਦੋਨੋਂ 1668 ਈ. ਸਤੰਬਰ ਦੇ ਮਹੀਨੇ ਵਿਚ ਢਾਕੇ ਲਈ ਰਵਾਨਾ ਹੋਏ।[12]

## ਅਸਾਮ ਦੇ ਰਾਜਾ ਅਤੇ ਰਾਜਾ ਰਾਮ ਸਿੰਘ ਦਰਮਿਆਨ ਸੰਧੀ

ਜਿਵੇਂ ਰਾਜਾ ਰਾਮ ਸਿੰਘ ਦੀ ਮਾਤਾ ਪੁਸ਼ਪਾ ਦੇਵੀ ਦੀ ਭਾਵਨਾ ਸੀ ਕਿ ਅਸਾਮ ਜਾਣ ਸਮੇਂ ਰਾਜਾ ਰਾਮ ਸਿੰਘ ਗੁਰੂ ਤੇਗ਼ ਬਹਾਦਰ ਸਾਹਿਬ ਨੂੰ ਬੇਨਤੀ ਕਰ ਕੇ ਨਾਲ ਲੈ ਜਾਵੇ, ਉਹੀ ਹੋਇਆ। ਗੁਰੂ ਤੇਗ਼ ਬਹਾਦਰ ਸਾਹਿਬ ਨੇ ਰਾਜਾ ਰਾਮ ਸਿੰਘ ਤੇ ਰਾਜਾ ਚਕਰਧਵਜ ਸਿੰਹ ਦਰਮਿਆਨ ਸੰਧੀ ਕਰਵਾ ਦਿੱਤੀ। ਇਸ ਸੰਧੀ ਨਾਲ ਖ਼ੂਨ-ਖ਼ਰਾਬਾ ਹੋਣ ਤੋਂ ਬਚ ਗਿਆ। ਅਸਾਮ ਦਾ ਰਾਜਾ ਚਕਰਧਵਜ ਸਿੰਹ ਦਲੇਰ ਰਾਜਾ

11. ਗਿਆਨੀ ਲਾਲ ਸਿੰਘ, *ਤਵਾਰੀਖ਼ ਗੁਰੂ ਖ਼ਾਲਸਾ ਪੰਥ*, ਪੰਨੇ 572-573.
12. ਪ੍ਰੋ. ਫ਼ੌਜਾ ਸਿੰਘ ਤੇ ਤਾਰਨ ਸਿੰਘ, *ਸ੍ਰੀ ਗੁਰੂ ਤੇਗ਼ ਬਹਾਦਰ: ਜੀਵਨ ਤੇ ਰਚਨਾ*, ਪੰਨੇ 42-45.

ਸੀ ਅਤੇ ਔਰੰਗਜ਼ੇਬ ਤੋਂ ਵੀ ਨਹੀਂ ਡਰਦਾ ਸੀ। ਇਸ ਸੰਧੀ ਦੀ ਸਫਲਤਾ ਤੇ ਗੁਰੂ ਸਾਹਿਬ ਦੀ ਯਾਦ ਵਿਚ ਉਥੇ ਗੁਰਦੁਆਰਾ ਧੋਬੜੀ ਸਾਹਿਬ ਸੁਸ਼ੋਭਿਤ ਹੈ।[13]

ਰਾਜਾ ਰਾਮ ਸਿੰਘ ਨੇ ਅਸਾਮ ਦੀ ਮੁਹਿੰਮ 'ਤੇ ਜਾਣ ਲਈ ਪੂਰੀ ਫ਼ੌਜੀ ਤਿਆਰੀ 1668 ਦੇ ਆਰੰਭ ਵਿਚ ਸ਼ੁਰੂ ਕਰ ਦਿੱਤੀ ਸੀ। ਇਹ ਮੁਹਿੰਮ ਖ਼ਤਰੇ ਤੋਂ ਖ਼ਾਲੀ ਨਹੀਂ ਸੀ, ਪਰ ਰਾਜਾ ਰਾਮ ਸਿੰਘ ਦੀ ਮਾਤਾ ਨੇ ਆਪਣੇ ਪੁੱਤਰ ਨੂੰ ਮਨਾ ਲਿਆ ਸੀ ਕਿ ਗੁਰੂ ਤੇਗ਼ ਬਹਾਦਰ ਸਾਹਿਬ ਦਾ ਅਸ਼ੀਰਵਾਦ ਜ਼ਰੂਰ ਲਵੇ। ਆਖ਼ਰ ਗੁਰੂ ਸਾਹਿਬ ਨਾਲ ਜਾਣ ਲਈ ਰਾਜ਼ੀ ਹੋਏ ਅਤੇ ਗੁਰੂ ਸਾਹਿਬ ਦੀ ਅਗਵਾਈ ਹੇਠ ਸੰਧੀ ਸੰਭਵ ਹੋਈ ਸੀ। ਇਹ ਸੰਧੀ 1669 ਦੇ ਆਰੰਭ ਵਿਚ ਹੋਈ।[14]

ਹੁਣ ਇਹ ਪ੍ਰਸ਼ਨ ਉੱਠਦਾ ਹੈ ਕਿ ਕੀ ਦੋਵਾਂ ਪਾਸਿਆਂ ਵੱਲੋਂ ਸ਼ੁਰੂ ਵਿਚ ਹੀ ਸੰਧੀ ਹੋਈ ? ਇਸ ਦਾ ਉੱਤਰ ਇਹੀ ਹੈ ਕਿ ਰਾਜਾ ਰਾਮ ਸਿੰਘ ਦੀ ਕਮਾਨ ਹੇਠ ਫ਼ੌਜਾਂ ਨੇ ਹਮਲਾ ਕੀਤਾ, ਪਰ ਦੂਜੇ ਪਾਸੇ ਤੋਂ ਅਹੋਮ ਸੈਨਕਾਂ ਨੇ ਗੁਰੀਲਾ ਜੁਗਤੀਆਂ ਅਪਨਾਈਆਂ। ਯੁੱਧ ਦੌਰਾਨ ਅਹੋਮ ਦੀਆਂ ਫ਼ੌਜਾਂ ਨੂੰ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਮੌਜੂਦਗੀ ਬਾਰੇ ਪਤਾ ਲੱਗਾ। ਉਨ੍ਹਾਂ ਅਹੋਮ ਸੈਨਕਾਂ ਨੇ ਗੁਰੂ ਜੀ ਨਾਲ ਸੰਪਰਕ ਕੀਤਾ ਅਤੇ ਗੁਰੂ ਜੀ ਨੇ ਦੋਨਾਂ ਧਿਰਾਂ ਵਿਚ ਸ਼ਾਂਤੀ ਬਣਾਈ ਰੱਖਣ ਲਈ ਵਿਚੋਲੇ ਦਾ ਕੰਮ ਕੀਤਾ।[15]

*ਗੁਰੂ ਕੀਆਂ ਸਾਖੀਆਂ* ਅੰਦਰ ਲਿਖਿਆ ਹੋਇਆ ਮਿਲਦਾ ਹੈ ਕਿ ਰਾਜਾ ਰਾਮ ਸਿੰਘ ਨੇ ਅਸਾਮੀਆਂ ਨਾਲ ਕਈ ਮਹੀਨੇ ਯੁੱਧ ਕੀਤਾ, ਫਿਰ ਅਸਾਮੀ ਰਾਜੇ ਨੇ ਈਨ ਮੰਨ ਲਈ ਅਤੇ ਗੁਰੂ ਸਾਹਿਬ ਨੇ ਦੋਨਾਂ ਵਿਚਕਾਰ ਸੁਲਹ ਕਰਵਾ ਦਿੱਤੀ। ਅਸਾਮ ਦਾ ਰਾਜਾ ਸੁਰਗ ਦਿਓ (ਚਕਰਧਵਜ ਸਿੰਹ) ਗੁਰੂ ਜੀ ਨੂੰ ਆਪਣੇ ਘਰ ਲਿਆਇਆ। ਰਾਜਾ ਤੇ ਰਾਣੀ ਨੇ ਬੇਨਤੀ ਕੀਤੀ ਕਿ ਉਨ੍ਹਾਂ ਦੇ ਘਰ ਬੱਚਾ ਹੋਵੇ। ਗੁਰੂ ਜੀ ਨੇ ਮਿਹਰ ਕੀਤੀ ਤੇ ਆਖਿਆ ਕਿ ਪੁੱਤਰ ਹੋਵੇ ਤਾਂ ਉਸ ਦਾ ਨਾਮ ਰਤਨ ਰਾਇ ਰੱਖਣਾ। ਫਿਰ ਗੁਰੂ ਜੀ ਨੇ ਵਿਦਾਇਗੀ ਲਈ।[16] ਇਹ ਲੜਕਾ ਜਦੋਂ ਵੱਡਾ ਹੋਇਆ ਤਾਂ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਕਰਨ ਲਈ ਅਨੰਦਪੁਰ ਸਾਹਿਬ ਗਿਆ ਸੀ ਅਤੇ ਕੁਝ ਵਿਸ਼ੇਸ਼ ਤੋਹਫ਼ੇ ਵੀ ਗੁਰੂ ਸਾਹਿਬ ਲਈ ਭੇਟਾ ਕੀਤੇ ਗਏ ਸਨ।[17]

## ਗੁਰੂ ਸਾਹਿਬ ਜੀ ਦੀ ਦੂਜੀ ਗ੍ਰਿਫ਼ਤਾਰੀ (ਅਪ੍ਰੈਲ 1670)

ਇਸ ਪ੍ਰਤੀ ਕੋਈ ਦੋ ਰਾਵਾਂ ਨਹੀਂ ਕਿ ਗ਼ੈਰ-ਮੁਸਲਿਮ ਲੋਕ ਡਰ ਤੇ ਸਹਿਮ ਵਿਚ ਜੀਅ ਰਹੇ ਸਨ। ਔਰੰਗਜ਼ੇਬ ਬਾਦਸ਼ਾਹ ਵਲੋਂ ਆਪਣੀ ਕੱਟੜ ਧਾਰਮਿਕ

13. ਡਾ. ਹਰਜਿੰਦਰ ਸਿੰਘ ਦਿਲਗੀਰ, *ਸਿੱਖ ਤਵਾਰੀਖ਼* (ਭਾਗ ਪਹਿਲਾ), ਪੰਨਾ 282.
14. ਮਹਿੰਦਰ ਸਿੰਘ ਜੋਸ਼, *ਜੀਵਨ ਗਾਥਾ ਗੁਰੂ ਤੇਗ਼ ਬਹਾਦਰ ਸਾਹਿਬ ਤੇ ਸਿੱਖ ਇਨਕਲਾਬ*, ਪੰਨੇ 61-62.
15. ਪ੍ਰੋਫ਼ੈਸਰ ਫ਼ੌਜਾ ਸਿੰਘ ਤੇ ਤਾਰਨ ਸਿੰਘ, *ਸ੍ਰੀ ਗੁਰੂ ਤੇਗ਼ ਬਹਾਦਰ : ਜੀਵਨ ਤੇ ਰਚਨਾ*, ਪੰਨੇ 45-46.
16. ਭਾਈ ਸ੍ਰੂਪ ਸਿੰਘ ਕੌਸ਼ਿਸ਼, *ਗੁਰੂ ਕੀਆਂ ਸਾਖੀਆਂ*, ਪੰਨੇ 75-76.
17. ਮਹਿੰਦਰ ਸਿੰਘ ਜੋਸ਼, *ਜੀਵਨ ਗਾਥਾ ਗੁਰੂ ਤੇਗ਼ ਬਹਾਦਰ ਸਾਹਿਬ ਤੇ ਸਿੱਖ ਇਨਕਲਾਬ*, ਪੰਨਾ 63.

ਨੀਤੀਆਂ ਕਾਰਨ ਜ਼ੁਲਮ ਵੀ ਹੋ ਰਹੇ ਸਨ। ਅਸਾਮ ਦੀ ਯਾਤਰਾ ਤੋਂ ਵਾਪਸ ਪਰਤਣ ਲਈ ਗੁਰੂ ਤੇਗ਼ ਬਹਾਦਰ ਸਾਹਿਬ ਨੇ ਯੋਜਨਾ ਬਣਾ ਲਈ ਸੀ। ਗੁਰੂ ਜੀ ਨੇ ਭਾਈ ਮਤੀ ਦਾਸ ਨੂੰ ਪਟਨੇ ਜਾ ਕੇ ਪਰਿਵਾਰ ਨੂੰ ਸਮੇਤ ਬਾਲ ਗੋਬਿੰਦ ਰਾਏ ਨੂੰ ਲੈ ਕੇ ਲਖਨੌਰ ਪੁੱਜਣ ਲਈ ਕਿਹਾ, ਜਿਥੇ ਮਾਤਾ ਗੁਜਰੀ ਦੇ ਭਰਾ ਮਿਹਰ ਚੰਦ ਦੀ ਰਿਹਾਇਸ਼ ਸੀ। ਦੂਜੇ ਪਾਸੇ ਸਰਕਾਰ ਪਾਸ ਖ਼ੁਫ਼ੀਆ ਖ਼ਬਰਾਂ ਪੁੱਜਦੀਆਂ ਸਨ ਕਿ ਗੁਰੂ ਜੀ ਨੇ ਪੂਰਬ ਦੇਸ਼ ਅਤੇ ਅਨੇਕਾਂ ਹੋਰ ਇਲਾਕਿਆਂ ਵਿਚ ਖੁੱਲ੍ਹਮ-ਖੁੱਲ੍ਹਾ ਪ੍ਰਚਾਰ ਕੀਤਾ ਹੈ। ਜਦੋਂ ਗੁਰੂ ਸਾਹਿਬ ਦਿੱਲੀ ਵੱਲ ਜਾ ਰਹੇ ਸਨ ਤਾਂ ਉਨ੍ਹਾਂ ਨੂੰ ਆਗਰੇ ਵਿਖੇ ਗ੍ਰਿਫ਼ਤਾਰ ਕਰ ਲਿਆ ਗਿਆ। ਇਸ ਗ੍ਰਿਫ਼ਤਾਰੀ ਦੌਰਾਨ ਗੁਰੂ ਜੀ ਸ਼ਾਹੀ ਫ਼ੌਜ ਦੀ ਨਿਗਰਾਨੀ ਹੇਠ 2 ਮਹੀਨੇ 13 ਦਿਨ ਨਜ਼ਰਬੰਦ ਰਹੇ। ਇਨ੍ਹਾਂ ਨੂੰ ਗ੍ਰਿਫ਼ਤਾਰ ਕਰ ਕੇ ਦਿੱਲੀ ਲਿਆਂਦਾ ਗਿਆ ਸੀ।[18]

ਸੈਫ ਖ਼ਾਨ ਜੀ ਦੀ ਮਿਲਣੀ ਗੁਰੂ ਤੇਗ਼ ਬਹਾਦਰ ਸਾਹਿਬ ਨਾਲ ਹੋਈ ਅਤੇ *ਭੱਟ ਵਹੀ ਤਲੌਂਢਾ ਪਰਗਣਾ ਜੀਂਦ* ਅਨੁਸਾਰ ਗੁਰੂ ਸਾਹਿਬ ਅਤੇ ਸੈਫ਼ ਖ਼ਾਨ 20 ਜੂਨ 1670 ਨੂੰ ਦਿੱਲੀ ਵਿਖੇ ਸਨ। ਨਜ਼ਰਬੰਦੀ ਤੋਂ ਰਿਹਾਅ ਹੋ ਕੇ ਰਾਜਾ ਰਾਮ ਸਿੰਘ ਦੀ ਮਾਤਾ ਪੁਸ਼ਪਾ ਰਾਣੀ ਅਤੇ ਉਸ ਦੀ ਨੂੰਹ ਨੇ ਦਿੱਲੀ ਵਿਚ ਹੀ ਭਾਈ ਕਲਿਆਣੇ ਦੀ ਧਰਮਸ਼ਾਲਾ ਵਿਖੇ ਗੁਰੂ ਸਾਹਿਬ ਜੀ ਦੇ ਦਰਸ਼ਨ ਕੀਤੇ। ਜਿਥੋਂ ਤਕ ਰਿਹਾਈ ਬਾਰੇ ਹੈ, ਇਹ ਹੀ ਮੰਨਿਆ ਜਾ ਸਕਦਾ ਹੈ ਕਿ ਸੈਫ਼ ਖ਼ਾਨ ਜੀ ਬਾਦਸ਼ਾਹ ਔਰੰਗਜ਼ੇਬ ਦੇ ਬਹੁਤ ਕਰੀਬ ਸੀ ਅਤੇ ਉਸ ਨੇ ਹੀ ਆਪਣੇ ਰਸੂਖ਼ ਦੁਆਰਾ ਗੁਰੂ ਜੀ ਨੂੰ ਨਜ਼ਰਬੰਦੀ ਤੋਂ ਮੁਕਤ ਕਰਾਇਆ।[19]

ਜਿਵੇਂ ਪਹਿਲਾਂ ਉਲੇਖ ਕਰ ਚੁੱਕੇ ਹਾਂ ਕਿ ਗੁਰੂ ਸਾਹਿਬ ਜੀ ਨੇ ਭਾਈ ਮਤੀ ਦਾਸ ਜੀ ਨੂੰ ਆਖ ਦਿੱਤਾ ਸੀ ਕਿ ਉਹ ਪਰਿਵਾਰ ਨੂੰ ਲੈ ਕੇ ਲਖਨੌਰ ਪਹੁੰਚ ਜਾਣ। *ਭੱਟ ਵਹੀ ਮੁਲਤਾਨੀ ਸਿੰਧੀ* ਅਨੁਸਾਰ ਗੁਰੂ ਸਾਹਿਬ ਜੀ ਦਾ ਪਰਿਵਾਰ ਅਤੇ ਸਿੱਖ 13 ਸਤੰਬਰ 1670 ਨੂੰ ਲਖਨੌਰ ਪਹੁੰਚਿਆ। ਇਥੇ ਬਾਲ ਗੋਬਿੰਦ ਰਾਇ ਜੀ ਦੇ ਵੱਡੇ ਮਾਮਾ ਮਿਹਰ ਚੰਦ ਜੀ ਦਾ ਘਰ ਸੀ, ਇਥੇ ਰਿਸ਼ਤੇਦਾਰ ਤੇ ਸੰਗਤਾਂ ਨੇ ਸਾਹਿਬਜ਼ਾਦੇ ਗੋਬਿੰਦ ਰਾਇ ਜੀ ਦੇ ਪਹਿਲੀ ਵਾਰ ਦਰਸ਼ਨ ਕੀਤੇ ਅਤੇ ਭੇਟਾਵਾਂ ਭੇਟ ਕੀਤੀਆਂ।[20]

ਇਸ ਪਿੱਛੋਂ ਗੁਰੂ ਸਾਹਿਬ ਜੀ ਨੇ ਆਪਣੀ ਭੈਣ ਵੀਰੋ ਤੇ ਉਸ ਦੇ ਪਤੀ ਸਾਧੂ ਰਾਮ ਨੂੰ ਮਿਲੇ। ਕੁਝ ਸਮਾਂ ਬੀਬੀ ਵੀਰੋ ਪਾਸ ਰਹੇ ਤੇ ਗੁਰਮਤਿ ਦਾ ਪ੍ਰਚਾਰ ਕੀਤਾ। ਇਸ ਪਿੱਛੋਂ ਸਾਰਾ ਪਰਿਵਾਰ ਬਕਾਲੇ ਵੱਲ ਨੂੰ ਚੱਲ ਪਿਆ ਅਤੇ ਡੇਢ ਕੁ ਸਾਲ ਬਕਾਲੇ ਰਹੇ ਅਤੇ ਇਲਾਕੇ ਦੀਆਂ ਸੰਗਤਾਂ ਗੁਰੂ ਜੀ ਨੂੰ ਮਿਲ ਕੇ ਅਤਿ ਪ੍ਰਸੰਨ ਹੋਈਆਂ। ਇਸ ਪਿੱਛੋਂ ਗੁਰੂ ਸਾਹਿਬ ਪਰਿਵਾਰ ਸਹਿਤ 'ਚੱਕ ਨਾਨਕੀ' ਲਈ ਰਵਾਨਾ ਹੋਏ। ਇਥੇ ਵੀ ਵਿਸਾਖੀ ਵਾਲੇ ਦਿਨ ਸਮਾਗਮ ਚੱਕ ਨਾਨਕੀ ਵਿਖੇ ਮਨਾਇਆ। ਗੁਰੂ ਨਾਨਕ

18. ਮਹਿੰਦਰ ਸਿੰਘ ਜੋਸ਼, *ਜੀਵਨ ਗਾਥਾ ਗੁਰੂ ਤੇਗ਼ ਬਹਾਦਰ ਸਾਹਿਬ ਤੇ ਸਿੱਖ ਇਨਕਲਾਬ*, ਪੰਨੇ 64-65.
19. ਪ੍ਰੋਫ਼ੈਸਰ ਫ਼ੌਜਾ ਸਿੰਘ ਤੇ ਤਾਰਨ ਸਿੰਘ, *ਸ੍ਰੀ ਗੁਰੂ ਤੇਗ਼ ਬਹਾਦਰ : ਜੀਵਨ ਤੇ ਰਚਨਾ*, ਪੰਨਾ 47.
20. ਮਹਿੰਦਰ ਸਿੰਘ ਜੋਸ਼, *ਜੀਵਨ ਗਾਥਾ ਗੁਰੂ ਤੇਗ਼ ਬਹਾਦਰ ਸਾਹਿਬ ਤੇ ਸਿੱਖ ਇਨਕਲਾਬ*, ਪੰਨਾ 67.

ਸਾਹਿਬ ਜੀ ਨੇ ਦੇਸ਼ਾਂ-ਵਿਦੇਸ਼ਾਂ ਵਿਚ ਜਾ ਕੇ ਗੁਰਮਤਿ ਦਾ ਪ੍ਰਚਾਰ ਕੀਤਾ ਅਤੇ ਗੁਰੂ ਤੇਗ਼ ਬਹਾਦਰ ਸਾਹਿਬ ਨੇ ਵੀ ਦੇਸ਼ ਦੇ ਵੱਖ-ਵੱਖ ਇਲਾਕਿਆਂ ਵਿਚ ਜਾ ਕੇ ਲੋਕਾਈ ਨੂੰ ਗੁਰਮਤਿ ਦੀ ਜਾਣਕਾਰੀ ਦਿੱਤੀ ਅਤੇ ਮਨੁੱਖੀ ਅਧਿਕਾਰਾਂ ਪ੍ਰਤੀ ਸੁਚੇਤ ਕੀਤਾ।[21]

ਉਸ ਸਮੇਂ ਕਸ਼ਮੀਰ ਦੇ ਗਵਰਨਰ ਵਜੋਂ ਅਤਿਆਚਾਰ ਕਰਨ ਬਾਰੇ ਚਰਚਾ ਸੀ ਕਿ ਉਹ ਗ਼ੈਰ-ਮੁਸਲਮਾਨਾਂ ਨੂੰ, ਵਿਸ਼ੇਸ਼ ਕਰਕੇ ਬ੍ਰਾਹਮਣਾਂ ਨੂੰ ਮੁਸਲਮਾਨ ਬਣ ਜਾਣ ਲਈ ਆਖਦਾ ਸੀ, ਭਾਵ ਉਹ ਜ਼ੋਰੀਂ ਜਾਂ ਧੱਕੇ ਨਾਲ ਮੁਸਲਮਾਨ ਧਰਮ ਅਪਨਾਉਣ ਲਈ ਲਹਿਰ ਚਲਾ ਰਿਹਾ ਸੀ। ਇਹ ਗਵਰਨਰ ਇਫ਼ਤਖ਼ਾਰ ਖ਼ਾਂ (1671-1675) ਕਸ਼ਮੀਰ ਦਾ ਗਵਰਨਰ ਰਿਹਾ ਸੀ।[22]

ਗਵਰਨਰ ਵਲੋਂ ਹੋ ਰਹੇ ਅਤਿਆਚਾਰ ਤੋਂ ਬਚਣ ਲਈ ਬ੍ਰਾਹਮਣਾਂ ਨੇ ਪੰਡਿਤ ਕਿਰਪਾ ਰਾਮ ਦੀ ਅਗਵਾਈ ਹੇਠ 16 ਮੁੱਖ ਨਗਰਾਂ ਦੇ ਬ੍ਰਾਹਮਣਾਂ ਦਾ ਇਕ ਜੱਥਾ ਤਿਆਰ ਕੀਤਾ, ਜੋ 28 ਜੇਠ 1732 ਬਿ: (25 ਮਈ 1675 ਈ. ਜੂਲੀਅਨ) ਨੂੰ ਅਨੰਦਪੁਰ ਵਿਖੇ, ਗੁਰੂ ਤੇਗ਼ ਬਹਾਦਰ ਸਾਹਿਬ ਦੀ ਸ਼ਰਨ ਵਿਚ ਹਾਜ਼ਰ ਹੋਇਆ।

ਇਸ ਜੱਥੇ ਵਿਚ ਸ਼ਾਮਲ ਬ੍ਰਾਹਮਣ ਵਿਦਵਾਨ ਵਿਅਕਤੀ ਮੰਨੇ ਜਾਂਦੇ ਸਨ ਅਤੇ ਉਨ੍ਹਾਂ ਨੂੰ ਪਤਾ ਸੀ ਕਿ ਅਜਿਹੇ ਅੱਤਿਆਚਾਰਾਂ ਤੋਂ ਦੇਸ਼ ਦੇ ਰਾਜਪੂਤ ਜਾਂ ਮਰਹੱਟੇ ਕੋਈ ਬਚਾਓ ਨਹੀਂ ਕਰ ਸਕਦੇ। ਸਿੱਖ ਗੁਰੂਆਂ ਵੱਲੋਂ ਮਨੁੱਖੀ ਅਧਿਕਾਰਾਂ ਲਈ ਅਵਾਜ਼ ਬੁਲੰਦ ਕਰਨਾ, ਇਕ ਵਿਸ਼ੇਸ਼ ਨਿਸ਼ਾਨਾ ਰਿਹਾ ਹੈ ਅਤੇ ਉਸ ਨੂੰ ਪਤਾ ਸੀ ਕਿ ਗੁਰੂ ਤੇਗ਼ ਬਹਾਦਰ ਸਾਹਿਬ ਜੀ, ਇਕ ਮਹਾਨ ਸ਼ਖ਼ਸੀਅਤ, ਦ੍ਰਿੜ੍ਹਤਾ ਅਤੇ ਬਹਾਦਰੀ ਦਾ ਪ੍ਰਤੀਕ ਸਨ। ਉਹ ਨਿਆਸਰਿਆਂ ਦਾ ਆਸਰਾ ਬਣ ਕੇ ਸਾਥ ਦੇਣ ਦੇ ਸਮਰੱਥ ਸਨ।

ਸਿੱਖ ਇਤਿਹਾਸ ਦੀ ਪਰੰਪਰਾ ਅਨੁਸਾਰ, ਇਹ ਮੰਨਿਆ ਜਾਂਦਾ ਹੈ ਕਿ ਕਸ਼ਮੀਰੀ ਪੰਡਤਾਂ ਦਾ ਜੱਥਾ, ਗੁਰੂ ਦਰਬਾਰ ਵਿਚ ਹਾਜ਼ਰ ਹੋਇਆ ਅਤੇ ਉਨ੍ਹਾਂ ਨੇ ਕਸ਼ਮੀਰ ਦੇ ਗਵਰਨਰ ਵਲੋਂ ਕੀਤੇ ਜਾ ਰਹੇ ਜ਼ੁਲਮ ਤੇ ਅਤਿਆਚਾਰ ਬਾਰੇ ਦੱਸਿਆ। ਸਾਹਿਬਜ਼ਾਦਾ ਗੋਬਿੰਦ ਰਾਏ ਜੀ ਨੇ ਗੰਭੀਰ ਹੋ ਕੇ ਗੁਰੂ ਪਿਤਾ ਜੀ ਨੂੰ ਪੁੱਛਿਆ ਕਿ ਉਹ ਇਨ੍ਹਾਂ ਦੁਖਿਆਰਿਆਂ ਲਈ ਕੀ ਕਰ ਸਕਦੇ ਹੋ ? ਗੁਰੂ ਸਾਹਿਬ ਜੀ ਨੇ ਉੱਤਰ ਦਿੱਤਾ ਕਿ ਜੇ ਸਚਿਆਰ ਤੇ ਸੱਚੇ ਧਰਮੀ ਲੋਕ ਇਕੱਠੇ ਹੋ ਕੇ ਕੁਰਬਾਨੀ ਦੇਣ ਲਈ ਤਿਆਰ ਹੋਣ, ਤਦ ਹੀ ਬਚਾਓ ਸੰਭਵ ਹੈ।[23]

ਕਸ਼ਮੀਰੀ ਪੰਡਤਾਂ ਦਾ ਜੱਥਾ ਅਨੰਦਪੁਰ ਸਾਹਿਬ ਪੁੱਜਣ ਬਾਰੇ ਇਤਿਹਾਸਕ ਗਵਾਹੀ *ਭਟ ਵਹੀ ਮੁਲਤਾਨੀ ਸਿੰਧੀ ਖਾਤਾ ਬਲਉਤੋਂ ਕਾ* ਵਿਚ ਦਰਜ ਹੈ।

"ਭਾਈ ਕ੍ਰਿਪਾ ਰਾਮ ਬੇਟਾ ਅੜੂ ਰਾਮ ਕਾ, ਪੋਤਾ ਨਰੈਣ ਦਾਸ ਕਾ, ਪੜਪੋਤਾ ਬ੍ਰਹਮ ਦਾਸ ਕਾ, ਬੰਸ ਠਾਕਰ ਦਾਸ ਕੀ, ਦੱਤ ਗੋਤਰਾ ਮੁਝਾਲ ਬ੍ਰਾਹਮਣ ਬਾਸੀ ਮਟਨ ਦੇਸ਼ ਕਸ਼ਮੀਰ ਸੰਮਤ ਸਤਰਾਂ ਸੈ ਬਤੀਸ, ਜੇਠ ਮਾਸੇ, ਸੁਦੀ ਇਕਾਦਸ਼ੀ ਕੋ ਦਿਹੁ ਖੋੜਸ ਬ੍ਰਾਹਮਣੋਂ ਗੈਲ ਗਰਾਮ ਚੱਕ ਨਾਨਕੀ ਪ੍ਰਗਨਾ ਕਹਿਲੂਰ, ਗੁਰੂ ਤੇਗ਼ ਬਹਾਦਰ ਜੀ,

21. ਪ੍ਰੋਫ਼ੈਸਰ ਫ਼ੌਜਾ ਸਿੰਘ ਤੇ ਤਾਰਨ ਸਿੰਘ, *ਸ੍ਰੀ ਗੁਰੂ ਤੇਗ਼ ਬਹਾਦਰ : ਜੀਵਨ ਤੇ ਰਚਨਾ*, ਪੰਨਾ 49.
22. ਪ੍ਰਿੰ. ਤੇਜਾ ਸਿੰਘ ਤੇ ਗੰਡਾ ਸਿੰਘ, *ਸਿੱਖ ਇਤਿਹਾਸ (1469-1765)*, ਪੰਨਾ 64.
23. ਮਹਿੰਦਰ ਸਿੰਘ ਜੋਸ਼, *ਜੀਵਨ ਗਾਥਾ ਗੁਰੂ ਤੇਗ਼ ਬਹਾਦਰ ਸਾਹਿਬ ਤੇ ਸਿੱਖ ਇਨਕਲਾਬ*, ਪੰਨਾ 82.

ਮਹਲ ਨਾਮਾ ਕੇ ਦਰਬਾਰ ਆਇ ਫ਼ਰਿਆਦੀ ਹੂਆ। ਗੁਰੂ ਜੀ ਨੇ ਧੀਰਜ ਦਈ, ਬਚਨ ਹੋਆ ਤੁਸਾਂ ਕੀ ਰਖਸ਼ਾ ਬਾਬਾ ਨਾਨਕ ਜੀ ਕਰੇਗਾ।"[24]

ਇਸ ਪ੍ਰਤੀ ਕੋਈ ਸ਼ੰਕਾ ਹੀ ਨਹੀਂ ਕਿ ਗੁਰੂ ਸਾਹਿਬਾਨ ਵਲੋਂ ਮਨੁੱਖਤਾ ਦੇ ਭਲੇ ਲਈ, ਉਪਕਾਰੀ ਕਾਰਜ ਨਿਰੰਤਰ ਹੋ ਰਹੇ ਸਨ ਅਤੇ ਲੋਕਾਈ ਨੂੰ ਜਾਗ੍ਰਿਤ ਕੀਤਾ ਜਾ ਰਿਹਾ ਸੀ ਕਿ ਡਰ ਅਤੇ ਭੈ ਰਹਿਤ ਹੋ ਕੇ ਜੀਵਨ ਜੀਓ। ਇਹ ਵੀ ਨਹੀਂ ਮੰਨਿਆ ਜਾ ਸਕਦਾ ਹੈ ਕਿ ਗੁਰੂ ਜੀ ਚਿੰਤਤ ਹੋ ਕੇ ਸੋਚਣ ਲੱਗੇ, ਤਾਂ ਸਾਹਿਬਜ਼ਾਦੇ ਗੋਬਿੰਦ ਰਾਏ ਜੀ ਵਲੋਂ ਯਾਦ ਕਰਵਾਇਆ ਗਿਆ ਕਿ ਅਜੋਕੇ ਸਮੇਂ ਉਨ੍ਹਾਂ ਤੋਂ ਵੱਡਾ ਹੋਰ ਧਰਮੀ ਤੇ ਪਵਿੱਤਰ ਆਤਮਾ ਕੌਣ ਹੋ ਸਕਦੀ ਹੈ। ਗੁਰੂ ਸਾਹਿਬ ਜੀ ਨੂੰ ਆਪਣੇ ਸਾਹਿਬਜ਼ਾਦੇ 'ਤੇ ਪੂਰਨ ਭਰੋਸਾ ਸੀ ਕਿ ਉਹ ਗੁਰਗੱਦੀ ਦੀ ਜ਼ੁੰਮੇਵਾਰੀ ਨਿਭਾਉਣ ਦੇ ਕਾਬਲ ਹਨ ਅਤੇ ਉਨ੍ਹਾਂ ਨੇ ਬ੍ਰਾਹਮਣਾਂ ਨੂੰ ਧਰਵਾਸ ਦਿੱਤਾ, ਉਪਰੰਤ ਭਰੋਸਾ ਵੀ ਦਿੱਤਾ ਕਿ ਉਹ ਉਨ੍ਹਾਂ ਦੇ ਨਾਲ ਖੜੇ ਹਨ। ਇਸ ਤੋਂ ਬਿਨਾਂ ਉਨ੍ਹਾਂ ਆਖ ਦਿੱਤਾ ਸੀ ਕਿ ਬਾਦਸ਼ਾਹ ਔਰੰਗਜ਼ੇਬ ਤਕ ਸੁਨੇਹਾ ਪਹੁੰਚਾ ਦੇਣ ਕਿ ਜੇਕਰ ਉਹ ਗੁਰੂ ਤੇਗ਼ ਬਹਾਦਰ ਸਾਹਿਬ ਨੂੰ ਇਸਲਾਮ ਵਿਚ ਸ਼ਾਮਲ ਕਰ ਸਕਣ ਤਾਂ ਸਾਰੀ ਹਿੰਦੂ ਕੌਮ ਮੁਸਲਮਾਨ ਬਣਨ ਲਈ ਤਿਆਰ ਹੋ ਜਾਵੇਗੀ। ਸਮੂਹ ਬ੍ਰਾਹਮਣਾਂ ਦੇ ਜੱਥੇ ਨੂੰ ਦ੍ਰਿੜ੍ਹ ਹੋ ਚੁੱਕਾ ਸੀ ਕਿ ਉਹ ਜ਼ੁਲਮ ਅਤੇ ਅੱਤਿਆਚਾਰ ਤੋਂ ਛੇਤੀ ਮੁਕਤੀ ਪਾ ਲੈਣਗੇ।[25]

8 ਜੁਲਾਈ 1675 ਨੂੰ ਸਾਹਿਬਜ਼ਾਦਾ ਗੋਬਿੰਦ ਰਾਇ ਜੀ ਦੀ ਗੁਰਗੱਦੀ ਦੀ ਰਸਮ ਹੋਈ ਅਤੇ *ਭੱਟ ਵਹੀਆਂ* ਅਤੇ *ਗੁਰੂ ਕੀਆਂ ਸਾਖੀਆਂ* ਅਨੁਸਾਰ, ਗੁਰੂ ਤੇਗ਼ ਬਹਾਦਰ ਸਾਹਿਬ 10 ਜੁਲਾਈ 1675 ਨੂੰ ਚੱਕ ਨਾਨਕੀ (ਅਨੰਦਪੁਰ ਸਾਹਿਬ) ਤੋਂ ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਸਮੇਤ ਦਿੱਲੀ ਵੱਲ ਨੂੰ ਚੱਲ ਪਏ।[26]

ਜਿਥੋਂ ਤਕ ਕਸ਼ਮੀਰੀ ਬ੍ਰਾਹਮਣਾਂ ਦਾ ਗੁਰੂ ਤੇਗ਼ ਬਹਾਦਰ ਸਾਹਿਬ ਪਾਸ ਫ਼ਰਿਆਦੀ ਹੋ ਕੇ ਪੁੱਜਣ ਬਾਰੇ ਕਿਵੇਂ ਯੋਜਨਾ ਬਣੀ ਹੋਵੇਗੀ। ਪਹਿਲੀ, ਇਨ੍ਹਾਂ ਨੂੰ ਪਤਾ ਸੀ ਕਿ ਗੁਰੂ ਤੇਗ਼ ਬਹਾਦਰ ਸਾਹਿਬ ਜੀ ਬਤੌਰ ਧਾਰਮਿਕ ਨੇਤਾ ਬਹੁਤ ਉੱਚੇ ਮੰਨੇ ਜਾਂਦੇ ਸਨ। ਦੂਸਰਾ, ਇਹ ਕਸ਼ਮੀਰੀ ਜਾਣਦੇ ਸਨ ਕਿ ਔਰੰਗਜ਼ੇਬ ਦੇ ਜਰਨੈਲ ਰਾਜਾ ਰਾਮ ਸਿੰਘ ਗੁਰੂ ਜੀ ਦਾ ਬਹੁਤ ਸਤਿਕਾਰ ਕਰਦੇ ਸਨ, ਕਿਉਂਕਿ ਗੁਰੂ ਜੀ ਅਸਾਮ ਵੱਲ ਰਾਜਾ ਰਾਮ ਸਿੰਘ ਨਾਲ ਗਏ ਸਨ ਅਤੇ ਕਿਆਸ-ਅਰਾਈ ਸੀ ਕਿ ਔਰੰਗਜ਼ੇਬ ਵੀ ਸ਼ਾਇਦ ਗੁਰੂ ਪ੍ਰਤੀ ਨੇਕ ਨੀਤੀ ਰੱਖਦਾ ਹੋਵੇ।[27]

ਇਕ ਹੋਰ ਕਾਰਨ ਸੀ ਕਿ ਪੰਡਿਤ ਕਿਰਪਾ ਰਾਮ ਨੇ ਗੁਰੂ ਗੋਬਿੰਦ ਸਿੰਘ ਨੂੰ ਬਤੌਰ ਅਧਿਆਪਕ ਸੇਵਾਵਾਂ ਦਿੱਤੀਆਂ ਸਨ। ਇਸ ਲਈ ਇਨ੍ਹਾਂ ਨੇ ਗੁਰੂ ਤੇਗ਼ ਬਹਾਦਰ

---

24. ਸ੍ਵਰੂਪ ਸਿੰਘ ਕੌਸ਼ਿਸ਼, *ਗੁਰੂ ਕੀਆਂ ਸਾਖੀਆਂ*, ਸੰਪਾ. ਪਿਆਰਾ ਸਿੰਘ ਪਦਮ, ਪੰਨਾ 80.
25. ਮਹਿੰਦਰ ਸਿੰਘ ਜੋਸ਼, *ਜੀਵਨ ਗਾਥਾ ਗੁਰੂ ਤੇਗ਼ ਬਹਾਦਰ ਸਾਹਿਬ ਤੇ ਸਿੱਖ ਇਨਕਲਾਬ*, ਪੰਨੇ 81-83.
26. *ਉਹੀ*, ਪੰਨਾ 86.
27. ਪ੍ਰਿੰ. ਤੇਜਾ ਸਿੰਘ ਤੇ ਗੰਡਾ ਸਿੰਘ, *ਸਿੱਖ ਇਤਿਹਾਸ (1469-1765)*, ਪੰਨਾ 64.

ਸਾਹਿਬ ਜੀ ਦੀ ਸੰਗਤ ਮਾਣੀ ਅਤੇ ਉਸ ਨੂੰ ਗੁਰੂ ਸਾਹਿਬ ਉਪਰ ਭਰੋਸਾ ਸੀ। ਕਸ਼ਮੀਰੀ ਵਫ਼ਦ ਦੀ ਗੁਰੂ ਤੇਗ਼ ਬਹਾਦਰ ਸਾਹਿਬ ਪਹੁੰਚ ਕੇ ਫ਼ਰਿਆਦ ਕਰਨ ਦੀ ਪੂਰੀ ਖ਼ਬਰ ਔਰੰਗਜ਼ੇਬ ਨੂੰ ਮਿਲਦੀ ਰਹੀ। ਬਾਦਸ਼ਾਹ ਆਪ ਹਸਨ ਅਬਦਾਲ ਵਿਖੇ ਸੀ ਅਤੇ ਉਸ ਨੇ ਉਥੋਂ ਹੀ ਹੁਕਮ ਜਾਰੀ ਕੀਤਾ ਕਿ ਗੁਰੂ ਤੇਗ਼ ਬਹਾਦਰ ਸਾਹਿਬ ਜੀ ਨੂੰ ਗ੍ਰਿਫ਼ਤਾਰ ਕੀਤਾ ਜਾਵੇ। ਇਹ ਹੁਕਮ ਲਾਹੌਰ ਦੇ ਗਵਰਨਰ ਨੂੰ ਕੀਤਾ ਸੀ, ਅੱਗੋਂ ਉਸ ਨੇ ਸਰਹਿੰਦ ਦੇ ਫ਼ੌਜਦਾਰ, ਦਿਲਾਵਰ ਖ਼ਾਂ ਨੂੰ ਕਿਹਾ ਅਤੇ ਉਸ ਨੇ ਰੋਪੜ ਦੇ ਕੋਤਵਾਲ ਮਿਰਜ਼ਾ ਨੂਰ ਮੁਹੰਮਦ ਖ਼ਾਂ ਨੂੰ ਜ਼ੁੰਮੇਵਾਰੀ ਸੌਂਪ ਦਿੱਤੀ। ਗੁਰੂ ਸਾਹਿਬ ਦੀ ਗ੍ਰਿਫ਼ਤਾਰੀ ਬਾਰੇ ਗਵਾਹੀ 'ਭੱਟ ਵਹੀ' ਵਿਚ ਇਸ ਤਰ੍ਹਾਂ ਦਰਜ ਹੈ[28] :

> "ਗੁਰੂ ਤੇਗ਼ ਬਹਾਦਰ ਜੀ ਮਹੱਲ ਨਾਮਾ ਕੋ ਨੂਰ ਮੁਹੰਮਦ ਖ਼ਾਨ ਮਿਰਜ਼ਾ ਚੌਕੀ ਰੋਪੜ ਵਾਲੇ ਨੇ ਸਾਲ ਸਤਰਾਂ ਸੈ ਬਤੀਸ ਸਾਵਨ ਪ੍ਰਵਿਸ਼ਟੇ ਬਾਰਾਂ ਮਲਕਪੁਰ ਪਰਗਨਾ ਘਨਉਲਾ ਸੇ ਪਕੜ ਕਰ ਸਰਹੰਦ ਪਹੁੰਚਾਇਆ, ਸਾਥ ਸਤੀ ਦਾਸ, ਮਤੀ ਦਾਸ ਬੇਟੇ ਹੀਰਾ ਲਾਲ ਛਿਬੜ ਕੇ, ਸਾਥ ਦਿਆਲ ਦਾਸ ਬੇਟਾ ਮਾਈ ਦਾਸ ਬਲਉਤ ਕਾ ਪਕੜਿਆ ਆਇਆ, ਚਾਰ ਮਾਹ ਸਰਹੰਦ ਔਰ ਦਿੱਲੀ ਬੰਦੀ ਖ਼ਾਨੇ ਮੈ ਰਹੇ।" *(ਭੱਟ ਵਹੀ ਮੁਲਤਾਨੀ ਸਿੰਧੀ, ਖਾਤਾ ਬਲਉਤੋਂ ਕਾ)*

ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਗ੍ਰਿਫ਼ਤਾਰੀ ਬਾਰੇ ਚੱਕ ਨਾਨਕੀ ਵਿਖੇ ਖ਼ਬਰ ਮਿਲ ਚੁੱਕੀ ਸੀ। ਮਾਤਾ ਨਾਨਕੀ ਜੀ ਨੇ ਦੀਵਾਨ ਦਰਘਾ ਮੱਲ ਅਤੇ ਚਉਪਤ ਰਾਏ ਨੂੰ ਪੂਰੀ ਜਾਣਕਾਰੀ ਹਾਸਲ ਕਰਨ ਲਈ ਭੇਜਿਆ। ਗੁਰੂ ਸਾਹਿਬ ਤਿੰਨ ਮਹੀਨੇ ਤੋਂ ਵੱਧ ਸਮਾਂ ਬਸੀ ਪਠਾਨਾਂ ਦੇ ਬੰਦੀਖ਼ਾਨੇ ਵਿਚ ਬੰਦ ਰਹੇ। ਇਸ ਪਿੱਛੋਂ ਦਿੱਲੀ ਤੋਂ ਹੁਕਮ ਆਉਣ 'ਤੇ ਗੁਰੂ ਜੀ ਨੂੰ ਲੋਹੇ ਦੇ ਪਿੰਜਰੇ ਵਿਚ ਬੰਦ ਕਰ ਕੇ ਦਿੱਲੀ ਵੱਲ ਤੋਰਿਆ ਗਿਆ। ਦਿੱਲੀ ਵਿਚ ਗੁਰੂ ਜੀ ਨੂੰ ਕੋਤਵਾਲੀ ਵਿਖੇ ਰੱਖਿਆ ਗਿਆ ਅਤੇ ਇਸ ਪਿੱਛੋਂ ਉਨ੍ਹਾਂ ਨੂੰ ਸ਼ਾਹੀ ਦਰਬਾਰ ਵਿਚ ਪੇਸ਼ ਕੀਤਾ ਗਿਆ।[29]

ਜਿਥੋਂ ਤਕ ਗੁਰੂ ਜੀ ਦੀ ਗ੍ਰਿਫ਼ਤਾਰੀ ਦੀ ਤਰੀਖ਼ ਬਾਰੇ ਹੈ, ਇਹ ਮਿਤੀ 12 ਜੁਲਾਈ 1675 ਈ. ਸੀ, ਭਾਵ ਉਨ੍ਹਾਂ ਦੀ ਗ੍ਰਿਫ਼ਤਾਰੀ ਸ਼ਹੀਦੀ ਤੋਂ ਚਾਰ ਮਹੀਨੇ ਪਹਿਲਾਂ ਹੋਈ ਸੀ।[30] ਗੁਰੂ ਜੀ ਆਪਣੇ ਤਿੰਨ ਸਿੱਖਾਂ, ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਜੀ ਸਮੇਤ ਦਿੱਲੀ ਦੀ ਚਾਂਦਨੀ ਚੌਂਕ ਵਾਲੀ ਕੋਤਵਾਲੀ ਵਿਖੇ 3 ਨਵੰਬਰ 1675 ਨੂੰ ਪਹੁੰਚਾਏ ਗਏ। ਗੁਰੂ ਜੀ ਦੋਨੋਂ ਥਾਈਂ ਬਸੀ ਪਠਾਨਾਂ ਅਤੇ ਦਿੱਲੀ ਵਿਖੇ ਚਾਰ ਮਹੀਨੇ ਜਾਂ 4 ਮਹੀਨੇ ਅੱਠ ਦਿਨ ਤਕ ਕੈਦ ਵਿਚ ਰਹੇ। ਇਸ ਸਮੇਂ ਦਿੱਲੀ ਦਾ ਸੂਬੇਦਾਰ ਸਾਫ਼ੀ ਖ਼ਾਂ ਸੀ।[31]

ਗੁਰੂ ਜੀ ਨੂੰ ਕੋਤਵਾਲੀ ਵਿਚ ਅੱਠ ਦਿਨ ਤਕ ਰੱਖਿਆ ਗਿਆ ਅਤੇ ਜ਼ੁਲਮ ਕੀਤੇ ਗਏ। ਗੁਰੂ ਜੀ ਨੂੰ ਕਿਹਾ ਗਿਆ ਕਿ ਉਹ ਕੋਈ ਕਰਾਮਾਤ ਦਿਖਾਉਣ ਜਾਂ

---

28. ਸ੍ਵਰੂਪ ਸਿੰਘ ਕੌਸ਼ਿਸ਼, *ਗੁਰੂ ਕੀਆਂ ਸਾਖੀਆਂ*, ਸੰਪਾ. ਪਿਆਰਾ ਸਿੰਘ ਪਦਮ, ਪੰਨਾ 82.
29. *ਉਹੀ*, ਪੰਨੇ 81-82.
30. ਪ੍ਰਿੰ. ਤੇਜਾ ਸਿੰਘ ਤੇ ਗੰਡਾ ਸਿੰਘ, *ਸਿੱਖ ਇਤਿਹਾਸ (1469-1765)*, ਪੰਨੇ 67-68.
31. ਮਹਿੰਦਰ ਸਿੰਘ ਜੋਸ਼, *ਜੀਵਨ ਗਾਥਾ ਗੁਰੂ ਤੇਗ਼ ਬਹਾਦਰ ਸਾਹਿਬ ਤੇ ਸਿੱਖ ਇਨਕਲਾਬ*, ਪੰਨਾ 87.

ਇਸਲਾਮ ਧਰਮ ਅਪਨਾ ਲੈਣ। ਇਨ੍ਹਾਂ ਦੋ ਸ਼ਰਤਾਂ ਨੂੰ ਨਾ ਮੰਨਣ ਤਾਂ ਮੌਤ ਪਰਵਾਣ ਕਰ ਲੈਣ। ਗੁਰੂ ਜੀ ਨੇ ਸ਼ਹੀਦ ਹੋਣਾ ਪਰਵਾਣ ਕਰ ਲਿਆ। ਇਨ੍ਹਾਂ ਤੋਂ ਪਹਿਲਾਂ ਭਾਈ ਮਤੀ ਦਾਸ ਨੂੰ ਦੋ ਲੱਕੜੀ ਦੇ ਫੱਟਿਆਂ ਵਿਚ ਜਕੜ ਕੇ ਆਰੇ ਨਾਲ ਚੀਰਿਆ ਗਿਆ, ਦੂਜੇ ਭਾਈ ਦਿਆਲਾ ਨੂੰ ਪਾਣੀ ਦੀ ਉਬਲਦੀ ਦੇਗ ਵਿਚ ਉਬਾਲ ਕੇ ਸ਼ਹੀਦ ਕੀਤਾ ਗਿਆ। ਤੀਸਰੇ ਸਿੱਖ, ਭਾਈ ਸਤੀ ਦਾਸ ਦੇ ਸਰੀਰ ਨੂੰ ਰੂੰ ਨਾਲ ਵਲ੍ਹੇਟ ਕੇ ਅਤੇ ਤੇਲ ਪਾ ਕੇ ਅੱਗ ਲਗਾ ਕੇ ਸ਼ਹੀਦ ਕੀਤਾ ਗਿਆ। ਗੁਰੂ ਜੀ ਦੇ ਮਨ ਉੱਤੇ, ਇਨ੍ਹਾਂ ਤਿੰਨਾਂ ਸਿੱਖਾਂ ਦੇ ਉੱਪਰ ਹੋਏ ਜ਼ੁਲਮ ਕਰ ਕੇ ਸ਼ਹੀਦ ਕਰਨ 'ਤੇ ਕੋਈ ਅਸਰ ਨਹੀਂ ਹੋਇਆ। ਆਖ਼ਰ ਵਿਚ ਗੁਰੂ ਜੀ ਨੂੰ ਮਾਘ ਸੁਦੀ 5, 1732 ਸੰਮਤ, (11 ਨਵੰਬਰ, 1675 ਈ. ਜੂਲੀਅਨ ਕੈਲੰਡਰ) ਨੂੰ ਸ਼ਹੀਦ ਕਰ ਦਿੱਤਾ।[32]

ਭਾਈ ਜੈਤਾ ਜੀ ਗੁਰੂ ਸਾਹਿਬ ਜੀ ਦੇ ਸੀਸ ਨੂੰ ਇਕ ਕਪੜੇ ਵਿਚ ਲਪੇਟ ਕੇ ਅਤੇ ਉਸ ਨੂੰ ਟੋਕਰੀ ਵਿਚ ਰੱਖ ਕੇ ਮਾਖੋਵਾਲ (ਸ੍ਰੀ ਅਨੰਦਪੁਰ) ਵੱਲ ਨੂੰ ਤੁਰ ਪਿਆ। ਇਹ ਜਾਣਕਾਰੀ *ਭੱਟ ਵਹੀ ਮੁਲਤਾਨੀ ਸਿੰਧੀ* ਵਿਚ ਅੰਕਿਤ ਹੈ ਕਿ ਭਾਈ ਜੈਤਾ ਜੀ ਨੂੰ ਭਾਈ ਨਾਨੂ ਜੀ, ਭਾਈ ਉਦਾ ਜੀ ਰਸਤੇ ਵਿਚ ਆ ਕੇ ਮਿਲੇ। ਸੰਭਵ ਹੈ ਕਿ ਇਹ ਯੋਜਨਾ ਤਿੰਨਾਂ ਨੇ ਬਣਾਈ ਹੋਵੇ ਕਿ ਗੁਰੂ ਜੀ ਦੇ ਸੀਸ ਨੂੰ ਸਤਿਕਾਰ ਸਹਿਤ ਉਠਾ ਕੇ ਕਿਵੇਂ ਸੁਰੱਖਿਅਤ ਸ੍ਰੀ ਅਨੰਦਪੁਰ ਸਾਹਿਬ ਪਹੁੰਚਾਇਆ ਜਾਵੇ। ਇਹ ਲਗਾਤਾਰ ਆਪਣਾ ਪੰਧ ਮੁਕਾ ਕੇ ਗੁਰੂ ਗੋਬਿੰਦ ਰਾਏ ਪਾਸ ਪਹੁੰਚ ਗਏ ਅਤੇ ਗੁਰੂ ਜੀ ਨੇ ਭਾਈ ਜੈਤਾ ਜੀ ਨੂੰ 'ਰੰਘਰੇਟਾ ਗੁਰੂ ਕਾ ਬੇਟਾ' ਆਖ ਨਿਵਾਜਿਆ।[33]

ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਲਾਸਾਨੀ ਸ਼ਹੀਦੀ ਦੀ ਜੋ ਪਹਿਲੀ ਯਾਦਗਾਰ ਬਣੀ, ਉਹ ਗੁਰਦੁਆਰਾ ਸੀਸਗੰਜ ਸਾਹਿਬ ਹੈ। ਇਸ ਯਾਦਗਾਰ (ਗੁਰਦੁਆਰਾ ਸਾਹਿਬ) ਨੂੰ ਸਭ ਤੋਂ ਪਹਿਲਾਂ (1783-85), ਸ. ਬਘੇਲ ਸਿੰਘ ਜੀ ਨੇ ਬਣਾਇਆ ਸੀ, ਭਾਵ ਗੁਰਦੁਆਰਾ ਸਾਹਿਬ ਜੀ ਦੀ ਉਸਾਰੀ ਕੀਤੀ ਸੀ।[34]

ਲੱਖੀ ਸ਼ਾਹ ਵਣਜਾਰੇ ਵਲੋਂ ਜਦੋਂ ਗੁਰੂ ਜੀ ਦੇ ਧੜ ਨੂੰ ਚੁੱਕਿਆ ਤਾਂ ਉਸ ਨਾਲ ਉਸ ਦੇ ਜਵਾਨ ਬੇਟੇ ਨਗਾਹੀਆ, ਹੇਮਾ ਤੇ ਹਾੜੀ ਸਨ। ਇਨ੍ਹਾਂ ਤੋਂ ਇਲਾਵਾ ਕਾਹਨਾ ਜੀ ਦਾ ਪੁੱਤਰ ਧੂਮਾ ਵੀ ਸੀ। ਗੁਰੂ ਜੀ ਦੇ ਧੜ ਨੂੰ ਚੁੱਕ ਕੇ ਟਾਂਡੇ ਦੇ ਇਕ ਗੱਡੇ ਵਿਚ ਰੱਖ ਲਿਆ ਅਤੇ ਆਪਣੀ ਬਸਤੀ ਰਕਾਬਗੰਜ ਵੱਲ ਤੋਰ ਦਿੱਤਾ। 12 ਨਵੰਬਰ ਨੂੰ, ਚੰਗੀ ਜੁਗਤ ਵਰਤ ਕੇ, ਆਪਣੇ ਘਰ ਨੂੰ ਅੱਗ ਲਗਾ ਕੇ ਗੁਰੂ ਸਾਹਿਬ ਜੀ ਦੇ ਧੜ ਦਾ ਸਸਕਾਰ ਕਰ ਦਿੱਤਾ। ਹਾਕਮਾਂ ਦੀ ਭੈੜੀ ਸੋਚ ਦੀ ਚਰਚਾ ਹੋ ਗਈ ਸੀ ਕਿ ਉਹ ਗੁਰੂ ਸਾਹਿਬ ਜੀ ਦੇ ਸਰੀਰ ਦੇ ਟੁੱਕੜੇ ਕਰ ਕੇ ਦਿੱਲੀ ਦੇ ਗੇਟਾਂ ਉੱਪਰ ਲਟਕਾਉਣਾ ਚਾਹੁੰਦੇ ਸਨ। ਸਸਕਾਰ ਵਾਲੀ ਥਾਂ 'ਤੇ ਗੁਰਦੁਆਰਾ ਰਕਾਬ ਗੰਜ ਸਾਹਿਬ ਦੀ ਉਸਾਰੀ ਵੀ 1783-85 ਵਿਚ ਸ. ਬਘੇਲ ਸਿੰਘ ਨੇ ਹੀ ਕਰਾਈ।[35]

32. ਤਾਰਨ ਸਿੰਘ (ਸੰਪਾ.), *ਗੁਰੂ ਤੇਗ਼ ਬਹਾਦਰ : ਜੀਵਨ, ਸੰਦੇਸ਼ ਤੇ ਸ਼ਹਾਦਤ*, ਪੰਨਾ 46.
33. ਸਰੂਪ ਸਿੰਘ ਕੌਸ਼ਿਸ਼, *ਗੁਰੂ ਕੀਆਂ ਸਾਖੀਆਂ*, ਸੰਪਾ. ਪ੍ਰੋ. ਪਿਆਰਾ ਸਿੰਘ ਪਦਮ, ਪੰਨਾ 86.
34. ਮਹਿੰਦਰ ਸਿੰਘ ਜੋਸ਼, *ਜੀਵਨ ਗਾਥਾ ਗੁਰੂ ਤੇਗ਼ ਬਹਾਦਰ ਸਾਹਿਬ ਤੇ ਸਿੱਖ ਇਨਕਲਾਬ*, ਪੰਨਾ 92.
35. *ਉਹੀ*, ਪੰਨਾ 99.

## ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਲਾਸਾਨੀ ਸ਼ਹੀਦੀ

ਇਹ ਸ਼ਹੀਦੀ ਦੁਨੀਆਂ ਦੇ ਇਤਿਹਾਸ ਵਿਚ ਪਹਿਲੀ ਲਾਸਾਨੀ ਸ਼ਹੀਦੀ ਹੈ, ਕਿਉਂਕਿ ਦੂਜਿਆਂ ਦੀ ਧਾਰਮਿਕ ਅਜ਼ਾਦੀ ਅਥਵਾ ਇਸ ਨੂੰ ਮਾਨਵਤਾ ਦੀ ਧਾਰਮਿਕ ਅਜ਼ਾਦੀ ਲਈ ਆਖਣਾ ਪੂਰਾ ਢੁੱਕਵਾਂ ਹੈ। ਦੂਸਰਾ, ਗੁਰੂ ਜੀ ਅਤੇ ਇਨ੍ਹਾਂ ਦੇ ਨਾਲ ਦੇ ਸਿੱਖਾਂ ਉੱਪਰ ਘੋਰ ਅਤਿਆਚਾਰ ਕੀਤਾ ਗਿਆ। ਸ਼ਾਇਦ ਹਾਕਮ ਸੋਚਦਾ ਹੋਵੇਗਾ ਕਿ ਤਸੀਹੇ ਦੇ ਕੇ, ਇਨ੍ਹਾਂ ਦੇ ਸਿਦਕ ਨੂੰ ਡੋਲਾਇਆ ਜਾ ਸਕਦਾ ਸੀ, ਪਰ ਗੁਰੂ ਸਾਹਿਬ ਦੇ ਨਾਲ ਸਿੱਖਾਂ ਦੇ ਸਿਦਕ ਅਤੇ ਦ੍ਰਿੜ੍ਹਤਾ ਨੇ ਸਭ ਨੂੰ ਭੈਅ-ਭੀਤ ਕਰ ਦਿੱਤਾ। ਅਜਿਹੀ ਬੇਮਿਸਾਲ ਸੂਰਮ ਗਤੀ, ਨਿਰਭੈਤਾ ਅਤੇ ਅਡੋਲਤਾ ਕਿਸੇ ਨੇ ਵੀ ਅੱਖੀਂ ਨਹੀਂ ਡਿੱਠੀ ਹੋਵੇਗੀ। ਇਸ ਮਹਾਨ ਸ਼ਹੀਦੀ ਸਾਕੇ ਨਾਲ ਸਿੱਖ ਹਥਿਆਰਬੰਦ ਇਨਕਲਾਬ ਦਾ ਆਰੰਭ ਹੋ ਗਿਆ, ਜਿਸ ਨੇ ਭਾਰਤ ਦੇ ਇਤਿਹਾਸ ਅੰਦਰ ਨਵੇਂ ਪੰਨੇ ਸ਼ਾਮਲ ਕਰ ਦਿੱਤੇ। ਇਹ ਪਰੰਪਰਾ ਸਿੱਖਾਂ ਵਲੋਂ ਨਿਰੰਤਰ ਸਥਾਈ ਤੌਰ 'ਤੇ ਅਪਨਾਈ ਗਈ ਹੈ ਕਿ ਜਦੋਂ ਵੀ ਮਨੁੱਖੀ ਅਧਿਕਾਰਾਂ ਲਈ ਸੰਘਰਸ਼ ਕਰਨਾ ਪਵੇ ਤਾਂ ਸਿਦਕ ਅਤੇ ਦ੍ਰਿੜ੍ਹਤਾ ਤੋਂ ਪਿੱਛੇ ਨਹੀਂ ਹਟਣਾ।

ਇਹ ਸ਼ਹਾਦਤ ਕਿਸੇ ਵਿਸ਼ੇਸ਼ ਧਰਮ ਜਾਂ ਸੰਪਰਦਾ ਲਈ, ਜਾਂ ਕਿਸੇ ਦੇ ਧਾਰਮਿਕ ਚਿੰਨ੍ਹਾਂ ਦੀ ਰਖਵਾਲੀ ਤਕ ਸੀਮਤ ਨਹੀਂ, ਸਗੋਂ ਇਹ ਸ਼ਹਾਦਤ ਸਮੁੱਚੀ ਮਾਨਵਤਾ ਦੀ ਧਾਰਮਿਕ ਅਜ਼ਾਦੀ ਲਈ ਸੀ। ਗੁਰੂ ਸਾਹਿਬ ਵੱਲੋਂ ਦਿੱਤੀ ਇਹ ਸ਼ਹੀਦੀ ਲਾਮਿਸਾਲ ਸੀ, ਕਿਉਂਕਿ ਮਾਨਵਤਾ ਦੇ ਇਤਿਹਾਸ ਵਿਚ ਇਹ ਪਹਿਲੀ ਵਾਰੀ ਹੋਇਆ ਕਿ ਕਿਸੇ ਦੂਜੇ ਵਰਗ ਦੇ ਲੋਕਾਂ ਦੇ ਵਿਸ਼ਵਾਸ ਲਈ ਸ਼ਹੀਦੀ ਦਿੱਤੀ ਗਈ।

ਇਕ ਹੋਰ ਦੁਖਾਂਤਕ ਪਹਿਲੀ ਹੈ ਕਿ ਗੁਰੂ ਤੇਗ਼ ਬਹਾਦਰ ਸਾਹਿਬ ਦੀ ਸ਼ਹੀਦੀ ਦੇ ਮਹੱਤਵ ਨੂੰ ਘਟਾਉਣ ਲਈ, ਉਨ੍ਹਾਂ ਦੇ ਨਾਮ ਨਾਲ 'ਹਿੰਦ ਦੀ ਚਾਦਰ' ਲਕਬ ਜੋੜਿਆ ਜਾ ਰਿਹਾ ਹੈ। ਜਿਵੇਂ ਅਸੀਂ ਉਲੇਖ ਕਰ ਦਿੱਤਾ ਹੈ ਕਿ ਉਨ੍ਹਾਂ ਦੀ ਸ਼ਹੀਦੀ ਮਾਨਵਤਾ ਲਈ ਸੀ, ਭਾਵ ਸੰਸਾਰ ਅੰਦਰ ਧਾਰਮਿਕ ਅਜ਼ਾਦੀ ਲਈ ਸੀ। ਇਸ ਦੀ ਗਵਾਹੀ ਸਮਕਾਲੀ ਲੇਖਕ (ਕਵੀ) ਸੈਨਾਪਤਿ ਰਚਿਤ *ਸ੍ਰੀ ਗੁਰ ਸੋਭਾ* ਅੰਦਰ ਮਿਲਦੀ ਹੈ :

**ਪ੍ਰਗਟ ਭਏ ਗੁਰ ਤੇਗ਼ ਬਹਾਦਰ।**
**ਸਗਲ ਸ੍ਰਿਸਟਿ ਪੈ ਢਾਪੀ ਚਾਦਰ।**

ਸਾਨੂੰ ਇਹ ਗੱਲ ਪੱਲੇ ਬੰਨ੍ਹ ਲੈਣੀ ਚਾਹੀਦੀ ਹੈ ਕਿ ਉਨ੍ਹਾਂ ਨੇ ਮਾਨਵਤਾ ਦੇ ਮਨੁੱਖੀ ਅਧਿਕਾਰਾਂ ਲਈ ਆਪਣੀ ਮਹਾਨ ਕੁਰਬਾਨੀ ਦਿੱਤੀ।[36]

## ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਬਾਣੀ

ਗੁਰੂ ਸਾਹਿਬ ਨੇ 15 ਰਾਗਾਂ ਵਿਚ 59 ਸ਼ਬਦਾਂ ਦੀ ਰਚਨਾ ਕੀਤੀ ਅਤੇ ਇਨ੍ਹਾਂ ਨੇ ਇਕ ਨਵਾਂ ਰਾਗ ਜੈਜਾਵੰਤੀ ਵਿਚ ਚਾਰ ਸ਼ਬਦ ਉਚਾਰੇ ਹਨ। ਕਿਸੇ ਹੋਰ ਗੁਰੂ

36. *ਸ੍ਰੀ ਗੁਰ ਸੋਭਾ*, ਕਵੀ ਸੈਨਾਪਤਿ ਰਚਿਤ (ਸੰਪਾ. ਡਾ. ਗੰਡਾ ਸਿੰਘ), ਪੰਨੇ 2-3.

ਨੇ ਇਸ ਰਾਗ ਵਿਚ ਬਾਣੀ ਨਹੀਂ ਉਚਾਰੀ। ਸ਼ਬਦਾਂ ਤੋਂ ਬਿਨਾਂ ਗੁਰੂ ਸਾਹਿਬ ਜੀ ਨੇ 57 ਸਲੋਕ ਵੀ ਰਚੇ ਹਨ, ਜੋ ਸਿੱਖ ਪਰੰਪਰਾ ਵਿਚ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦੇ ਭੋਗ ਦੀ ਸਮਾਪਤੀ ਸਮੇਂ ਪੜ੍ਹੇ ਜਾਂਦੇ ਹਨ ਅਤੇ ਸਲੋਕਾਂ ਦੀ ਸਮਾਪਤੀ 'ਤੇ ਮੁੰਦਾਵਣੀ ਦਾ ਪਾਠ ਹੁੰਦਾ ਹੈ।

| | | | | | |
|---|---|---|---|---|---|
| ਗਉੜੀ | — | 9 ਸ਼ਬਦ | ਤਿਲੰਗ | — | 3 ਸ਼ਬਦ |
| ਆਸਾ | — | 1 ਸ਼ਬਦ | ਬਿਲਾਵਲੁ | — | 3 ਸ਼ਬਦ |
| ਦੇਵ ਗੰਧਾਰੀ | — | 3 ਸ਼ਬਦ | ਰਾਮਕਲੀ | — | 3 ਸ਼ਬਦ |
| ਬਿਹਾਗੜਾ | — | 1 ਸ਼ਬਦ | ਮਾਰੂ | — | 3 ਸ਼ਬਦ |
| ਸੋਰਠਿ | — | 12 ਸ਼ਬਦ | ਬਸੰਤ | — | 5 ਸ਼ਬਦ |
| ਧਨਾਸਰੀ | — | 4 ਸ਼ਬਦ | ਸਾਰੰਗ | — | 4 ਸ਼ਬਦ |
| ਜੈਤਸਰੀ | — | 3 ਸ਼ਬਦ | ਜੈਜਾਵੰਤੀ | — | 4 ਸ਼ਬਦ |
| ਟੋਡੀ | — | 1 ਸ਼ਬਦ | | | |

## ਗੁਰੂ ਜੀ ਦੀ ਬਾਣੀ ਦੇ ਕੁਝ ਸਿਧਾਂਤਕ ਪੱਖ

ਗੁਰੂ ਸਾਹਿਬ ਵੱਲੋਂ ਰਚੀ ਬਣੀ ਅੰਦਰ ਮਨੁੱਖ ਨੂੰ ਦ੍ਰਿੜ੍ਹ ਕਰਾਇਆ ਗਿਆ ਹੈ ਕਿ ਜਗਤ ਨਾਸ਼ਵਾਨ ਹੈ ਅਤੇ ਉਸ ਨੂੰ ਸੋਝੀ ਕਰਾਉਣ ਦਾ ਜਤਨ ਹੈ, ਤਾਂ ਜੋ ਉਹ ਪਰਿਵਾਰਕ ਮੋਹ ਤੋਂ ਉੱਪਰ ਉੱਠ ਕੇ ਪਰਉਪਕਾਰੀ ਬਣਨ ਲਈ ਯਤਨਸ਼ੀਲ ਹੋਵੇ :

**ਰੇ ਨਰ ਇਹ ਸਾਚੀ ਜੀਅ ਧਾਰਿ ॥**
**ਸਗਲ ਜਗਤੁ ਹੈ ਜੈਸੇ ਸੁਪਨਾ ਬਿਨਸਤ ਲਗਤ ਨ ਬਾਰ ॥**

*(ਸੋਰਠਿ ਮ: ੯, ਪੰਨਾ 633)*

**ਮਨ ਰੇ ਸਾਚਾ ਗਹੋ ਬਿਚਾਰਾ ॥**
**ਰਾਮ ਨਾਮ ਬਿਨੁ ਮਿਥਿਆ ਮਾਨੋ ਸਗਰੋ ਇਹੁ ਸੰਸਾਰਾ ॥**

*(ਜੈਤਸਰੀ ਮ: ੯, ਪੰਨਾ 703)*

ਜੇ ਕੋਈ ਪ੍ਰਾਣੀ ਆਪਣੇ ਪਰਿਵਾਰ ਜਾਂ ਧੀਆਂ ਪੁੱਤਰਾਂ ਦੇ ਮੋਹ ਵਿਚ ਗ੍ਰਸਿਆ ਰਹੇ ਤਾਂ ਉਹ ਜੀਵਨ ਦੇ ਅਸਲ ਮਨੋਰਥ ਤੋਂ ਲਾਂਭੇ ਹੋ ਜਾਂਦਾ ਹੈ। ਗੁਰੂ ਸਾਹਿਬ ਇਹੀ ਦ੍ਰਿੜ੍ਹ ਕਰਵਾ ਰਹੇ ਹਨ ਕਿ ਇਸਤਰੀ, ਧਨ, ਸੰਪਤੀ, ਜੋ ਵਿਅਕਤੀ ਆਪਣੀ ਮੰਨ ਕੇ ਮਾਣ ਕਰਦਾ ਹੈ, ਇਹ ਠੀਕ ਨਹੀਂ, ਕਿਉਂਕਿ ਇਨ੍ਹਾਂ ਵਿੱਚੋਂ ਕੁਝ ਵੀ ਸਾਥ ਨਹੀਂ ਜਾਂਦਾ। ਗੁਰੂ ਅਮਰਦਾਸ ਜੀ ਇਹੀ ਦ੍ਰਿੜ੍ਹ ਕਰਵਾ ਰਹੇ ਹਨ :

**ਏ ਮਨ ਪਿਆਰਿਆ ਤੂ ਸਦਾ ਸਚੁ ਸਮਾਲੇ ॥**
**ਏਹੁ ਕੁਟੰਬ ਤੂ ਜਿ ਦੇਖਦਾ ਚਲੈ ਨਾਹੀ ਤੇਰੈ ਨਾਲੇ ॥**
**ਸਾਥਿ ਤੇਰੈ ਚਲੈ ਨਾਹੀ ਤਿਸੁ ਨਾਲਿ ਕਿਉ ਚਿਤੁ ਲਾਈਐ ॥**

*(ਰਾਮਕਲੀ ਮ: ੩ ਅਨੰਦੁ, ਪੰਨਾ 918)*

ਗੁਰੂ ਤੇਗ਼ ਬਹਾਦਰ ਸਾਹਿਬ ਉਪਦੇਸ਼ ਕਰਦੇ ਹਨ ਕਿ :

**ਜਾਗ ਲੇਹੁ ਰੇ ਮਨਾ ਜਾਗ ਲੇਹੁ ਕਹਾ ਗਾਫਲ ਸੋਇਆ ॥**
**ਜੋ ਤਨੁ ਉਪਜਿਆ ਸੰਗ ਹੀ ਸੋ ਭੀ ਸੰਗਿ ਨ ਹੋਇਆ ॥**

*(ਤਿਲੰਗ ਮ: ੯, ਪੰਨਾ 726)*

ਮਨ ਨੂੰ ਸੰਬੋਧਨ ਕਰ ਕੇ ਗੁਰੂ ਸਾਹਿਬ ਸਾਨੂੰ ਸਮਝਾ ਰਹੇ ਹਨ ਕਿ ਮੋਹ ਮਾਇਆ ਵਿਚ ਗ਼ਲਤਾਨ ਹੋ ਕੇ ਸੁੱਤੇ ਨਾ ਰਹੀਏ।

## ਹਰਖ ਸੋਗ

ਆਪਣੀ ਬਾਣੀ ਰਾਹੀਂ ਉਪਦੇਸ਼ ਕਰਦੇ ਹਨ ਕਿ ਜਦੋਂ ਕੋਈ ਪ੍ਰਾਣੀ ਪ੍ਰਾਪਤੀ ਕਰਦਾ ਹੈ ਤਾਂ ਉਹ ਬਹੁਤ ਖ਼ੁਸ਼ ਹੁੰਦਾ ਹੈ ਅਤੇ ਕਈ ਵਾਰ ਹੰਕਾਰ ਵੱਸ ਹੋ ਕੇ, ਆਪਣੇ ਨਿਕਟੀ ਲੋਕਾਂ ਨੂੰ ਵੀ ਵਿਸਾਰ ਦਿੰਦਾ ਹੈ। ਇਸ ਲਈ ਆਦਮੀ ਨੂੰ ਹਰਖ ਸੋਗ ਨੂੰ ਇੱਕੋ ਪੱਧਰ 'ਤੇ ਰੱਖਣਾ ਚਾਹੀਦਾ ਹੈ। ਉਨ੍ਹਾਂ ਦਾ ਸੋਰਠਿ ਰਾਗ ਵਿਚ ਇਕ ਸ਼ਬਦ ਹੈ, ਜਿਸ ਵਿਚ ਉਨ੍ਹਾਂ ਗੁਰਮੁਖ ਹਸਤੀ ਦੀਆਂ ਵਿਸ਼ੇਸ਼ਤਾਈਆਂ ਦਾ ਉਲੇਖ ਕੀਤਾ ਹੈ ਕਿ ਉਹ ਮਹਾਨ ਪ੍ਰਾਣੀ, ਦੁੱਖ ਸੁੱਖ, ਉਸਤਤ-ਨਿੰਦਾ, ਲੋਭ-ਮੋਹ, ਕਾਮ-ਕ੍ਰੋਧ ਆਦਿ ਦੇ ਪ੍ਰਭਾਵ ਤੋਂ ਉੱਪਰ ਹੈ, ਨਿਰਲੇਪ ਹੈ। ਇਹੋ ਜਿਹੇ ਪੁਰਖ ਜੀਵਨ ਮੁਕਤ ਹਨ :

**ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ ॥**
**ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ ॥**

*(ਸੋਰਠਿ ਮ: ੯, ਪੰਨਾ 633)*

ਇਸ ਤਰ੍ਹਾਂ ਦੇ ਵਿਚਾਰ ਗੁਰੂ ਅਰਜਨ ਸਾਹਿਬ ਨੇ ਆਪਣੀ ਸੁਖਮਨੀ ਰਚਨਾ ਵਿਚ ਦਰਸਾਏ ਹਨ ਕਿ ਬ੍ਰਹਮਗਿਆਨੀ ਦੇ ਲੱਛਣ ਕੀ ਹੁੰਦੇ ਹਨ :

**ਪ੍ਰਭ ਕੀ ਆਗਿਆ ਆਤਮ ਹਿਤਾਵੈ ॥**
**ਜੀਵਨ ਮੁਕਤਿ ਸੋਊ ਕਹਾਵੈ ॥**
**ਤੈਸਾ ਹਰਖੁ ਤੈਸਾ ਉਸੁ ਸੋਗੁ ॥**
**ਸਦਾ ਅਨੰਦੁ ਤਹ ਨਾਹੀ ਬਿਓਗੁ ॥**
**ਤੈਸਾ ਸੁਵਰਨੁ ਤੈਸੀ ਉਸੁ ਮਾਟੀ ॥**
**ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ ॥** *(ਗਉੜੀ ਸੁਖਮਨੀ ਮ: ੫, ਪੰਨਾ 275)*

## ਵਿਕਾਰਾਂ ਦੇ ਤਿਆਗ ਲਈ ਪ੍ਰੇਰਣਾ

ਇਹ ਗੱਲ ਆਮ ਮੰਨੀ ਜਾਂਦੀ ਹੈ ਕਿ ਜੋ ਮਨੁੱਖ ਆਪਣੇ ਮਨ ਨੂੰ ਕਾਬੂ ਨਹੀਂ ਕਰਦਾ, ਉਹ ਵਿਸ਼ੇ-ਵਿਕਾਰਾਂ ਦੇ ਭੋਗਣ ਤੋਂ ਸੰਕੋਚ ਨਹੀਂ ਕਰਦਾ। ਗੁਰੂ ਸਾਹਿਬ ਆਖ ਰਹੇ ਹਨ :

**ਨਰ ਅਚੇਤ ਪਾਪ ਤੇ ਡਰੁ ਰੇ ॥** *(ਗਉੜੀ ਮ: ੯, ਪੰਨਾ 220)*

ਪਰ ਜੇਕਰ ਮਨੁੱਖ ਮਨ 'ਤੇ ਕਾਬੂ ਪਾ ਕੇ :

**ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ॥**
**ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ ਤਿਹ ਘਟਿ ਬ੍ਰਹਮੁ ਨਿਵਾਸਾ॥**
*(ਸੋਰਠਿ ਮਃ ੯, ਪੰਨਾ 633)*

ਤਦ ਹੀ ਮਨੁੱਖ ਵਿਕਾਰਾਂ ਤੋਂ ਮੁਕਤ ਹੋਵੇਗਾ ਤਾਂ ਉਹ ਨਿਰੰਕਾਰ ਦੀ ਹੋਂਦ ਨੂੰ ਆਪਣੇ ਅੰਦਰ ਮਹਿਸੂਸ ਕਰੇਗਾ ਅਤੇ ਸਦਾ ਸ਼ੁਭ ਕਰਮਨ ਲਈ ਉਤਸ਼ਾਹਿਤ ਹੋਵੇਗਾ।

## ਨਿਰਭੈ ਹੋਣਾ ਅਤੇ ਕਿਸੇ ਨੂੰ ਡਰਾਉਣਾ ਨਹੀਂ

ਗੁਰੂ ਸਾਹਿਬ ਦਾ ਵਾਕ ਹੈ:

**ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨਿ॥**
**ਕਹੁ ਨਾਨਕ ਸੁਨ ਰੇ ਮਨਾ ਗਿਆਨੀ ਤਾਹਿ ਬਖ਼ਾਨ॥**
*(ਸਲੋਕ, ਪੰਨਾ 1427)*

ਇਹ ਗੁਣ ਵੀ ਬਹੁਤ ਚੰਗਾ ਹੈ ਕਿ ਨਿਰਭੈ ਜਾਂ ਨਿਰਭਉ ਹੋਣਾ, ਇਹ ਰੱਬੀ ਗੁਣ ਹੈ, ਪਰ ਜੇਕਰ ਕਿਸੇ ਨੂੰ ਡਰਾਉਣ ਦੀ ਬਿਰਤੀ ਉਪਜੇ, ਤਾਂ ਇਹ ਹੰਕਾਰੀ ਮਨ ਦਾ ਪ੍ਰਤੀਕ ਹੈ। ਗੁਰੂ ਸਾਹਿਬ ਆਪਣੀ ਸਮੁੱਚੀ ਬਾਣੀ ਵਿਚ ਮਨ ਨੂੰ ਸੰਬੋਧਨ ਕਰ ਕੇ ਉਪਦੇਸ਼ ਦਿੰਦੇ ਹਨ, ਕਿਉਂਕਿ ਮਨ ਹੀ ਤ੍ਰਿਸ਼ਨਾ ਅਤੇ ਸੰਸਾਰਕ ਵਸਤੂਆਂ ਦੇ ਪ੍ਰਤੀ ਲੋਭ ਲਾਲਚ ਵਿਚ ਫਸਦਾ ਹੈ:

**ਮਨ ਰੇ ਕਹਾ ਭਇਓ ਤੈ ਬਉਰਾ॥**
**ਅਹਿਨਿਸਿ ਅਉਧ ਘਟੈ ਨਹੀ ਜਾਨੈ ਭਇਓ ਲੋਭ ਸੰਗਿ ਹਉਰਾ॥ਰਹਾਉ॥**
*(ਗਉੜੀ ਮਃ ੯, ਪੰਨਾ 220)*

## ਪ੍ਰਭੂ ਮਹਾਨ ਤੇ ਸ਼ਕਤੀਸ਼ਾਲੀ ਹੈ

ਪ੍ਰਭੂ ਬੇਅੰਤ ਹੈ ਅਤੇ ਉਸ ਦਾ ਥਹੁ ਪਾਉਣਾ ਸੰਭਵ ਨਹੀਂ। ਉਹ ਕਿਸੇ ਵੀ ਸਮੇਂ ਬਾਦਸ਼ਾਹ ਨੂੰ ਰੰਕ ਬਣਾ ਸਕਦਾ ਹੈ ਤੇ ਰੰਕ ਨੂੰ ਬਾਦਸ਼ਾਹ:

**ਛਿਨ ਮਹਿ ਰਾਉ ਰੰਕ ਕਉ ਕਰਈ ਰਾਉ ਰੰਕ ਕਰਿ ਡਾਰੇ॥**
**ਰੀਤੇ ਭਰੇ ਭਰੇ ਸਖਨਾਵੈ ਯਹ ਤਾ ਕੋ ਬਿਵਹਾਰੇ॥**
*(ਬਿਹਾਗੜਾ ਮਃ ੯, ਪੰਨਾ 537)*

## ਕਰਮ-ਕਾਂਡਾਂ, ਜਪ ਤਪ ਜਾਂ ਤੀਰਥਾਂ ਦਾ ਖੰਡਨ

ਗੁਰਮਤਿ ਅੰਦਰ ਸਭ ਗੁਰ ਸਾਹਿਬਾਨ, ਕਰਮ-ਕਾਂਡਾਂ, ਤੀਰਥ ਇਸ਼ਨਾਨ ਜਾਂ ਹੱਠ ਜੋਗ ਜਪ-ਤਪ ਵਿਧੀਆਂ ਦਾ ਖੰਡਨ ਕਰਦੇ ਹਨ। ਉਨ੍ਹਾਂ ਦਾ ਮੁੱਖ ਉਪਦੇਸ਼ ਹੈ ਕਿ ਅਨੇਕਾਂ ਪ੍ਰਕਾਰ ਦੇ ਭੇਖ ਧਾਰ ਕੇ ਜਾਂ ਕਰਮ-ਕਾਂਡ ਕਰ ਕੇ ਪ੍ਰਭੂ ਨੂੰ ਨਹੀਂ ਪਾਇਆ ਜਾ ਸਕਦਾ। ਜੋ ਲੋਕ ਤੀਰਥਾਂ ਅਤੇ ਸਰੋਵਰਾਂ ਵਿਚ ਇਸ਼ਨਾਨ ਕਰਦੇ ਹਨ, ਇਨ੍ਹਾਂ ਕਰਮਾਂ ਨਾਲ ਮਨੁੱਖ ਧਰਮੀ ਅਤੇ ਸਚਿਆਰ ਨਹੀਂ ਬਣ ਸਕਦੇ। ਨਿਰੰਕਾਰ ਜੰਗਲਾਂ

ਜਾਂ ਤੀਰਥਾਂ 'ਤੇ ਨਹੀਂ, ਉਹ ਤਾਂ ਸਭ ਲੋਕਾਂ ਦੇ ਹਿਰਦਿਆਂ ਵਿਚ ਵੱਸਿਆ ਹੋਇਆ ਹੈ। ਇਸ ਪਰਥਾਏ ਗੁਰੂ ਸਾਹਿਬ ਜੀ ਦਾ ਸ਼ਬਦ ਹੈ :

**ਕਾਹੇ ਰੇ ਬਨ ਖੋਜਨ ਜਾਈ ॥**
**ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ ॥**

*(ਧਨਾਸਰੀ ਮ: ੯, ਪੰਨਾ 684)*

## ਮੌਤ ਦਾ ਡਰ ਨਹੀਂ ਹੋਣਾ ਚਾਹੀਦਾ

ਸੰਸਾਰ ਅੰਦਰ ਕੋਈ ਜੀਵ ਸਥਿਰ ਨਹੀਂ ਰਹਿ ਸਕਦਾ, ਮੌਤ ਅਟੱਲ ਹੈ ਅਤੇ ਜੋ ਅਟੱਲ ਹੈ ਅਤੇ ਸਭ ਨੇ ਇਸ ਰਾਹ 'ਤੇ ਤੁਰਨਾ ਹੈ, ਅਤੇ ਇਸ ਤੋਂ ਕੋਈ ਬਚ ਨਹੀਂ ਸਕਦਾ, ਤਾਂ ਇਸ ਤੋਂ ਡਰ ਕਿਉਂ ? ਗੁਰਮਤਿ ਅਨੁਸਾਰ ਸਾਨੂੰ ਸਰੀਰਕ ਮੌਤ ਤੋਂ ਮੁਕਤੀ ਨਹੀਂ ਮਿਲ ਸਕਦੀ, ਪਰ ਜੀਵਨ ਮੁਕਤੀ ਨੂੰ ਹਾਸਲ ਕਰਨਾ ਹੀ ਮੁੱਖ ਉਪਦੇਸ਼ ਹੈ। ਮਨੁੱਖਾ ਜੀਵਨ ਦਾ ਅਸਲ ਲਾਹਾ ਤਾਂ ਵਿਕਾਰਾਂ ਨੂੰ ਮਾਰ ਕੇ ਮਿਲ ਸਕਦਾ ਹੈ। ਇਸ ਬਾਰੇ ਗੁਰੂ ਸਾਹਿਬ ਫ਼ੁਰਮਾ ਰਹੇ ਹਨ ਕਿ :

**ਉਸਤਤਿ ਨਿੰਦਿਆ ਨਾਹਿ ਜਿਹਿ ਕੰਚਨ ਲੋਹ ਸਮਾਨਿ ॥**
**ਕਹੁ ਨਾਨਕ ਸੁਨਿ ਰੇ ਮਨਾ ਮੁਕਤਿ ਤਾਹਿ ਤੈ ਜਾਨਿ ॥**
**ਹਰਖੁ ਸੋਗੁ ਜਾ ਕੈ ਨਹੀ ਬੈਰੀ ਮੀਤ ਸਮਾਨਿ ॥**
**ਕਹੁ ਨਾਨਕ ਸੁਨਿ ਰੇ ਮਨਾ ਮੁਕਤਿ ਤਾਹਿ ਤੈ ਜਾਨਿ ॥**

*(ਸਲੋਕ ਮ: ੯, ਪੰਨਾ 1427)*

ਗੁਰਮਤਿ ਗਿਆਨ ਨੂੰ ਜੀਵਨ ਜਾਚ ਦਾ ਆਧਾਰ ਬਣਾਈਏ ਅਤੇ ਆਤਮਕ ਮੌਤ ਤੋਂ ਮੁਕਤੀ ਹਾਸਲ ਕਰੀਏ ਅਤੇ ਜੀਵਨ ਮੁਕਤ ਹੋਣਾ ਹੀ ਜੀਵਨ ਦਾ ਅਸਲ ਲਾਹਾ ਹੈ।

# ਗੁਰੂ ਗੋਬਿੰਦ ਸਿੰਘ ਜੀ

## (1666-1708 ਈ.)

ਗੁਰੂ ਤੇਗ਼ ਬਹਾਦਰ ਸਾਹਿਬ ਜੀ ਵੱਲੋਂ ਦੇਸ਼ ਦੇ ਵੱਖ-ਵੱਖ ਇਲਾਕਿਆਂ ਵਿਚ ਪ੍ਰਚਾਰ ਦੌਰੇ ਹੋਏ। ਉਨ੍ਹਾਂ ਵੱਲੋਂ ਲੋਕਾਂ ਨੂੰ ਧੀਰਜ ਦੇਣ ਤੇ ਅਕਾਲ ਪੁਰਖ ਵਿਚ ਪੂਰਨ ਭਰੋਸਾ ਰੱਖਣ ਲਈ ਕਿਹਾ ਜਾਂਦਾ ਸੀ। ਇਸ ਤੋਂ ਉਪਰੰਤ ਉਨ੍ਹਾਂ ਦਾ ਇਕ ਵਿਸ਼ੇਸ਼ ਸੰਦੇਸ਼ ਸੀ ਕਿ :

**ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥**
**ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ ॥**

*(ਸਲੋਕ ਮ: ੯, ਪੰਨਾ 1427)*

ਭਾਵ ਕਿਸੇ ਨੂੰ ਡਰਾਓ ਨਾ, ਨਾ ਹੀ ਕਿਸੇ ਪਾਸੋਂ ਡਰਨ ਦੀ ਲੋੜ ਹੈ, ਕਿਉਂਕਿ ਇਹ ਧਰਮੀ ਪੁਰਸ਼ ਲਈ ਜ਼ਰੂਰੀ ਹੈ ਕਿ ਦ੍ਰਿੜ੍ਹਤਾ ਤੇ ਅਣਖ ਨਾਲ ਆਪਣਾ ਜੀਵਨ ਜੀਵੇ। ਗੁਰੂ ਸਾਹਿਬ ਵੱਲੋਂ ਪੂਰਬੀ ਇਲਾਕਿਆਂ ਵਿਚ ਵੀ ਪ੍ਰਚਾਰ ਹੋਇਆ। ਇਹ ਵੀ ਮੰਨਿਆ ਜਾਂਦਾ ਹੈ ਕਿ ਬਾਲ ਗੋਬਿੰਦ ਰਾਇ ਦੇ ਜਨਮ ਸਮੇਂ ਗੁਰੂ ਸਾਹਿਬ ਢਾਕੇ ਵਿਖੇ ਸਨ। ਪ੍ਰਚਾਰ-ਯਾਤਰਾ ਤੋਂ ਪਹਿਲਾਂ ਪਰਿਵਾਰ ਨੂੰ ਪਟਨੇ ਸ਼ਹਿਰ ਛੱਡ ਦਿੱਤਾ ਸੀ ਕਿਉਂਕਿ ਮਾਤਾ ਗੁਜਰੀ ਜੀ ਗਰਭਵਤੀ ਸਨ।

ਬਾਲ ਗੋਬਿੰਦ ਰਾਇ ਜੀ ਦਾ ਜਨਮ ਪਟਨਾ (ਬਿਹਾਰ) ਵਿਖੇ 23 ਪੋਹ ਸੰਮਤ 1723 ਅਤੇ 22 ਦਸੰਬਰ, 1666 (ਜੂਲੀਅਨ ਕੈਲੰਡਰ) ਨੂੰ ਹੋਇਆ।[1] ਮਹਿੰਦਰ ਸਿੰਘ ਜੋਸ਼ ਅਨੁਸਾਰ ਗੁਰੂ ਤੇਗ਼ ਬਹਾਦਰ ਸਾਹਿਬ ਮਈ 1666 ਤੋਂ ਸਤੰਬਰ 1666 ਤਕ ਪਟਨੇ ਪੁੱਜੇ, ਜਿਥੇ ਉਹ ਗੋਬਿੰਦ ਰਾਇ, ਕਿਰਪਾਲ ਚੰਦ ਅਤੇ ਮਾਤਾ ਗੁਜਰੀ ਜੀ ਨੂੰ ਮਿਲੇ।[2]

ਪ੍ਰੋਫ਼ੈਸਰ ਸਾਹਿਬ ਸਿੰਘ ਲਿਖਦੇ ਹਨ ਕਿ ਗੁਰੂ ਤੇਗ਼ ਬਹਾਦਰ ਸਾਹਿਬ ਅਹੋਮ ਕਬੀਲੇ ਦੇ ਰਾਜੇ ਚਕਰਧਵਜ ਸਿੰਹ ਅਤੇ ਰਾਜਾ ਰਾਮ ਸਿੰਘ ਦਰਮਿਆਨ ਸੰਧੀ ਕਰਾ ਕੇ 1670 ਵਿਚ ਵਾਪਸ ਮੁੜੇ ਅਤੇ ਪਹਿਲੀ ਵਾਰ ਗੋਬਿੰਦ ਰਾਇ ਜੀ ਨੂੰ ਦੇਖਿਆ ਜੋ ਸਾਢੇ ਤਿੰਨ ਸਾਲ ਦੇ ਹੋ ਗਏ ਸਨ।[3]

---

1. ਮੂਲ ਨਾਨਕਸ਼ਾਹੀ ਕੈਲੰਡਰ ਅਨੁਸਾਰ ਇਹ ਤਾਰੀਖ਼ 5 ਜਨਵਰੀ ਨਿਰਧਾਰਤ ਕਰ ਦਿੱਤੀ ਗਈ ਹੈ, ਹੁਣ 23 ਪੋਹ, 5 ਜਨਵਰੀ ਹੀ ਬਣਦੀ ਹੈ।
2. ਮਹਿੰਦਰ ਸਿੰਘ ਜੋਸ਼, *ਜੀਵਨ ਗਾਥਾ ਗੁਰੂ ਤੇਗ਼ ਬਹਾਦਰ ਸਾਹਿਬ ਤੇ ਸਿੱਖ ਇਨਕਲਾਬ*, ਪੰਨਾ 57.
3. ਪ੍ਰੋ. ਸਾਹਿਬ ਸਿੰਘ, *ਜੀਵਨ ਬ੍ਰਿਤਾਂਤ ਗੁਰੂ ਗੋਬਿੰਦ ਸਿੰਘ*, ਪੰਨਾ 32.

ਮਹਿੰਦਰ ਸਿੰਘ ਜੋਸ਼ ਗੁਰੂ ਗੋਬਿੰਦ ਦਾ ਜਨਮ 1661 ਈ. ਦਾ ਮੰਨਦੇ ਹਨ। ਸੰਭਵ ਹੈ ਕਿ ਕੋਈ ਹੋਰ ਲੇਖਕ ਵੀ 1661 ਈ. ਦੀ ਤਾਰੀਖ਼ ਨੂੰ ਠੀਕ ਮੰਨਦੇ ਹੋਣ ਅਤੇ ਉਹ ਇਸ ਮਿਤੀ ਨੂੰ ਮੰਨਣ ਲਈ 'ਭੱਟ ਵਹੀਆਂ' ਦੀ ਲਿਖਤ ਨੂੰ ਆਧਾਰ ਬਣਾਉਂਦੇ ਹਨ।

ਗੁਰੂ ਤੇਗ਼ ਬਹਾਦਰ ਸਾਹਿਬ ਜੀ ਨੇ ਭਾਈ ਮਤੀ ਦਾਸ ਨੂੰ ਆਖ ਦਿੱਤਾ ਸੀ ਕਿ ਉਹ ਪਰਿਵਾਰ ਨੂੰ ਲੈ ਕੇ ਲਖਨੌਰ ਪਹੁੰਚਣ। ਭਾਈ ਮਤੀ ਦਾਸ, ਕਿਰਪਾਲ ਚੰਦ, ਮਾਤਾ ਗੁਜਰੀ ਜੀ ਅਤੇ ਬਾਲ ਗੋਬਿੰਦ ਰਾਇ ਜੀ, ਸਾਰਾ ਵਹੀਰ ਅਨੇਕਾਂ ਸ਼ਹਿਰਾਂ ਰਾਹੀਂ ਹੁੰਦਾ ਹੋਇਆ, ਲਖਨੌਰ ਪਹੁੰਚਿਆ। *ਭੱਟ ਵਹੀ ਮੁਲਤਾਨੀ ਸਿੰਧੀ* ਅਨੁਸਾਰ 13 ਸਤੰਬਰ 1670 ਨੂੰ ਲਖਨੌਰ ਪੁੱਜ ਗਿਆ ਸੀ। ਲਖਨੌਰ ਸਾਹਿਬਜ਼ਾਦਾ ਗੋਬਿੰਦ ਰਾਇ ਜੀ ਦੇ ਵੱਡੇ ਮਾਮਾ, ਮਿਹਰ ਚੰਦ ਰਹਿੰਦੇ ਸਨ।[4]

ਇਸ ਪਿੱਛੋਂ ਸਾਰੀ ਵਹੀਰ ਸਮੇਤ ਸ਼ਹਿਜ਼ਾਦਾ ਗੋਬਿੰਦ ਰਾਇ ਲਖਨੌਰ ਤੋਂ ਕੀਰਤਪੁਰ ਲਈ ਰਵਾਨਾ ਹੋਏ। ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਾਹਿਬਜ਼ਾਦੇ ਬਾਬਾ ਸੂਰਜ ਮੱਲ ਕੀਰਤਪੁਰ ਰਹਿੰਦੇ ਸਨ ਅਤੇ ਇਨ੍ਹਾਂ ਦੇ ਸਮੂਹ ਪਰਿਵਾਰ ਨੇ ਸਾਹਿਬਜ਼ਾਦੇ ਗੋਬਿੰਦ ਰਾਇ ਅਤੇ ਉਨ੍ਹਾਂ ਦੇ ਮਾਤਾ ਜੀ ਦੇ ਆਉਣ 'ਤੇ ਬਹੁਤ ਖ਼ੁਸ਼ੀ ਮਨਾਈ। ਇਥੇ ਕੁਝ ਸਮਾਂ ਠਹਿਰ ਕੇ ਗੋਬਿੰਦ ਰਾਇ, ਉਨ੍ਹਾਂ ਦੀ ਮਾਤਾ, ਦਾਦੀ ਅਤੇ ਮਾਮਾ ਕਿਰਪਾਲ ਚੰਦ ਅਨੰਦਪੁਰ ਸਾਹਿਬ ਲਈ ਚੱਲ ਪਏ। ਸਮੁੱਚਾ ਪਰਿਵਾਰ ਫ਼ਰਵਰੀ 1672 ਨੂੰ ਅਨੰਦਪੁਰ ਪਹੁੰਚ ਗਿਆ ਸੀ।[5]

ਮੁੱਢਲੀ ਵਿੱਦਿਆ ਅਤੇ ਸਭ ਪ੍ਰਕਾਰ ਦੀ ਵਿੱਦਿਆ ਲਈ ਯੋਗ ਅਧਿਆਪਕ ਨਿਯੁਕਤ ਕੀਤੇ ਗਏ। ਗੁਰੂਆਂ ਵੱਲੋਂ ਸ਼ਸਤਰ ਵਿੱਦਿਆ ਸਿੱਖਣ ਅਤੇ ਆਪਣੇ ਪੈਰੋਕਾਰਾਂ ਨੂੰ ਸ਼ਸਤਰਧਾਰੀ ਹੋਣ ਲਈ ਉਤਸ਼ਾਹਿਤ ਕੀਤਾ ਗਿਆ। ਗੁਰੂ ਤੇਗ਼ ਬਹਾਦਰ ਸਾਹਿਬ ਜੀ ਬਾਰੇ ਨਿਰਸੰਦੇਹ ਕਿਹਾ ਜਾਂਦਾ ਹੈ ਕਿ ਉਹ ਤੇਗ਼ ਦੇ ਧਨੀ ਸਨ ਅਤੇ ਉਨ੍ਹਾਂ ਨੇ ਆਪਣੇ ਪਿਤਾ ਗੁਰੂ ਹਰਿਗੋਬਿੰਦ ਸਾਹਿਬ ਨਾਲ ਯੁੱਧ ਵਿਚ ਭਾਗ ਲਿਆ ਸੀ। ਗੁਰੂ ਗੋਬਿੰਦ ਸਿੰਘ ਜੀ ਲਈ ਵੀ ਘੋੜਸਵਾਰੀ ਅਤੇ ਸ਼ਸਤਰ ਵਿੱਦਿਆ ਦੇਣ ਦੇ ਵਿਸ਼ੇਸ਼ ਤੌਰ 'ਤੇ ਪ੍ਰਬੰਧ ਕੀਤੇ ਗਏ। ਗੁਰੂ ਤੇਗ਼ ਬਹਾਦਰ ਸਾਹਿਬ ਨੂੰ ਭਲੀ ਪ੍ਰਕਾਰ ਪਤਾ ਸੀ ਕਿ ਮੁਗ਼ਲ ਸਰਕਾਰ ਵਲੋਂ ਧਾਰਮਿਕ ਕੱਟੜਵਾਦੀ ਨੀਤੀਆਂ ਕਾਰਨ, ਭਵਿੱਖ ਵਿਚ ਟਕਰਾਉ ਦੀ ਸੰਭਾਵਨਾ ਵਧੇਰੇ ਜਾਪਦੀ ਸੀ।[6]

ਕਸ਼ਮੀਰ ਦੇ ਗਵਰਨਰ ਵੱਲੋਂ ਗ਼ੈਰ ਮੁਸਲਮਾਨਾਂ ਨੂੰ ਜਬਰੀ ਮੁਸਲਮਾਨ ਬਣਾਉਣ ਅਤੇ ਅੱਤਿਆਚਾਰਾਂ ਦੀ ਚਰਚਾ ਹਰ ਜ਼ੁਬਾਨ 'ਤੇ ਸੀ। ਆਖ਼ਰ ਇਨ੍ਹਾਂ ਅੱਤਿਆਚਾਰਾਂ ਤੋਂ ਬਚਣ ਲਈ, ਉਹ ਕੋਈ ਉਪਾਉ ਲੱਭ ਰਹੇ ਸਨ। ਉਨ੍ਹਾਂ ਨੂੰ ਪੂਰਨ ਭਰੋਸਾ ਸੀ ਕਿ ਗੁਰੂ ਨਾਨਕ ਸਾਹਿਬ ਜੀ ਦੇ ਨੌਂਵੇਂ ਵਾਰਿਸ ਗੁਰੂ ਤੇਗ਼ ਬਹਾਦਰ ਸਾਹਿਬ, ਉਨ੍ਹਾਂ ਦੀ ਬਾਂਹ ਫੜ ਸਕਦੇ ਹਨ। ਉਨ੍ਹਾਂ ਵੱਲੋਂ ਮੁੱਖ ਬ੍ਰਾਹਮਣਾਂ ਦਾ ਇਕ ਜੱਥਾ ਤਿਆਰ

---

4. ਮਹਿੰਦਰ ਸਿੰਘ ਜੋਸ਼, *ਜੀਵਨ ਗਾਥਾ ਗੁਰੂ ਤੇਗ਼ ਬਹਾਦਰ ਸਾਹਿਬ ਤੇ ਸਿੱਖ ਇਨਕਲਾਬ*, ਪੰਨਾ 67.
5. ਪ੍ਰੋ. ਸਾਹਿਬ ਸਿੰਘ, *ਜੀਵਨ ਬ੍ਰਿਤਾਂਤ ਗੁਰੂ ਗੋਬਿੰਦ ਸਿੰਘ*, ਪੰਨਾ 41.
6. *ਉਹੀ*, ਪੰਨਾ 42.

ਕੀਤਾ ਗਿਆ ਅਤੇ ਇਹ ਜੱਥਾ ਕਿਰਪਾ ਰਾਮ ਦੀ ਅਗਵਾਈ ਹੇਠ 25 ਮਈ 1675 ਨੂੰ ਅਨੰਦਪੁਰ, ਗੁਰੂ ਤੇਗ਼ ਬਹਾਦਰ ਦੀ ਸ਼ਰਨ ਵਿਚ ਹਾਜ਼ਰ ਹੋਇਆ।[7]

ਗੁਰੂ ਤੇਗ਼ ਬਹਾਦਰ ਸਾਹਿਬ ਜੀ ਨੇ ਮਨੁੱਖਤਾ ਜਾਂ ਮਨੁੱਖੀ ਅਧਿਕਾਰਾਂ ਲਈ ਸ਼ਹਾਦਤ ਦੇਣ ਦਾ ਫ਼ੈਸਲਾ ਕਰ ਲਿਆ ਸੀ। ਦਿੱਲੀ ਵੱਲ ਨੂੰ ਰਵਾਨਾ ਹੋਣ ਤੋਂ ਪਹਿਲਾਂ 8 ਜੁਲਾਈ 1675 ਨੂੰ ਸਾਹਿਬਜ਼ਾਦਾ ਗੋਬਿੰਦ ਰਾਇ ਜੀ ਨੂੰ ਗੁਰਿਆਈ ਸੌਂਪ, 10 ਜੁਲਾਈ 1675 ਨੂੰ ਅਨੰਦਪੁਰ ਤੋਂ ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਜੀ ਸਮੇਤ ਦਿੱਲੀ ਵੱਲ ਨੂੰ ਚੱਲ ਪਏ।[8]

ਗੁਰੂ ਤੇਗ਼ ਬਹਾਦਰ ਸਾਹਿਬ ਦੀ ਸ਼ਹੀਦੀ ਤੋਂ ਪਹਿਲਾਂ ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਜੀ ਨੂੰ ਵੱਖ-ਵੱਖ ਤਰੀਕਿਆਂ ਨਾਲ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਸੀ ਅਤੇ ਫਿਰ 11 ਮੱਘਰ ਸੰਮਤ 1732 ਬਿ: (11 ਨਵੰਬਰ, 1675 ਈ.) ਨੂੰ ਗੁਰੂ ਤੇਗ਼ ਬਹਾਦਰ ਜੀ ਨੂੰ ਸ਼ਹੀਦ ਕੀਤਾ ਗਿਆ ਸੀ।[9]

ਕੋਈ ਸ਼ੱਕ ਨਹੀਂ ਕਿ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਸਮੇਂ ਗੁਰੂ ਗੋਬਿੰਦ ਸਿੰਘ ਜੀ ਦੀ ਉਮਰ ਛੋਟੀ ਸੀ ਪਰ ਉਨ੍ਹਾਂ ਅੰਦਰ ਯੋਗਤਾ ਅਤੇ ਸਾਹਸ ਵਧੇਰੇ ਸੀ। ਉਨ੍ਹਾਂ ਨੂੰ ਇਸ ਪ੍ਰਤੀ ਕੋਈ ਸੰਦੇਹ ਨਹੀਂ ਸੀ ਕਿ ਸਿੱਖ ਧਰਮ ਨੇ ਸਮੇਂ ਸਮੇਂ 'ਤੇ ਮਜ਼ਲੂਮਾਂ ਖ਼ਾਤਰ ਅਵਾਜ਼ ਬੁਲੰਦ ਕੀਤੀ ਅਤੇ ਉਪਕਾਰੀ ਕੰਮਾਂ ਨੂੰ ਨਿਰਵਿਘਨ ਜਾਰੀ ਰੱਖਿਆ।

ਇਕ ਸਿੱਖ ਭਿਖਿਆ, ਲਾਹੌਰ ਨਿਵਾਸੀ ਗੁਰੂ ਗੋਬਿੰਦ ਰਾਇ ਜੀ ਦੇ ਦਰਸ਼ਨਾਂ ਲਈ ਅਨੰਦਪੁਰ ਪੁੱਜਾ। ਗੁਰੂ ਸਾਹਿਬ ਦਰਬਾਰ ਸਾਹਿਬ ਵਿਚ ਸੁਸ਼ੋਭਿਤ ਸਨ। ਉਨ੍ਹਾਂ ਦੇ ਨਾਲ ਉਨ੍ਹਾਂ ਦੀ ਬੇਟੀ ਜੀਤੋ ਵੀ ਸੀ। ਕੁਝ ਵਿਦਵਾਨਾਂ ਦਾ ਮਤ ਹੈ ਕਿ ਸੁੰਦਰੀ ਨਾਮ ਵੀ ਜੀਤੋ ਜੀ ਦਾ ਸੀ ਅਤੇ ਉਨ੍ਹਾਂ ਦੇ ਸੁੰਦਰ ਰੂਪ ਅਨੁਸਾਰ ਸੁੰਦਰੀ ਨਾਮ ਪ੍ਰਚੱਲਤ ਹੋਇਆ। ਇਨ੍ਹਾਂ ਨੂੰ ਆਪਣੀ ਬੇਟੀ ਲਈ ਗੁਰੂ ਸਾਹਿਬ, ਗੋਬਿੰਦ ਰਾਇ ਨੂੰ ਯੋਗ ਵਰ ਸਮਝਦੇ, ਰਿਸ਼ਤਾ ਕਰਨ ਲਈ ਬੇਨਤੀ ਕੀਤੀ ਅਤੇ ਮਾਤਾ ਜੀ ਵੱਲੋਂ ਵੀ ਪ੍ਰਵਾਨਗੀ ਹੋਈ ਅਤੇ 1677 (ਕਾਮਨ ਏਰਾ) ਨੂੰ ਵਿਆਹ ਸੰਪੰਨ ਹੋਇਆ।[10]

ਜਿਵੇਂ ਇਹ ਵਿਚਾਰ ਹੋ ਚੁੱਕੀ ਹੈ ਕਿ ਗੁਰੂ ਗੋਬਿੰਦ ਰਾਇ ਜੀ ਨੂੰ ਸ਼ਸਤਰ ਵਿੱਦਿਆ ਨਾਲ ਵੀ ਲੈਸ ਕਰਨ ਲਈ ਯੋਗ ਅਧਿਆਪਕ ਰੱਖੇ ਗਏ। ਸਿੱਖ ਸੈਨਿਕਾਂ ਨੂੰ ਯੁੱਧ ਤਕਨੀਕ ਅਤੇ ਸ਼ਸਤਰ ਵਿੱਦਿਆ ਦਾ ਅਭਿਆਸ ਕਰਾਇਆ ਜਾਣ ਲੱਗਾ। ਹੁਣ ਇਕ ਹੋਰ ਮਹੱਤਵਪੂਰਨ ਵਸਤੂ ਦੀ ਲੋੜ ਭਾਸਣ ਲੱਗੀ, ਉਹ ਸੀ 'ਨਗਾਰਾ' ਜੋ ਕਿ ਪ੍ਰਭੁਸਤਾ ਦਾ ਪ੍ਰਤੀਕ ਸੀ। ਭਾਈ ਨੰਦ ਚੰਦ ਨੂੰ ਨਗਾਰਾ ਤਿਆਰ ਕਰਾਉਣ ਦੀ ਜ਼ੁੰਮੇਵਾਰੀ ਸੌਂਪੀ। ਜਦੋਂ ਨਗਾਰਾ ਤਿਆਰ ਹੋਇਆ, ਇਸ ਦਾ ਨਾਮ 'ਰਣਜੀਤ' ਨਗਾਰਾ ਰੱਖਿਆ, ਜਿਸ ਦਾ ਭਾਵ ਹੈ, ਮੈਦਾਨ-ਇ-ਜੰਗ ਵਿਚ ਜੇਤੂ। ਗੁਰੂ ਸਾਹਿਬ

7. ਮਹਿੰਦਰ ਸਿੰਘ ਜੋਸ਼, *ਜੀਵਨ ਗਾਥਾ ਗੁਰੂ ਤੇਗ਼ ਬਹਾਦਰ ਸਾਹਿਬ ਤੇ ਸਿੱਖ ਇਨਕਲਾਬ*, ਪੰਨਾ 82.
8. *ਉਹੀ*, ਪੰਨਾ 46.
9. ਤਾਰਨ ਸਿੰਘ (ਸੰਪਾ.) *ਗੁਰੂ ਤੇਗ਼ ਬਹਾਦਰ : ਜੀਵਨ, ਸੰਦੇਸ਼ ਤੇ ਸ਼ਹਾਦਤ*, ਪੰਨਾ 46.
10. M.A. Macauliffe, *The Sikh Religion*, Vol. 5, pp. 2-3.

ਜੀ ਨਗਾਰੇ 'ਤੇ ਚੋਟ ਲਗਾ ਕੇ, ਜਗ-ਜ਼ਾਹਿਰ ਕਰਨਾ ਚਾਹੁੰਦੇ ਸਨ ਕਿ ਉਹ ਆਪਣੀ ਹੋਂਦ ਰੱਖਦੇ ਹਨ। ਮਸੰਦਾਂ ਨੂੰ ਫ਼ਿਕਰ ਹੋਇਆ ਅਤੇ ਉਨ੍ਹਾਂ ਨੇ ਗੁਰੂ ਸਾਹਿਬ ਨੂੰ ਕਿਹਾ ਕਿ ਰਾਜਿਆਂ ਪਾਸ ਧਨ ਹੈ, ਹਥਿਆਰ ਅਤੇ ਫ਼ੌਜਾਂ ਹਨ। ਇਸ ਲਈ ਉਨ੍ਹਾਂ ਨਾਲ ਕਿਸੇ ਤਰ੍ਹਾਂ ਦਾ ਵਿਰੋਧ ਜਾਂ ਟੱਕਰ ਲੈਣੀ ਠੀਕ ਨਹੀਂ ਹੋਵੇਗੀ। ਗੁਰੂਆਂ ਦਾ ਕੰਮ ਸਿੱਖ ਧਰਮ ਦਾ ਪ੍ਰਚਾਰ ਕਰਨਾ ਹੈ ਅਤੇ ਜੰਗਾਂ ਲੜਨੀਆਂ ਰਾਜਿਆਂ ਦਾ ਕੰਮ ਹੈ।[11]

ਗੁਰੂ ਤੇਗ਼ ਬਹਾਦਰ ਸਾਹਿਬ ਜੀ ਨੇ ਰਾਜਾ ਰਾਮ ਸਿੰਘ ਅਤੇ ਅਸਾਮ ਦੇ ਰਾਜਾ ਦਰਮਿਆਨ ਸੰਧੀ ਕਰਵਾਈ ਸੀ। ਰਾਜਾ ਰਾਮ ਸਿੰਘ ਨੇ ਗੁਰੂ ਤੇਗ਼ ਬਹਾਦਰ ਸਾਹਿਬ ਜੀ ਵੱਲੋਂ ਕੀਤੇ ਉਪਕਾਰ ਨੂੰ ਚੇਤੇ ਰੱਖਿਆ ਸੀ, ਪਰ ਜਦੋਂ ਉਹ ਅਸਾਮ ਤੋਂ ਵਾਪਸ ਆਇਆ, ਉਸ ਸਮੇਂ ਤਕ ਗੁਰੂ ਤੇਗ਼ ਬਹਾਦਰ ਸਾਹਿਬ ਜੀ ਸ਼ਹੀਦ ਹੋ ਚੁੱਕੇ ਸਨ। ਉਸ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਭੇਟ ਕਰਨ ਲਈ ਪੰਜ ਵਧੀਆ ਘੋੜੇ ਅਨੰਦਪੁਰ ਭੇਜੇ। ਇਸ ਤੋਂ ਬਿਨਾਂ ਅਸਾਮ ਦਾ ਰਾਜਾ ਰਤਨ ਰਾਇ ਵਿਸ਼ੇਸ਼ ਤੋਹਫ਼ੇ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਪੁੱਜਾ ਸੀ। ਉਸ ਨੇ ਵੀ ਕਈ ਨਸਲਾਂ ਦੇ ਘੋੜੇ, ਸ਼ਸਤਰ ਅਤੇ ਇਕ ਸਿੱਖਿਅਤ ਹਾਥੀ 'ਪਰਸਾਦੀ' ਭੇਟ ਕੀਤੇ।[12]

## ਭੰਗਾਣੀ ਦਾ ਯੁੱਧ

ਇਸ ਬਾਰੇ ਪਹਿਲਾਂ ਵੀ ਉਲੇਖ ਹੋ ਚੁੱਕਾ ਹੈ ਕਿ ਗੁਰੂ ਸਾਹਿਬ ਨੇ ਸਮੇਂ ਦੀ ਲੋੜ ਨੂੰ ਮੁੱਖ ਰੱਖ ਕੇ ਫ਼ੌਜ ਦੀ ਭਰਤੀ ਜ਼ਿਆਦਾ ਮਾਤਰਾ ਵਿਚ ਆਰੰਭ ਕਰ ਦਿੱਤੀ ਸੀ। ਇਹ ਫ਼ੌਜੀ ਜਾਂ ਸ਼ਸਤਰਧਾਰੀਆਂ ਨੂੰ ਨਵੀਆਂ ਨਵੀਆਂ ਯੁੱਧ ਤਕਨੀਕਾਂ ਨਾਲ ਲੈਸ ਕਰਨ ਦੀ ਪਰੰਪਰਾ ਨਵੀਂ ਨਹੀਂ ਸੀ। ਇਹ ਹਥਿਆਰਬੰਦ ਹੋਣ ਦੀ ਪਰੰਪਰਾ ਤਾਂ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਪੂਰੀ ਤਰ੍ਹਾਂ ਅਪਨਾ ਲਈ ਸੀ। ਉਨ੍ਹਾਂ ਨੇ ਲੋੜ ਪੈਣ 'ਤੇ ਵਿਰੋਧੀ ਤਾਕਤਾਂ ਵਲੋਂ ਹਮਲੇ ਹੋਣ 'ਤੇ ਚਾਰ ਜੰਗਾਂ ਲੜੀਆਂ ਅਤੇ ਸਾਰੀਆਂ ਜੰਗਾਂ ਵਿਚ ਗੁਰੂ ਜੀ ਵਿਜੇਤਾ ਰਹੇ। ਗੁਰੂ ਹਰਿਗੋਬਿੰਦ ਸਾਹਿਬ ਤੋਂ ਪਿੱਛੋਂ, ਗੁਰੂ ਹਰਿਰਾਇ ਸਾਹਿਬ ਨੇ ਤਿਆਰ-ਬਰ-ਤਿਆਰ 2200 ਘੋੜ-ਸਵਾਰਾਂ ਦੀ ਫ਼ੌਜ ਨੂੰ ਰੱਖਿਆ। ਭਾਵੇਂ ਸਿੱਖ ਸੈਨਿਕਾਂ ਨੂੰ ਜੰਗ ਕਰਨ ਦਾ ਅਜਿਹਾ ਮੌਕਾ ਕਦੀ ਨਾ ਮਿਲਿਆ, ਪਰ ਇਸ ਪਰੰਪਰਾ ਨੂੰ ਜੀਵਤ ਰੱਖਿਆ। ਇਸ ਗੱਲ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਸਿੱਖਾਂ ਦੀ ਬਹੁ-ਗਿਣਤੀ ਸ਼ਾਸਤਰ ਵਿੱਦਿਆ ਲੈਣ ਵਿਚ ਗੌਰਵ ਮਹਿਸੂਸ ਕਰਦੀ ਸੀ। ਜਿਵੇਂ ਇਹ ਲਿਖਿਆ ਜਾ ਚੁੱਕਾ ਹੈ ਕਿ ਗੁਰੂ ਜੀ ਨੇ ਇਕ ਨਗਾਰਾ (ਰਣਜੀਤ) ਤਿਆਰ ਕਰਵਾਇਆ ਸੀ, ਜੋ ਕਿ ਪ੍ਰਭੂਸੱਤਾ ਦਾ ਪ੍ਰਤੀਕ ਸੀ।[13]

ਗੁਰੂ ਜੀ ਵਲੋਂ ਸਿੱਖਾਂ ਨੂੰ ਸ਼ਸਤਰਧਾਰੀ ਹੋਣ ਦਾ ਹੁਕਮ, ਫ਼ੌਜ ਖੜੀ ਕਰਨੀ, ਰਾਜਿਆਂ ਮਹਾਰਾਜਿਆਂ ਵਾਂਗ ਸ਼ਿਕਾਰ ਕਰਨਾ ਅਤੇ ਪ੍ਰਭੂਸੱਤਾ ਦੇ ਪ੍ਰਤੀਕ 'ਰਣਜੀਤ

---

11. M.A. Macauliffe, *The Sikh Religion*, Vol. 5, pp. 5-6
12. (ੳ) ਪ੍ਰੋ. ਸਾਹਿਬ ਸਿੰਘ, *ਜੀਵਨ ਬ੍ਰਿਤਾਂਤ ਗੁਰੂ ਗੋਬਿੰਦ ਸਿੰਘ*, ਪੰਨੇ 59-60.
    (ਅ) M.A. Macauliffe, *The Sikh Religion*, Vol. 5, p. 4.
13. ਸ੍ਵਰੂਪ ਸਿੰਘ ਕੌਸ਼ਿਸ਼, *ਗੁਰੂ ਕੀਆਂ ਸਾਖੀਆਂ* (ਸੰਪਾ. ਪਿਆਰਾ ਸਿੰਘ ਪਦਮ), ਪੰਨੇ 101-102.

ਨਗਾਰੇ' ਦੀ ਪ੍ਰਦਰਸ਼ਨੀ ਕਰਨ ਨਾਲ ਪਹਾੜੀ ਰਾਜਿਆਂ ਨੂੰ ਈਰਖਾ ਹੋਣੀ ਸੁਭਾਵਕ ਸੀ। ਉਨ੍ਹਾਂ ਨੂੰ ਇਹੀ ਡਰ ਸਤਾ ਰਿਹਾ ਸੀ ਕਿ ਕਿਤੇ ਉਹ ਆਪਣੀਆਂ ਅਜ਼ਾਦ ਰਿਆਸਤਾਂ ਨਾ ਗੁਆ ਲੈਣ। ਗੜ੍ਹਵਾਲ ਦੇ ਰਾਜੇ ਫ਼ਤਹਿ ਸ਼ਾਹ ਨੇ ਆਪਣੀ ਧੀ ਦਾ ਰਿਸ਼ਤਾ ਕਹਿਲੂਰ ਦੇ ਰਾਜੇ ਭੀਮ ਚੰਦ ਦੇ ਲੜਕੇ ਅਜਮੇਰ ਚੰਦ ਨਾਲ ਕੀਤਾ ਸੀ। ਇਹ ਦੋਨੋਂ ਰਾਜੇ, ਗੁਰੂ ਸਾਹਿਬ ਜੀ ਦੇ ਸ਼ਰਧਾਲੂ ਬਣ ਗਏ ਸਨ, ਪਰ ਇਕ ਪੁਰੋਹਿਤ 'ਪੰਮਾ' ਦੇ ਚੁੱਕੇ ਚੁਕਾਏ ਰਾਜਾ ਭੀਮ ਚੰਦ ਗੁਰੂ ਜੀ ਨਾਲ ਦਿਲੀ ਈਰਖਾ ਕਰਦਾ ਸੀ। ਗੁਰੂ ਜੀ ਆਪ ਵਿਆਹ ਵਿਚ ਹਾਜ਼ਰ ਨਾ ਹੋਏ ਅਤੇ ਕਿਸੇ ਪੁਰੋਹਿਤ ਹੱਥੀਂ ਕੁਝ ਤੋਹਫ਼ੇ ਭੇਜ ਦਿੱਤੇ ਅਤੇ ਨਾਲ ਹੀ ਕੁਝ ਹਥਿਆਰਬੰਦ ਸਿੱਖ ਭੇਜੇ। ਜਦੋਂ ਰਾਜਾ ਭੀਮ ਚੰਦ ਨੂੰ ਪਤਾ ਲੱਗਾ ਕਿ ਗੁਰੂ ਜੀ ਨੇ ਫ਼ਤਹਿ ਸ਼ਾਹ ਨੂੰ ਕੁਝ ਤੋਹਫ਼ੇ ਭੇਜੇ ਹਨ ਤਾਂ ਉਸ ਨੇ ਆਪਣੇ ਕੁੜਮ ਫ਼ਤਹਿ ਸ਼ਾਹ ਨੂੰ ਕਿਹਾ ਕਿ ਉਸ ਦਾ ਗੁਰੂ ਗੋਬਿੰਦ ਸਿੰਘ ਜੀ ਨਾਲ ਵਿਰੋਧ ਹੈ ਅਤੇ ਉਸ ਨੇ ਉਨ੍ਹਾਂ ਵੱਲੋਂ ਭੇਜੇ ਤੋਹਫ਼ਿਆਂ ਨੂੰ ਲੁੱਟਣਾ ਅਤੇ ਸਿੱਖਾਂ ਨੂੰ ਮਾਰਨਾ ਹੈ। ਫ਼ਤਹਿ ਸ਼ਾਹ ਨੇ ਸੁਲਹ ਕਰਨ ਲਈ ਜਤਨ ਕੀਤਾ ਪਰ ਪੰਮੇ ਪੁਰੋਹਿਤ ਵੱਲੋਂ ਚੰਗਿਆੜੀ ਲਾਉਣ ਕਾਰਨ ਕਿਸੇ ਪ੍ਰਕਾਰ ਦੀ ਸੁਲਹ ਸੰਭਵ ਨਾ ਹੋਈ।

ਗੁਰੂ ਜੀ ਨੇ ਪਹਿਲਾਂ ਹੀ ਭਾਂਪ ਲਿਆ ਸੀ ਅਤੇ ਉਨ੍ਹਾਂ ਨੇ ਯੁੱਧ ਨੀਤੀ ਅਨੁਸਾਰ ਤਿਆਰੀ ਕਰ ਰੱਖੀ ਸੀ। ਭਾਵੇਂ ਗੁਰੂ ਜੀ ਵੱਲੋਂ ਭਰਤੀ ਕੀਤੇ ਹੋਏ ਪਠਾਨ ਵੀ ਪਹਾੜੀ ਰਾਜਿਆਂ ਨਾਲ ਜਾ ਰਲੇ ਸਨ ਅਤੇ ਕੁਝ ਪਹਾੜੀ ਰਾਜੇ ਭੀਮ ਚੰਦ ਨਾਲ ਸ਼ਾਮਲ ਹੋ ਗਏ ਸਨ। ਇਨ੍ਹਾਂ ਪਹਾੜੀ ਰਾਜਿਆਂ ਦੇ ਸਮੂਹ ਨੇ ਗੁਰੂ ਜੀ ਉਪਰ ਹੱਲਾ ਬੋਲ ਦਿੱਤਾ। ਇਸ ਜੰਗ ਵਿਚ ਗੁਰੂ ਸਾਹਿਬ ਜੀ ਦੀ ਭੂਆ ਵੀਰੋ ਦੇ ਪੰਜੇ ਪੁੱਤਰ, ਗੁਰੂ ਜੀ ਦੇ ਮਾਮਾ ਜੀ ਕਿਰਪਾਲ ਚੰਦ ਨੇ ਵੀ ਹਿੱਸਾ ਲਿਆ। ਪਹਾੜੀ ਰਾਜਿਆਂ ਵਿੱਚੋਂ ਹੰਡੂਰ ਦਾ ਰਾਜਾ ਹਰੀ ਚੰਦ ਬਹਾਦਰੀ ਨਾਲ ਲੜਿਆ। ਉਸ ਦੀ ਮੌਤ ਹੋਣ 'ਤੇ ਪਹਾੜੀ ਰਾਜੇ ਉਖੜ ਗਏ ਅਤੇ ਤਿੰਨ ਪਹਾੜੀ ਰਾਜੇ ਹੋਰ ਮਾਰੇ ਗਏ। ਇਹ ਜੰਗ 18 ਵੈਸਾਖ 1744 ਬਿ: (15 ਅਪ੍ਰੈਲ 1687 ਈ.) ਵਿਚ ਲੜੀ ਗਈ। ਇਸ ਜੰਗ ਨੂੰ ਜਿੱਤਣ ਨਾਲ ਸਾਰੇ ਪਾਸੇ ਹੈਰਾਨਗੀ ਦੀਆਂ ਖ਼ਬਰਾਂ ਫੈਲ ਗਈਆਂ ਅਤੇ ਸਰਹੰਦ ਦੀਆਂ ਮੁਗ਼ਲ ਤਾਕਤਾਂ ਨੂੰ ਵੀ ਡਰ ਸਤਾਉਣ ਲੱਗਾ।[14]

ਗੁਰੂ ਸਾਹਿਬ ਦਾ ਅਜਿਹਾ ਕੋਈ ਮਨੋਰਥ ਨਹੀਂ ਸੀ ਕਿ ਜੰਗਾਂ ਜਿੱਤ ਕੇ ਕਿਸੇ ਇਲਾਕੇ ਨੂੰ ਆਪਣੇ ਅਧੀਨ ਕਰ ਲਿਆ ਜਾਵੇ। ਦੂਜੇ ਪਾਸੇ, ਸਿੱਖ ਲਹਿਰ ਦੀ ਹੋਂਦ ਲਈ, ਉਪਰੰਤ ਮਨੁੱਖੀ ਅਧਿਕਾਰਾਂ ਅਤੇ ਲੋਕ-ਭਲਾਈ ਦੇ ਕਾਰਜਾਂ ਨੂੰ ਨਿਰੰਤਰ ਜਾਰੀ ਰੱਖਣ ਲਈ ਲੋੜ ਪੈਣ 'ਤੇ ਰੱਖਿਆ ਲਈ ਹਥਿਆਰਬੰਦ ਹੋਣਾ ਜ਼ਰੂਰੀ ਸੀ। ਜਿਵੇਂ ਗੁਰੂ ਤੇਗ਼ ਬਹਾਦਰ ਸਾਹਿਬ ਆਪਣੀ ਬਾਣੀ ਉਪਦੇਸ਼ ਦੁਆਰਾ ਦ੍ਰਿੜ੍ਹ ਕਰਾਉਂਦੇ ਹਨ ਕਿ ਧਰਮੀ ਪੁਰਖ ਦੀ ਪਹਿਚਾਣ ਇਹੀ ਹੈ ਕਿ ਉਹ ਨਾ ਕਿਸੇ ਨੂੰ ਡਰਾਏ ਅਤੇ ਨਾ ਹੀ ਕਿਸੇ ਪਾਸੋਂ ਡਰੇ ਭਾਵ ਉਸ ਨੂੰ ਕਿਸੇ ਪਾਸੋਂ ਭੈਅ ਨਾ ਆਵੇ। ਭੰਗਾਣੀ ਦੀ ਜੰਗ ਕੋਈ ਲੰਬੇ ਸਮੇਂ ਲਈ ਨਹੀਂ ਸੀ ਅਤੇ ਜੰਗ ਖ਼ਤਮ ਹੋਣ 'ਤੇ ਗੁਰੂ ਸਾਹਿਬ ਵਾਪਸ

14. ਪ੍ਰੋ. ਸਾਹਿਬ ਸਿੰਘ, *ਜੀਵਨ ਬ੍ਰਿਤਾਂਤ ਗੁਰੂ ਗੋਬਿੰਦ ਸਿੰਘ*, ਪੰਨੇ 77-80.

ਕਹਿਲੂਰ ਦੇ ਇਲਾਕੇ ਵਿਚ ਪਰਤ ਆਏ ਸਨ। ਇਹ ਵੀ ਅੰਦਾਜ਼ਾ ਲਾਇਆ ਜਾਂਦਾ ਹੈ ਕਿ ਗੁਰੂ ਜੀ ਪਾਉਂਟਾ ਸਾਹਿਬ ਵਿਖੇ ਵਧੇਰੇ ਸਮੇਂ ਠਹਿਰੇ ਹੋਣਗੇ। ਇਸ ਦਾ ਸਬੂਤ ਇਹੀ ਹੈ ਕਿ ਉਥੇ ਕਿਲ੍ਹੇ ਬਣਾਏ ਹੋਏ ਸਨ। ਜਿਥੋਂ ਤਕ ਅਨੰਦਪੁਰ ਦੀ ਸਥਾਪਨਾ ਬਾਰੇ ਹੈ, ਇਸ ਨਗਰ ਦੀ ਸਥਾਪਨਾ ਗੁਰੂ ਤੇਗ਼ ਬਹਾਦਰ ਸਾਹਿਬ ਜੀ ਨੇ ਕੀਤੀ ਸੀ। ਇਸ ਅਸਥਾਨ ਨੂੰ ਉਸ ਸਮੇਂ ਵੀ ਕਾਫ਼ੀ ਅਹਿਮੀਅਤ ਦਿੱਤੀ ਹੋਵੇਗੀ ਅਤੇ ਯਕੀਨ ਨਾਲ ਆਖ ਸਕਦੇ ਹਾਂ ਕਿ ਇਸ ਨੂੰ ਇਕ ਕੇਂਦਰ ਮੰਨਿਆ ਜਾਂਦਾ ਹੋਵੇਗਾ।[15]

ਰਾਜਾ ਭੀਮ ਚੰਦ ਦੀ ਮਾਤਾ ਰਾਣੀ ਚੰਪਾ ਆਪਣੀ ਉਮਰ ਦੇ ਆਖ਼ਰੀ ਪੜਾਅ ਵਿਚ ਹੋਣ ਕਾਰਨ ਕਮਜ਼ੋਰ ਸਨ। ਉਸ ਦੀ ਇੱਛਾ ਸੀ ਕਿ ਉਹ ਗੁਰੂ ਸਾਹਿਬ ਦੇ ਦਰਸ਼ਨ ਕਰਨ ਅਤੇ ਉਹ ਸਦਾ ਗੁਰੂ ਜੀ ਨੂੰ ਆਪਣੇ ਧਿਆਨ ਵਿਚ ਰੱਖਦੀ ਸੀ। ਰਾਣੀ ਨੂੰ ਖ਼ਬਰ ਮਿਲੀ ਕਿ ਗੁਰੂ ਸਾਹਿਬ ਵਾਪਸ ਅਨੰਦਪੁਰ ਪਹੁੰਚ ਗਏ ਹਨ। ਰਾਣੀ ਨੇ ਆਪਣੇ ਵਜ਼ੀਰ ਰਾਹੀਂ ਗੁਰੂ ਜੀ ਨੂੰ ਸੁਨੇਹਾ ਭੇਜਿਆ ਕਿ ਉਹ ਉਨ੍ਹਾਂ ਦੇ ਦਰਸ਼ਨ ਕਰਨਾ ਲੋਚਦੀ ਹੈ। ਅਨੰਦਪੁਰ ਤੋਂ ਆਪਣੀਆਂ ਮਾਤਾਵਾਂ ਅਤੇ ਪਰਿਵਾਰਕ ਮੈਂਬਰਾਂ ਸਹਿਤ, ਗੁਰੂ ਸਾਹਿਬ ਰਾਣੀ ਚੰਪਾ ਨੂੰ ਮਿਲਣ ਲਈ ਬਿਲਾਸਪੁਰ ਲਈ ਰਵਾਨਾ ਹੋਏ। ਜਦੋਂ ਗੁਰੂ ਸਾਹਿਬ ਉਥੇ ਪਹੁੰਚੇ ਤਾਂ ਸ਼ਰਧਾਲੂ ਅਤੇ ਰਾਣੀ ਅਤਿ ਪ੍ਰਸੰਨ ਹੋਏ। ਗੁਰੂ ਸਾਹਿਬ ਪੰਜ ਕੁ ਦਿਨ ਉਥੇ ਰਹੇ ਅਤੇ ਫਿਰ ਵਾਪਸ ਅਨੰਦਪੁਰ ਆ ਗਏ।[16]

ਭੰਗਾਣੀ ਦੀ ਜੰਗ ਦੀ ਹਾਰ ਤੋਂ ਬਾਅਦ ਪਹਾੜੀ ਰਾਜਿਆਂ ਨੂੰ ਪਤਾ ਲੱਗ ਚੁੱਕਾ ਸੀ ਕਿ ਉਨ੍ਹਾਂ ਦੀ ਗੁਰੂ ਸਾਹਿਬ ਨਾਲ ਟੱਕਰ ਲੈਣ ਦੀ ਸਮਰੱਥਾ ਨਹੀਂ ਸੀ, ਦੂਸਰਾ, ਗੁਰੂ ਸਾਹਿਬ ਦੀ ਭੰਗਾਣੀ ਦੀ ਜੰਗ ਵਿਚ ਫ਼ਤਹਿ ਪਾਉਣ ਦੀਆਂ ਖ਼ਬਰਾਂ ਸਰਹੰਦ ਤੇ ਦਿੱਲੀ ਦਰਬਾਰ ਤਕ ਪੁੱਜ ਚੁੱਕੀਆਂ ਸਨ ਅਤੇ ਔਰੰਗਜ਼ੇਬ ਨੂੰ ਇਹ ਖ਼ਬਰ ਵਿਸ਼ੇਸ਼ ਤੌਰ 'ਤੇ ਭੇਜੀ ਗਈ। ਸਿੱਖ ਸੰਗਤਾਂ ਵਿਚ ਗੁਰੂ ਸਾਹਿਬ ਜੀ ਦੇ ਦਰਸ਼ਨਾਂ ਲਈ ਵਧੇਰੇ ਉਤਸ਼ਾਹ ਪੈਦਾ ਹੋਇਆ ਅਤੇ ਗੁਰੂ ਜੀ ਲਈ ਸ਼ਸਤਰ ਤੇ ਘੋੜੇ ਬਤੌਰ ਭੇਟਾ ਆਉਣ ਲੱਗੇ।[17]

ਗੁਰੂ ਜੀ ਨੇ ਭਵਿੱਖ ਲਈ ਆਪਣੇ ਆਪ ਨੂੰ ਪਹਾੜੀ ਰਾਜਿਆਂ ਜਾਂ ਦੁਸ਼ਮਣਾਂ ਵੱਲੋਂ ਹਮਲੇ ਹੋਣ ਦੀ ਸੂਰਤ ਵਿਚ ਢੁੱਕਵੇਂ ਪ੍ਰਬੰਧ ਕਰਨੇ ਸ਼ੁਰੂ ਕਰ ਦਿੱਤੇ। ਹੁਣ ਗੁਰੂ ਸਾਹਿਬ ਨੇ ਹੋਲਾ ਮਹੱਲਾ ਦੇ ਨਵੇਂ ਤਿਉਹਾਰ ਨੂੰ ਜਨਮ ਦਿੱਤਾ ਤਾਂ ਜੋ ਲੋਕ-ਰੰਗਾਂ ਦੀ ਹੋਲੀ ਦੀ ਥਾਂ ਬੀਰ ਰਸ ਵਿਚ ਵਾਧਾ ਕਰਨ ਲਈ ਸ਼ਸਤਰ ਅਭਿਆਸ ਨੂੰ ਤਰਜੀਹ ਦਿੱਤੀ ਜਾਵੇ। ਇਸ ਤੋਂ ਉਪਰੰਤ ਤੀਰ, ਤਲਵਾਰ ਅਤੇ ਘੋੜ-ਸਵਾਰ ਹੋ ਕੇ ਵਧੀਆ ਕਰਤਬ ਦਿਖਾਉਣ ਵਾਲਿਆਂ ਦਾ ਸਨਮਾਨ ਕੀਤਾ ਜਾਂਦਾ ਸੀ।[18]

ਗੁਰੂ ਸਾਹਿਬ ਜੀ ਦੇ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਦਾ ਜਨਮ 1687 ਵਿਚ ਹੋਇਆ, ਫਿਰ 1690 ਵਿਚ ਬਾਬਾ ਜੁਝਾਰ ਸਿੰਘ, 1696 ਵਿਚ ਬਾਬਾ ਜ਼ੋਰਾਵਰ

---

15. ਇੰਦੂਭੂਸ਼ਨ ਬੈਨਰਜੀ, *ਖ਼ਾਲਸੇ ਦੀ ਉਤਪਤੀ*, ਜਿਲਦ ਦੂਜੀ, ਪੰਨੇ 66-67.
16. ਸਰੂਪ ਸਿੰਘ ਕੌਸ਼ਿਸ਼, *ਗੁਰੂ ਕੀਆਂ ਸਾਖੀਆਂ* (ਸੰਪਾ. ਪਿਆਰਾ ਸਿੰਘ ਪਦਮ), ਪੰਨੇ 105-106.
17. ਪ੍ਰੋ. ਸਾਹਿਬ ਸਿੰਘ, *ਜੀਵਨ ਬ੍ਰਿਤਾਂਤ ਗੁਰੂ ਗੋਬਿੰਦ ਸਿੰਘ*, ਪੰਨੇ 80-81.
18. *ਉਹੀ*, ਪੰਨੇ 82-83.

ਸਿੰਘ ਅਤੇ 1699 ਵਿਚ ਬਾਬਾ ਫ਼ਤਹਿ ਸਿੰਘ ਦਾ ਜਨਮ ਹੋਇਆ।[19] ਗੁਰੂ ਸਾਹਿਬ ਪਹਿਲੇ ਗੁਰੂ ਸਾਹਿਬਾਨ ਵੱਲੋਂ ਚਲਾਈ ਸਿੱਖ ਲਹਿਰ ਅਤੇ ਨਿਰਧਾਰਤ ਨੀਤੀਆਂ ਅਨੁਸਾਰ ਸ੍ਰੇਸ਼ਟ ਮਨੁੱਖਾਂ ਦੁਆਰਾ ਇਕ ਸ੍ਰੇਸ਼ਟ ਸਮਾਜ ਦੀ ਉਸਾਰੀ ਲਈ ਯਤਨਸ਼ੀਲ ਸਨ। ਜਿਵੇਂ ਬਿਪਰ ਸ਼੍ਰੇਣੀ ਵਲੋਂ ਸਮਾਜ ਅੰਦਰ ਜਾਤ-ਪਾਤ ਜਾਂ ਸ਼੍ਰੇਣੀ ਵੰਡ ਨੂੰ ਦੈਵੀ ਹੁਕਮ ਆਖਿਆ ਜਾਂਦਾ ਸੀ, ਪਰ ਗੁਰੂ ਸਾਹਿਬਾਨ ਨੇ ਸੰਗਤ ਅਤੇ ਪੰਗਤ ਦੀ ਪਰੰਪਰਾ ਸਥਾਪਤ ਕਰ ਕੇ, ਲੋਕ ਮਨਾਂ ਵਿੱਚੋਂ ਊਚ-ਨੀਚ ਦੇ ਭੇਦ ਨੂੰ ਜੜ੍ਹਾਂ ਤੋਂ ਖ਼ਤਮ ਕਰਨ ਦਾ ਬੀੜਾ ਚੁੱਕਿਆ।

1 ਵੈਸਾਖ ਸੰਮਤ 1756 ਬਿ: (29 ਮਾਰਚ, 1699 ਈ.) ਨੂੰ, ਵਿਸਾਖੀ ਵਾਲੇ ਦਿਨ ਅਨੰਦਪੁਰ ਸਾਹਿਬ ਵਿਖੇ, ਇਕ ਵਿਸ਼ੇਸ਼ ਦੀਵਾਨ ਸਜਾਇਆ ਗਿਆ। ਸਾਰੀ ਸੰਗਤ ਦੀ ਹਾਜ਼ਰੀ ਵਿਚ ਗੁਰੂ ਸਾਹਿਬ ਨੇ ਆਪਣੇ ਮਿਆਨ ਵਿੱਚੋਂ ਤਲਵਾਰ ਕੱਢੀ ਅਤੇ ਕੜਕਵੀਂ ਅਵਾਜ਼ ਵਿਚ ਬੋਲਿਆ ਕਿ ਹੈ ਕੋਈ ਵਿਅਕਤੀ ਜੋ ਧਰਮ ਦੀ ਖ਼ਾਤਰ ਆਪਣਾ ਸੀਸ ਅਰਪਣ ਕਰਨ ਲਈ ਤਿਆਰ ਹੋਵੇ। ਅਜਿਹਾ ਸੁਣ, ਸਭ ਪਾਸੇ ਸੰਨਾਟਾ ਛਾ ਗਿਆ। ਦੂਜੀ ਵਾਰ ਪਹਿਲੀ ਮੰਗ ਨੂੰ ਦੁਹਰਾਇਆ ਤੇ ਤੀਜੀ ਵਾਰ ਕਹਿਣ ’ਤੇ ਇਕ ਖੱਤਰੀ ਦਿਆ ਰਾਮ ਉੱਠਿਆ ਅਤੇ ਆਪਣੇ ਆਪ ਨੂੰ ਪੇਸ਼ ਕੀਤਾ। ਉਸ ਨੂੰ ਗੁਰੂ ਜੀ ਇਕ ਤੰਬੂ ਵਿਚ ਲੈ ਗਏ ਤੇ ਤਲਵਾਰ ਚੱਲਣ ਦੀ ਅਵਾਜ਼ ਭਾਵੇਂ ਨਾ ਸੁਣਾਈ ਦਿੱਤੀ ਹੋਵੇ, ਪਰ ਖ਼ੂਨ ਨਾਲ ਲਿਬੜੀ ਤਲਵਾਰ ਲੈ ਕੇ ਗੁਰੂ ਜੀ ਬਾਹਰ ਆਏ ਅਤੇ ਹੋਰ ਸਿਰਾਂ ਦੀ ਮੰਗ ਦੁਹਰਾਈ ਗਈ। ਇਸ ਤਰ੍ਹਾਂ ਵਾਰੋ-ਵਾਰੀ ਪੰਜ ਸਿੰਘ ਉੱਠੇ ਸਨ, ਉਨ੍ਹਾਂ ਸਾਰਿਆਂ ਨੂੰ ਖੰਡੇ ਦੀ ਪਾਹੁਲ ਦਿੱਤੀ ਅਤੇ ਇੱਕੋ ਰੰਗ ਦੇ ਨੀਲੇ ਪੁਸ਼ਾਕੇ ਪਹਿਨਾਏ ਗਏ। ਪੰਜ ਪੰਜ ਕਕਾਰ ਧਾਰਨ ਕਰਵਾਏ।[20]

ਪੰਜਾਂ ਪਿਆਰਿਆਂ ਦੇ ਨਾਮ ਨਾਲ ‘ਸਿੰਘ’ ਸ਼ਬਦ ਲਗਾਇਆ। ਜਦੋਂ ਗੁਰੂ ਜੀ ਨੇ ਪੰਜਾਂ ਪਿਆਰਿਆਂ ਨੂੰ ਪਾਹੁਲ ਦਿੱਤੀ, ਉਸ ਪਿੱਛੋਂ, ਉਹ ਆਪ ਪੰਜਾਂ ਅੱਗੇ ਹੱਥ ਜੋੜ ਕਰ ਖੜੇ ਹੋ ਗਏ ਅਤੇ ਮੰਗ ਕੀਤੀ ਕਿ ਉਨ੍ਹਾਂ ਨੂੰ ਵੀ ਪਾਹੁਲ ਦਿੱਤੀ ਜਾਵੇ। ਗੁਰੂ ਜੀ ਨੇ ਕਿਹਾ, “ਤੁਸਾਂ ਕਾ ਪਿਛਲਾ ਜਨਮ, ਧਰਮ, ਕਰਮ, ਭਰਮ ਤੇ ਸ਼ਰਮ ਪਾਂਚੋਂ ਜਾਤੀ ਰਹੀ ਹੈ। ਤੁਮ੍ਹੇ ਖ਼ਾਲਸਾ ਬਨਾਇ ਸਰਗੁਨ ਸਰੂਪ ਕਾਲ ਕਾ ਬਾਣਾ ਦੀਆ ਹੈ, ਇਸ ਕੀ ਲਾਜ ਪਾਲਨਾ। ਤੁਮ੍ਹੇ ਪਾਹੁਲ ਦੇਨੇ ਸੇ ਪਹਿਲੇ ਹਮੇਂ ਪਾਂਚ ਕਕਾਰ ਦੀਏ ਹੈਂ.... ਪ੍ਰਿਥਮੇ ਤੁਸਾਂ ਕੋ ਨੀਲੀ ਰੰਗ ਕੀ ਕੇਸਕੀ, ਕੰਘਾ, ਕ੍ਰਿਪਾਨ, ਸਰਬਲੋਹ ਕਾ ਕੜਾ ਤੇ ਸਫ਼ੈਦ ਰੰਗ ਕਾ ਕਛਹਿਰਾ ਦੀਆ ਹੈ। ... ਹੁਣ ਆਪ ਚਾਰ ਬੱਜਰ ਕੁਰਹਿਤ ਸੁਨੀਏ। ਜਿਸ ਸੇ ਸਿੱਖ ਸਿੱਖੀ ਸੇ ਪਤਿਤ ਹੋਇ ਜਾਤਾ ਹੈ ਤੇ ਸੰਗਤ ਪੰਗਤ ਮੇਂ ਅਭੇਦ ਨਹੀ ਹੋਇ ਸਕੀਦਾ.... ਆਪਸ ਮੇਂ ਭਰਮ ਭੇਦ ਨਹੀਂ ਰਖਨਾ।”[21]

---

19. ਪ੍ਰਿੰ. ਤੇਜਾ ਸਿੰਘ ਤੇ ਗੰਡਾ ਸਿੰਘ, *ਸਿੱਖ ਇਤਿਹਾਸ (1469-1765)*, ਪੰਨਾ 77.
20. (ੳ) *ਉਹੀ*, ਪੰਨੇ 81-82. (ਮੂਲ ਨਾਨਕਸ਼ਾਹੀ ਕੈਲੰਡਰ ਅਨੁਸਾਰ 29 ਮਾਰਚ 1699 ਤਾਰੀਖ਼ ਠੀਕ ਮੰਨੀ ਜਾਂਦੀ ਹੈ)
(ਅ) ਸਰੂਪ ਸਿੰਘ ਕੌਸ਼ਿਸ਼, *ਗੁਰੂ ਕੀਆਂ ਸਾਖੀਆਂ* (ਸੰਪਾ. ਪਿਆਰਾ ਸਿੰਘ ਪਦਮ), ਪੰਨਾ 123.
21. *ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ*, ਰਿਤੁ 3, ਅੰਸੂ 19 ਤੇ 20.

ਇਸ ਤੋਂ ਪਿੱਛੋਂ ਗੁਰੂ ਸਾਹਿਬ ਨੇ ਆਪਣੇ ਮਿਸ਼ਨ ਬਾਰੇ ਵਿਸਥਾਰ ਵਿਚ ਦੱਸਿਆ। ਪ੍ਰਿੰਸੀਪਲ ਤੇਜਾ ਸਿੰਘ ਤੇ ਡਾ. ਗੰਡਾ ਸਿੰਘ ਜੀ ਨੇ ਬੂਟੇ ਸ਼ਾਹ ਤੇ ਅਹਿਮਦ ਸ਼ਾਹ ਬਟਾਲੀਆ ਵੱਲੋਂ ਲਿਖੀਆਂ ਗੱਲਾਂ ਨੂੰ ਆਪਣੀ ਪੁਸਤਕ ਵਿਚ ਦਰਜ ਕੀਤਾ ਹੈ ਕਿ ਗੁਰੂ ਸਾਹਿਬ ਨੇ ਆਪਣੇ ਸਿੱਖਾਂ ਨੂੰ ਇਉਂ ਵੀ ਆਖਿਆ :

> "ਮੇਰੀ ਇੱਛਾ ਹੈ ਕਿ ਤੁਸੀਂ ਸਭ ਇਕ ਮਤ ਦੇ ਅਨੁਯਾਈ ਅਤੇ ਇੱਕੋ ਰਸਤੇ ਦੇ ਪਾਂਧੀ ਬਣ ਜਾਉ ਅਤੇ ਧਰਮ ਦੇ ਸਾਰੇ ਵਿਤਕਰਿਆਂ ਨੂੰ ਆਪਣੇ ਦਿਮਾਗ਼ ਵਿੱਚੋਂ ਕੱਢ ਦੇਵੋ। ਹਿੰਦੂਆਂ ਦੀਆਂ ਚਾਰੇ ਜਾਤਾਂ ਨੂੰ ਜਿਨ੍ਹਾਂ ਪ੍ਰਤੀ ਵੱਖ-ਵੱਖ ਨਿਯਮ ਸ਼ਾਸਤਰਾਂ ਵਿਚ ਦਿੱਤੇ ਗਏ ਹਨ, ਪੂਰੀ ਤਰ੍ਹਾਂ ਤਿਆਗ ਦਿੱਤਾ ਜਾਏ। ਕੋਈ ਵੀ ਆਪਣੇ ਆਪ ਨੂੰ ਦੂਸਰਿਆਂ ਨਾਲੋਂ ਚੰਗੇਰਾ ਨਾ ਸਮਝੇ। ਪੁਰਾਣੇ ਧਰਮ ਗ੍ਰੰਥਾਂ ਨੂੰ ਨਾ ਮੰਨੋ। ਤੁਹਾਡੇ ਵਿੱਚੋਂ ਕੋਈ ਵੀ ਦਰਿਆ ਗੰਗਾ ਦੀ ਅਤੇ ਹੋਰ ਯਾਤਰਾ ਅਸਥਾਨਾਂ ਦੀ ਜੋ ਹਿੰਦੂ ਧਰਮ ਵਿਚ ਪਵਿੱਤਰ ਗਿਣੇ ਜਾਂਦੇ ਹਨ, ਪਰਵਾਹ ਨਾ ਕਰੇ ਅਤੇ ਨਾ ਹੀ ਹਿੰਦੂ ਇਸ਼ਟਾਂ ਜਿਵੇਂ ਰਾਮ, ਕ੍ਰਿਸ਼ਨ, ਬ੍ਰਹਮਾ, ਦੁਰਗਾ ਆਦਿ ਦੀ ਪੂਜਾ ਕਰੇ। ਪਰ ਤੁਹਾਡੇ ਵਿੱਚੋਂ ਹਰ ਕੋਈ ਗੁਰੂ ਨਾਨਕ ਜੀ ਅਤੇ ਉਨ੍ਹਾਂ ਦੇ ਉਤਰਾਧਿਕਾਰੀਆਂ ਵਿਚ ਸ਼ਰਧਾ ਰੱਖੇ। ਚੌਹਾਂ ਵਰਨਾਂ ਦੇ ਲੋਕ ਮੇਰਾ ਅੰਮ੍ਰਿਤ ਪਾਨ ਕਰਨ, ਇੱਕੋ ਬਾਟੇ ਵਿਚ ਪ੍ਰਸ਼ਾਦ ਛਕਣ ਅਤੇ ਇਕ ਦੂਸਰੇ ਲਈ ਘ੍ਰਿਣਾ ਦੀ ਭਾਵਨਾ ਮਨ ਵਿਚ ਨਾ ਰੱਖੀ ਜਾਏ।"[22]

ਪੰਜਾਂ ਪਿਆਰਿਆਂ ਨੇ ਗੁਰੂ ਸਾਹਿਬ ਵੱਲੋਂ ਪਾਹੁਲ ਛਕਣ ਦੀ ਅਭਿਲਾਸ਼ਾ ਕਰਨ 'ਤੇ ਮਰਯਾਦਾ ਅਨੁਸਾਰ ਪਾਹੁਲ ਦਿੱਤੀ ਅਤੇ ਗੁਰੂ ਗੋਬਿੰਦ ਰਾਇ ਤੋਂ ਗੁਰੂ ਗੋਬਿੰਦ ਸਿੰਘ ਨਾਮ ਧਾਰਨ ਕੀਤਾ ਗਿਆ।[23]

ਗੁਰੂ ਨਾਨਕ ਸਾਹਿਬ ਜੀ ਨੇ ਦ੍ਰਿੜ੍ਹ ਕਰਾਇਆ ਸੀ ਕਿ ਜਾਤ-ਪਾਤ ਜਾਂ ਊਚ-ਨੀਚ ਆਦਿ ਸ਼੍ਰੇਣੀ ਵੰਡ ਨੂੰ ਪ੍ਰਵਾਨ ਨਹੀਂ ਕੀਤਾ ਜਾ ਸਕਦਾ। ਗੁਰੂਆਂ ਵੱਲੋਂ ਸਮਾਜ ਅੰਦਰ ਜਾਤ-ਪਾਤ ਜਾਂ ਸੁੱਚ ਭਿੱਟ ਨੂੰ ਖ਼ਤਮ ਕਰਨ ਲਈ ਸੰਗਤ, ਪੰਗਤ (ਲੰਗਰ) ਅਤੇ ਸਮੂਹ ਵਰਗਾਂ ਦੇ ਲੋਕਾਂ ਲਈ ਪਾਣੀ ਦੀ ਸਹੂਲਤ ਲਈ ਬਉਲੀਆਂ ਜਾਂ ਸਾਂਝੇ ਖੂਹ ਲਗਵਾਏ, ਜਿਥੋਂ ਸਭ ਬੇਝਿਜਕ ਹੋ ਕੇ ਪਾਣੀ ਦੀ ਲੋੜ ਨੂੰ ਪੂਰਾ ਕਰਦੇ ਸਨ। ਫਿਰ ਸਰੋਵਰਾਂ ਦੀ ਸਥਾਪਨਾ ਵੀ ਸੁੱਚ-ਭਿੱਟ ਖ਼ਤਮ ਕਰਨ ਲਈ ਇਕ ਉੱਤਮ ਸਾਧਨ ਸਨ, ਜਿਥੇ ਲੋਕ ਇਕੱਠੇ ਇਸ਼ਨਾਨ ਕਰਦੇ ਸਨ। ਖ਼ਾਲਸੇ ਜਾਂ ਖ਼ਾਲਸਾ ਪੰਥ ਦੀ ਸਾਜਨਾ ਸਮੇਂ ਐਲਾਨ ਕਰ ਦਿੱਤਾ ਗਿਆ ਸੀ ਕਿ ਸਭ ਇਨਸਾਨ ਬਰਾਬਰ ਹਨ ਅਤੇ ਜਾਤੀਆਂ ਜਾਂ ਵਰਣਾਂ ਵਿਚ ਵੰਡੀ ਮਨੁੱਖਤਾ ਨੂੰ ਅਹਿਸਾਸ ਕਰਾਇਆ ਕਿ ਸਭ ਮਾਨਵ ਜਾਤ ਨੂੰ ਇਕ ਹੀ ਸਮਝੋ।[24]

ਗੁਰੂ ਸਾਹਿਬ ਜੀ ਵਲੋਂ ਐਲਾਨ ਕਰਨਾ ਕਿ ਸਾਰੀ ਮਨੁੱਖ ਜਾਤੀ ਇਕ ਹੀ ਹੈ, ਦਾ ਭਾਵ ਇਹੀ ਹੈ ਕਿ ਸਮਾਜ ਅੰਦਰ ਕੋਈ ਆਪਣੇ ਆਪ ਨੂੰ ਦੂਸਰੇ ਤੋਂ ਵੱਡਾ

---

22. ਪ੍ਰਿੰ. ਤੇਜਾ ਸਿੰਘ ਤੇ ਗੰਡਾ ਸਿੰਘ, *ਸਿੱਖ ਇਤਿਹਾਸ (1469-1765)*, ਪੰਨਾ 82.
23. ਸੋਹਣ ਸਿੰਘ ਸੀਤਲ, *ਮਨੁੱਖਤਾ ਦੇ ਗੁਰੂ : ਗੁਰੂ ਗੋਬਿੰਦ ਸਿੰਘ*, ਪੰਨਾ 168.
24. *ਉਹੀ*, ਪੰਨਾ 169.

ਜਾਂ ਨੀਵਾਂ ਨਾ ਸਮਝੇ। ਸਾਰੇ ਇਕ ਹੀ ਧਰਮ ਨੂੰ ਗ੍ਰਹਿਣ ਕਰਨ ਅਤੇ ਜਾਤ-ਪਾਤ ਅਤੇ ਆਪਸੀ ਵਖਰੇਵਿਆਂ ਨੂੰ ਖ਼ਤਮ ਕਰਨਾ ਸੀ।[25]

ਗੁਰੂ ਗੋਬਿੰਦ ਸਿੰਘ ਜੀ ਨੇ ਪਾਹੁਲ ਦੇਣ ਸਮੇਂ ਪੰਜਾਂ ਪਿਆਰਿਆਂ ਨੂੰ ਇੱਕੋ ਬਾਟੇ ਨੂੰ ਮੂੰਹ ਲਗਵਾ ਦਿੱਤਾ ਅਤੇ ਸੁੱਚ-ਭਿੱਟ ਦੇ ਵਹਿਮ ਨੂੰ ਖ਼ਤਮ ਕਰ ਦਿੱਤਾ।

ਪਹਿਲਾਂ ਭੰਗਾਣੀ ਦੀ ਜੰਗ ਵਿਚ ਪਹਾੜੀ ਰਾਜੇ ਰਲ ਕੇ ਗੁਰੂ ਜੀ ਵਿਰੁੱਧ ਲੜੇ, ਪਰ ਉਹ ਖ਼ਾਲਸਈ ਫ਼ੌਜਾਂ ਤੋਂ ਹਾਰ ਗਏ। ਨਮੋਸ਼ੀ ਹੋਈ, ਪਰ ਫਿਰ ਵੀ ਗੁਰੂ ਜੀ ਵਿਰੁੱਧ ਸਾਜ਼ਸ਼ਾਂ ਘੜਦੇ ਰਹੇ। ਕਈ ਲੜਾਈਆਂ ਹੋਈਆਂ। ਤਕਰੀਬਨ ਸਾਰੀਆਂ ਜੰਗਾਂ ਵਿਚ ਪਹਾੜੀ ਰਾਜੇ ਅਸਫਲ ਰਹੇ। ਆਖ਼ਰ ਪਹਾੜੀ ਰਾਜਿਆਂ ਨੇ ਬਾਦਸ਼ਾਹ ਔਰੰਗਜ਼ੇਬ ਪਾਸ ਤਰਲੇ ਕੀਤੇ ਅਤੇ ਗੁਰੂ ਜੀ ਵਿਰੁੱਧ ਵਧਾਅ-ਚੜ੍ਹਾਅ ਕੇ ਸ਼ਿਕਾਇਤਾਂ ਕੀਤੀਆਂ। ਬਾਦਸ਼ਾਹ ਨੇ ਸਰਹੰਦ ਤੇ ਲਾਹੌਰ ਦੇ ਸੂਬੇਦਾਰਾਂ ਨੂੰ ਪੂਰੀ ਤਾਕਤ ਨਾਲ ਗੁਰੂ ਗੋਬਿੰਦ ਸਿੰਘ ਜੀ ਉੱਪਰ ਹਮਲਾ ਕਰਨ ਲਈ ਹੁਕਮ ਸੁਣਾ ਦਿੱਤਾ। ਦੂਜੇ ਪਾਸੇ ਪਹਾੜੀ ਰਾਜੇ ਵੀ ਤਿਆਰੀ ਵਿਚ ਸਨ ਅਤੇ ਇਨ੍ਹਾਂ ਸੰਯੁਕਤ ਫ਼ੌਜਾਂ ਵੱਲੋਂ 20 ਮਈ 1704 ਈ. ਨੂੰ ਜੰਗ ਸ਼ੁਰੂ ਹੋਈ।[26]

ਗੁਰੂ ਸਾਹਿਬ ਨੇ ਪੰਜ ਪੰਜ ਸੌ ਸਿੰਘਾਂ ਦੇ ਜੱਥਿਆਂ ਨੂੰ ਅਨੰਦਪੁਰ ਦੇ ਪੰਜਾਂ ਕਿਲ੍ਹਿਆਂ ਵਿਚ ਤਾਇਨਾਤ ਕਰ ਦਿੱਤਾ ਅਤੇ ਦੂਜੇ ਪਾਸਿਓਂ ਪਹਾੜੀ ਰਾਜਿਆਂ ਅਤੇ ਮੁਗ਼ਲ ਫ਼ੌਜਾਂ ਨੇ ਅਨੰਦਪੁਰ ਉੱਪਰ ਹਮਲੇ ਕਰਨੇ ਆਰੰਭੇ। ਕਈ ਵਾਰ ਸਿੰਘਾਂ ਨੇ ਖੁੱਲ੍ਹੇ ਮੈਦਾਨ ਵਿਚ ਨਿਕਲ ਕੇ ਵੀ ਵਿਰੋਧੀ ਫ਼ੌਜਾਂ ਨਾਲ ਮੁਕਾਬਲਾ ਕੀਤਾ। ਅਨੰਦਪੁਰ ਅਤੇ ਅਨੰਦਪੁਰ ਦੇ ਕਿਲ੍ਹੇ ਉੱਚੀ ਥਾਂ 'ਤੇ ਹੋਣ ਕਾਰਨ, ਵੈਰੀ ਦਲਾਂ ਦੀ ਮਾਰ ਦਾ ਅਸਰ ਘੱਟ ਹੋ ਰਿਹਾ ਸੀ। ਲੜਾਈ ਲੰਬੀ ਹੁੰਦੀ ਗਈ ਅਤੇ ਦੁਸ਼ਮਣਾਂ ਦੀਆਂ ਸੰਯੁਕਤ ਫ਼ੌਜਾਂ ਵੱਲੋਂ ਅਨੰਦਪੁਰ ਸਾਹਿਬ ਨੂੰ ਸਾਰਿਆਂ ਪਾਸਿਓਂ ਤੋਂ ਘੇਰਾ ਪਾਇਆ ਗਿਆ ਸੀ। ਉਨ੍ਹਾਂ ਵਲੋਂ ਪੂਰੀ ਤਰ੍ਹਾਂ ਨਾਕਾਬੰਦੀ ਕਰਨ ਕਰਕੇ, ਖਾਣ-ਪੀਣ ਦੀਆਂ ਰਸਦਾਂ ਨੂੰ ਬਾਹਰੋਂ ਲਿਆਉਣਾ ਅਸੰਭਵ ਹੋ ਗਿਆ ਸੀ।[27]

ਸਿੰਘ ਆਪਣੀਆਂ ਜਾਨਾਂ ਤਲੀ 'ਤੇ ਰੱਖ ਕੇ ਬਾਹਰ ਜਾ ਕੇ ਰਸਦਾਂ ਲਿਆਉਂਦੇ ਸਨ ਅਤੇ ਅਨੇਕਾਂ ਵਾਰ ਬਹੁਤ ਸਿੰਘਾਂ ਦੀਆਂ ਜਾਨਾਂ ਵੀ ਕੁਰਬਾਨ ਹੋਈਆਂ, ਜਦੋਂ ਵੈਰੀਆਂ ਨਾਲ ਮੁੱਠਭੇੜ ਹੁੰਦੀ ਸੀ। ਇਸ ਤੋਂ ਬਿਨਾਂ ਕੋਈ ਹੋਰ ਚਾਰਾ ਵੀ ਨਹੀਂ ਸੀ ਅਤੇ ਜਿਉਂਦੇ ਰਹਿਣ ਕਈ ਖਾਣ-ਪੀਣ ਦੀਆਂ ਵਸਤੂਆਂ ਲੋੜੀਂਦੀਆਂ ਸਨ। ਇਸ ਕਰਕੇ ਦਿਨੋ-ਦਿਨ ਸਥਿਤੀ ਵਿਗੜ ਰਹੀ ਸੀ। ਗੁਰੂ ਜੀ ਪਾਸ ਜਾ ਕੇ ਸਿੰਘਾਂ ਨੇ ਬੇਨਤੀ ਕੀਤੀ ਕਿ ਬੇਹਤਰ ਇਹੀ ਹੋਵੇਗਾ, ਜੇਕਰ ਅਨੰਦਪੁਰ ਨੂੰ ਛੱਡਿਆ ਜਾਵੇ।[28]

ਦੂਜੇ ਪਾਸੇ ਪਹਾੜੀ ਰਾਜੇ ਅਤੇ ਮੁਗਲ ਫ਼ੌਜਾਂ ਨੂੰ ਇਸ ਗੱਲ ਦੀ ਨਮੋਸ਼ੀ ਸੀ ਕਿ ਵਧੇਰੇ ਫ਼ੌਜਾਂ ਅਤੇ ਹਥਿਆਰਾਂ ਨਾਲ ਵੀ ਗੁਰੂ ਜੀ ਪਾਸੋਂ ਅਨੰਦਪੁਰ ਖ਼ਾਲੀ ਨਹੀਂ

---

25. M.A. Macauliffe, *The Sikh Religion*, Vol. 5, pp. 93-94.
26. ਪ੍ਰੋ. ਸਾਹਿਬ ਸਿੰਘ, *ਜੀਵਨ ਬ੍ਰਿਤਾਂਤ ਗੁਰੂ ਗੋਬਿੰਦ ਸਿੰਘ*, ਪੰਨੇ 141-143.
27. *ਉਹੀ*।
28. ਇੰਦੂਭੂਸ਼ਨ ਬੈਨਰਜੀ, *ਖ਼ਾਲਸੇ ਦੀ ਉਤਪਤੀ* (ਜਿਲਦ ਦੂਜੀ), ਪੰਨੇ 126-127.

ਕਰਾ ਸਕੇ ਭਾਵੇਂ ਗੁਰੂ ਜੀ ਦੀ ਤਾਕਤ ਨਾਲ ਟਾਕਰਾ ਸੰਭਵ ਨਹੀਂ ਸੀ। ਆਖ਼ਰ ਉਨ੍ਹਾਂ ਨੇ ਗੁਰੂ ਜੀ ਨਾਲ ਵਾਅਦਾ ਕੀਤਾ ਕਿ ਜੇਕਰ ਗੁਰੂ ਜੀ ਸ਼ਾਂਤਮਈ ਤਰੀਕੇ ਨਾਲ ਅਨੰਦਪੁਰ ਛੱਡ ਜਾਣ ਤਾਂ ਉਨ੍ਹਾਂ ਦਾ ਕੋਈ ਨੁਕਸਾਨ ਨਹੀਂ ਕੀਤਾ ਜਾਵੇਗਾ। ਹਿੰਦੂ ਰਾਜਿਆਂ ਨੇ ਕਸਮਾਂ ਖਾਧੀਆਂ ਅਤੇ ਮੁਗ਼ਲਾਂ ਨੇ ਵੀ ਕੁਰਾਨ ਦੀਆਂ ਕਸਮਾਂ ਖਾ ਕੇ ਬਚਨ ਦਿੱਤਾ ਕਿ ਗੁਰੂ ਸਾਹਿਬ ਆਪਣੀਆਂ ਵਸਤੂਆਂ ਅਤੇ ਹੋਰ ਕੀਮਤੀ ਚੀਜ਼ਾਂ ਨੂੰ ਬੇਝਿਜਕ ਹੋ ਕੇ ਸੁਰੱਖਿਅਤ ਕੱਢ ਸਕਦੇ ਹਨ। ਪਰ ਵੈਰੀਆਂ ਵੱਲੋਂ ਖਾਧੀਆਂ ਕਸਮਾਂ ਤੇ ਵਾਅਦੇ ਝੂਠੇ ਸਾਬਤ ਹੋਏ।[29]

ਗੁਰੂ ਜੀ ਨੇ 1704 ਵਿਚ, ਸਰਦੀਆਂ ਦੀ ਰੁੱਤ ਸਮੇਂ ਅਨੰਦਪੁਰ ਛੱਡ ਦਿੱਤਾ ਅਤੇ ਜਦੋਂ ਉਹ ਬਾਹਰ ਨਿਕਲ ਰਹੇ ਸਨ ਤਾਂ ਸਰਸਾ ਦੇ ਕੰਢੇ ਉੱਤੇ ਵੈਰੀਆਂ ਨੇ ਹਮਲਾ ਕਰ ਦਿੱਤਾ ਅਤੇ ਮੀਂਹ ਦੇ ਵਿਚ ਹੀ ਲੜਾਈ ਹੋਈ। ਇਥੇ ਹੀ ਗੁਰੂ ਜੀ ਆਪਣੇ ਪਰਿਵਾਰ ਦੇ ਕੁਝ ਮੈਂਬਰਾਂ ਨਾਲੋਂ ਵਿਛੜ ਗਏ ਅਤੇ ਚਮਕੌਰ ਸਾਹਿਬ ਸੁਰੱਖਿਅਤ ਪਹੁੰਚ ਗਏ।[30]

ਸਰਸਾ ਦੇ ਅਸਥਾਨ 'ਤੇ ਹੀ ਛੋਟੇ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ ਜੀ ਵਿਛੜ ਗਏ ਅਤੇ ਉਨ੍ਹਾਂ ਨੂੰ ਪੁਰਾਣਾ ਨੌਕਰ ਗੰਗੂ ਆਪਣੇ ਘਰ ਲੈ ਗਿਆ ਸੀ। ਉਸ ਨੇ ਹੀ ਧੋਖੇ ਨਾਲ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਮੋਰਿੰਡਾ ਥਾਣੇ ਦੇ ਕੋਤਵਾਲ ਪਾਸ ਫੜਾ ਦਿੱਤਾ ਸੀ।[31]

ਸਰਸਾ ਨਦੀ ਦੇ ਵਹਿਣ ਵਿਚ ਬਚ ਨਿਕਲਣਾ ਸੌਖਾ ਨਹੀਂ ਸੀ, ਕਾਫ਼ੀ ਸਿੰਘ ਰੁੜ੍ਹ ਗਏ ਸਨ। ਸੁਭਾਵਕ ਹੀ ਸੀ ਕਿ ਸਿੰਘਾਂ ਦਾ ਆਪਸੀ ਸੰਪਰਕ ਨਾ ਹੋਣ ਕਰਕੇ, ਗੁਰੂ ਜੀ ਪਾਸੋਂ ਵਿਛੜ ਗਏ ਸਨ। ਗੁਰੂ ਸਾਹਿਬ ਨਾਲ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ ਅਤੇ ਡੇਢ ਸੌ ਦੇ ਕਰੀਬ ਸਿੰਘ ਘੋੜ-ਸਵਾਰ ਸੁਰੱਖਿਅਤ ਸਰਸਾ ਨਦੀ ਪਾਰ ਕਰਨ 'ਚ ਸਫਲ ਹੋਏ, ਪੋਹ ਦੇ ਮਹੀਨੇ ਸਰਦੀ ਵੀ ਪੂਰੀ ਹੁੰਦੀ ਹੈ, ਪਰ ਫਿਰ ਵੀ ਸਿੰਘਾਂ ਅੰਦਰ ਪੂਰੀ ਦ੍ਰਿੜ੍ਹਤਾ ਸੀ, ਜਿਸ ਕਰਕੇ ਦੁਸ਼ਮਣਾਂ ਨਾਲ ਵਾਰ-ਵਾਰ ਮੁਕਾਬਲਾ ਕਰਦੇ ਰਹੇ।[32]

ਚਮਕੌਰ ਵਿਖੇ ਗੁਰੂ ਸਾਹਿਬ ਨੇ ਰੁਕਣ ਦਾ ਫ਼ੈਸਲਾ ਕੀਤਾ, ਇਥੇ ਇਕ ਹਵੇਲੀ ਸੀ, ਜਿਸ ਨੂੰ ਉਥੋਂ ਦੇ ਵਸਨੀਕ ਗੜ੍ਹੀ ਆਖਦੇ ਸਨ। ਗੜ੍ਹੀ ਦੇ ਮਾਲਕ ਨੇ ਗੁਰੂ ਸਾਹਿਬ ਤੇ ਸਿੰਘਾਂ ਨੂੰ ਠਹਿਰਣ ਲਈ ਬੇਨਤੀ ਕੀਤੀ ਅਤੇ ਲੋੜੀਂਦੀਆਂ ਵਸਤੂਆਂ ਵੀ ਭੇਟ ਕੀਤੀਆਂ।[33]

ਇਥੇ ਹੁਣ ਚਮਕੌਰ ਦੀ ਗੜ੍ਹੀ ਵਿਚ ਚਾਲ੍ਹੀ ਜਾਂ ਇਕਤਾਲੀ ਸਿੰਘ ਹੀ ਸਨ, ਜਿਨ੍ਹਾਂ ਨੂੰ ਬੇਅੰਤ ਵੈਰੀ ਦਲਾਂ ਨੇ ਘੇਰਾ ਪਾ ਲਿਆ ਸੀ। ਚਾਲ੍ਹੀ ਇਕਤਾਲੀ ਸਿੰਘਾਂ

---

29. M.A. Macauliffe, *The Sikh Religion*, Vol. 5, pp. 177-178.
30. ਪ੍ਰਿੰ. ਤੇਜਾ ਸਿੰਘ ਤੇ ਗੰਡਾ ਸਿੰਘ, *ਸਿੱਖ ਇਤਿਹਾਸ (1469-1765),*, ਪੰਨਾ 86-87.
31. *ਉਹੀ*, ਪੰਨਾ 87.
32. ਪ੍ਰੋ. ਸਾਹਿਬ ਸਿੰਘ, *ਜੀਵਨ ਬ੍ਰਿਤਾਂਤ ਗੁਰੂ ਗੋਬਿੰਦ ਸਿੰਘ*, ਪੰਨੇ 153-154.
33. *ਉਹੀ*, ਪੰਨਾ 156.

ਨੇ ਹਜ਼ਾਰਾਂ ਵੈਰੀਆਂ ਦਾ ਮੁਕਾਬਲਾ ਕੀਤਾ। ਇਥੇ ਹੀ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਤੇ ਬਾਬਾ ਜੁਝਾਰ ਸਿੰਘ ਜੀ ਸ਼ਹੀਦ ਹੋਏ। ਗੁਰੂ ਸਾਹਿਬ ਪੰਜ ਪੰਜ ਸਿੰਘਾਂ ਦੇ ਜੱਥੇ ਨੂੰ ਬਾਹਰ ਦੁਸ਼ਮਣਾਂ ਨਾਲ ਲੜਨ ਲਈ ਭੇਜਦੇ ਸਨ ਅਤੇ ਲੜਦੇ ਲੜਦੇ ਅਨੇਕਾਂ ਵੈਰੀਆਂ ਦੇ ਆਹੂ ਲਾਹ ਕੇ ਸ਼ਹੀਦ ਹੋ ਜਾਂਦੇ ਸਨ। ਗੁਰੂ ਜੀ ਆਪਣੇ ਨਾਲ ਭਾਈ ਦਇਆ ਸਿੰਘ, ਭਾਈ ਧਰਮ ਸਿੰਘ ਤੇ ਭਾਈ ਮਾਨ ਸਿੰਘ ਨੂੰ ਨਾਲ ਲੈ ਕੇ ਗੜ੍ਹੀ ਤੋਂ ਬਾਹਰ ਨਿਕਲਣ ਤੋਂ ਪਹਿਲਾਂ ਭਾਈ ਸੰਗਤ ਸਿੰਘ ਦੇ ਸਿਰ 'ਤੇ ਕਲਗ਼ੀ ਸਜਾਈ ਗਈ। ਭਾਈ ਸੰਗਤ ਸਿੰਘ ਦਾ ਮੁਹਾਂਦਰਾ ਗੁਰੂ ਸਾਹਿਬ ਜੀ ਨਾਲ ਮਿਲਦਾ ਸੀ। ਗੁਰੂ ਜੀ ਸੁਰੱਖਿਅਤ ਹਵੇਲੀ ਤੋਂ ਬਾਹਰ ਨਿਕਲ ਗਏ ਅਤੇ ਦੁਸ਼ਮਣਾਂ ਨੂੰ ਪਤਾ ਨਾ ਲੱਗ ਸਕਿਆ।[34]

ਗੁਰੂ ਸਾਹਿਬ ਅਤੇ ਨਾਲ ਦੇ ਸਿੰਘਾਂ ਵਲੋਂ ਬਹੁਤ ਹੀ ਦੂਰ-ਅੰਦੇਸ਼ੀ ਨਾਲ, ਗੁਰੂ ਜੀ ਦਾ ਚਮਕੌਰ ਤੋਂ ਸੁਰੱਖਿਅਤ ਹੋ ਕੇ ਨਿਕਲਣਾ ਬਹੁਤ ਜ਼ਰੂਰੀ ਸਮਝਿਆ ਗਿਆ ਸੀ। ਗੁਰੂ ਜੀ ਦੇ ਵੱਡੇ ਸਾਹਿਬਜ਼ਾਦੇ ਸ਼ਹੀਦ ਹੋ ਚੁੱਕੇ ਸਨ ਅਤੇ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਬਾਰੇ ਕੋਈ ਜਾਣਕਾਰੀ ਨਹੀਂ ਸੀ ਕਿ ਕੀ ਉਹ ਸੁਰੱਖਿਅਤ ਸਨ ਜਾਂ ਨਹੀਂ। ਜਿਵੇਂ ਪਹਿਲਾਂ ਦੱਸ ਚੁੱਕੇ ਹਾਂ ਕਿ ਮੁਗ਼ਲ ਸਰਕਾਰ ਅਤੇ ਪਹਾੜੀ ਰਾਜਿਆਂ ਦੀਆਂ ਸਾਂਝੀਆਂ ਫ਼ੌਜਾਂ ਨੇ ਲੰਬੇ ਸਮੇਂ ਲਈ ਅਨੰਦਪੁਰ ਵਿਖੇ ਗੁਰੂ ਸਾਹਿਬ ਅਤੇ ਸਿੰਘਾਂ ਨੂੰ ਹਰਾਉਣ ਖ਼ਾਤਰ ਪੂਰੀ ਵਾਹ ਲਾਈ ਸੀ। ਗੁਰੂ ਜੀ ਤਿੰਨ ਸਿੰਘਾਂ ਨਾਲ ਚਮਕੌਰ ਵਿੱਚੋਂ ਸੁਰੱਖਿਅਤ ਨਿਕਲ ਗਏ, ਪਰ ਇਸ ਨਾਲ ਮੁਗ਼ਲ ਬਾਦਸ਼ਾਹ, ਵਿਸ਼ੇਸ਼ ਕਰਕੇ ਸਰਹੰਦ ਦੇ ਵਜ਼ੀਦ ਖ਼ਾਨ ਨੂੰ ਬਹੁਤ ਨਮੋਸ਼ੀ ਹੋਈ।[35]

ਗੁਰੂ ਗੋਬਿੰਦ ਸਿੰਘ ਅਤੇ ਤਿੰਨ ਸਿੰਘ (ਭਾਈ ਦਇਆ ਸਿੰਘ, ਭਾਈ ਧਰਮ ਸਿੰਘ ਤੇ ਮਾਨ ਸਿੰਘ) ਗੁਰੂ ਜੀ ਨੂੰ ਮਿਲ ਪਏ ਅਤੇ ਮਾਛੀਵਾੜੇ ਦੇ ਜੰਗਲ ਵਿਚ ਸਮਾਂ ਬਤੀਤ ਕੀਤਾ। ਇਸ ਥਾਂ 'ਤੇ ਦੋ ਪਠਾਨ ਨਬੀ ਖ਼ਾਂ ਤੇ ਗ਼ਨੀ ਖ਼ਾਂ ਹੋਰਾਂ ਨਾਲ ਮਿਲਣੀ ਹੋਈ ਅਤੇ ਇਹ ਦੋਨੋਂ ਭਰਾ ਘੋੜਿਆਂ ਦੇ ਵਪਾਰੀ ਸਨ। ਦੂਜੇ ਪਾਸੇ ਮੁਗ਼ਲ ਸਰਕਾਰ ਦੇ ਸੂਹੀਏ ਗੁਰੂ ਜੀ ਬਾਰੇ ਭਾਲ ਕਰਨ ਵਿਚ ਲੱਗੇ ਹੋਏ ਸਨ। ਇਥੇ ਗੁਰੂ ਸਾਹਿਬ ਤੇ ਤਿੰਨਾਂ ਸਿੰਘਾਂ ਨੇ ਨੀਲੇ ਵਸਤਰ ਪਹਿਨ ਲਏ ਅਤੇ ਉੱਚ ਦੇ ਪੀਰ ਵਾਂਗ ਭੇਸ ਵਟਾ ਲਿਆ। ਗੁਰੂ ਸਾਹਿਬ ਜੀ ਨੂੰ ਪਲੰਘ 'ਤੇ ਬਿਠਾ ਕੇ, ਨਬੀ ਖ਼ਾਂ ਤੇ ਗਨੀ ਖ਼ਾਂ ਨੇ ਅੱਗਿਓਂ ਅਤੇ ਧਰਮ ਸਿੰਘ ਤੇ ਮਾਨ ਸਿੰਘ ਨੇ ਪਿਛਲੇ ਪਾਸਿਓਂ ਪਲੰਘ ਚੁੱਕਿਆ ਅਤੇ ਭਾਈ ਦਯਾ ਸਿੰਘ ਜੀ ਗੁਰੂ ਜੀ ਉੱਪਰ ਚੌਰ ਕਰ ਰਹੇ ਸਨ। ਜੋ ਲੋਕ ਪੁੱਛਦੇ ਸਨ, ਉਨ੍ਹਾਂ ਨੂੰ ਦੱਸਿਆ ਜਾਂਦਾ ਸੀ ਕਿ ਉੱਚ ਦੇ ਪੀਰ ਹਨ।[36]

ਪਹਿਲਾਂ ਉਲੇਖ ਕਰ ਚੁੱਕੇ ਹਾਂ ਕਿ ਸਰਸਾ ਦੇ ਅਸਥਾਨ 'ਤੇ ਹੀ ਛੋਟੇ ਸਾਹਿਬਜ਼ਾਦੇ ਅਤੇ ਉਨ੍ਹਾਂ ਦੀ ਦਾਦੀ ਮਾਂ, ਮਾਤਾ ਗੁਜਰੀ ਜੀ ਵਿਛੜ ਗਏ ਸਨ ਅਤੇ ਉਨ੍ਹਾਂ ਦਾ ਮੇਲ ਗੰਗੂ ਨਾਲ ਹੋਇਆ ਅਤੇ ਉਹ ਤਿੰਨਾਂ ਨੂੰ ਆਪਣੇ ਘਰ ਲੈ ਗਿਆ ਸੀ, ਇਸ

---

34. ਸੋਹਣ ਸਿੰਘ ਸੀਤਲ, *ਮਨੁੱਖਤਾ ਦੇ ਗੁਰੂ : ਗੁਰੂ ਗੋਬਿੰਦ ਸਿੰਘ*, ਪੰਨੇ 249-251.
35. *ਉਹੀ*, ਪੰਨੇ 250-251.
36. ਪ੍ਰੋ. ਸਾਹਿਬ ਸਿੰਘ, *ਜੀਵਨ ਬ੍ਰਿਤਾਂਤ ਗੁਰੂ ਗੋਬਿੰਦ ਸਿੰਘ*, ਪੰਨੇ 169-171.

ਤੋਂ ਅੱਗੇ ਉਸ ਨੇ ਮਾਤਾ ਗੁਜਰੀ ਜੀ ਤੇ ਛੋਟੇ ਸਾਹਿਬਜ਼ਾਦਿਆਂ ਨੂੰ ਮੋਰਿੰਡਾ ਦੇ ਕੋਤਵਾਲ ਪਾਸ ਗ੍ਰਿਫ਼ਤਾਰ ਕਰਵਾ ਦਿੱਤਾ। ਸੰਭਵ ਹੈ ਕਿ ਉਸ ਦੇ ਮਨ ਵਿਚ ਸਰਕਾਰ ਤੋਂ ਚੋਖਾ ਇਨਾਮ ਲੈਣ ਦੀ ਲਾਲਸਾ ਉਪਜੀ ਹੋਵੇ। ਇਸ ਤੋਂ ਪਿੱਛੋਂ ਮਾਤਾ ਗੁਜਰੀ ਜੀ ਅਤੇ ਦੋਨੋਂ ਸਾਹਿਬਜ਼ਾਦਿਆਂ ਨੂੰ ਸਰਹੰਦ ਪਹੁੰਚਾਇਆ ਗਿਆ। ਵਜ਼ੀਰ ਖ਼ਾਂ ਨੇ ਤਰ੍ਹਾਂ-ਤਰ੍ਹਾਂ ਦੇ ਲਾਲਚ ਤੇ ਡਰਾਵੇ ਦੇ ਕੇ ਦੋਨਾਂ ਸਾਹਿਬਜ਼ਾਦਿਆਂ ਨੂੰ ਇਸਲਾਮ ਧਰਮ ਕਬੂਲ ਕਰਨ ਲਈ ਆਖਿਆ, ਪਰ ਵਜ਼ੀਰ ਖ਼ਾਂ ਬੱਚਿਆਂ ਦੀ ਨਿਰਭੈਤਾ ਅਤੇ ਨਿਡਰਤਾ ਨੂੰ ਬਦਲ ਨਹੀਂ ਸਕਿਆ।

ਆਖ਼ਰ 13 ਪੋਹ ਦਾ ਦਿਨ ਸੀ, ਜਦੋਂ ਸਾਹਿਬਜ਼ਾਦਿਆਂ ਨੂੰ ਕੰਧਾਂ ਵਿਚ ਚਿਣਵਾਇਆ ਗਿਆ। ਹੋ ਸਕਦਾ ਹੈ ਕਿ ਕੰਧਾਂ ਵਿਚ ਚਿਣਾਉਣ ਦਾ ਮਨੋਰਥ ਡਰਾਉਣਾ ਜਾਂ ਧਮਕਾਉਣਾ ਹੋਵੇ। ਇਤਿਹਾਸਕ ਪਰੰਪਰਾ ਅਨੁਸਾਰ, ਦੋਨੋਂ ਸਾਹਿਬਜ਼ਾਦੇ ਬੇਹੋਸ਼ ਹੋ ਗਏ ਅਤੇ ਉਸ ਸਮੇਂ ਉਨ੍ਹਾਂ ਨੂੰ ਕਤਲ ਕਰ ਕੇ ਸ਼ਹੀਦ ਕਰ ਦਿੱਤਾ ਗਿਆ ਸੀ। ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਤੋਂ ਬਾਅਦ ਮਾਤਾ ਗੁਜਰੀ ਜੀ ਨੂੰ ਵਜ਼ੀਰ ਖ਼ਾਨ ਦੇ ਸਿਪਾਹੀਆਂ ਨੇ ਸ਼ਹੀਦ ਕਰ ਦਿੱਤਾ। ਫਿਰ ਤਿੰਨਾਂ ਸ਼ਹੀਦਾਂ ਦਾ ਸਾਂਝੇ ਤੌਰ 'ਤੇ ਸਸਕਾਰ ਕਰ ਦਿੱਤਾ ਗਿਆ ਸੀ।[37]

ਗੁਰੂ ਗੋਬਿੰਦ ਸਿੰਘ ਜੀ ਮਾਛੀਵਾੜੇ ਨੂੰ ਛੱਡ ਕੇ, ਕਈ ਪਿੰਡਾਂ ਵਿੱਚੋਂ ਦੀ ਲੰਘਦੇ ਹੋਏ ਆਲਮਗੀਰ ਪਹੁੰਚੇ। ਇਥੇ ਭਾਈ ਨਗਾਹੀਆ ਸਿੰਘ ਨੇ ਦਰਸ਼ਨ ਕੀਤੇ ਅਤੇ ਗੁਰੂ ਜੀ ਨੂੰ ਘੋੜਾ ਭੇਟ ਕੀਤਾ। ਇਥੋਂ ਗੁਰੂ ਜੀ ਨੇ ਨਬੀ ਖ਼ਾਂ ਤੇ ਗਨੀ ਖ਼ਾਂ ਨੂੰ ਪਿਆਰ ਨਾਲ ਵਿਦਾ ਕੀਤਾ। ਆਲਮਗੀਰ ਤੋਂ ਬਾਅਦ, ਗੁਰੂ ਜੀ ਮੋਹੀ ਵਿਚ ਦੀ ਪਿੰਡ ਹੇਹਰੀਂ ਪਹੁੰਚੇ, ਇਥੇ ਮਹੰਤ ਕਿਰਪਾਲ ਦਾਸ ਦਾ ਡੇਰਾ ਸੀ। ਇਥੇ ਡੇਰੇ ਦਾ ਨਵਾਂ ਮਹੰਤ ਸੀ, ਉਸ ਨੇ ਆਦਰ ਸਤਿਕਾਰ ਦਿੱਤਾ ਪਰ ਛੇਤੀ ਹੀ ਡਰ ਗਿਆ।

ਹੇਹਰਾਂ ਤੋਂ ਗੁਰੂ ਜੀ ਸੀਲੋਆਣੀ ਦੇ ਨਜ਼ਦੀਕ ਪਹੁੰਚੇ। ਇਥੇ ਰਾਏ ਕੱਲ੍ਹਾ ਆ ਕੇ ਮਿਲਿਆ। ਰਾਏ ਕੱਲ੍ਹਾ ਨੇ ਆਪਣੇ ਵਲੋਂ ਇਕ ਵਿਅਕਤੀ ਨੂੰ ਸਰਹੰਦ ਭੇਜ ਕੇ ਪੂਰੀ ਜਾਣਕਾਰੀ ਲਈ ਕਿ ਕਿਵੇਂ ਗੁਰੂ ਸਾਹਿਬ ਦੇ ਛੋਟੇ ਸਾਹਿਬਜ਼ਾਦਿਆਂ ਨੂੰ ਸ਼ਹੀਦ ਕੀਤਾ ਗਿਆ। ਇਸ ਪਿੱਛੋਂ ਗੁਰੂ ਸਾਹਿਬ ਨੂੰ ਇਤਲਾਹ ਮਿਲੀ ਕਿ ਸਰਹੰਦ ਦੇ ਸੂਬੇਦਾਰ ਵਲੋਂ ਗੁਰੂ ਜੀ ਦਾ ਪਿੱਛਾ ਕਰਨ ਲਈ ਫ਼ੌਜਾਂ ਮਗਰ ਲਗਾ ਦਿੱਤੀਆਂ ਸਨ। ਗੁਰੂ ਸਾਹਿਬ ਜੀ ਨੇ ਸ਼ਾਹੀ ਫ਼ੌਜਾਂ ਦਾ ਟਾਕਰਾ ਕਰਨ ਲਈ ਨਵੀਂ ਭਰਤੀ ਆਰੰਭ ਕਰ ਦਿੱਤੀ ਸੀ।[38]

ਗੁਰੂ ਗੋਬਿੰਦ ਸਿੰਘ ਜੀ ਰਾਏ ਕੱਲ੍ਹਾ ਨੂੰ ਮਿਲਣ ਤੋਂ ਬਾਅਦ ਦੀਨਾ (ਕਾਂਗੜ) ਪਹੁੰਚ ਗਏ। ਇਥੇ ਰਾਏ ਜੋਧ ਦੇ ਪੋਤਰੇ ਚੌਧਰੀ ਲਖਮੀਰ, ਸਮੀਰ ਅਤੇ ਤਖ਼ਤ ਮੱਲ ਹੋਰਾਂ ਨੂੰ ਜਦੋਂ ਪਤਾ ਲੱਗਾ ਕਿ ਗੁਰੂ ਸਾਹਿਬ ਉਨ੍ਹਾਂ ਦੇ ਇਲਾਕੇ ਵਿਚ ਹਨ, ਤਾਂ ਉਨ੍ਹਾਂ ਨੇ ਗੁਰੂ ਸਾਹਿਬ ਜੀ ਦੇ ਦਰਸ਼ਨ ਕੀਤੇ ਅਤੇ ਮਾਲਵੇ ਦੇ ਪਿੰਡਾਂ ਤੋਂ ਹਜ਼ਾਰਾਂ ਸਿੱਖ ਦਰਸ਼ਨਾਂ ਲਈ ਆਉਣ ਲੱਗੇ।[39]

---

37. ਪ੍ਰੋ. ਸਾਹਿਬ ਸਿੰਘ, *ਜੀਵਨ ਬ੍ਰਿਤਾਂਤ ਗੁਰੂ ਗੋਬਿੰਦ ਸਿੰਘ*, ਪੰਨੇ 171-173.
38. ਪ੍ਰਿੰ. ਤੇਜਾ ਸਿੰਘ ਤੇ ਡਾ. ਗੰਡਾ ਸਿੰਘ, *ਸਿੱਖ ਇਤਿਹਾਸ (1469-1765)*, ਪੰਨੇ 88-89.
39. ਪ੍ਰੋ. ਸਾਹਿਬ ਸਿੰਘ, *ਜੀਵਨ ਬ੍ਰਿਤਾਂਤ ਗੁਰੂ ਗੋਬਿੰਦ ਸਿੰਘ*, ਪੰਨੇ 177-178.

## ਮੁਕਤਸਰ ਦੀ ਜੰਗ

ਇਸ ਬਾਰੇ ਪਹਿਲਾਂ ਲਿਖ ਚੁੱਕੇ ਹਾਂ ਕਿ ਸਰਹੰਦ ਦੀਆਂ ਫ਼ੌਜਾਂ ਗੁਰੂ ਸਾਹਿਬ ਦੀ ਭਾਲ ਵਿਚ ਪਿੱਛੇ-ਪਿੱਛੇ ਆ ਰਹੀਆਂ ਸਨ। ਦੂਜੇ ਪਾਸੇ ਗੁਰੂ ਸਾਹਿਬ ਨੂੰ ਇਤਲਾਹ ਮਿਲ ਚੁੱਕੀ ਸੀ। ਉਹ ਚੰਗੇ ਅਤੇ ਸੁਰੱਖਿਅਤ ਟਿਕਾਣੇ ਦੀ ਭਾਲ ਵਿਚ ਸਨ, ਜਿਥੋਂ ਵਿਰੋਧੀ ਫ਼ੌਜਾਂ ਦਾ ਟਾਕਰਾ ਕੀਤਾ ਜਾ ਸਕੇ। ਹੁਣ ਤਕ ਗੁਰੂ ਜੀ ਨਾਲ ਸੈਂਕੜੇ ਸਿੰਘ ਸ਼ਾਮਲ ਹੋ ਚੁੱਕੇ ਸਨ। ਸਿੱਖ ਇਤਿਹਾਸ ਅੰਦਰ ਇਕ ਆਪ-ਮੁਹਾਰੇ ਬਣੀ ਸਾਖੀ ਪ੍ਰਚੱਲਤ ਹੋਣ 'ਤੇ ਹੈਰਾਨੀ ਹੁੰਦੀ ਹੈ। ਸਾਖੀ ਜਾਂ ਕਹਾਣੀ ਇਸ ਤਰ੍ਹਾਂ ਹੈ ਕਿ ਜਦੋਂ ਅਨੰਦਪੁਰ ਸਾਹਿਬ ਵਿਖੇ ਪਹਾੜੀ ਰਾਜਿਆਂ ਅਤੇ ਮੁਗ਼ਲ ਫ਼ੌਜਾਂ ਵੱਲੋਂ ਲੰਬੇ ਸਮੇਂ ਲਈ ਘੇਰਾ ਪਾਇਆ ਹੋਇਆ ਸੀ, ਉਸ ਸਮੇਂ ਕੁਝ ਸਿੰਘਾਂ ਨੇ ਅੱਕ ਕੇ ਗੁਰੂ ਜੀ ਨੂੰ ਲਿਖਤੀ ਬੇਦਾਵਾ ਦੇ ਦਿੱਤਾ ਸੀ। ਉਨ੍ਹਾਂ ਨੂੰ ਲਿਖਿਆ ਸੀ ਕਿ ਉਹ ਉਨ੍ਹਾਂ ਦੇ ਗੁਰੂ ਨਹੀਂ ਤੇ ਨਾ ਹੀ ਉਹ ਗੁਰੂ ਦੇ ਸਿੱਖ ਹਨ। ਇਹ ਕਹਾਣੀ ਜਾਂ ਸਾਖੀ ਕਿਵੇਂ ਪ੍ਰਚੱਲਤ ਹੋਈ ? ਇਸ ਦੀ ਅਸਲੀਅਤ ਨੂੰ ਸਮਝਣ ਲਈ ਕੁਝ ਕੁ ਇਤਿਹਾਸਕ ਪੁਸਤਕਾਂ ਦੀ ਪੜਚੋਲ ਕੀਤੀ ਹੈ, ਪਰ ਲੇਖਕਾਂ ਨੇ ਮੁੱਢਲੇ ਸਰੋਤਾਂ ਨੂੰ ਆਧਾਰ ਬਣਾ ਕੇ, ਕੋਈ ਤੱਤਸਾਰ ਨਹੀਂ ਕੱਢਿਆ, ਸਗੋਂ ਪ੍ਰਚੱਲਤ ਹੋ ਚੁੱਕੀ ਬੇਦਾਵੇ ਵਾਲੀ ਕਹਾਣੀ ਨੂੰ ਹੀ ਸਵੀਕਾਰਿਆ। ਕਠਨ ਪ੍ਰਸ਼ਨ ਤਾਂ ਇਹੀ ਹੈ ਕਿ ਇਤਨੇ ਸਖ਼ਤ ਘੇਰੇ ਵਿੱਚੋਂ ਸਿੰਘ ਕਿਵੇਂ ਸੁਰੱਖਿਅਤ ਨਿਕਲ ਸਕਦੇ ਸਨ ?

ਜਦੋਂ ਸਾਰੇ ਪਾਸਿਓਂ ਤੋਂ ਵੈਰੀਆਂ ਦਾ ਘੇਰਾ ਸੀ, ਉਨ੍ਹਾਂ ਦੀਆਂ ਹਜ਼ਾਰਾਂ ਫ਼ੌਜਾਂ ਤਾਇਨਾਤ ਸਨ। ਕਿਵੇਂ ਸੰਭਵ ਹੋ ਸਕਦਾ ਹੈ ਕਿ ਸਿੰਘ ਉਥੋਂ ਸੁਰੱਖਿਅਤ ਨਿਕਲੇ ? ਇਸ ਬਾਰੇ ਕੁਝ ਨਹੀਂ ਲਿਖਿਆ ਮਿਲਦਾ।[40]

ਅਜੋਕੇ ਸਮੇਂ ਦੇ ਜ਼ਿਲ੍ਹਾ ਫ਼ਰੀਦਕੋਟ ਵਿਚ ਗੁਰੂ ਜੀ ਨੇ ਸਿੰਘਾਂ ਨੂੰ ਜਥੇਬੰਦ ਕੀਤਾ ਸੀ। ਕੋਟਕਪੂਰੇ ਪਹੁੰਚੇ ਅਤੇ ਇਹ ਇਲਾਕਾ ਕਪੂਰੇ ਬਰਾੜ ਦਾ ਸੀ। ਉਹ ਸਰਹੰਦ ਦੇ ਸੂਬੇਦਾਰ ਤੋਂ ਡਰਦਾ ਸੀ, ਪਰ ਅੰਦਰੋਂ ਗੁਰੂ ਸਾਹਿਬ ਨਾਲ ਹਮਦਰਦੀ ਦਿਖਾ ਰਿਹਾ ਸੀ। ਉਸ ਨੇ ਹੀ ਗੁਰੂ ਜੀ ਨੂੰ ਖਿਦਰਾਣੇ ਦੀ ਢਾਬ ਬਾਰੇ ਦੱਸਿਆ ਸੀ, ਜਿਥੇ ਪਾਣੀ ਸੀ। ਗੁਰੂ ਜੀ ਨੇ ਕਪੂਰੇ ਬਰਾੜ ਦੀ ਸਲਾਹ ਮੰਨ ਲਈ ਅਤੇ ਖਿਦਰਾਣੇ ਦੀ ਢਾਬ ਵੱਲ ਹੋ ਤੁਰੇ।[41]

ਇਸ ਅਸਥਾਨ 'ਤੇ ਜੋ ਸਿੰਘ ਸਰਸਾ ਨਦੀ ਤੋਂ ਗੁਰੂ ਸਾਹਿਬ ਨਾਲੋਂ ਵਿਛੜ ਗਏ ਸਨ, ਉਹ ਗੁਰੂ ਜੀ ਦੀ ਭਾਲ ਕਰਦੇ ਕਰਦੇ ਰਾਮੇਆਣੇ ਪਹੁੰਚ ਗਏ। ਗੁਰੂ ਸਾਹਿਬ ਵੀ ਸਿੰਘਾਂ ਸਮੇਤ ਇਥੇ ਮਿਲ ਪਏ। ਦੂਜੇ ਪਾਸੇ ਸਰਹੰਦ ਦੀਆਂ ਫ਼ੌਜਾਂ ਗੁਰੂ ਜੀ ਦਾ ਪਿੱਛਾ ਕਰਦੀਆਂ ਆ ਰਹੀਆਂ ਸਨ। ਮਾਝੇ ਦੇ ਸਿੰਘਾਂ ਨਾਲ ਝਬਾਲ ਦੀ ਮਾਈ ਭਾਗੋ ਵੀ ਸ਼ਾਮਲ ਹੋਈ ਸੀ ਅਤੇ ਉਸ ਨੇ ਵੀ ਸਿੰਘਾਂ ਨਾਲ ਕੁਰਬਾਨ ਹੋਣ ਦਾ ਫ਼ੈਸਲਾ ਕਰ ਲਿਆ ਸੀ।[42]

---

40. ਇੰਦੂਭੂਸ਼ਨ ਬੈਨਰਜੀ, *ਖ਼ਾਲਸੇ ਦੀ ਉਤਪਤੀ*, ਜਿਲਦ ਦੂਜੀ, ਪੰਨਾ 127.
41. ਪ੍ਰੋ. ਸਾਹਿਬ ਸਿੰਘ, *ਜੀਵਨ ਬ੍ਰਿਤਾਂਤ ਗੁਰੂ ਗੋਬਿੰਦ ਸਿੰਘ*, ਪੰਨੇ 183-184.
42. *ਉਹੀ*, ਪੰਨੇ 184-185.

ਮੁਕਤਸਰ ਦੀ ਜੰਗ ਵਿਚ ਸ਼ਹੀਦ ਹੋਣ ਵਾਲੇ ਸਿੰਘਾਂ ਬਾਰੇ ਜੋ ਜਾਣਕਾਰੀ ਮਿਲਦੀ ਹੈ, ਉਸ ਅਨੁਸਾਰ ਭਾਈ ਰਾਏ ਸਿੰਘ ਅਤੇ ਇਨ੍ਹਾਂ ਦੇ ਦੋ ਪੁੱਤਰ ਭਾਈ ਮਹਾਂ ਸਿੰਘ, ਭਾਈ ਸੀਤਲ ਸਿੰਘ, ਭਾਈ ਭਾਗ ਸਿੰਘ ਤੇ ਭਾਈ ਦਿਲਬਾਗ ਸਿੰਘ (ਦੋਵੇਂ ਸਕੇ ਭਰਾ ਸਨ), ਭਾਈ ਘਰਬਾਰਾ ਸਿੰਘ, ਭਾਈ ਦਰਬਾਰਾ ਤੇ ਭਾਈ ਗੰਡਾ ਸਿੰਘ (ਤਿੰਨੇ ਸਕੇ ਭਰਾ ਸਨ) ਇਹ ਮਾਈ ਭਾਗ ਕੌਰ ਜੀ ਦੇ ਚਾਚੇ ਜਾਂ ਤਾਏ ਦੇ ਪੁੱਤਰ ਸਨ। ਭਾਈ ਨਿਧਾਨ ਸਿੰਘ ਮਾਤਾ ਭਾਗ ਕੌਰ ਦੇ ਪਤੀ ਅਤੇ ਭਾਈ ਸੁਲਤਾਨ ਸਿੰਘ ਇਨ੍ਹਾਂ ਦੇ ਭਰਾ ਸਨ। ਭਾਈ ਖ਼ੁਸ਼ਹਾਲ ਸਿੰਘ ਭੱਲਾ, ਇਹ ਗੁਰੂ ਅਮਰਦਾਸ ਜੀ ਤੋਂ ਅੱਠਵੀਂ ਪੀੜ੍ਹੀ ਵਿੱਚੋਂ ਸਨ। ਭਾਈ ਦਰਬਾਰੀ ਸਿੰਘ ਤੇ ਭਾਈ ਘਰਬਾਰੀ ਸਿੰਘ (ਇਹ ਦੋਵੇਂ ਖ਼ੁਸ਼ਹਾਲ ਸਿੰਘ ਦੇ ਸਪੁੱਤਰ ਸਨ ਅਤੇ ਗੁਰੂ ਅਮਰਦਾਸ ਜੀ ਦੀ ਨੌਂਵੀਂ ਪੀੜ੍ਹੀ ਵਿੱਚੋਂ ਸਨ) ਭਲਾ ਸੋਚੀਏ ਕਿ ਇਨ੍ਹਾਂ ਪਰਿਵਾਰਾਂ ਦੇ ਸਮੁੱਚੇ ਮੈਂਬਰ ਗੁਰੂ ਜੀ ਨਾਲ ਸੱਚੇ ਦਿਲੋਂ ਸੀਸ ਤਲੀ ’ਤੇ ਰੱਖ ਕੇ, ਘੋਲ ਘੁਮਾਉਣ ਵਾਲੇ ਸਨ, ਤਾਂ ਇਹ ਬੇਦਾਵੀਏ ਕਿਵੇਂ ਹੋ ਸਕਦੇ ਸਨ ?[43]

ਤੱਤ ਸਾਰ ਇਹੀ ਹੈ ਕਿ ਇਹ ਸਾਰੇ ਸਿੰਘ ਸਰਸਾ ਨਦੀ ’ਤੇ ਹੋਏ ਜੰਗ ਵੇਲੇ ਵਿਛੜ ਗਏ ਸਨ ਅਤੇ ਗੁਰੂ ਜੀ ਤੇ ਗੁਰੂ ਸਾਹਿਬ ਦੇ ਪਰਿਵਾਰ ਨਾਲ ਵਾਪਰੀਆਂ ਘਟਨਾਵਾਂ ਤੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਬਾਰੇ ਸੁਣ ਕੇ ਰੋਹ ਵਿਚ ਆਏ ਅਤੇ ਗੁਰੂ ਜੀ ਦੀ ਭਾਲ ਕਰਦੇ ਰਹੇ ਸਨ। ਜਦੋਂ ਇਨ੍ਹਾਂ ਨੂੰ ਗੁਰੂ ਸਾਹਿਬ ਜੀ ਵੱਲੋਂ ਵਿੱਢੇ ਸੰਘਰਸ਼ ਵਿਚ ਕੁਰਬਾਨੀ ਕਰਨ ਦਾ ਮੌਕਾ ਮਿਲਿਆ, ਇਨ੍ਹਾਂ ਨੇ ਆਪਣੇ ਆਪ ਨੂੰ ਸਿੱਖੀ ਸਿਦਕ ਦੀ ਪਰੰਪਰਾ ਅਨੁਸਾਰ ਕੁਰਬਾਨ ਕਰ ਦਿੱਤਾ।[44]

ਜਿਵੇਂ ਇਸ ਬਾਰੇ ਕਦੀ ਮੁਲਾਂਕਣ ਨਹੀਂ ਹੋਇਆ ਕਿ ਜੇ ਬੇਦਾਵਾ ਅਨੰਦਪੁਰ ਸਾਹਿਬ ਵਿਖੇ ਲਿਖਿਆ ਅਤੇ ਇਤਨੀ ਸਖ਼ਤ ਘੇਰਾਬੰਦੀ ਵਿਚ ਸਿੰਘ ਕਿਵੇਂ ਸੁਰੱਖਿਅਤ ਬਾਹਰ ਨਿਕਲੇ ? ਭਾਈ ਜਸਬੀਰ ਸਿੰਘ ਨੇ ਕਾਫ਼ੀ ਖੋਜ ਕਰਨ ਉਪਰੰਤ ਇਹ ਸਿੱਟਾ ਕੱਢਿਆ ਅਤੇ ਦੱਸਿਆ ਕਿ ਇਹ ਸਿੰਘ ਬੇਦਾਵੀਏ ਨਹੀਂ ਸਨ, ਸਗੋਂ ਆਪਣਾ ਸੀਸ ਭੇਟ ਕਰਨ ਦੀ ਭਾਵਨਾ ਨਾਲ ਗੁਰੂ ਜੀ ਪਾਸ ਆਏ ਸਨ। ਅਨੰਦਪੁਰ ਛੱਡਣ ਸਮੇਂ ਸਿੰਘਾਂ ਦੀ ਮੁਗ਼ਲਾਂ ਤੇ ਪਹਾੜੀ ਰਾਜਿਆਂ ਦੀਆਂ ਫ਼ੌਜਾਂ ਨਾਲ ਕਈ ਵਾਰ ਝੜਪਾਂ ਹੋਈਆਂ ਅਤੇ ਸਰਸਾ ਨਦੀ ’ਤੇ ਇਹ ਸਿੰਘ ਵਿਛੜ ਗਏ ਸਨ। ਇਹ ਸਿੰਘ ਗੁਰੂ ਜੀ ਦੀ ਭਾਲ ਵਿਚ ਤੁਰੇ ਹੋਏ ਸਨ, ਆਖ਼ਰ ਗੁਰੂ ਜੀ ਨਾਲ ਇਨ੍ਹਾਂ ਦਾ ਮਿਲਾਪ ਖਿਦਰਾਣੇ ਦੀ ਜੰਗ ਸਮੇਂ ਹੋਇਆ ਅਤੇ ਖ਼ੁਸ਼ੀ-ਖ਼ੁਸ਼ੀ ਆਪਾ ਵਾਰਿਆ।

ਖਿਦਰਾਣੇ ਦੀ ਜੰਗ ਵਿਚ ਸੈਂਕੜੇ ਸਿੰਘ ਸ਼ਹੀਦ ਹੋਏ ਅਤੇ ਇਹ ਸਿੰਘ ਮਾਲਵੇ ਅਤੇ ਮਾਝੇ ਦੇ ਸਨ, ਦੂਜੇ ਪਾਸੇ ਦੁਸ਼ਮਣਾਂ ਦਾ ਬਹੁਤ ਨੁਕਸਾਨ ਹੋਇਆ ਅਤੇ ਉਹ ਇਸ ਇਲਾਕੇ ਵਿਚ ਸਿੰਘਾਂ ਦਾ ਮੁਕਾਬਲਾ ਕਰਨ ਦੇ ਸਮਰੱਥ ਨਾ ਹੋਣ ਕਾਰਨ, ਵਾਪਸ ਮੁੜ ਗਏ। ਗੁਰੂ ਗੋਬਿੰਦ ਸਿੰਘ ਜੀ, ਸਿੰਘਾਂ ਸਮੇਤ ਮੈਦਾਨ ਵਿਚ ਆ ਗਏ। ਜ਼ਖ਼ਮੀ

---

43. ਜਸਬੀਰ ਸਿੰਘ, “ਬੇਦਾਵੀਏ ਨਹੀਂ, ਮੁਕਤੇ”, *ਸਿੱਖ ਮਾਰਗ* (ਤ੍ਰੈਮਾਸਿਕ) ਅਪ੍ਰੈਲ 2023, ਪੰਨਾ 20.
44. *ਉਹੀ*।

ਸਿੰਘਾਂ ਦੀ ਸੰਭਾਲ ਕੀਤੀ ਗਈ ਅਤੇ ਮਾਈ ਭਾਗੋ ਵੀ ਜ਼ਖ਼ਮੀ ਹੋ ਗਏ ਸਨ। ਮਾਤਾ ਭਾਗੋ ਕੁਝ ਸਮਾਂ ਅਨੰਦਪੁਰ ਵਿਖੇ ਰਹਿ ਚੁੱਕੇ ਸਨ। ਜ਼ਖ਼ਮੀਆਂ ਵਿਚ ਭਾਈ ਮਹਾਂ ਸਿੰਘ ਵੀ ਸਨ। ਉਨ੍ਹਾਂ ਦੀ ਜਿੰਦ ਅਖ਼ੀਰਲੇ ਸਵਾਸਾਂ 'ਤੇ ਸੀ। ਉਨ੍ਹਾਂ ਗੁਰੂ ਜੀ ਪਾਸੋਂ ਸਰਸਾ ਦੇ ਅਸਥਾਨ 'ਤੇ ਵਿਛੜਨ 'ਤੇ ਮੁਆਫ਼ੀ ਮੰਗੀ ਅਤੇ ਗੁਰੂ ਜੀ ਦੇ ਚਰਨਾਂ ਵਿਚ ਸਰੀਰ ਛੱਡਿਆ। ਇਸ ਮੈਦਾਨ-ਏ-ਜੰਗ ਦਾ ਨਾਮ ਮੁਕਤਸਰ ਰੱਖ ਦਿੱਤਾ ਅਤੇ ਇਹ ਜੰਗ 21 ਵੈਸਾਖ ਸੰਮਤ 1762 (1705 ਈ.) ਨੂੰ ਹੋਈ ਸੀ ਅਤੇ ਮਾਘੀ ਦੇ ਦਿਨ ਇਸ ਆਖ਼ਰੀ ਜੰਗ ਦੀ ਯਾਦ ਵਿਚ ਭਾਰੀ ਜੋੜ ਮੇਲਾ ਲੱਗਦਾ ਹੈ। ਖ਼ਾਲਸਾ ਪੰਥ ਵੱਲੋਂ ਇਹ ਜੋੜ ਮੇਲਾ ਬਹੁਤ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ।[45]

ਮੁਕਤਸਰ ਤੋਂ ਗੁਰੂ ਸਾਹਿਬ ਨੇ ਚੌਧਰੀ ਡੱਲੇ ਵੱਲੋਂ ਬੇਨਤੀ ਕਰਨ 'ਤੇ ਤਲਵੰਡੀ ਸਾਬੋ ਵਿਖੇ ਜਾਣ ਦਾ ਫ਼ੈਸਲਾ ਕੀਤਾ ਅਤੇ ਹੁਣ ਇਹ ਅਸਥਾਨ ਤਖ਼ਤ ਦਮਦਮਾ ਸਾਹਿਬ ਦੇ ਨਾਮ ਨਾਲ ਪ੍ਰਸਿੱਧ ਹੈ। ਗੁਰੂ ਸਾਹਿਬ ਇਥੇ ਜਨਵਰੀ 17, 1706 ਨੂੰ ਪਹੁੰਚੇ ਅਤੇ ਅਕਤੂਬਰ 30, 1706 ਤਕ ਠਹਿਰ ਕੀਤੀ। ਇਸ ਅਸਥਾਨ 'ਤੇ ਮੰਨਿਆ ਜਾਂਦਾ ਹੈ ਕਿ ਮਾਤਾ ਸੁੰਦਰ ਕੌਰ ਜੀ ਨੇ ਪੁੱਛਿਆ, "ਸਵਾਮੀ ਜੀ ਮੇਰੇ ਲਾਲ ਕਿਥੇ ਹਨ ?" ਗੁਰੂ ਸਾਹਿਬ ਦੇ ਉੱਤਰ ਨੂੰ ਕਿਸੇ ਕਵੀ ਨੇ ਆਪਣੀ ਰਚਨਾ ਵਿਚ ਇੰਝ ਲਿਖਿਆ ਹੋਇਆ ਹੈ। ਗੁਰੂ ਜੀ ਨੇ ਖ਼ਾਲਸੇ ਵੱਲ ਹੱਥ ਕਰ ਕੇ ਕਿਹਾ :

**ਚਾਰ ਮੂਏ ਤਾਂ ਕਿਆ ਹੂਆ, ਜੀਵਤ ਕਈ ਹਜ਼ਾਰ।**[46]

ਦਮਦਮਾ ਸਾਹਿਬ ਨੂੰ ਗੁਰੂ ਸਾਹਿਬ ਨੇ ਇਕ ਵਿਦਿਅਕ ਕੇਂਦਰ ਬਣਾ ਦਿੱਤਾ। ਆਮ ਪਰੰਪਰਾ ਅਨੁਸਾਰ ਆਖਿਆ ਜਾਂਦਾ ਹੈ ਕਿ ਇਸ ਅਸਥਾਨ 'ਤੇ ਗੁਰੂ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਨੂੰ ਮੁਕੰਮਲ ਕਰਨ ਲਈ, ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਬਾਣੀ ਦਰਜ ਕੀਤੀ, ਪਰ ਅਸਲੀਅਤ ਇਹ ਹੈ ਕਿ ਇਕ ਬੀੜ, ਜਿਸ ਉੱਪਰ 1748 ਬਿਕ੍ਰਮੀ ਸੰਮਤ ਤੇ 1691 ਈ. ਦੀ ਤਾਰੀਖ਼ ਲਿਖੀ ਹੋਈ ਹੈ, ਉਸ ਵਿਚ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਬਾਣੀ ਦਰਜ ਹੈ ਅਤੇ ਰਾਗਾਂ ਅਨੁਸਾਰ ਪੂਰੀ ਤਰਤੀਬ ਵਿਚ ਹੈ। ਇਹ ਬੀੜ ਪਟਨੇ ਵਿਖੇ ਸੰਭਾਲੀ ਹੋਈ ਹੈ। ਇਕ ਬੀੜ ਇਸ ਤੋਂ ਵੀ ਪਹਿਲਾਂ ਦੀ (ਭਾਵ 1675 ਈ.) ਜੋ ਗੁਰੂ ਗੋਬਿੰਦ ਸਿੰਘ ਜੀ ਦੇ ਗੁਰਗੱਦੀ 'ਤੇ ਬੈਠਣ ਤੋਂ ਪਹਿਲਾਂ ਦੀ ਲਿਖੀ ਹੋਈ ਸੀ। ਅਸਲੀਅਤ ਇਹ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਅਨੰਦਪੁਰ ਸਾਹਿਬ ਵਿਖੇ ਹੀ ਸੰਪੂਰਨ ਕੀਤੀ ਗਈ ਸੀ। ਇਹ ਵੀ ਸੰਭਵ ਹੈ ਕਿ ਗੁਰੂ ਸਾਹਿਬ ਨੇ ਦਮਦਮਾ ਸਾਹਿਬ ਵਿਖੇ ਨਵੇਂ ਉਤਾਰੇ ਕਰਾਏ ਹੋਣਗੇ।[47]

ਸਿੱਖ ਇਤਿਹਾਸ ਅੰਦਰ ਇਕ ਮਹੱਤਵਪੂਰਨ ਤੱਥ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਬਾਦਸ਼ਾਹ ਔਰੰਗਜ਼ੇਬ ਨੂੰ ਇਕ ਖ਼ਤ ਲਿਖਿਆ, ਜਿਸ ਨੂੰ ਜ਼ਫ਼ਰਨਾਮਾ ਆਖਿਆ

---

45. ਪ੍ਰੋ. ਸਾਹਿਬ ਸਿੰਘ, *ਜੀਵਨ ਬ੍ਰਿਤਾਂਤ ਗੁਰੂ ਗੋਬਿੰਦ ਸਿੰਘ*, ਪੰਨਾ 187.
46. Kirpal Singh & Kharak Singh, *History of the Sikhs and Their Religion*, pp. 317-318.
47. ਪ੍ਰਿੰ. ਤੇਜਾ ਸਿੰਘ ਤੇ ਗੰਡਾ ਸਿੰਘ, *ਸਿੱਖ ਇਤਿਹਾਸ (1469-1765)*, ਪੰਨਾ 89.

ਜਾਂਦਾ ਹੈ, ਜਿਸ ਦਾ ਭਾਵ ਹੈ, "ਜਿੱਤ ਦੀ ਚਿੱਠੀ"। ਇਹ ਜ਼ਫ਼ਰਨਾਮਾ ਫ਼ਾਰਸੀ ਬੋਲੀ ਵਿਚ ਹੈ, ਕਿਉਂਕਿ ਉਸ ਸਮੇਂ ਮੁਗ਼ਲ ਸਰਕਾਰ ਵੱਲੋਂ ਫ਼ਾਰਸੀ ਬੋਲੀ ਵਿਚ ਹੀ ਚਿੱਠੀ-ਪੱਤਰ ਲਿਖੇ ਜਾਂਦੇ ਸਨ। ਇਹ ਜ਼ਫ਼ਰਨਾਮਾ, ਬਾਦਸ਼ਾਹ ਵੱਲੋਂ ਭੇਜੇ ਗਏ ਪਰਵਾਨੇ ਮਿਲਣ ਪਿੱਛੋਂ ਹੀ ਲਿਖਿਆ ਗਿਆ ਸੀ। ਜਦੋਂ ਗੁਰੂ ਸਾਹਿਬ ਦੀਨੇ ਕਾਂਗੜ ਸਨ, ਉਸ ਸਮੇਂ ਆਪ ਜੀ ਨੂੰ ਬਾਦਸ਼ਾਹ ਔਰੰਗਜ਼ੇਬ ਵੱਲੋਂ ਲਿਖਿਆ ਪੱਤਰ ਮਿਲਿਆ ਸੀ। ਇਸ ਪੱਤਰ ਅੰਦਰ ਸੰਖੇਪ ਵਿਚ ਲਿਖਿਆ ਹੋਇਆ ਸੀ, ਜਿਸ ਬਾਰੇ 'ਸਾਖੀ ਬੁੱਕ' ਤੋਂ ਹੀ ਪਤਾ ਲੱਗਦਾ ਹੈ। "ਰਾਜ ਕੇਵਲ ਇਕ ਹੈ, ਤੁਹਾਡੇ ਧਾਰਮਿਕ ਜਜ਼ਬਾਤ ਸਾਡੇ ਨਾਲ ਮਿਲਦੇ ਹਨ। ...ਚੰਗਾ ਹੋਵੇ, ਜੇ ਤੁਸੀਂ ਇਥੇ ਆ ਕੇ ਸਾਨੂੰ ਮਿਲੋ, ਜੇ ਤੁਸੀਂ ਨਾ ਆਵੋਗੇ ਤਾਂ ਮੈਂ ਫ਼ੌਜਾਂ ਲੈ ਕੇ ਤੁਹਾਨੂੰ ਟਕਰਾਂਗਾ ਤੇ ਤੁਹਾਡੀ ਧਾਰਮਿਕ ਕਿਰਤ ਨੂੰ ਧੱਕਾ ਹੀ ਲੱਗੇਗਾ। ਤੁਸੀਂ ਮੇਰੇ ਰਾਜ ਵਿਚ ਸਾਧਾਂ-ਸੰਤਾਂ ਦੀ ਤਰ੍ਹਾਂ ਰਹਿ ਸਕਦੇ ਹੋ।"... ਇਕ ਵਿਸ਼ੇਸ਼ ਫ਼ਿਕਰਾ ਸੀ ਕਿ ਔਰੰਗਜ਼ੇਬ ਨੂੰ ਰਾਜ ਸੱਚੇ ਖ਼ੁਦਾ ਵੱਲੋਂ ਮਿਲਿਆ ਹੋਇਆ ਹੈ।[48]

ਗੁਰੂ ਸਾਹਿਬ ਨੇ ਸ਼ਾਹੀ ਪਿਆਦਿਆਂ ਨੂੰ ਦੱਸ ਦਿੱਤਾ ਸੀ ਕਿ ਉਹ ਇਸ ਪਰਵਾਨੇ ਜਾਂ ਖ਼ਤ ਦਾ ਉੱਤਰ ਵਿਸਥਾਰ ਵਿਚ ਦੇਣਗੇ ਅਤੇ ਬਾਦਸ਼ਾਹ ਵੱਲੋਂ ਦੂਜੇ ਖ਼ਤ ਦੀ ਉਡੀਕ ਕਰਨਗੇ। ਆਮ ਤੌਰ 'ਤੇ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਬਾਦਸ਼ਾਹ ਔਰੰਗਜ਼ੇਬ ਨੂੰ ਲਿਖੇ ਖ਼ਤ (ਜ਼ਫ਼ਰਨਾਮਾ) ਬਾਰੇ ਜਾਣਕਾਰੀ ਵਧੇਰੇ ਹੈ, ਪਰ ਬਹੁਤ ਘੱਟ ਲੋਕਾਂ ਨੂੰ ਪਤਾ ਹੈ ਕਿ ਪਹਿਲਾਂ ਬਾਦਸ਼ਾਹ ਔਰੰਗਜ਼ੇਬ ਨੇ ਗੁਰੂ ਸਾਹਿਬ ਜੀ ਨੂੰ ਹੈਂਕੜ ਭਰਪੂਰ ਸ਼ਬਦਾਂ ਨਾਲ ਖ਼ਤ ਲਿਖਿਆ ਸੀ। ਗੁਰੂ ਸਾਹਿਬ ਵੱਲੋਂ ਜ਼ਫ਼ਰਨਾਮਾ, ਬਾਦਸ਼ਾਹ ਵੱਲੋਂ ਲਿਖੇ ਖ਼ਤ ਵਿਚ ਮਿਲਣ ਲਈ ਸੱਦਾ ਦੇਣ ਪਿੱਛੋਂ ਹੀ ਲਿਖਿਆ ਗਿਆ ਸੀ।[49]

ਗੁਰੂ ਸਾਹਿਬ ਨੇ ਦੀਨੇ ਕਾਂਗੜ ਦੇ ਅਸਥਾਨ 'ਤੇ ਜ਼ਫ਼ਰਨਾਮਾ ਲਿਖਿਆ। ਇਸ ਵਿਚ ਗੁਰੂ ਸਾਹਿਬ ਨੇ ਬਾਦਸ਼ਾਹ ਔਰੰਗਜ਼ੇਬ ਨੂੰ ਉਸ ਦੇ ਜਰਨੈਲਾਂ ਦੀਆਂ ਭੈੜੀਆਂ ਕਰਤੂਤਾਂ ਬਾਰੇ ਲਿਖਿਆ। ਇਨ੍ਹਾਂ ਜਰਨੈਲਾਂ ਨੇ ਬੇਹੱਦ ਜ਼ੁਲਮ ਕੀਤਾ ਅਤੇ ਗੁਰੂ ਸਾਹਿਬ ਜੀ ਦੇ ਛੋਟੇ ਬੱਚਿਆਂ ਉੱਤੇ ਵੀ ਜ਼ੁਲਮ ਕਰਨ ਤੋਂ ਰੱਤੀ ਭਰ ਵੀ ਸੰਕੋਚ ਤੇ ਤਰਸ ਨਹੀਂ ਕੀਤਾ। ਬਾਦਸ਼ਾਹ ਨੂੰ ਆਖ਼ਰ ਆਖ ਦਿੱਤਾ ਕਿ ਤੇਰੀ ਹਕੂਮਤ ਤੇ ਰਾਜਸੀ ਤਾਕਤ ਖਾਰੇ ਸਮੁੰਦਰ ਵਿਚ ਗ਼ਰਕ ਹੋ ਕੇ ਰਹੇਗੀ।[50]

ਇਹ ਜ਼ਫ਼ਰਨਾਮਾ ਭਾਈ ਦਯਾ ਸਿੰਘ ਤੇ ਭਾਈ ਧਰਮ ਸਿੰਘ ਨੇ ਹੱਥੀਂ ਪਹੁੰਚਾਉਣ ਦਾ ਫ਼ੈਸਲਾ ਕੀਤਾ। ਇਨ੍ਹਾਂ ਨੂੰ ਵਿਸ਼ੇਸ਼ ਹਦਾਇਤ ਵੀ ਸੀ ਕਿ ਇਹ ਜ਼ਫ਼ਰਨਾਮਾ ਜਾਂ ਖ਼ਤ ਬਾਦਸ਼ਾਹ ਪਾਸ ਪਹੁੰਚਾਉਣਾ ਜ਼ਰੂਰੀ ਹੈ। ਆਖ਼ਰ ਭਾਈ ਦਯਾ ਸਿੰਘ ਤੇ ਭਾਈ ਧਰਮ ਸਿੰਘ ਜੀ ਬਾਦਸ਼ਾਹ ਪਾਸ ਖ਼ਤ ਪਹੁੰਚਾਉਣ ਵਿਚ ਸਫਲ ਹੋਏ। ਬਾਦਸ਼ਾਹ ਨੇ ਜ਼ਫ਼ਰਨਾਮਾ ਪੜ੍ਹ ਕੇ ਗੁਰੂ ਜੀ ਨੂੰ ਮਿਲਣ ਲਈ ਸੁਨੇਹਾ ਭੇਜਿਆ। ਇਤਿਹਾਸਕ ਸਰੋਤਾਂ ਅਨੁਸਾਰ ਗੁਰੂ ਸਾਹਿਬ ਅਕਤੂਬਰ ਦੇ ਆਖ਼ਰ ਵਿਚ ਦੱਖਣ ਵੱਲ ਤੁਰ ਪਏ। ਉਸ ਸਮੇਂ ਤਕ ਗੁਰੂ ਜੀ ਨੂੰ ਭਾਈ ਦਯਾ ਸਿੰਘ ਦੇ ਮਿਸ਼ਨ ਦੀ ਸਫਲਤਾ ਜਾਂ ਅਸਫਲਤਾ

---

48. ਡਾ. ਗੰਡਾ ਸਿੰਘ, *ਸਿੱਖ ਇਤਿਹਾਸ ਬਾਰੇ*, ਪੰਨਾ 25.
49. *ਉਹੀ*, ਪੰਨਾ 26.
50. ਪ੍ਰੋ. ਸਾਹਿਬ ਸਿੰਘ, *ਜੀਵਨ ਬ੍ਰਿਤਾਂਤ ਗੁਰੂ ਗੋਬਿੰਦ ਸਿੰਘ*, ਪੰਨਾ 180.

ਬਾਰੇ ਕੋਈ ਖ਼ਬਰ ਨਹੀਂ ਸੀ। ਪਰ ਉਨ੍ਹਾਂ ਨੇ ਆਪ ਹੀ ਦੱਖਣ ਜਾ ਕੇ ਬਾਦਸ਼ਾਹ ਨੂੰ ਮਿਲਣਾ ਹੀ ਠੀਕ ਸਮਝਿਆ। ਜਦ ਗੁਰੂ ਜੀ ਬਘੌਰ ਦੇ ਨਜ਼ਦੀਕ ਪਹੁੰਚੇ ਤਾਂ ਭਾਈ ਦਯਾ ਸਿੰਘ ਨਾਲ ਮੇਲ ਹੋ ਗਿਆ। ਉਨ੍ਹਾਂ ਪਾਸੋਂ ਸਾਰੀ ਜਾਣਕਾਰੀ ਹਾਸਲ ਕੀਤੀ ਅਤੇ ਉਸ ਸਮੇਂ ਹੀ ਬਾਦਸ਼ਾਹ ਦੀ ਅਹਿਮਦ ਨਗਰ ਵਿਖੇ ਮੌਤ ਹੋ ਜਾਣ ਦੀ ਖ਼ਬਰ ਮਿਲ ਜਾਂਦੀ ਹੈ।[51]

ਬਾਦਸ਼ਾਹ ਦੀ ਮੌਤ ਦੀ ਖ਼ਬਰ ਮਿਲ ਜਾਣ ਕਰਕੇ, ਗੁਰੂ ਸਾਹਿਬ ਨੂੰ ਪਹਿਲੀ ਬਣੀ ਯੋਜਨਾ ਵਿਚ ਤਬਦੀਲੀ ਕਰਨੀ ਪਈ। ਬਾਦਸ਼ਾਹ ਦੀ ਮੌਤ ਤੋਂ ਬਾਅਦ, ਬਾਦਸ਼ਾਹ ਦੇ ਵਾਰਸਾਂ ਵਿਚ ਤਖ਼ਤ 'ਤੇ ਬੈਠਣ ਲਈ ਘਰੇਲੂ ਜੰਗ ਸ਼ੁਰੂ ਹੋ ਗਈ। ਸ਼ਹਿਜ਼ਾਦਾ ਮੁਅੱਜ਼ਮ (ਬਹਾਦੁਰ ਸ਼ਾਹ) ਨੂੰ ਪਹਿਲਾਂ ਹੀ ਡਰ ਸੀ ਕਿ ਪਿਤਾ ਦੀ ਮੌਤ ਬਾਅਦ, ਉਸ ਦਾ ਛੋਟਾ ਭਰਾ ਆਜ਼ਮ ਤਖ਼ਤ ਸਾਂਭਣ ਲਈ ਜਤਨ ਕਰੇਗਾ। ਦੂਜੇ ਪਾਸੇ ਮੁਅੱਜ਼ਮ ਆਪਣੇ ਵਿਸ਼ੇਸ਼ ਨੇੜਤਾ ਰੱਖਣ ਵਾਲੇ ਆਦਮੀਆਂ ਰਾਹੀਂ ਗੁਰੂ ਗੋਬਿੰਦ ਸਿੰਘ ਜੀ ਬਾਰੇ ਖ਼ਬਰ ਰੱਖ ਰਿਹਾ ਸੀ, ਉਸ ਨੂੰ ਪੂਰਨ ਭਰੋਸਾ ਸੀ ਕਿ ਗੁਰੂ ਗੋਬਿੰਦ ਸਿੰਘ ਜੀ ਅਤੇ ਖ਼ਾਲਸਈ ਫ਼ੌਜਾਂ ਦਾ ਸਹਿਯੋਗ ਮਿਲ ਜਾਵੇਗਾ। ਮੁਅੱਜ਼ਮ (ਬਹਾਦੁਰ ਸ਼ਾਹ) ਆਪ ਸਿੱਧਾ ਆਗਰੇ ਵੱਲ ਨੂੰ ਤੁਰ ਪਿਆ ਤੇ ਨਾਲ ਹੀ ਕੁਝ ਵਿਸ਼ੇਸ਼ ਅਹਿਲਕਾਰਾਂ ਨੂੰ ਗੁਰੂ ਜੀ ਪਾਸ ਭੇਜ ਦਿੱਤਾ।[52]

ਗੁਰੂ ਜੀ ਨੇ ਮੁਅੱਜ਼ਮ (ਬਹਾਦੁਰ ਸ਼ਾਹ) ਵੱਲੋਂ ਬੇਨਤੀ ਕਰਨ 'ਤੇ ਮੱਦਦ ਕਰਨ ਲਈ ਪ੍ਰਵਾਨਗੀ ਦੇ ਦਿੱਤੀ। ਭਾਈ ਦਯਾ ਸਿੰਘ ਤੇ ਭਾਈ ਧਰਮ ਸਿੰਘ ਦੀ ਕਮਾਨ ਹੇਠ ਸਿੰਘਾਂ ਦਾ ਜੱਥਾ ਭੇਜ ਦਿੱਤਾ। ਦੋਨੋਂ ਭਰਾਵਾਂ ਦੀ 18 ਜੂਨ 1707 ਨੂੰ ਜੰਗ ਹੋਈ। ਮੁਅੱਜ਼ਮ ਦਾ ਛੋਟਾ ਭਰਾ ਆਜ਼ਮ ਲੜਾਈ ਵਿਚ ਮਾਰਿਆ ਗਿਆ। ਮੁਅੱਜ਼ਮ ਜੇਤੂ ਰਿਹਾ ਅਤੇ ਦਿੱਲੀ ਦੇ ਤਖ਼ਤ 'ਤੇ ਬਾਦਸ਼ਾਹ ਬਣ ਬੈਠਾ।[53]

ਗੁਰੂ ਸਾਹਿਬ ਦੀ ਬਹਾਦੁਰ ਸ਼ਾਹ ਨਾਲ ਮਿਲਣੀ ਆਗਰੇ ਵਿਖੇ ਹੋਈ। ਇਸ ਪਿੱਛੋਂ ਬਾਦਸ਼ਾਹ ਨੇ ਗੁਰੂ ਜੀ ਨੂੰ ਆਪਣੇ ਰਾਜ ਦਰਬਾਰ ਵਿਚ ਆਉਣ ਲਈ ਸੱਦਾ ਦਿੱਤਾ। ਗੁਰੂ ਜੀ ਕੁਝ ਸਿੰਘਾਂ ਨੂੰ ਨਾਲ ਲੈ ਕੇ ਮਿਲਣ ਲਈ ਗਏ, ਪਰ ਦਰਬਾਰ ਅੰਦਰ ਜਾਣ ਸਮੇਂ ਇਕੱਲੇ ਗਏ। ਗੁਰੂ ਸਾਹਿਬ ਨੇ ਆਪਣੇ ਸ਼ਸਤਰ ਤੇ ਕਲਗ਼ੀ ਲਗਾਈ ਹੋਈ ਸੀ। ਬਾਦਸ਼ਾਹ ਨੇ ਗੁਰੂ ਜੀ ਦਾ ਜੰਗ ਵਿਚ ਸਹਾਇਤਾ ਕਰਨ ਲਈ ਧੰਨਵਾਦ ਕੀਤਾ, ਉਪਰੰਤ ਸਤਿਕਾਰ ਤੇ ਪਰੰਪਰਾ ਅਨੁਸਾਰ ਗੁਰੂ ਜੀ ਨੂੰ ਬਹੁਤ ਕੀਮਤੀ ਤੋਹਫ਼ੇ ਦਿੱਤੇ, (ਇਕ ਖ਼ਿੱਲਅਤ, ਜੜਾਊ ਸਾਫ਼ਾ, ਇਕ ਧੁਖ ਧੁਖੀ, ਜਿਗ੍ਹਾ ਕਲਗ਼ੀ ਆਦਿ) ਜਿਨ੍ਹਾਂ ਦੀ ਕੀਮਤ 60 ਕੁ ਹਜ਼ਾਰ ਰੁਪਿਆ ਬਣਦੀ ਸੀ। ਇਨ੍ਹਾਂ ਤੋਹਫ਼ਿਆਂ ਬਾਰੇ ਕਵੀ ਸੈਨਾਪਤਿ ਵੀ ਜਾਣਕਾਰੀ ਦਿੰਦਾ ਹੈ[54] :

51. ਡਾ. ਗੰਡਾ ਸਿੰਘ, *ਸਿੱਖ ਇਤਿਹਾਸ ਬਾਰੇ*, ਪੰਨੇ 28-29.
52. ਪ੍ਰੋ. ਸਾਹਿਬ ਸਿੰਘ, *ਜੀਵਨ ਬ੍ਰਿਤਾਂਤ ਗੁਰੂ ਗੋਬਿੰਦ ਸਿੰਘ*, ਪੰਨੇ 200-201.
53. *ਉਹੀ*, ਪੰਨਾ 202.
54. (ੳ) ਡਾ. ਗੰਡਾ ਸਿੰਘ, *ਸਿੱਖ ਇਤਿਹਾਸ ਬਾਰੇ*, ਪੰਨਾ 32.
(ਅ) ਕਵੀ ਸੈਨਾਪਤਿ (ਸੰਪਾ. ਗੰਡਾ ਸਿੰਘ), *ਗੁਰ ਸੋਭਾ*, ਬੰਦ ਨੰ: 16, ਪੰਨਾ 114.

**ਕਲਗੀ ਔਰ ਧੁਗਧੁਗੀ ਆਨੀ।**
**ਖ਼ਿਲਅਤ ਏਕ ਸ਼ਾਹ ਮਨਮਾਨੀ।**
**ਸ਼ਾਹ ਪ੍ਰਭੂ ਕੋ ਭੇਟ ਚੜ੍ਹਾਈ।**
**ਖ਼ੁਸ਼ੀ ਕਰੋ ਤੁਮ ਸੋ ਬਨ ਆਈ।**

ਗੁਰੂ ਜੀ ਵੱਲੋਂ ਬਾਦਸ਼ਾਹ ਬਹਾਦੁਰ ਸ਼ਾਹ ਨਾਲ ਦੱਖਣ ਵੱਲ ਨੂੰ ਜਾਣਾ ਮੰਨ ਲਿਆ ਗਿਆ ਸੀ। ਉਨ੍ਹਾਂ ਦੀ ਆਪਸ ਵਿਚ ਗੱਲਬਾਤ ਵੀ ਹੁੰਦੀ ਰਹੀ। ਗੁਰੂ ਸਾਹਿਬ ਚਾਹੁੰਦੇ ਸਨ ਕਿ ਬਾਦਸ਼ਾਹ ਨਾਲ ਕੋਈ ਗੱਲਬਾਤ ਸਫਲਤਾ ਪੂਰਵਕ ਸਿਰੇ ਚੜ੍ਹ ਜਾਵੇ।[55]

ਉਸ ਪਿੱਛੋਂ ਉਹ ਵਾਪਸ ਪੰਜਾਬ ਜਾਣਾ ਚਾਹੁੰਦੇ ਸਨ। ਇਸ ਬਾਰੇ ਉਨ੍ਹਾਂ ਵੱਲੋਂ ਪੰਜਾਬ ਦੇ ਸਿੱਖਾਂ ਨੂੰ ਲਿਖੇ ਖ਼ਤ ਦਰਸਾਉਂਦੇ ਹਨ। ਗੁਰੂ ਸਾਹਿਬ ਦਾ ਇਕ ਹੁਕਮਨਾਮਾ, ਜੋ 2 ਅਕਤੂਬਰ 1707 ਈ. ਨੂੰ ਆਗਰੇ ਤੋਂ ਲਿਖਿਆ ਗਿਆ ਸੀ ਦੀ ਹੇਠ ਲਿਖੀ ਲਿਖਤ :

> "ੴ ਸਤਿਗੁਰੂ ਜੀ ਸ੍ਰਬਤਿ ਸੰਗਤਿ ਧਉਲ ਕੀ ਤੁਸੀ ਮੇਰਾ ਖਾਲਸਾ ਹੋ ਗੁਰੂ ਰਖੈਗਾ ਗੁਰੂ ਗੁਰੂ ਜਪਣਾ ਜਨਮ ਸਉਰੈਗਾ ਸ੍ਰਬ ਸੁਖ ਨਾਲ ਪਾਤਸਾਹ ਪਾਸਿ ਆਏ ਸਿਰੋਪਾਉ ਅਰੁ ਸਠਿ ਹਜਾਰ ਕੀ ਧੁਖਧੁਖੀ ਜੜਾਊ ਇਨਾਮੁ ਹੋਈ ਹੋਰ ਭੀ ਕੰਮੁ ਗੁਰੂ ਕਾ ਸਦਕਾ ਸਭ ਹੋਤੇ ਹੈ ਅਸੀ ਭੀ ਥੋੜੇ ਹੀ ਦਿਨਾਂ ਨੋ ਆਵਤੇ ਹਾਂ ਸ੍ਰਬਤਿ ਸੰਗਤ ਖਾਲਸੇ ਨੋ ਮੇਰਾ ਹੁਕਮੁ ਹੈ ਆਪਸ ਮੋ ਮੇਲੁ ਕਰਣਾ ਜਦਿ ਅਸੀ ਕਹਲੂਰ ਆਵਤੇ ਤਦਿ ਸ੍ਰਬਤਿ ਖਾਲਸੇ ਹਥੀਆਰ ਬੰਨਕੈ ਹਜੂਰਿ ਆਵਣਾ ਜੋ ਆਵੈਗਾ ਸੋ ਨਿਹਾਲ ਹੋਵੈਗਾ ੨) ਦੁਇ ਤੋਲੇ ਸੋਨਾ ਤਿਸ ਕੇ ਰੁਪਯੇ ੪੦) ਅਸਾ ਜਮਾਤ ਨੋ ਮਧਾ ਛਿਮਾਹੀ ਬਖਸੇ ਹੈਨਿ ਤੁਸਾ ਹੁਕਮ ਦੇਖਦਿਆ ਹੁੰਡੀ ਕਰਾਇ ਭੇਜਣੀ ਮੇਵੜੇ ਨੋ ਤੁਰਤੁ ਭੇਜਣਾ ਜੇ ਮੇਵੜਾ ਢਿਲ ਕਰੈ ਤਾਂ ਸੰਗਤਿ ਵਿਚੋ ਕਢਿ ਦੇਣਾ ਪੈਸੇ ਹੁੰਡੀ ਕਰਾਇ ਭੇਜਣੇ ਸੰਮਤ ੧੭੬੪ ਮਿਤੀ ਕਤਕੋ ੧ [...]."[56]

ਇਸ ਹੁਕਮਨਾਮੇ ਵਿਚ ਜੋ ਬਾਦਸ਼ਾਹ ਵੱਲੋਂ ਤੋਹਫ਼ੇ ਮਿਲੇ, ਉਨ੍ਹਾਂ ਬਾਰੇ ਉਲੇਖ ਕੀਤਾ ਹੋਇਆ ਹੈ। ਬਾਦਸ਼ਾਹ ਨਾਲ ਚੱਲ ਰਹੀ ਗੱਲ ਬਾਤ ਦੇ ਸਫਲ ਹੋਣ ਦੀ ਆਸ ਬਾਰੇ ਸੰਕੇਤ ਮਿਲਦਾ ਹੈ। ਇਹ ਵੀ ਪ੍ਰਤੱਖ ਹੈ ਕਿ ਜੇਕਰ ਗੁਰੂ ਸਾਹਿਬ ਨੂੰ ਦੱਖਣ ਵੱਲ ਨਾ ਜਾਣਾ ਪੈਂਦਾ ਤਾਂ ਉਹ ਪੰਜਾਬ ਵਾਪਸ ਜ਼ਰੂਰ ਆਉਂਦੇ। ਕਿਆਸ-ਅਰਾਈ ਹੀ ਹੈ ਕਿ ਹੁਕਮਨਾਮੇ ਅਨੁਸਾਰ ਜੇ ਗੁਰੂ ਸਾਹਿਬ ਪੰਜਾਬ ਪਰਤ ਆਉਂਦੇ ਤਾਂ ਇਤਿਹਾਸ ਕੁਝ ਹੋਰ ਹੀ ਹੋਣਾ ਸੀ।

ਡਾਕਟਰ ਗੰਡਾ ਸਿੰਘ ਨੇ, ਇਕ ਪੁਸਤਕ *ਬਹਾਦੁਰਸ਼ਾਹ ਨਾਮਾ* ਰਮਜ਼ਾਨ 1120 ਹਿ: ਤੇ *ਹਿਸਟਰੀ ਆਫ਼ ਇੰਡੀਆ ਐਜ਼ ਟੋਲਡ ਬਾਈ ਇਟਸ ਓਨ ਹਿਸਟੋਰੀਅਨਜ਼*,

---

55. ਪ੍ਰੋ. ਸਾਹਿਬ ਸਿੰਘ, *ਜੀਵਨ ਬ੍ਰਿਤਾਂਤ ਗੁਰੂ ਗੋਬਿੰਦ ਸਿੰਘ*, ਪੰਨਾ 205.
56. (ੳ) ਪ੍ਰੋ. (ਡਾ.) ਬਲਵੰਤ ਸਿੰਘ ਢਿੱਲੋਂ, *ਹੁਕਮਨਾਮੇ : ਸਿੱਖ ਇਤਿਹਾਸ ਦੇ ਸਮਕਾਲੀ ਦਸਤਾਵੇਜ਼*, ਪੰਨਾ 383.
(ਅ) ਕਵੀ ਸੈਨਾਪਤਿ (ਸੰਪਾ. ਗੰਡਾ ਸਿੰਘ), *ਗੁਰ ਸੋਭਾ*, ਪੰਨੇ 68-69.

ਇਲੀਆਟ ਤੇ ਡਾਉਸਨ, vii, 566 ਨੂੰ ਆਧਾਰ ਬਣਾ ਕੇ ਲਿਖਿਆ ਹੈ ਕਿ ਗੁਰੂ ਸਾਹਿਬ ਦੱਖਣ ਵੱਲ ਜਾਣ ਸਮੇਂ ਆਪਣੇ ਵੱਲੋਂ ਜਦੋਂ ਸੰਗਤਾਂ ਉਨ੍ਹਾਂ ਦੇ ਦਰਸ਼ਨ ਕਰਨ ਲਈ ਆਉਂਦੀਆਂ ਤਾਂ ਗੁਰਮਤਿ ਦਾ ਪ੍ਰਚਾਰ ਨਿਰੰਤਰ ਹੁੰਦਾ ਸੀ।[57]

ਪਹਿਲਾਂ ਉਲੇਖ ਹੋ ਚੁੱਕਾ ਹੈ ਕਿ ਗੁਰੂ ਸਾਹਿਬ ਨੇ ਬਾਦਸ਼ਾਹ ਬਹਾਦੁਰ ਸ਼ਾਹ ਨਾਲ ਦੱਖਣ ਵੱਲ ਜਾਣਾ ਮੰਨ ਲਿਆ ਸੀ। ਦੂਜੇ ਪਾਸੇ ਬਾਦਸ਼ਾਹ ਦੇ ਛੋਟੇ ਭਰਾ ਕਾਮ ਬਖ਼ਸ਼ ਨੇ ਬਗ਼ਾਵਤ ਕਰ ਦਿੱਤੀ ਸੀ ਅਤੇ ਬਾਦਸ਼ਾਹ ਚਿੰਤਤ ਸੀ। ਗੁਰੂ ਸਾਹਿਬ ਵੱਲੋਂ ਦੱਖਣ ਵੱਲ ਜਾਣ ਲਈ ਕਾਫ਼ੀ ਸਮਾਂ ਲੱਗ ਚੁੱਕਾ ਸੀ ਅਤੇ ਬਾਦਸ਼ਾਹ ਨਾਲ ਗੱਲਬਾਤ ਵੀ ਨਾਲ ਹੀ ਚੱਲਦੀ ਰਹੀ। ਗੁਰੂ ਸਾਹਿਬ ਨੇ ਅਨੁਭਵ ਕਰ ਲਿਆ ਸੀ ਕਿ ਬਾਦਸ਼ਾਹ ਨਾਲ ਹੋ ਰਹੀ ਗੱਲਬਾਤ ਦਾ ਕੋਈ ਸਿੱਟਾ ਨਹੀਂ ਨਿਕਲੇਗਾ।

## ਬਾਬਾ ਬੰਦਾ ਸਿੰਘ ਬਹਾਦਰ ਨਾਲ ਮਿਲਣੀ

9 ਜੇਠ ਸੰਮਤ 1765 ਬਿ: (17 ਮਈ 1708 ਈ.) ਨੂੰ ਗੁਰੂ ਸਾਹਿਬ ਅਤੇ ਸਿੰਘ ਅਤੇ ਬਹਾਦੁਰ ਸ਼ਾਹ ਦੇ ਕੈਂਪ ਨੇ ਨਰਬਦਾ ਨਦੀ ਪਾਰ ਕੀਤੀ। ਗੁਰੂ ਜੀ ਦਾ ਕੈਂਪ ਬਾਦਸ਼ਾਹ ਦੇ ਕੈਂਪ ਤੋਂ ਵੱਖਰਾ ਹੀ ਹੁੰਦਾ ਸੀ। ਇਸ ਤੋਂ ਬਾਅਦ ਗੁਰੂ ਸਾਹਿਬ ਬੁਰਹਾਨਪੁਰ ਪਹੁੰਚੇ, ਇਸ ਅਸਥਾਨ 'ਤੇ ਹੀ ਦਾਦੂ ਪੰਥੀਆਂ ਦਾ ਮਹੰਤ ਜੈਤਰਾਮ ਵੀ ਮਿਲ ਪਿਆ। ਉਸ ਨੇ ਗੁਰੂ ਜੀ ਨੂੰ ਨੰਦੇੜ ਵਿਚ ਰਹਿਣ ਵਾਲੇ ਬੈਰਾਗੀ ਮਾਧੋ ਦਾਸ ਬਾਰੇ ਜਾਣਕਾਰੀ ਦਿੱਤੀ। ਇਸ ਪਿੱਛੋਂ ਗੁਰੂ ਸਾਹਿਬ ਜਦੋਂ ਹਿੰਗੋਲੀ ਪਹੁੰਚੇ ਤਾਂ ਉਨ੍ਹਾਂ ਨੇ ਬਹਾਦੁਰ ਸ਼ਾਹ ਦੇ ਨਾਲ ਨਾ ਜਾਣ ਦਾ ਫ਼ੈਸਲਾ ਕਰ ਲਿਆ ਅਤੇ ਸਾਥ ਛੱਡ ਦਿੱਤਾ। ਗੁਰੂ ਸਾਹਿਬ ਨੰਦੇੜ ਪਹੁੰਚ ਗਏ ਅਤੇ ਗੁਦਾਵਰੀ ਦੇ ਕੰਢੇ ਡੇਰਾ ਲਾ ਲਿਆ। ਕੁਝ ਸਮਾਂ ਅਰਾਮ ਕਰ ਕੇ, ਗੁਰੂ ਸਾਹਿਬ ਮਾਧੋ ਦਾਸ ਬੈਰਾਗੀ ਦੇ ਟਿਕਾਣੇ 'ਤੇ ਪਹੁੰਚ ਗਏ।[58]

ਜਦ ਮਾਧੋ ਦਾਸ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਦੇਖਿਆ ਤਾਂ ਉਸ ਨੂੰ ਰੂਹਾਨੀਅਤ ਦੀ ਝਲਕ ਦਿਖਾਈ ਦਿੱਤੀ ਅਤੇ ਉਹ ਗੁਰੂ ਜੀ ਦੇ ਚਰਨਾਂ ਵਿਚ ਡਿੱਗ ਪਿਆ। ਅਹਿਮਦ ਸ਼ਾਹ ਬਟਾਲੀਏ ਨੇ *ਜ਼ਿਕਰਿ-ਗੁਰੂਆਂ ਵਾ ਇਬਤਿਦਾਇ ਸਿੰਘਾਂ ਵਾ ਮਜ਼ਹਬਿ-ਏਸ਼ਾਂ* ਵਿਚ ਮਾਧੋ ਦਾਸ ਅਤੇ ਗੁਰੂ ਸਾਹਿਬ ਦਰਮਿਆਨ ਗੱਲਬਾਤ ਬਾਰੇ ਲਿਖਿਆ ਹੈ :

ਮਾਧੋ ਦਾਸ—ਤੁਸੀਂ ਕੌਣ ਹੋ ?
ਗੁਰੂ ਗੋਬਿੰਦ ਸਿੰਘ—ਉਹ ਜਿਸ ਨੂੰ ਤੂੰ ਜਾਣਦਾ ਏਂ।
ਮਾਧੋ ਦਾਸ—ਮੈਂ ਕੀ ਜਾਣਦਾ ਹਾਂ ?
ਗੁਰੂ ਗੋਬਿੰਦ ਸਿੰਘ—ਆਪਣੇ ਦਿਲ ਵਿਚ ਜ਼ਰਾ ਸੋਚ ਖਾਂ।
ਮਾਧੋ ਦਾਸ (ਕੁਝ ਠਹਿਰ ਕੇ)—ਕੀ ਤੁਸੀਂ ਗੁਰੂ ਗੋਬਿੰਦ ਸਿੰਘ ਹੋ ?
ਗੁਰੂ ਗੋਬਿੰਦ ਸਿੰਘ—ਹਾਂ।

---

57. ਕਵੀ ਸੈਨਾਪਤਿ (ਸੰਪਾ. ਗੰਡਾ ਸਿੰਘ), *ਗੁਰ ਸੋਭਾ*, ਪੰਨੇ 68-69.
58. ਪ੍ਰੋ. ਸਾਹਿਬ ਸਿੰਘ, *ਜੀਵਨ ਬ੍ਰਿਤਾਂਤ ਗੁਰੂ ਗੋਬਿੰਦ ਸਿੰਘ*, ਪੰਨੇ 206-208.

ਮਾਧੋ ਦਾਸ—ਤੁਸੀਂ ਏਥੇ ਕਿਵੇਂ ਦਰਸ਼ਨ ਦਿੱਤੇ ਨੇ ?

ਗੁਰੂ ਗੋਬਿੰਦ ਸਿੰਘ—ਮੈਂ ਏਥੇ ਆਇਆ ਹਾਂ ਇਸ ਲਈ ਕਿ ਤੈਨੂੰ ਆਪਣਾ ਸਿੰਘ ਸਜਾਵਾਂ।

ਮਾਧੋ ਦਾਸ—ਮੈਨੂੰ ਪ੍ਰਵਾਣ ਹੈ, ਮਹਾਰਾਜ। ਮੈਂ ਤਾਂ ਤੁਹਾਡਾ ਬੰਦਾ ਹਾਂ।

ਘੁਮੰਡੀ ਤੇ ਅਜਿੱਤ ਸੁਭਾਅ ਵਾਲੇ ਬੈਰਾਗੀ ਵਿਚ ਗੁਰੂ ਸਾਹਿਬ ਨਾਲ ਮਿਲਾਪ ਹੋਣ 'ਤੇ ਪਰਿਵਰਤਨ ਆਇਆ ਅਤੇ ਬੈਰਾਗੀ ਤੇ ਤਿਆਗੀ ਨੂੰ ਸਿੰਘ ਸਜਾ ਦਿੱਤਾ। ਉਸ ਨੂੰ ਪਾਹੁਲ ਦਿੱਤੀ ਅਤੇ ਨਵਾਂ ਨਾਮ ਬੰਦਾ ਸਿੰਘ ਰੱਖ ਦਿੱਤਾ। ਇਹੀ ਨਾਮ ਇਤਿਹਾਸ ਅੰਦਰ ਪ੍ਰਚੱਲਤ ਹੈ।[59]

ਬੰਦਾ ਸਿੰਘ ਦੇ ਜੀਵਨ ਅੰਦਰ ਇਹ ਬਹੁਤ ਵੱਡੀ ਤਬਦੀਲੀ ਸੀ। ਇਸ ਤੋਂ ਬਿਨਾਂ ਗੁਰੂ ਸਾਹਿਬ ਨੇ ਉਸ ਨੂੰ ਗੁਰਮਤਿ ਦੇ ਸਿਧਾਂਤਾਂ ਪ੍ਰਤੀ ਜਾਣੂ ਕਰਾਇਆ। ਸਿੱਖ ਲਹਿਰ ਦੇ ਆਰੰਭ ਹੋਣ ਤੋਂ ਬਾਅਦ ਗੁਰੂ ਅਰਜਨ ਸਾਹਿਬ ਤੇ ਗੁਰੂ ਤੇਗ਼ ਬਹਾਦਰ ਸਾਹਿਬ ਵੱਲੋਂ ਮਨੁੱਖੀ ਅਧਿਕਾਰਾਂ ਲਈ ਸ਼ਹੀਦੀਆਂ, ਕੁਝ ਸਮਾਂ ਪਹਿਲਾਂ ਗੁਰੂ ਸਾਹਿਬ ਜੀ ਦੇ ਸਾਹਿਬਜ਼ਾਦਿਆਂ ਦੀ ਸ਼ਹੀਦੀ, ਵਿਸ਼ੇਸ਼ ਕਰਕੇ ਸੂਬਾ ਸਰਹੰਦ ਵੱਲੋਂ ਛੋਟੇ ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰਨਾ ਆਦਿ ਦਾ ਸਮੁੱਚਾ ਇਤਿਹਾਸ ਦੱਸਿਆ।

ਗੁਰੂ ਸਾਹਿਬ ਨੇ ਬੰਦਾ ਸਿੰਘ ਨੂੰ ਜ਼ਾਲਮ ਅਤੇ ਜ਼ੁਲਮ ਵਿਰੁੱਧ ਸੰਘਰਸ਼ ਕਰਨ ਲਈ ਲੈਸ ਕਰ ਦਿੱਤਾ। ਇਸ ਉਪਰੰਤ ਗੁਰੂ ਜੀ ਨੇ ਆਪਣੇ ਵੱਲੋਂ ਪੰਜ ਤੀਰ ਅਤੇ ਆਪਣਾ ਭੱਥਾ ਪਿਆਰ ਸਹਿਤ ਦਿੱਤਾ। ਬਾਬਾ ਬੰਦਾ ਸਿੰਘ ਦੀ ਸਹਾਇਤਾ ਲਈ ਪੰਜ ਸਿੰਘ, ਭਾਈ ਬਿਨੋਦ ਸਿੰਘ, ਭਾਈ ਕਾਹਨ ਸਿੰਘ, ਭਾਈ ਬਾਜ਼ ਸਿੰਘ, ਭਾਈ ਫ਼ਤਹਿ ਸਿੰਘ ਅਤੇ ਭਾਈ ਰਾਮ ਸਿੰਘ ਤਿਆਰ ਕੀਤੇ। ਇਨ੍ਹਾਂ ਤੋਂ ਬਿਨਾਂ ਹੋਰ ਸਿੰਘ ਵੀ ਦਿੱਤੇ। ਇਕ ਨਿਸ਼ਾਨ ਸਾਹਿਬ ਤੇ ਨਗਾਰਾ ਵੀ ਸਪੁਰਦ ਕਰ ਦਿੱਤੇ। ਖ਼ਾਲਸੇ ਨੂੰ ਬਾਬਾ ਬੰਦਾ ਸਿੰਘ ਬਾਰੇ ਸੂਚਿਤ ਕਰਨ ਲਈ ਹੁਕਮਨਾਮੇ ਭੇਜੇ, ਜਿਸ ਵਿਚ ਲਿਖਿਆ ਕਿ ਉਹ ਬੰਦਾ ਸਿੰਘ ਨਾਲ ਸ਼ਾਮਲ ਹੋ ਕੇ, ਉਸ ਨੂੰ ਆਪਣੇ ਮਿਸ਼ਨ ਵਿਚ ਸਫਲ ਹੋਣ ਲਈ ਸਹਿਯੋਗ ਦੇਣ। ਖ਼ਾਲਸੇ ਨੂੰ ਇਹ ਵੀ ਦ੍ਰਿੜ੍ਹ ਕਰਾਇਆ ਕਿ ਉਹ ਗੁਰੂ ਦਾ ਖ਼ਾਸ ਬੰਦਾ ਹੈ।[60]

ਗੁਰੂ ਜੀ ਵੱਲੋਂ ਬੰਦਾ ਸਿੰਘ ਬਹਾਦਰ ਨੂੰ ਪੰਜਾਬ ਭੇਜਣ ਬਾਰੇ ਬਹਾਦੁਰ ਸ਼ਾਹ ਨੂੰ ਕੋਈ ਇਲਮ ਨਹੀਂ ਸੀ। ਇਹ ਵੀ ਸਿਆਣਪ ਤੇ ਜੁਗਤੀ ਸੀ ਕਿ ਬੰਦਾ ਸਿੰਘ ਬਹਾਦਰ ਚੁੱਪ-ਚਾਪ ਆਪਣੇ ਮਿਸ਼ਨ ਨੂੰ ਪੂਰਾ ਕਰਨ ਲਈ ਪੰਜਾਬ ਪਹੁੰਚ ਜਾਂਦੇ ਹਨ।[61]

ਸੂਬਾ ਸਰਹੰਦ ਨੂੰ, ਇਹ ਖ਼ਬਰ ਮਿਲ ਰਹੀ ਸੀ ਕਿ ਗੁਰੂ ਸਾਹਿਬ ਅਤੇ ਬਾਦਸ਼ਾਹ ਬਹਾਦੁਰ ਸ਼ਾਹ ਆਪਸ ਵਿਚ ਮਿਲਦੇ ਹਨ। ਉਸ ਨੂੰ ਉਸ ਦੇ ਵੱਲੋਂ ਸਿੱਖਾਂ ਅਤੇ ਗੁਰੂ

59. ਡਾ. ਗੰਡਾ ਸਿੰਘ, *ਸਿੱਖ ਇਤਿਹਾਸ ਬਾਰੇ*, ਪੰਨੇ 37-38.

60. Kirpal Singh & Kharak Singh (ed.), *History of the Sikhs and Their Religion*, Vol. 1, p. 334.

61. *Ibid*.

ਸਾਹਿਬ ਦੇ ਛੋਟੇ ਸਾਹਿਬਜ਼ਾਦਿਆਂ ਉੱਪਰ ਕੀਤੇ ਅਤਿਆਚਾਰਾਂ ਦੀ ਤਸਵੀਰ ਅੱਖਾਂ ਸਾਹਮਣੇ ਦਿਸਦੀ ਹੋਵੇਗੀ। ਉਸ ਨੂੰ ਡਰ ਸੀ ਕਿ ਉਸ ਵੱਲੋਂ ਕੀਤੇ ਅੱਤਿਆਚਾਰਾਂ ਦੀ ਕਿਤੇ ਸਜ਼ਾ ਨਾ ਮਿਲ ਜਾਵੇ। ਬਹਾਦੁਰ ਸ਼ਾਹ ਨੇ ਸ਼ੁਰੂ ਵਿਚ ਹੀ ਵਜ਼ੀਰ ਖ਼ਾਨ ਨੂੰ ਹੁਕਮ ਕੀਤਾ ਸੀ ਕਿ ਉਹ ਗੁਰੂ ਸਾਹਿਬ ਜੀ ਨੂੰ ਤਿੰਨ ਸੌ ਰੁਪਿਆ ਰੋਜ਼ ਦੇਵੇ। ਉਪਰੋਕਤ ਗੱਲਾਂ ਨੂੰ ਦੇਖਦੇ, ਇਹ ਮੰਨਿਆ ਜਾ ਸਕਦਾ ਹੈ ਕਿ ਵਜ਼ੀਰ ਖ਼ਾਨ ਨੇ ਗੁਰੂ ਸਾਹਿਬ ਨੂੰ ਮਾਰਨ ਲਈ ਦੋ ਪਠਾਨ ਤਿਆਰ ਕਰ ਕੇ ਭੇਜੇ ਸਨ। ਇਹ ਪਠਾਨ ਗੁਰੂ ਸਾਹਿਬ ਦੀ ਸੰਗਤ ਵਿਚ ਹਾਜ਼ਰੀ ਭਰਦੇ ਸਨ ਅਤੇ ਇਸ ਲਈ ਇਨ੍ਹਾਂ 'ਤੇ ਕਿਸੇ ਨੂੰ ਕੋਈ ਸ਼ੱਕ ਨਹੀਂ ਸੀ।[62]

ਇਹ ਪਠਾਨ, ਇਕ ਦਿਨ ਸ਼ਾਮ ਦੇ ਸਮੇਂ ਆਏ ਅਤੇ ਗੁਰੂ ਸਾਹਿਬ ਸੌਂ ਰਹੇ ਸਨ। ਇਨ੍ਹਾਂ ਪਠਾਨਾਂ ਵਿੱਚੋਂ ਇਕ ਨੂੰ ਘਾਤ ਲਾਉਣ ਦਾ ਮੌਕਾ ਮਿਲ ਗਿਆ, ਕਿਉਂਕਿ ਗੁਰੂ ਸਾਹਿਬ ਜੀ ਦਾ ਚੋਬਦਾਰ ਵੀ ਊਂਘ ਰਿਹਾ ਸੀ। ਉਸ ਨੇ ਗੁਰੂ ਜੀ ਉੱਤੇ ਵਾਰ ਕੀਤਾ ਅਤੇ ਦੂਜੇ ਵਾਰ ਤੋਂ ਪਹਿਲਾਂ ਹੀ ਗੁਰੂ ਜੀ ਨੇ ਆਪਣੀ ਕਿਰਪਾਨ ਨਾਲ ਉਸ ਨੂੰ ਪਾਰ ਬੁਲਾ ਦਿੱਤਾ।[63]

ਦੂਜੇ ਪਠਾਨ ਨੂੰ ਚੋਬਦਾਰ ਸਿੰਘ ਨੇ ਕਤਲ ਕਰ ਦਿੱਤਾ। ਇਨ੍ਹਾਂ ਦੋਨਾਂ ਪਠਾਨਾਂ ਵਿਚ ਇਕ ਦਾ ਨਾਮ ਜਮਸ਼ੇਦ ਖ਼ਾਨ ਸੀ ਜੋ ਸਰਹੰਦ ਦੇ ਵਜ਼ੀਰ ਖ਼ਾਨ ਵੱਲੋਂ ਭੇਜਿਆ ਹੋਇਆ ਸੀ। ਇਸ ਬਾਰੇ ਸ਼ੱਕ ਦੀ ਕੋਈ ਗੁੰਜਾਇਸ਼ ਨਹੀਂ ਰਹਿੰਦੀ, ਜਦੋਂ ਬਹਾਦੁਰ ਸ਼ਾਹ ਨੇ ਉਸ ਦੇ ਪੁੱਤਰ ਨੂੰ ਮਾਤਮੀ ਖ਼ਿਲਅਤ ਬਖ਼ਸ਼ੀ ਸੀ। ਇਹ ਵੇਰਵਾ 28 ਅਕਤੂਬਰ 1708 ਈ. ਦੀ ਸ਼ਾਹੀ ਖ਼ਬਰ ਵਿਚ ਲਿਖਿਆ ਹੋਇਆ ਹੈ ਕਿ ਬਾਦਸ਼ਾਹ ਪਾਸ ਬੇਨਤੀ ਹੋਈ ਕਿ ਗੁਰੂ ਗੋਬਿੰਦ (ਸਿੰਘ) ਨੇ ਜਮਸ਼ੈਦ ਖ਼ਾਨ ਅਫ਼ਗ਼ਾਨ ਨੂੰ ਜਾਨੋਂ ਮਾਰ ਦਿੱਤਾ ਸੀ। ਉਪਰੋਕਤ ਖ਼ਾਨ ਦੇ ਪੁੱਤਰ ਨੂੰ ਮਾਤਮੀ ਖ਼ਿਅਲਤ ਬਖ਼ਸ਼ੀ ਗਈ। (ਅਖ਼ਬਾਰਾਤਿ-ਦਰਬਾਰਿ-ਮੁਅੱਲਾ)।[64]

ਗੁਰੂ ਸਾਹਿਬ ਜੀ ਦੇ ਖ਼ੰਜਰ ਲੱਗਣ ਨਾਲ ਜ਼ਖ਼ਮ ਡੂੰਘਾ ਸੀ, ਪਰ ਬਹਾਦੁਰ ਸ਼ਾਹ ਨੇ ਇਕ ਡਾਕਟਰ ਨੂੰ ਇਲਾਜ ਲਈ ਭੇਜਿਆ ਅਤੇ ਜ਼ਖ਼ਮ ਛੇਤੀ ਭਰ ਗਏ। ਗੁਰੂ ਸਾਹਿਬ ਹੁਣ ਤੁਰ ਫਿਰ ਸਕਦੇ ਸਨ। ਗੁਰੂ ਸਾਹਿਬ ਨੇ ਅਨੁਭਵ ਕਰ ਲਿਆ ਸੀ ਕਿ ਉਨ੍ਹਾਂ ਦਾ ਅੰਤਲਾ ਸਮਾਂ ਨੇੜੇ ਹੈ। ਉਨ੍ਹਾਂ ਨੇ ਆਪਣਾ ਸਰੀਰਕ ਚੋਲਾ ਛੱਡਣ ਤੋਂ ਪਹਿਲਾਂ ਸਿੰਘਾਂ ਨੂੰ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਲਿਆਉਣ ਲਈ ਆਖਿਆ। ਇਸ ਬਾਰੇ ***ਭੱਟ ਵਹੀ ਭਾਦਸੋਂ ਪਰਗਨਾ ਥਾਨੇਸਰ*** ਅੰਦਰ ਵੇਰਵਾ ਮਿਲਦਾ ਹੈ[65] :

"ਗੁਰੂ ਗੋਬਿੰਦ ਸਿੰਘ ਜੀ ਮਹਲ ਦਸਵਾਂ ਬੇਟਾ ਗੁਰੂ ਤੇਗ਼ ਬਹਾਦਰ ਜੀ ਕਾ, ਮੁਕਾਮ

62. ਗੰਡਾ ਸਿੰਘ, *ਸਿੱਖ ਇਤਿਹਾਸ ਬਾਰੇ*, ਪੰਨਾ 39.
63. ਕਵੀ ਸੈਨਾਪਤਿ (ਸੰਪਾ. ਗੰਡਾ ਸਿੰਘ), *ਗੁਰ ਸੋਭਾ*, ਪੰਨਾ 124.
64. ਪ੍ਰੋ. (ਡਾ.) ਬਲਵੰਤ ਸਿੰਘ ਢਿੱਲੋਂ, *ਸਿੱਖ ਇਤਿਹਾਸ ਦੀ ਫ਼ਾਰਸੀ ਇਤਿਹਾਸਕਾਰੀ*, ਪੰਨਾ 217.
65. Kirpal Singh & Kharak Singh (ed.), *History of the Sikhs and Their Religion*, Vol. 1, p. 335.

> ਨੰਦੇੜ ਤਟ ਗੁਦਾਵਰੀ ਦੇਸ ਦੱਖਣ ਸਤਰਾਂ ਸੈ ਪੈਂਸਠ ਕਾਰਤਕ ਮਾਸੇ ਸੁਦੀ ਚਉਥ ਸ਼ੁਕਲਾ ਪੱਖੇ ਬੁਧਵਾਰ ਕੇ ਦਿਹੁੰ ਭਾਈ ਦੈਆ ਸਿੰਘ ਸੇ ਬਚਨ ਹੂਆ ਗ੍ਰੰਥ ਸਾਹਿਬ ਲੇ ਆਓ। ਬਚਨ ਪਾਇ ਦੈਆ ਸਿੰਘ ਗ੍ਰੰਥ ਸਾਹਿਬ ਲੇ ਆਏ। ਗੁਰੂ ਜੀ ਨੇ ਸਰਬਤ ਸੰਗਤ ਸੇ ਕਹਾ ਮੇਰਾ ਹੁਕਮ ਹੈ। ਮੇਰੀ ਜਗਹ ਗ੍ਰੰਥ ਜੀ ਕੋ ਜਾਣਨਾ। ਜੋ ਸਿਖ ਜਾਨੇਗਾ ਤਿਸ ਕੀ ਘਾਲ ਥਾਂਇ ਪਏਗੀ, ਗੁਰੂ ਤਿਸ ਕੀ ਬਹੁੜੀ ਕਰੇਗਾ, ਸਤਿ ਕਰਿ ਮਾਨਨਾ।"

ਉਪਰੋਕਤ ਗੁਰੂ ਸਾਹਿਬ ਜੀ ਵੱਲੋਂ ਸਰਬ ਸੰਗਤ ਨੂੰ ਹੁਕਮ ਕਰਨਾ ਦਾ ਸਮਾਂ 6 ਅਕਤੂਬਰ, 1708 ਦਾ ਹੈ। ਇਸ ਤੋਂ ਬਿਨਾਂ ਭਾਈ ਪ੍ਰਹਿਲਾਦ ਸਿੰਘ ਦੇ ਰਹਿਤਨਾਮੇ ਅੰਦਰ ਲਿਖੀਆਂ ਤੁਕਾਂ ਵੀ ਮਹੱਤਵਪੂਰਨ ਹਨ :

> **ਗੁਰੂ ਖ਼ਾਲਸਾ ਮਾਨੀਅਹਿ ਪਰਗਟ ਗੁਰੂ ਕੀ ਦੇਹ ॥**
> **ਜੋ ਸਿਖ ਮੋ ਮਿਲਬੇ ਚਹਿਹ, ਖੋਜ ਇਨਹੁ ਮਹਿ ਲੇਹੁ ॥...**
> **ਅਕਾਲ ਪੁਰਖ ਕੇ ਬਚਨ ਸਿਉਂ ਪ੍ਰਗਟ ਚਲਾਯੋ ਪੰਥ ॥**
> **ਸਭ ਸਿਖਨ ਕੋ ਬਚਨ ਹੈ, ਗੁਰੂ ਮਾਨੀਅਹੁ ਗ੍ਰੰਥ ॥**[66]

ਗੁਰੂ ਸਾਹਿਬ ਜੀ ਦੇ ਸਰੀਰਕ ਤੌਰ 'ਤੇ ਵਿਛੜਨ ਬਾਰੇ *ਗੁਰੂ ਕੀਆਂ ਸਾਖੀਆਂ* ਵਿਚ ਵੀ ਬ੍ਰਿਤਾਂਤ ਲਿਖਿਆ ਮਿਲਦਾ ਹੈ ਕਿ ਸਿੱਖਾਂ ਨੇ ਗੁਰੂ ਸਾਹਿਬ ਤੋਂ ਪੁੱਛਿਆ ਕਿ ਸਾਨੂੰ ਕਿਸ ਦੇ ਸਹਾਰੇ ਛੱਡ ਕੇ ਜਾ ਰਹੇ ਹੋ, ਤਦ ਗੁਰੂ ਜੀ ਨੇ ਉੱਤਰ ਦਿੱਤਾ ਕਿ ਖ਼ਾਲਸਾ ਪੰਥ, ਅਕਾਲ ਪੁਰਖ ਦੀ ਆਗਿਆ ਨਾਲ ਸਾਜਿਆ ਹੈ। ਇਸ ਲਈ ਹਰ ਔਕੜ ਸਮੇਂ ਅਕਾਲ ਪੁਰਖ ਹੀ ਸਹਾਈ ਹੋਵੇਗਾ। ਗੁਰੂ ਸਾਹਿਬ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਿਆਈ ਦਿੱਤੀ ਅਤੇ ਹੁਕਮ ਕੀਤਾ ਕਿ 'ਗੁਰੂ ਗ੍ਰੰਥ ਹੀ ਸਿੱਖਾਂ ਦੇ ਸਦੀਵੀ ਗੁਰੂ ਹੋਣਗੇ।[67]

ਗੁਰੂ ਸਾਹਿਬ ਦੇ ਜ਼ਖ਼ਮ ਠੀਕ ਨਾ ਹੋਏ, ਭਾਵੇਂ ਪਹਿਲਾਂ ਜਾਪਦਾ ਸੀ ਕਿ ਜ਼ਖ਼ਮ ਠੀਕ ਹੋ ਰਹੇ ਸਨ। ਗੁਰੂ ਜੀ ਨੇ 6 ਕੱਤਕ 1765 ਬਿ: (6 ਅਕਤੂਬਰ, 1708 ਈ.) ਨੂੰ ਸੰਗਤ ਦੀ ਹਾਜ਼ਰੀ ਵਿਚ ਗੁਰੂ ਗ੍ਰੰਥ ਸਾਹਿਬ ਨੂੰ ਗੁਰਿਆਈ ਸੌਂਪ ਦਿੱਤੀ ਅਤੇ ਸ਼ਖ਼ਸੀ ਗੁਰੂ ਪ੍ਰਣਾਲੀ ਨੂੰ ਖ਼ਤਮ ਕਰ ਦਿੱਤਾ। ਉਨ੍ਹਾਂ ਨੇ ਹੁਕਮ ਸੁਣਾ ਦਿੱਤਾ ਕਿ ਅੱਗੇ ਤੋਂ ਕੋਈ ਦੇਹਧਾਰੀ ਗੁਰੂ ਨਹੀਂ ਹੋਵੇਗਾ ਅਤੇ ਜਥੇਬੰਦਕ ਰੂਪ ਵਿਚ ਗੁਰੂ ਖ਼ਾਲਸਾ ਹੀ ਗੁਰੂ ਹੋਵੇਗਾ। ਖ਼ਾਲਸਾ ਪੰਥ, ਗੁਰੂ ਗ੍ਰੰਥ ਸਾਹਿਬ ਦੀ ਸਿੱਖਿਆਵਾਂ ਨੂੰ ਅਧਾਰ ਬਣਾ ਕੇ ਹੀ ਗੁਰੂ ਖ਼ਾਲਸਾ ਕਾਰਜ ਕਰੇਗਾ। 7 ਅਕਤੂਬਰ 1708 ਨੂੰ ਅੱਧੀ ਰਾਤ ਤੋਂ ਦੋ ਘੰਟੇ ਪਿੱਛੋਂ ਗੁਰੂ ਜੀ ਜੋਤੀ ਜੋਤਿ ਸਮਾ ਗਏ।[68]

---

66. *ਰਹਿਤਨਾਮੇ* (ਸੰਪਾ. ਪਿਆਰਾ ਸਿੰਘ ਪਦਮ), ਪੰਨਾ 67.
67. ਸ੍ਵਰੂਪ ਸਿੰਘ ਕੌਸ਼ਿਸ਼, *ਗੁਰੂ ਕੀਆਂ ਸਾਖੀਆਂ* (ਸੰਪਾ. ਪਿਆਰਾ ਸਿੰਘ ਪਦਮ), ਪੰਨਾ 203.
68. ਪ੍ਰਿੰ. ਤੇਜਾ ਸਿੰਘ ਤੇ ਗੰਡਾ ਸਿੰਘ, *ਸਿੱਖ ਇਤਿਹਾਸ (1469-1765)*, ਪੰਨਾ 93.

# ਸਾਰੰਸ਼

ਸਿੱਖ ਇਤਿਹਾਸ ਅਤੇ ਸਿੱਖ ਗੁਰੂਆਂ ਬਾਰੇ ਅਨੇਕਾਂ ਲੇਖਕਾਂ ਜਾਂ ਚਿੰਤਕ ਲੋਕਾਂ ਨੇ ਬੇਅੰਤ ਪੁਸਤਕਾਂ ਲਿਖੀਆਂ ਹਨ। ਇਨ੍ਹਾਂ ਲੇਖਕਾਂ ਵਿਚ ਕੁਝ ਵਿਦੇਸ਼ੀ ਲੇਖਕ ਵੀ ਸਨ, ਜਿਨ੍ਹਾਂ ਨੇ ਸਿੱਖ ਇਤਿਹਾਸ ਨੂੰ ਵੱਖ-ਵੱਖ ਪਹਿਲੂਆਂ ਤੋਂ ਕਲਮਬੰਦ ਕੀਤਾ। ਨਿਰਸੰਦੇਹ ਆਖ ਸਕਦੇ ਹਾਂ ਕਿ ਕਾਫ਼ੀ ਵਿਦੇਸ਼ੀ ਲੇਖਕ ਨਿਰਪੱਖ ਸਨ, ਪਰ ਇਨ੍ਹਾਂ ਨੂੰ ਪੰਜਾਬੀ ਅਤੇ ਫ਼ਾਰਸੀ ਬੋਲੀਆਂ ਬਾਰੇ ਜਾਣਕਾਰੀ ਨਾ ਹੋਣ ਕਾਰਨ, ਪੰਜਾਬ ਦੇ ਕੁਝ ਗਿਆਨਵਾਨ ਲੇਖਕਾਂ 'ਤੇ ਨਿਰਭਰ ਹੋਣਾ ਪਿਆ। ਦੂਜੇ ਪਾਸੇ ਪੰਜਾਬ ਦੇ ਕੁਝ ਲੇਖਕ ਸਨਾਤਨੀ ਪ੍ਰਭਾਵ ਤੋਂ ਮੁਕਤ ਨਹੀਂ ਸਨ, ਜਿਸ ਕਰਕੇ ਇਹ ਵਿਦੇਸ਼ੀ ਲੇਖਕ ਸਿੱਖ ਇਤਿਹਾਸ ਨਾਲ ਇਨਸਾਫ਼ ਨਹੀਂ ਕਰ ਸਕੇ। ਕੁਝ ਵਿਦੇਸ਼ੀ ਸੈਲਾਨੀਆਂ ਨੇ ਪੰਜਾਬ ਜਾਂ ਮਹਾਰਾਜਾ ਰਣਜੀਤ ਸਿੰਘ ਦੇ ਰਾਜ-ਕਾਲ ਨੂੰ ਅੱਖੀਂ ਤੱਕਿਆ ਅਤੇ ਜੋ ਉਨ੍ਹਾਂ ਨੇ ਅਨੁਭਵ ਕੀਤਾ, ਉਸ ਨੂੰ ਲਿਖਤੀ ਰੂਪ ਦੇ ਦਿੱਤਾ ਅਤੇ ਉਨ੍ਹਾਂ ਵੱਲੋਂ ਲਿਖੀ ਜਾਣਕਾਰੀ ਕਾਫ਼ੀ ਹੱਦ ਤਕ ਠੀਕ ਮਿਲਦੀ ਹੈ।

ਕੁਝ ਅਜਿਹੇ ਲੇਖਕ ਵੀ ਹੋਏ ਹਨ, ਜਿਨ੍ਹਾਂ ਨੂੰ ਸਿੱਖ ਗੁਰੂਆਂ ਵੱਲੋਂ ਆਰੰਭੀ ਸਿੱਖ ਲਹਿਰ ਬਾਰੇ ਡੂੰਘੀ ਜਾਣਕਾਰੀ ਨਾ ਹੋਣ ਕਾਰਨ, ਸਿੱਖ ਧਰਮ ਨੂੰ ਸਨਾਤਨ ਧਰਮ ਨਾਲ ਹੀ ਨੱਥੀ ਕਰ ਦਿੱਤਾ ਅਤੇ ਜਾਂ ਕਈ ਲੇਖਕਾਂ ਨੇ ਸਿੱਖ ਗੁਰੂਆਂ ਵੱਲੋਂ ਚਲਾਈ ਲਹਿਰ ਨੂੰ ਭਗਤੀ ਲਹਿਰ ਨਾਲ ਰਲਗੱਡ ਕਰ ਦਿੱਤਾ। ਅਜੋਕੇ ਸਮੇਂ ਵੀ ਸਾਜ਼ਸ਼ੀ ਲੇਖਕ ਸਿੱਖ ਧਰਮ ਨੂੰ ਇਕ ਵੱਖਰਾ ਅਤੇ ਅਜ਼ਾਦ ਧਰਮ ਮੰਨਣ ਤੋਂ ਇਨਕਾਰੀ ਹਨ। ਇਹ ਵੀ ਸੰਭਵ ਹੈ ਕਿ ਉਨ੍ਹਾਂ ਨੂੰ ਗੁਰਬਾਣੀ ਅੰਦਰ ਦਰਜ ਗੁਰਮਤਿ ਸਿਧਾਂਤਾਂ ਬਾਰੇ ਗਿਆਨ ਨਾ ਹੋਵੇ। ਅਜਿਹੇ ਲੇਖਕ ਸਿੱਖ ਧਰਮ ਨੂੰ ਆਜ਼ਾਦ ਤੇ ਵਿਲੱਖਣ ਮੰਨਣ ਤੋਂ ਇਨਕਾਰੀ ਹੋਣ ਕਾਰਨ ਵਧੀਆ ਪੁਸਤਕਾਂ ਲਿਖਣ ਤੋਂ ਅਸਮਰੱਥ ਹੋਏ। ਜੋ ਕੁਝ ਉਨ੍ਹਾਂ ਨੇ ਲਿਖਿਆ, ਉਹ ਲਿਖਤਾਂ ਸਿੱਖ ਸਮਾਜ ਅੰਦਰ ਚਰਚਿਤ ਹੀ ਰਹੀਆਂ। ਸਨਾਤਨ ਧਰਮ ਨਾਲ ਸੰਬੰਧਿਤ ਜਾਂ ਆਰੀਆ ਸਮਾਜ ਦੇ ਵਿਦਵਾਨ, ਸਿੱਖ ਲਹਿਰ ਨੂੰ ਹਿੰਦੂ ਧਰਮ ਦੀ ਸੁਧਾਰਕ ਲਹਿਰ ਹੀ ਦੱਸ ਰਹੇ ਹਨ। ਇਕ ਦੋ ਲੇਖਕਾਂ ਨੇ ਇਥੋਂ ਤਕ ਆਖ ਦਿੱਤਾ ਕਿ ਗੁਰਬਾਣੀ ਦੇ ਬਹੁਤ ਸਿਧਾਂਤ ਮੁੱਢ ਤੋਂ ਹੀ ਵੇਦਾਂ ਵਿਚ ਲਿਖੇ ਹੋਏ ਸਨ। ਇਸ 'ਤੇ ਇਹੀ ਆਖ ਸਕਦੇ ਹਾਂ ਕਿ ਇਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਦੇ ਗੁਰਮਤਿ ਸਿਧਾਂਤਾਂ ਨੂੰ ਪੂਰੀ ਤਰ੍ਹਾਂ ਘੋਖਿਆ ਹੀ ਨਹੀਂ, ਜਾਂ ਇਹ ਗਿਣੀ ਮਿੱਥੀ ਸਾਜ਼ਸ਼ ਅਧੀਨ ਸਿੱਖ ਧਰਮ ਦਾ ਵਿਰੋਧ ਕਰਨ ਲਈ ਸਰਕਾਰ ਪੱਖੀ ਜਾਂ ਰਾਸ਼ਟਰਵਾਦੀ ਵਿਦਵਾਨ ਹਨ। ਹਾਲਾਂਕਿ ਗੁਰੂ ਸਾਹਿਬਾਨ ਤੇ ਭਗਤਾਂ ਨੇ ਬਾਣੀ ਅੰਦਰ ਸਪੱਸ਼ਟ ਲਿਖਿਆ ਹੋਇਆ ਹੈ :

**ਹਮਰਾ ਝਗਰਾ ਰਹਾ ਨ ਕੋਊ ॥**
**ਪੰਡਿਤ ਮੁਲਾਂ ਛਾਡੇ ਦੋਊ ॥ਰਹਾਉ॥...**
**ਪੰਡਿਤ ਮੁਲਾਂ ਜੋ ਲਿਖਿ ਦੀਆ ॥**
**ਛਾਡਿ ਚਲੇ ਹਮ ਕਛੂ ਨ ਲੀਆ ॥** *(ਭੈਰਉ ਕਬੀਰ ਜੀ, ਪੰਨਾ 1159)*

**ਨਾ ਹਮ ਹਿੰਦੂ ਨ ਮੁਸਲਮਾਨ ॥**
**ਅਲਹ ਰਾਮ ਕੇ ਪਿੰਡੁ ਪਰਾਨ ॥** *(ਭੈਰਉ ਮ: ੫, ਪੰਨਾ 1136)*

ਸਿੱਖ ਗੁਰੂਆਂ ਨੇ ਪੱਥਰ ਪੂਜਾ, ਬੁੱਤ ਪੂਜਾ, ਤੀਰਥ ਇਸ਼ਨਾਨ, ਹੱਠ ਕਰ ਕੇ ਜਪ-ਤਪ, ਜੋਗ ਮਤ, ਜੋਤਿਸ਼ ਪ੍ਰਣਾਲੀ, ਜਾਤ-ਪਾਤ ਜਾਂ ਊਚ-ਨੀਚ ਅਤੇ ਸੁੱਚ ਭਿੱਟ ਦਾ ਖੰਡਨ ਕੀਤਾ ਹੈ। ਇਸ ਤੋਂ ਬਿਨਾਂ ਗੁਰੂ ਨਾਨਕ ਸਾਹਿਬ ਵੱਲੋਂ, ਇਕ ਰੱਬ (ਰੱਬੀ ਏਕਤਾ) ਦੀ ਵਿਲੱਖਣ ਪ੍ਰੀਭਾਸ਼ਾ ਸਥਾਪਤ ਹੋਣ ਨਾਲ, ਹਿੰਦੂ ਧਰਮ ਦੇ ਦੇਵਵਾਦ ਜਾਂ ਵੱਖ-ਵੱਖ ਸ਼ਕਤੀਆਂ ਰੱਖਣ ਵਾਲੇ ਦੇਵਤਿਆਂ ਦੀ ਹੋਂਦ ਦਾ ਆਪਣੇ ਆਪ ਹੀ ਖੰਡਣ ਹੋ ਜਾਂਦਾ ਹੈ। ਸਿੱਖ ਧਰਮ ਨੇ ਆਵਾਗਵਣ, ਜਨਮ-ਮਰਨ ਅਤੇ ਨਰਕ-ਸੁਰਗ ਦੇ ਵਿਸ਼ਵਾਸਾਂ ਨੂੰ ਵੀ ਨਹੀਂ ਮੰਨਿਆ।

ਕੁਝ ਗ਼ੈਰ-ਸਿੱਖ ਲਿਖਾਰੀਆਂ ਨੇ ਗੁਰੂਆਂ ਦੀ ਵੀ ਸ਼੍ਰੇਣੀ ਵੰਡ ਕਰਨ ਦਾ ਜਤਨ ਕੀਤਾ ਹੈ। ਇਨ੍ਹਾਂ ਲਿਖਾਰੀਆਂ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਪਹਿਲੇ ਗੁਰੂ ਸਾਹਿਬਾਨ ਨਾਲੋਂ ਵੱਖਰਾ ਮੱਤ ਸਥਾਪਤ ਕਰਨ ਵਾਲਾ ਦੱਸ ਨਿਖੇੜਨਾ ਚਾਹਿਆ ਹੈ। ਇਹੋ ਜਿਹੀ ਸੋਚ ਦੇ ਧਾਰਨੀ ਲਿਖਾਰੀਆਂ ਨੂੰ ਡਾਕਟਰ ਗੋਕਲ ਚੰਦ ਨਾਰੰਗ ਵੱਲੋਂ ਲਿਖੇ ਵਿਚਾਰ ਦੇਣੇ ਢੁੱਕਵੇਂ ਹਨ :

> "ਜੋ ਬੂਟਾ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਪ੍ਰਫੁੱਲਤ ਹੋਇਆ, ਉਸ ਦਾ ਬੀਜ ਗੁਰੂ ਨਾਨਕ ਸਾਹਿਬ ਨੇ ਬੀਜਿਆ ਸੀ, ਉਨ੍ਹਾਂ ਦੇ ਜਾਨਸ਼ੀਨਾਂ ਨੇ ਉਸ ਨੂੰ ਪਾਣੀ ਨਾਲ ਸਿੰਜਿਆ। ਉਹ ਖੰਡਾ, ਜਿਸ ਨਾਲ ਖ਼ਾਲਸਾ ਸਾਜਿਆ ਅਤੇ ਚੜ੍ਹਤ ਹੋਈ, ਉਸ ਖੰਡੇ ਦਾ ਲੋਹਾ ਗੁਰੂ ਨਾਨਕ ਸਾਹਿਬ ਨੇ ਦਿੱਤਾ ਸੀ।"

ਭਾਈ ਨੰਦ ਲਾਲ, ਜੋ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਕਵੀ ਸਨ, ਦੇ ਕਹੇ ਸ਼ਬਦ ਵੀ ਸਪੱਸ਼ਟ ਕਰਦੇ ਹਨ :

**ਹਮੁ ਗੁਰੂ ਗੋਬਿੰਦ ਸਿੰਘ, ਹਮੁ ਨਾਨਕ ਅਸਤ**
**ਹਮਾ ਸਬਦਿ ਊ ਜੌਹਰੋ ਮਾਨਕ ਅਸਤ।** *(ਜੋਤ ਵਿਗਾਸ)*
(ਭਾਵ ਉਹੀ ਗੁਰੂ ਗੋਬਿੰਦ ਸਿੰਘ ਹੈ ਅਤੇ ਉਹੀ ਗੁਰੂ ਨਾਨਕ ਗੁਰੂ ਹੈ, ਉਸ ਦੇ ਸ਼ਬਦ ਜਵਾਹਰਾਤ ਅਤੇ ਮਾਣਕ ਮੋਤੀ ਹਨ।)

ਆਖ਼ਰ ਇਹ ਆਖਣ ਤੋਂ ਸੰਕੋਚ ਨਹੀਂ ਕਰਾਂਗਾ ਕਿ ਜੋ ਸਿਧਾਂਤ ਗੁਰੂ ਨਾਨਕ ਸਾਹਿਬ ਨੇ ਨਿਰਧਾਰਤ ਕੀਤੇ, ਉਨ੍ਹਾਂ ਸਿਧਾਂਤਾਂ ਨੂੰ ਦੂਸਰੇ ਗੁਰੂ ਸਾਹਿਬਾਨ ਵੱਲੋਂ ਪ੍ਰਚਾਰਿਆ ਗਿਆ। ਗੁਰੂ ਗੋਬਿੰਦ ਸਿੰਘ ਜੀ ਨੇ ਦੇਹਧਾਰੀ ਗੁਰੂ ਪਰੰਪਰਾ ਨੂੰ ਖ਼ਤਮ ਕਰ ਕੇ, ਗੁਰੂ ਨਾਨਕ ਸਾਹਿਬ ਵੱਲੋਂ ਸਥਾਪਤ ਅਤੇ ਪ੍ਰਚਾਰੇ 'ਸ਼ਬਦ ਗੁਰੂ ਸਿਧਾਂਤ'

ਨੂੰ ਆਧਾਰ ਮੰਨ ਕੇ ਗੁਰਬਾਣੀ ਨੂੰ ਗੁਰੂ ਆਖਿਆ। ਗੁਰੂ ਰਾਮਦਾਸ ਸਾਹਿਬ ਨੇ ਵੀ ਇਹ ਸਿਧਾਂਤ ਦ੍ਰਿੜ੍ਹ ਕਰਾਇਆ ਸੀ :

**ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥**

*(ਨਟ ਮ: ੪, ਪੰਨਾ 982)*

ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਿਆਈ ਦੇ ਕੇ ਸ਼ਬਦ ਗੁਰੂ ਦੇ ਸਿਧਾਂਤ 'ਤੇ ਮੋਹਰ ਲਗਾ ਦਿੱਤੀ।

ਮੈਂ ਕੋਈ ਦਾਅਵਾ ਨਹੀਂ ਕਰਦਾ ਕਿ ਮੈਂ ਜੋ ਗੁਰੂ ਸਾਹਿਬਾਨ ਅਤੇ ਉਨ੍ਹਾਂ ਦੀਆਂ ਸਿੱਖਿਆਵਾਂ ਬਾਰੇ ਪੁਸਤਕ ਲਿਖੀ ਹੈ, ਹੋਰ ਲੇਖਕਾਂ ਵੱਲੋਂ ਲਿਖੀਆਂ ਪੁਸਤਕਾਂ ਨਾਲੋਂ ਵਧੇਰੇ ਚੰਗੀ ਹੋਵੇਗੀ। ਮੈਂ ਯਤਨ ਕੀਤਾ ਹੈ ਕਿ ਗੁਰੂ ਸਾਹਿਬਾਨ ਦੀ ਨਿਰੋਲ ਵਿਚਾਰਧਾਰਾ ਨੂੰ ਆਧਾਰ ਮੰਨ ਕੇ, ਉਨ੍ਹਾਂ ਨਾਲ ਸੰਬੰਧਿਤ ਇਤਿਹਾਸਕ ਬ੍ਰਿਤਾਂਤਾਂ ਨੂੰ ਸਪੱਸ਼ਟ ਲਿਖਿਆ ਜਾਵੇ। ਸਿੱਖ ਇਤਿਹਾਸ ਅੰਦਰ ਕੁਝ ਅਜਿਹੀਆਂ ਕਹਾਣੀਆਂ ਦੀ ਘੁਸਪੈਠ ਹੋਈ ਹੈ ਜਾਂ ਕੁਝ ਕਹਾਣੀਆਂ ਨੂੰ ਵਧੇਰੇ ਹੀ ਕਰਾਮਾਤੀ ਰੰਗ ਨਾਲ ਰੰਗਿਆ ਹੋਇਆ ਹੈ, ਮੈਂ ਉਨ੍ਹਾਂ ਕਹਾਣੀਆਂ ਦਾ ਗੁਰਮਤਿ ਦੀ ਕਸਵੱਟੀ ਅਨੁਸਾਰ ਮੁਲਾਂਕਣ ਕਰਨ ਦਾ ਯਤਨ ਕੀਤਾ ਹੈ।

•

# ਗੁਰੂ ਸਾਹਿਬਾਨ ਦੀਆਂ ਗੁਰਪੁਰਬ ਤਾਰੀਖ਼ਾਂ

| | ਬਿਕ੍ਰਮੀ ਤਿਥੀ ਮਿਤੀ | ਪ੍ਰਵਿਸ਼ਟਾ | ਮਿਤੀ ਜੂਲੀਅਨ | ਨਵਾਂ ਨਾਨਕਸ਼ਾਹੀ | ਗਰੇਗੋਰੀਅਨ |
|---|---|---|---|---|---|
| **ਗੁਰੂ ਨਾਨਕ ਸਾਹਿਬ ਜੀ** | | | | | |
| ਪ੍ਰਕਾਸ਼ | 1526 ਚੇਤ ਸੁਦੀ 15 ਪੂਰਨਮਾਸ਼ੀ | ਵੈਸਾਖ 1* | 1469 ਮਾਰਚ 27 | ਵੈਸਾਖ 1 | ਅਪ੍ਰੈਲ 14 |
| ਜੋਤੀ-ਜੋਤਿ | ਜਨਮ ਤੇ 1596 ਅੱਸੂ ਵਦੀ 10 | ਅੱਸੂ 8 | 1539 ਸਤੰਬਰ 7 | ਅੱਸੂ 8 | ਸਤੰਬਰ 22 |
| **ਗੁਰੂ ਅੰਗਦ ਸਾਹਿਬ ਜੀ** | | | | | |
| ਪ੍ਰਕਾਸ਼ | 1561 ਵੈਸਾਖ ਵਦੀ 1 | ਵੈਸਾਖ 5 | 1504 ਮਾਰਚ 31 | ਵੈਸਾਖ 5 | ਅਪ੍ਰੈਲ 18 |
| ਗੁਰਤਾ ਗੱਦੀ | 1596 ਅੱਸੂ ਵਦੀ 5 | ਅੱਸੂ 4 | 1539 ਸਤੰਬਰ 3 | ਅੱਸੂ 4 | ਸਤੰਬਰ 18 |
| ਜੋਤੀ-ਜੋਤਿ | 1609 ਚੇਤ ਸੁਦੀ 4 | ਵੈਸਾਖ 3 | 1552 ਮਾਰਚ 29 | ਵੈਸਾਖ 3 | ਅਪ੍ਰੈਲ 16 |
| **ਗੁਰੂ ਅਮਰ ਦਾਸ ਜੀ** | | | | | |
| ਪ੍ਰਕਾਸ਼ | 1536 ਵੈਸਾਖ ਸੁਦੀ 14 | ਜੇਠ 9 | 1479 ਮਈ 5 | ਜੇਠ 9 | ਮਈ 23 |
| ਗੁਰਤਾ ਗੱਦੀ | 1609 ਚੇਤ ਸੁਦੀ 4 | ਵੈਸਾਖ 3 | 1552 ਮਾਰਚ 29 | ਵੈਸਾਖ 3 | ਅਪ੍ਰੈਲ 16 |
| ਜੋਤੀ-ਜੋਤਿ | 1631 ਭਾਦੋਂ ਸੁਦੀ 15 | ਅੱਸੂ 2 | 1574 ਸਤੰਬਰ 1 | ਅੱਸੂ 2 | ਸਤੰਬਰ 16 |
| **ਗੁਰੂ ਰਾਮਦਾਸ ਜੀ** | | | | | |
| ਪ੍ਰਕਾਸ਼ | 1591 ਕੱਤਕ ਵਦੀ 2 | ਅੱਸੂ 25 | 1534 ਸਤੰਬਰ 24 | ਅੱਸੂ 25 | ਅਕਤੂਬਰ 9 |
| ਗੁਰਤਾ ਗੱਦੀ | 1631 ਭਾਦੋਂ ਸੁਦੀ 15 | ਅੱਸੂ 2 | 1574 ਸਤੰਬਰ 1 | ਅੱਸੂ 2 | ਸਤੰਬਰ 16 |
| ਜੋਤੀ-ਜੋਤਿ | 1638 ਭਾਦੋਂ ਸੁਦੀ 3 | ਅੱਸੂ 2 | 1581 ਸਤੰਬਰ 1 | ਅੱਸੂ 2 | ਸਤੰਬਰ 16 |
| **ਗੁਰੂ ਅਰਜਨ ਦੇਵ ਜੀ** | | | | | |
| ਪ੍ਰਕਾਸ਼ | 1620 ਵੈਸਾਖ ਵਦੀ 7 | ਵੈਸਾਖ 19 | 1563 ਅਪ੍ਰੈਲ 15 | ਵੈਸਾਖ 19 | ਮਈ 2 |
| ਗੁਰਤਾ ਗੱਦੀ | 1638 ਭਾਦੋਂ ਸੁਦੀ 3 | ਅੱਸੂ 2 | 1581 ਸਤੰਬਰ 1 | ਅੱਸੂ 2 | ਸਤੰਬਰ 16 |
| ਜੋਤੀ-ਜੋਤਿ | 1663 ਜੇਠ ਸੁਦੀ 4 | ਹਾੜ 2 | 1606 ਮਈ 30 | ਹਾੜ 2 | ਜੂਨ 16 |
| **ਗੁਰੂ ਹਰਿਗੋਬਿੰਦ ਸਾਹਿਬ ਜੀ** | | | | | |
| ਪ੍ਰਕਾਸ਼ | 1652 ਹਾੜ ਵਦੀ 7 | ਹਾੜ 21 | 1595 ਜੂਨ 19 | ਹਾੜ 21 | ਜੁਲਾਈ 5 |
| ਗੁਰਤਾ ਗੱਦੀ | 1663 ਜੇਠ ਵਦੀ 14 | ਜੇਠ 28 | 1606 ਮਈ 25 | ਜੇਠ 28 | ਜੂਨ 11 |
| ਜੋਤੀ-ਜੋਤਿ | 1701 ਚੇਤ ਸੁਦੀ 5 | ਚੇਤ 6 | 1644 ਮਾਰਚ 3 | ਚੇਤ 6 | ਮਾਰਚ 19 |

| | | | | | |
|---|---|---|---|---|---|
| **ਗੁਰੂ ਹਰਿਰਾਇ ਜੀ** | | | | | |
| ਪ੍ਰਕਾਸ਼ | 1686 ਮਾਘ ਸੁਦੀ 13 | ਮਾਘ 19 | 1630 ਜਨਵਰੀ 16 | ਮਾਘ 19 | ਜਨਵਰੀ 31 |
| ਗੁਰਤਾ ਗੱਦੀ | 1700 ਚੇਤ ਵਦੀ 15 | ਚੇਤ 1 | 1644 ਫ਼ਰਵਰੀ 27 | ਚੇਤ 1 | ਮਾਰਚ 14 |
| ਜੋਤੀ-ਜੋਤਿ | 1718 ਕੱਤਕ ਵਦੀ 9 | ਕੱਤਕ 6 | 1661 ਅਕਤੂਬਰ 6 | ਕੱਤਕ 6 | ਅਕਤੂਬਰ 20 |
| **ਗੁਰੂ ਹਰਿਕ੍ਰਿਸ਼ਨ ਜੀ** | | | | | |
| ਪ੍ਰਕਾਸ਼ | 1713 ਸਾਵਣ ਵਦੀ 10 | ਸਾਵਣ 8 | 1656 ਜੁਲਾਈ 7 | ਸਾਵਣ 8 | ਜੁਲਾਈ 23 |
| ਗੁਰਤਾ ਗੱਦੀ | 1718 ਕੱਤਕ ਵਦੀ 9 | ਕੱਤਕ 6 | 1661 ਅਕਤੂਬਰ 6 | ਕੱਤਕ 6 | ਅਕਤੂਬਰ 20 |
| ਜੋਤੀ-ਜੋਤਿ | 1721 ਚੇਤ ਸੁਦੀ 14 | ਵੈਸਾਖ 3 | 1664 ਮਾਰਚ 30 | ਵੈਸਾਖ 3 | ਅਪ੍ਰੈਲ 16 |
| **ਗੁਰੂ ਤੇਗ਼ ਬਹਾਦਰ ਜੀ** | | | | | |
| ਪ੍ਰਕਾਸ਼ | 1678 ਵੈਸਾਖ ਵਦੀ 5 | ਵੈਸਾਖ 5 | 1621 ਅਪ੍ਰੈਲ 1 | ਵੈਸਾਖ 5 | ਅਪ੍ਰੈਲ 18 |
| ਗੁਰਤਾ ਗੱਦੀ | 1721 ਚੇਤ ਸੁਦੀ 14 | ਵੈਸਾਖ 3 | 1664 ਮਾਰਚ 30 | ਵੈਸਾਖ 3 | ਅਪ੍ਰੈਲ 16 |
| ਜੋਤੀ-ਜੋਤਿ | 1732 ਮਾਘ ਸੁਦੀ 5 | ਮਾਘ 11 | 1675 ਨਵੰਬਰ 11 | ਮਾਘ 11 | ਨਵੰਬਰ 24 |
| **ਗੁਰੂ ਗੋਬਿੰਦ ਸਿੰਘ ਜੀ** | | | | | |
| ਪ੍ਰਕਾਸ਼ | 1723 ਪੋਹ ਸੁਦੀ 7 | ਪੋਹ 23 | 1666 ਦਸੰਬਰ 22 | ਪੋਹ 23 | ਜਨਵਰੀ 5 |
| ਗੁਰਤਾ ਗੱਦੀ | 1732 ਮਾਘ ਸੁਦੀ 5 | ਮਾਘ 11 | 1675 ਨਵੰਬਰ 11 | ਮਾਘ 11 | ਨਵੰਬਰ 24 |
| ਜੋਤੀ-ਜੋਤਿ | 1765 ਕੱਤਕ ਸੁਦੀ 5 | ਕੱਤਕ 7 | 1708 ਅਕਤੂਬਰ 7 | ਕੱਤਕ 7 | ਅਕਤੂਬਰ 21 |
| **ਗੁਰੂ ਗ੍ਰੰਥ ਸਾਹਿਬ ਜੀ** | | | | | |
| ਕਰਤਾਰਪੁਰੀ ਬੀੜ ਸੰਪੂਰਨ | 1661 ਭਾਦੋ ਵਦੀ 1 | ਭਾਦੋ 1 | 1604 ਜੁਲਾਈ 31 | ਭਾਦੋ 1 | ਅਗਸਤ 16 |
| ਪਹਿਲਾ ਪ੍ਰਕਾਸ਼ ਹਰਿਮੰਦਰ ਸਾਹਿਬ | 1661 ਭਾਦੋ ਸੁਦੀ 1 | ਭਾਦੋ 17 | 1604 ਅਗਸਤ 16 | ਭਾਦੋ 17 | ਸਤੰਬਰ 1 |
| ਗੁਰਗੱਦੀ ਦਮਦਮੀ ਬੀੜ ਨਾਂਦੇੜ ਸਾਹਿਬ | 1765 ਕੱਤਕ ਸੁਦੀ 4 | ਕੱਤਕ 6 | 1708 ਅਕਤੂਬਰ 6 | ਕੱਤਕ 6 | ਅਕਤੂਬਰ 20 |
| **ਖ਼ਾਲਸਾ (ਜਨਮ)** | 1756 ਚੇਤ ਸੁਦੀ 9 | ਵੈਸਾਖ 1 | 1699 ਮਾਰਚ 29 | ਵੈਸਾਖ 1 | ਅਪ੍ਰੈਲ 14 |
| ਸ਼ਹੀਦੀ ਵੱਡੇ ਸਾਹਿਬਜ਼ਾਦੇ | 1761 | ਪੋਹ 8 | 1704 ਦਸੰਬਰ 7 | ਪੋਹ 8 | ਦਸੰਬਰ 21 |
| ਸ਼ਹੀਦੀ ਛੋਟੇ ਸਾਹਿਬਜ਼ਾਦੇ | 1761 | ਪੋਹ 13 | 1704 ਦਸੰਬਰ 12 | ਪੋਹ 13 | ਦਸੰਬਰ 26 |

* **ਗੁਰੂ ਨਾਨਕ ਦੇਵ ਜੀ ਜਨਮ** : ਜਿਥੋਂ ਤਕ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਗੁਰਪੁਰਬ ਦਾ ਸੰਬੰਧ ਹੈ, ਅਸੀਂ ਦੱਸਿਆ ਹੈ ਕਿ ਭਾਵੇਂ ਅਸਲ ਤਾਰੀਖ਼ ਵਿਸਾਖੀ ਨੂੰ ਹੈ, ਪਰ ਜਦੋਂ ਤੋਂ ਪੰਥ, ਕੁਝ ਕਾਰਨਾਂ ਕਰਕੇ, ਇਸ ਨੂੰ ਕੱਤਕ ਪੂਰਨਮਾਸ਼ੀ ਦੇ ਦਿਨ ਮਨਾਉਂਦਾ ਆ ਰਿਹਾ ਹੈ, ਉਦੋਂ ਤਕ ਇਹ ਇਸ ਤਾਰੀਖ਼ ਨੂੰ ਮਨਾਇਆ ਜਾਂਦਾ ਰਹੇਗਾ। ਪੰਥ ਹਰ ਫ਼ੈਸਲਾ ਕਰਦਾ ਹੈ। ਸ਼੍ਰੋਮਣੀ ਕਮੇਟੀ ਨੂੰ ਪਹਿਲਾਂ ਹੀ ਚਿੱਠੀਆਂ ਮਿਲ ਚੁੱਕੀਆਂ ਹਨ ਕਿ ਇਸ ਗੁਰਪੁਰਬ ਨੂੰ ਵੀ ਸਹੀ ਤਾਰੀਖ਼ ਵਿਚ ਬਦਲਿਆ ਜਾਣਾ ਚਾਹੀਦਾ ਸੀ।

# ਸਿੱਖ ਧਰਮ ਅਤੇ ਆਦਿ ਗ੍ਰੰਥ ਬਾਰੇ ਗ਼ੈਰ-ਸਿੱਖ ਵਿਦਵਾਨਾਂ ਦੇ ਕਥਨ

- "ਮਨੁੱਖਤਾ ਅੰਦਰ ਧਰਮਾਂ ਦਾ ਭਵਿੱਖ ਧੁੰਧਲਾ ਹੈ, ਫਿਰ ਵੀ ਇਕ ਭਵਿੱਖ ਬਾਣੀ ਕੀਤੀ ਜਾਂਦੀ ਹੈ ਕਿ ਦੁਨੀਆਂ ਦੇ ਸਾਰੇ ਹਿੱਸਿਆਂ ਅਤੇ ਮਨੁੱਖ ਜਾਤੀਆਂ ਅੰਦਰ, ਅਜੋਕੇ ਸਮੇਂ ਆਧੁਨਿਕ ਸੰਚਾਰ ਸਾਧਨਾ ਕਰਕੇ, ਸਥਾਪਤ ਵੱਡੇ ਧਰਮ ਪਹਿਲਾਂ ਨਾਲੋਂ ਇਕ ਦੂਜੇ ਨੂੰ ਵਧੇਰੇ ਪ੍ਰਭਾਵਿਤ ਕਰਨ ਜਾ ਰਹੇ ਹਨ। ਇਸ ਧਾਰਮਿਕ ਵਾਦ-ਵਿਵਾਦ ਵਿਚ ਸਿੱਖ ਧਰਮ ਅਤੇ ਇਸਦਾ ਧਰਮ ਗ੍ਰੰਥ, 'ਆਦਿ ਗ੍ਰੰਥ' ਸੰਸਾਰ ਨੂੰ ਵਿਸ਼ੇਸ਼ ਕਦਰਾਂ-ਕੀਮਤਾਂ ਪ੍ਰਦਾਨ ਕਰਨ ਦੇ ਸਮਰੱਥ ਹੋਵੇਗਾ।"

  (Arnold Toynbee, "Foreword", *Selections from the Sacred Writings of the Sikhs*, UNESCO, 1960, p. 9)

- "ਬਾਬਾ ਨਾਨਕ ਸਰਬ-ਵਿਆਪੀ ਪਿਆਰ ਦੇ ਪੈਗ਼ੰਬਰ ਸਨ, ਸਾਰੀ ਮਨੁੱਖਤਾ ਲਈ ਇਕ ਚਾਨਣ ਮੁਨਾਰਾ ਸਨ, ਸਾਰੀ ਮਨੁੱਖਤਾ ਦੇ ਮੁਕਤੀ ਦਾਤਾ ਸਨ। ਦਰਅਸਲ ਉਨ੍ਹਾਂ ਦੇ ਸੰਦੇਸ਼ ਵਿਚ ਕੁੱਝ ਵੀ ਸੰਕੀਰਣ ਜਾਂ ਸੰਪਰਦਾਇਕ ਨਹੀਂ ਹੈ। ਮਨੁੱਖਾਂ ਨੂੰ ਜ਼ੁਲਮ, ਬੇਇਨਸਾਫ਼ੀ, ਅੰਧ-ਵਿਸ਼ਵਾਸ ਅਤੇ ਝੂਠ ਦੇ ਜੂਲੇ ਤੋਂ ਮੁਕਤ ਕਰਨ ਦਾ ਕੰਮ ਸਰਬ-ਸ਼ਕਤੀਮਾਨ ਪਰਮਾਤਮਾ ਦੁਆਰਾ ਗੁਰੂ ਨਾਨਕ ਨੂੰ ਸੌਂਪਿਆ ਗਿਆ ਸੀ।"

  (Prof. Abdul Majid Khan, "The Punjab of Guru Nanak", *Guru Nanak : A Homage*, ed. K.R. Srinivasa Iyengar, New Delhi : Sahitya Akademi, 1994, p. 31)

- "ਹਰ ਅਸਲ ਧਰਮ ਦੀ ਤਰ੍ਹਾਂ, ਸਿੱਖ ਧਰਮ ਦਾ ਜਨਮ ਵੀ ਅਗੰਮ-ਗਿਆਨ ਰਾਹੀਂ ਹੋਇਆ ਹੈ। ਇਸਨੇ ਕਿਸੇ ਸਥਾਪਤ ਮੱਤ ਤੋਂ ਹਾਸਲ ਨਹੀਂ ਕੀਤਾ ਅਤੇ ਨਾ ਹੀ ਇਹ ਕਿਸੇ ਪੂਰਬਲੇ ਧਰਮ ਨਾਲ ਵਿਵਾਦ ਕਰਦਾ ਹੈ। ਇਸਦੇ ਉਲਟ ਇਸਦੀ ਸਥਾਪਨਾ ਭਾਰਤੀ ਵਿਰਾਸਤ ਦੇ ਅੰਦਰੋਂ ਹੀ ਪ੍ਰਗਟ ਹੋਈ ਹੈ। ਇਹ ਕਹਿਣਾ ਸੱਚ ਤੋਂ ਦੂਰ ਨਹੀਂ ਕਿ ਇਹ ਧਰਮ ਗੁਰੂਆਂ ਵੱਲੋਂ ਮੌਲਿਕ ਅਤੇ ਨਵੀਨ ਸਥਾਪਤ ਕੀਤਾ ਹੋਇਆ ਹੈ।...

  ਮੌਲਿਕਤਾ ਤੋਂ ਭਾਵ ਪਰਮਾਤਮਾ ਨਾਲ ਸਿੱਧਾ ਰਾਬਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰੂਆਂ ਨੇ ਮਹਾਨ ਭਗਤਾਂ ਦੀ ਬਾਣੀ ਦਰਜ ਕਰ ਕੇ ਸਨਮਾਨਿਤ ਕੀਤਾ ਹੈ। ਇਹ ਭਗਤ ਵੱਖ-ਵੱਖ ਜਾਤਾਂ ਨਾਲ ਸੰਬੰਧਿਤ ਸਨ। ਨਾਮਦੇਵ

ਛੀਂਬਾ ਜਾਤ ਨਾਲ, ਕਬੀਰ ਜੁਲਾਹਾ ਜਾਤ ਨਾਲ, ਧੰਨਾ ਜੱਟ ਸੀ ਅਤੇ ਤ੍ਰਿਲੋਚਨ ਵੈਸ਼ ਜਾਤ ਨਾਲ ਸੰਬੰਧ ਰੱਖਦੇ ਸਨ। ਉਨ੍ਹਾਂ ਵਿਚ ਕੋਈ ਭੇਦ-ਭਾਵ ਨਹੀਂ ਰੱਖਿਆ ਗਿਆ। ਗੁਰੂ ਨਾਨਕ ਦਾ ਕਥਨ :

**ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥**
**ਨਾਨਕ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥**

*(ਸਿਰੀਰਾਗ ਮ: ੧, ਪੰਨਾ 15)*

(Dr. Nirmal Kumar Jain, "Contribution of the Sikh Gurus to Indian Spirituality", *Sikh Gurus and the Indian Spiritual Thought*, Patiala : Punjabi University Patiala, 1981, p. 167)

- ਇਕ ਸੀ.ਆਈ.ਡੀ. (11 ਅਗਸਤ ਸੰਨ 1911 ਦੀ ਖ਼ੁਫ਼ੀਆ ਰਿਪੋਰਟ) ਅਨੁਸਾਰ ਸਿੱਖਾਂ ਨੂੰ ਚੌਕਸ ਹੋਣਾ ਪਵੇਗਾ :

"ਹਿੰਦੂ ਮੱਤ ਮੁੱਢ ਤੋਂ ਹੀ ਸਿੱਖੀ ਦਾ ਦੁਸ਼ਮਣ ਚਲਿਆ ਆਉਂਦਾ ਹੈ ਕਿਉਂ ਜੋ ਸਿੱਖ ਗੁਰੂਆਂ ਨੇ ਜਾਤ-ਪਾਤ, ਜੋ ਕਿ ਬ੍ਰਾਹਮਣੀ ਮੱਤ ਦੀ ਆਧਾਰ ਸ਼ਿਲਾ ਹੈ, ਦੀ ਭਰਪੂਰ ਤੇ ਸਫਲ ਮੁਖ਼ਾਲਫ਼ਤ ਕੀਤੀ ਹੈ। ਇਸ ਕਾਰਨ ਹਿੰਦੂਆਂ ਦੀ ਇਹ ਨਿਸ਼ਚਿਤ ਨੀਤੀ ਚਲੀ ਆਉਂਦੀ ਹੈ ਕਿ ਸਿੱਖ ਧਰਮ ਦਾ ਵਿਨਾਸ਼ ਕੀਤਾ ਜਾਵੇ ਅਤੇ ਉਹ ਆਪਣੇ ਬੱਚਿਆਂ ਨੂੰ ਸਿੱਖੀ ਗ੍ਰਹਿਣ ਕਰਨੋਂ ਵੀ ਰੋਕਦੇ ਹਨ ਅਤੇ ਸਿੱਖ ਮਾਪਿਆਂ ਦੇ ਬੱਚਿਆਂ ਨੂੰ ਅੰਮ੍ਰਿਤ ਛਕ ਕੇ ਤਿਆਰ-ਬਰ-ਤਿਆਰ ਖ਼ਾਲਸਾ ਬਣਨੋਂ ਵੀ ਰੋਕਦੇ ਹਨ। ਜਿਹੜੇ ਸਿੱਖੀ ਗ੍ਰਹਿਣ ਕਰ ਚੁੱਕੇ ਹਨ ਅਤੇ ਜੋ ਅੰਮ੍ਰਿਤਧਾਰੀ ਸਿੰਘ ਹੋਣ, ਉਨ੍ਹਾਂ ਨੂੰ ਹਿੰਦੂ ਹਰ ਪ੍ਰਕਾਰ ਦੇ ਹੀਲੇ ਤੇ ਲਾਲਚ ਵਰਤ ਕੇ ਸਿੱਖੀ ਤੋਂ ਪਤਿਤ ਕਰਨ ਲਈ ਸਦੀਵ ਤਤਪਰ ਰਹਿੰਦੇ ਹਨ। ਹਿੰਦੂ ਮੱਤ ਨੇ ਬੁੱਧ ਮੱਤ ਦਾ ਗਲਾ ਘੁੱਟ ਕੇ ਉਸਨੂੰ ਮਾਰ ਮੁਕਾਇਆ ਹੈ ਅਤੇ ਹਿੰਦੂ ਸਿੱਖਾਂ ਦਾ ਵਿਨਾਸ਼ ਕਰਨ ਵਿਚ ਬਹੁਤ ਹੱਦ ਤਕ ਸਫਲ ਹੋ ਚੁੱਕੇ ਹਨ।"

(ਡੀ. ਪੈਟਰੀ, ਪ੍ਰਮੁੱਖ, ਸਰਕਾਰ-ਏ-ਹਿੰਦ, ਸ਼ਿਮਲਾ)

# ਸਹਾਇਕ ਪੁਸਤਕ ਸੂਚੀ

## ਪੰਜਾਬੀ


ਐੱਸ.ਐੱਸ. ਪਦਮ (ਸੰਪਾ.), *ਸਿੱਖਾਂ ਦੀ ਭਗਤਮਾਲਾ*, ਅੰਮ੍ਰਿਤਸਰ : ਸਿੰਘ ਬ੍ਰਦਰਜ਼, 2013.

ਐੱਮ.ਏ. ਮੈਕਾਲਿਫ਼, *ਗੁਰੂ ਹਰਿਗੋਬਿੰਦ ਸਾਹਿਬ ਜੀ* (ਅਨੁ. ਡਾ. ਜੋਧ ਸਿੰਘ), ਅੰਮ੍ਰਿਤਸਰ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, 2005.

ਇੰਦੂਭੂਸ਼ਨ ਬੈਨਰਜੀ, *ਖ਼ਾਲਸੇ ਦੀ ਉਤਪਤੀ* (ਜਿਲਦ ਪਹਿਲੀ ਤੇ ਦੂਸਰੀ) ਪਟਿਆਲਾ : ਪੰਜਾਬੀ ਯੂਨੀਵਰਸਿਟੀ, 2009.

ਸਤਿਬੀਰ ਸਿੰਘ, *ਇਤਿ ਜਿਨਿ ਕਰੀ : ਜੀਵਨੀ ਗੁਰੂ ਤੇਗ਼ ਬਹਾਦਰ ਜੀ*, ਜਲੰਧਰ : ਨਿਊ ਬੁੱਕ ਕੰਪਨੀ, 1986.

—, *ਪਰਬਤੁ ਮੇਰਾਣ : ਜੀਵਨੀ ਗੁਰੂ ਅਮਰਦਾਸ ਜੀ*, ਜਲੰਧਰ : ਨਿਊ ਬੁੱਕ ਕੰਪਨੀ, 1983.

ਸਰੂਪ ਦਾਸ ਭੱਲਾ, *ਮਹਿਮਾ ਪ੍ਰਕਾਸ਼* (ਗੁਰੂ ਨਾਨਕ ਮਹਿਮਾ), ਭਾਗ ਪਹਿਲਾ ਤੇ ਭਾਗ ਦੂਜਾ, ਤੀਜਾ ਸੰਸਕਰਣ, ਪਟਿਆਲਾ : ਭਾਸ਼ਾ ਵਿਭਾਗ, 2021

ਸੂਰੂਪ ਸਿੰਘ ਕੌਸ਼ਿਸ਼, *ਗੁਰੂ ਕੀਆਂ ਸਾਖੀਆਂ* (ਸੰਪਾ. ਪਿਆਰਾ ਸਿੰਘ ਪਦਮ), ਅੰਮ੍ਰਿਤਸਰ : ਸਿੰਘ ਬ੍ਰਦਰਜ਼, 2020.

ਸਾਹਿਬ ਸਿੰਘ (ਪ੍ਰੋ.), *ਗੁਰ ਇਤਿਹਾਸ (ਦੂਜੀ ਤੋਂ ਨੌਂਵੀਂ ਪਾਤਸ਼ਾਹੀ ਤਕ)*, ਅੰਮ੍ਰਿਤਸਰ : ਸਿੰਘ ਬ੍ਰਦਰਜ਼, 1974.

—, *ਜੀਵਨ ਬ੍ਰਿਤਾਂਤ : ਗੁਰੂ ਨਾਨਕ ਦੇਵ ਜੀ*, ਅੰਮ੍ਰਿਤਸਰ : ਸਿੰਘ ਬ੍ਰਦਰਜ਼, 1998.

—, *ਜੀਵਨ ਬ੍ਰਿਤਾਂਤ ਗੁਰੂ ਗੋਬਿੰਦ ਸਿੰਘ*, ਅੰਮ੍ਰਿਤਸਰ : ਸਿੰਘ ਬ੍ਰਦਰਜ਼, 2012.

ਸ਼ੀਹਾਂ ਉਪਲ, *ਸਾਖੀ ਮਹਲ ਪਹਿਲੇ ਕੀ* (ਸੰਪਾ. ਐੱਸ.ਐੱਸ. ਪਦਮ), ਅੰਮ੍ਰਿਤਸਰ : ਸਿੰਘ ਬ੍ਰਦਰਜ਼, 2013.

ਸੁਖਦਿਆਲ ਸਿੰਘ, *ਪੰਜਾਬ ਦਾ ਇਤਿਹਾਸ* (ਗੁਰੂ ਕਾਲ 1469-1708) (ਜਿਲਦ ਪੰਜਵੀਂ), ਪਟਿਆਲਾ : ਪੰਜਾਬੀ ਯੂਨੀਵਰਸਿਟੀ, 2000.

ਸੈਨਾਪਤਿ, ਕਵੀ, *ਸ੍ਰੀ ਗੁਰ ਸੋਭਾ* (ਸੰਪਾ. ਡਾ. ਗੰਡਾ ਸਿੰਘ), ਪਟਿਆਲਾ : ਪੰਜਾਬੀ ਯੂਨੀਵਰਸਿਟੀ, 1980.

ਸੋਹਣ ਸਿੰਘ ਸੀਤਲ, *ਮਨੁੱਖਤਾ ਦੇ ਗੁਰੂ : ਗੁਰੂ ਗੋਬਿੰਦ ਸਿੰਘ*, ਲੁਧਿਆਣਾ : ਲਾਹੌਰ ਬੁੱਕ ਸ਼ਾਪ, 2072.

ਹਰਜਿੰਦਰ ਸਿੰਘ ਦਿਲਗੀਰ, *ਸਿੱਖ ਤਵਾਰੀਖ਼* (ਪਹਿਲਾ ਹਿੱਸਾ, 1469-1708), ਬੈਲਜੀਅਮ : ਸਿੱਖ ਯੂਨੀਵਰਸਿਟੀ ਪ੍ਰੈੱਸ, 2008.

ਹਰੀ ਸਿੰਘ (ਪ੍ਰੋ.) (ਸੰਪਾ.), *ਪਰਚੀਆਂ ਸੇਵਾ ਦਾਸ*, ਪਟਿਆਲਾ : ਭਾਸ਼ਾ ਵਿਭਾਗ, 1962.

ਕਿਸ਼ਨ ਸਿੰਘ, *ਸਿੱਖ ਲਹਿਰ*, ਦਿੱਲੀ : ਆਰਸੀ ਪਬਲਿਸ਼ਰਜ਼, 1986.

ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦* (ਸੰਪਾ. ਸ਼ਮਸ਼ੇਰ ਸਿੰਘ ਅਸ਼ੋਕ), ਪਟਿਆਲਾ : ਪੰਜਾਬੀ ਯੂਨੀਵਰਸਿਟੀ, 1999.

ਗੰਡਾ ਸਿੰਘ, *ਸਿੱਖ ਇਤਿਹਾਸ ਬਾਰੇ*, ਅੰਮ੍ਰਿਤਸਰ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, 1998.

ਢਿੱਲੋਂ, ਪ੍ਰੋ. (ਡਾ.) ਬਲਵੰਤ ਸਿੰਘ, *ਹੁਕਮਨਾਮੇ : ਸਿੱਖ ਇਤਿਹਾਸ ਦੇ ਸਮਕਾਲੀ ਦਸਤਾਵੇਜ਼*, ਅੰਮ੍ਰਿਤਸਰ : ਸਿੰਘ ਬ੍ਰਦਰਜ਼, 2025.

ਤਾਰਨ ਸਿੰਘ, *ਗੁਰੂ ਅੰਗਦ ਦੇਵ ਜੀ*, ਪਟਿਆਲਾ : ਪੰਜਾਬੀ ਯੂਨੀਵਰਸਿਟੀ, 1975.

—, (ਸੰਪਾ.), *ਗੁਰੂ ਤੇਗ ਬਹਾਦਰ : ਜੀਵਨ ਸੰਦੇਸ਼ ਤੇ ਸ਼ਹਾਦਤ*, ਪਟਿਆਲਾ : ਪੰਜਾਬੀ ਯੂਨੀਵਰਸਿਟੀ, 1997.

ਤੇਜਾ ਸਿੰਘ (ਪ੍ਰਿੰ.) ਤੇ ਗੰਡਾ ਸਿੰਘ, *ਸਿੱਖ ਇਤਿਹਾਸ (1469-1765)*, ਪਟਿਆਲਾ : ਪੰਜਾਬੀ ਯੂਨੀਵਰਸਿਟੀ, 1985.

ਪਿਆਰਾ ਸਿੰਘ ਪਦਮ, *ਸੰਖੇਪ ਸਿੱਖ ਇਤਿਹਾਸ (1469-1989)*, ਪਟਿਆਲਾ : ਕਲਮ ਮੰਦਰ, ਲੋਅਰ ਮਾਲ, 1990.

—, *ਪਰਚੀ ਪਾਤਸ਼ਾਹੀ ਦਸਵੀਂ ਕੀ*, ਪਟਿਆਲਾ : ਕਲਮ ਮੰਦਰ, ਲੋਅਰ ਮਾਲ, 1998.

—, *ਰਹਿਤਨਾਮੇ*, ਪਟਿਆਲਾ : ਕਲਮ ਮੰਦਰ, 1984.

ਫ਼ੌਜਾ ਸਿੰਘ ਤੇ ਤਾਰਨ ਸਿੰਘ, *ਗੁਰੂ ਤੇਗ ਬਹਾਦਰ : ਜੀਵਨ ਤੇ ਰਚਨਾ*, ਪਟਿਆਲਾ : ਪੰਜਾਬੀ ਯੂਨੀਵਰਸਿਟੀ, 1976.

ਮਹਿੰਦਰ ਸਿੰਘ ਜੋਸ਼, *ਜੀਵਨ ਗਾਥਾ ਗੁਰੂ ਤੇਗ ਬਹਾਦਰ ਸਾਹਿਬ ਤੇ ਸਿੱਖ ਇਨਕਲਾਬ*, ਅੰਮ੍ਰਿਤਸਰ : ਸਿੰਘ ਬ੍ਰਦਰਜ਼, 2013.

ਲਾਲ ਸਿੰਘ (ਗਿਆਨੀ), *ਤਵਾਰੀਖ਼ ਗੁਰੂ ਖ਼ਾਲਸਾ ਪੰਥ* (ਭਾਗ 1-3), ਲਾਹੌਰ : ਲਾਹੌਰ ਬੁੱਕ ਸ਼ਾਪ, 1945.

ਵੀਰ ਸਿੰਘ (ਭਾਈ) (ਸੰਪਾ.), *ਵਾਰਾਂ ਭਾਈ ਗੁਰਦਾਸ* (ਸਟੀਕ), ਨਵੀਂ ਦਿੱਲੀ : ਭਾਈ ਵੀਰ ਸਿੰਘ ਸਾਹਿਤ ਸਦਨ।

## ਮੈਗਜ਼ੀਨ/ਰਸਾਲੇ

*ਸਿੱਖ ਮਾਰਗ* (ਪੰਜਾਬੀ ਤੇ ਅੰਗਰੇਜ਼ੀ) ਤ੍ਰੈਮਾਸਿਕ ਪੱਤ੍ਰਿਕਾ, ਸੰਪਾ. ਡਾ. ਪੂਰਨ ਸਿੰਘ, ਜੂਨ 2020, Vol. 31, No. 1. ਕੈਨੇਡੀਅਨ ਸਿੱਖ ਸਟੱਡੀ ਤੇ ਟੀਚਿੰਗ ਸੁਸਾਇਟੀ, ਵੈਨਕੂਵਰ, ਬੀ.ਸੀ.

*ਕਾਵਿ ਸ਼ਾਸਤਰ*, ਅਪ੍ਰੈਲ-ਸਤੰਬਰ, 2021, ਗੁਰੂ ਤੇਗ ਬਹਾਦਰ ਜੀ ਦੇ 400 ਸਾਲਾ ਪ੍ਰਕਾਸ਼ ਦਿਵਸ ਨੂੰ ਸਮਰਪਿਤ ਅੰਕ, ਫਗਵਾੜਾ : ਕਲਿਆਣੀ ਐਂਡ ਕੰਪਨੀ, 2021.

*ਗੁਰਮਤਿ ਪ੍ਰਕਾਸ਼*, 'ਸਲੋਕ ਸ੍ਰੀ ਗੁਰੂ ਅੰਗਦ ਸਾਹਿਬ', ਪੰਨੇ 31-32. ਅਗਸਤ 2022, ਅੰਕ 5, ਜਿਲਦ 66 ਅੰਮ੍ਰਿਤਸਰ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, 2022.

—, ਅਕਤੂਬਰ 2016, ਅੰਕ 7, ਜਿਲਦ 60, ਅੰਮ੍ਰਿਤਸਰ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ।

—, ਅਕਤੂਬਰ 2017, ਅੰਕ 7, ਜਿਲਦ 61, ਅੰਮ੍ਰਿਤਸਰ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ।

*ਗੁਰਮਤਿ ਪ੍ਰਕਾਸ਼*, ਜੂਨ 2019, ਅੰਕ 3, ਜਿਲਦ 63, ਅੰਮ੍ਰਿਤਸਰ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ।

—, ਸਤੰਬਰ 2019, ਅੰਕ 6, ਜਿਲਦ 63 (ਵਿਸ਼ੇਸ਼ ਅੰਕ), ਅੰਮ੍ਰਿਤਸਰ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ।

—, ਮਈ 2022, ਅੰਕ 2, ਜਿਲਦ 66, ਅੰਮ੍ਰਿਤਸਰ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ।

*ਪੰਜਾਬੀ ਦੁਨੀਆਂ*, ਮਈ-ਜੂਨ 1979, ਗੁਰੂ ਅਮਰਦਾਸ ਵਿਸ਼ੇਸ਼ ਅੰਕ, ਸਾਲ 30ਵਾਂ, ਨੰਬਰ 5-6, ਪੰਜਾਬ : ਭਾਸ਼ਾ ਵਿਭਾਗ ਪਟਿਆਲਾ, 1979.